
ਪੰਜਾਬ ਦੀਆਂ ਵਾਰਾਂ

ਸੰਪਾਦਕ
ਗੰਡਾ ਸਿੰਘ



ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

PUNJAB DIAN VARAN *(Punjabi)*
edited by
DR. GANDA SINGH

ISBN 81-302-0119-4

2008
ਕਾਪੀਆਂ : 1100
ਕੀਮਤ : 150-00

ਲੇਜ਼ਰ ਟਾਈਪ-ਸੈੱਟਿੰਗ : ਜੈੱਸਮੈਨ ਗ੍ਰਾਫਿਕਸ, ਜੰਡ ਗਲੀ, ਪਟਿਆਲਾ

ਡਾ. ਐਸ. ਐਸ. ਖਹਿਰਾ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪ੍ਰਕਾਸ਼ਿਤ ਕੀਤੀ ਅਤੇ ਵੈਲਵੇ ਪ੍ਰਿੰਟਰਜ਼, ਪਟਿਆਲਾ ਵਿਖੇ ਛਪੀ

ਲੇਖ-ਸੂਚੀ

ਅਰੰਭਕ ਵਿਚਾਰ (v)

1. ਅੱਗਰੇ ਦੀ 'ਵਾਰ ਹਕੀਕਤ ਰਾਇ' 1
2. 'ਫ਼ਤਿਹ-ਨਾਮਾ' ਕ੍ਰਿਤ ਭਾਈ ਦਯਾਲ ਸਿੰਘ 43
3. 'ਜੰਗ-ਨਾਮਾ ਸਰਦਾਰ ਹਰੀ ਸਿੰਘ' ਕ੍ਰਿਤ ਰਾਮ ਦਿਆਲ 51
4. 'ਵਾਰ ਸਰਦਾਰ ਹਰੀ ਸਿੰਘ' ਕ੍ਰਿਤ ਕਵੀ ਕਾਦਰ ਯਾਰ 79
5. 'ਬੈਂਤਾਂ ਸ਼ੇਰ ਸਿੰਘ ਕੀਆਂ' ਕ੍ਰਿਤ ਕਵੀ ਨਿਹਾਲ ਸਿੰਘ 90
6. 'ਅੰਗ੍ਰੇਜ਼ਾਂ ਤੇ ਸਿੰਘਾਂ ਦੀ ਲੜਾਈ' ਕ੍ਰਿਤ ਕਵੀ ਸ਼ਾਹ ਮੁਹੰਮਦ 105
7. 'ਜੰਗ-ਨਾਮਾ' ਲਾਹੌਰ ਕ੍ਰਿਤ ਭਾਈ ਕਾਨ੍ਹ ਸਿੰਘ ਬੰਗਿਆਂ ਵਾਲਾ 146
8. 'ਜੰਗ ਸਿੰਘਾਂ ਤੇ ਫਰੰਗੀਆਂ ਦਾ' ਕ੍ਰਿਤ ਕਵੀ ਮਟਕ 184
9. 'ਜੱਟਾਂ ਦੀਆਂ ਦੋ ਵਾਰਾਂ' ਸਿੱਧ ਜੀਨ ਤੇ ਮੀਰ ਲਗਾਮ ਚੀਰਾ-ਭਕਨੀਆ 195

ਅਰੰਭਕ ਵਿਚਾਰ

ਪੰਜਾਬੀ ਬੋਲੀ ਵਿਚ 'ਵਾਰ' ਸ਼ਬਦ ਅਨੇਕਾਂ ਅਰਥਾਂ ਵਿਚ ਆਇਆ ਹੈ, ਜਿਵੇਂ ਕਿ ਵੈਰ ਕੱਢਣਾ, ਹੱਲਾ ਕਰਨਾ, ਸੱਟ ਮਾਰਨਾ (ਵਾਰ ਕਰਨਾ), ਜੁੱਧ ਜੰਗ (war) ਵਿਚ ਘੇਰਾ ਯਾ ਵਲੱਗਣ ਬਣਾਉਣਾ, ਰੋਕ ਪਾਉਣਾ, ਵਾੜ ਦੇਣਾ (ਵਾਰ ਮਾਰਨਾ), ਬਦਲਾ ਲੈਣਾ (ਵਾਰੀ ਲਹੁਣਾ), ਦਰਵਾਜ਼ਾ ਭੇੜਨਾ (ਵਾਰ ਯਾ ਬਾਰ ਬੰਦ ਕਰਨਾ), ਕੁਰਬਾਨ ਯਾ ਨਿਛਾਵਰ ਕਰਨਾ (ਵਾਰਨਾ), ਬਾਰ, ਬਾਰੀ (ਕਈ ਤੇ ਕਿਤਨੀ ਵਾਰ), ਦਿਨ (ਸੋਮਵਾਰ, ਮੰਗਲਵਾਰ) ਆਦਿ। ਪਰ ਸਾਹਿੱਤ ਵਿਚ ਇਸ ਦੇ ਉੱਘੇ ਅਰਥ ਜੋਧਿਆਂ ਤੇ ਸੂਰਮਿਆਂ ਦੇ ਕਾਰਨਾਮਿਆਂ ਨੂੰ ਬਿਆਨ ਕਰ ਰਹੀ ਬੀਰ-ਰਸ ਭਰੀ, ਕਰਤਾਰ ਦੀ ਮਹਿਮਾ-ਭਰੀ ਯਾ ਮਨ ਵਿਚ ਦੀਆਂ ਬੁਰਿਆਈਆਂ ਨੂੰ ਕੱਟਣ ਵਾਲੀ ਕਵਿਤਾ ਹਨ, ਜਿਵੇਂ ਕਿ 'ਵਾਰ ਸ੍ਰੀ ਭਗਉਤੀ ਜੀ ਕੀ' (ਦਸਮ ਗ੍ਰੰਥ ਵਿਚ), ਨਿਜਾਬਤ ਕ੍ਰਿਤ 'ਵਾਰ ਨਾਦਰ ਸ਼ਾਹ', ਮੀਆਂ ਪੀਰ ਮੁਹੰਮਦ ਦੀ 'ਚੱਠਿਆਂ ਦੀ ਵਾਰ', ਕਾਦਰ ਯਾਰ ਰਚਿਤ 'ਵਾਰ ਸਰਦਾਰ ਹਰੀ ਸਿੰਘ', ਗੁਰੂ ਗ੍ਰੰਥ ਸਾਹਿਬ ਦੀਆਂ 'ਬਾਈ ਵਾਰਾਂ', ਭਾਈ ਗੁਰਦਾਸ ਦੀਆਂ 'ਵਾਰਾਂ' ਆਦਿ।

ਵਾਰ ਸ਼ਬਦ ਦਾ ਮੁੱਢ ਵ੍ਰਿ (ਸੰਸਕ੍ਰਿਤ ਵ੍ਰਿ) ਧਾਤੂ ਤੋਂ ਹੈ ਜਿਸ ਤੋਂ ਕਿ ਵਾਰੀ ਯਾ ਵੈਰੀ (ਬਹਾਦਰ, ਦੁਸ਼ਮਨ) ਅਰਥਾਤ ਵਾਰ ਕਰਨ ਵਾਲਾ ਯਾ ਵਾਰ ਰੋਕਣ ਵਾਲਾ, ਵਾਹਰ (ਕਿਸੇ ਦੂਸਰੇ ਉੱਤੇ ਹੱਲਾ ਕਰਨ ਲਈ ਯਾ ਪਰਾਏ ਹੱਲੇ ਨੂੰ ਰੋਕਣ ਲਈ ਜਮਾ ਹੋਏ ਮਨੁੱਖਾਂ ਦਾ ਇਕੱਠ), ਅਤੇ ਵਾਹਰੀ ਯਾ ਵਾਹਰੂ ਸ਼ਬਦ ਬਣੇ ਹਨ। ਜੁੱਧ ਜੰਗ ਇਕੱਲੇ ਬੰਦੇ ਦਾ ਕੰਮ ਤਾਂ ਹੁੰਦਾ ਨਹੀਂ। ਪੁਰਾਣੇ ਸਮੇਂ ਵਿਚ ਜਿਸ ਵੇਲੇ ਕੋਈ ਵਾਰੀ ਯਾ ਵੈਰੀ (ਸੂਰਮਾ) ਆਪਣਾ ਨਿਜ ਦਾ, ਭੈਣਾਂ ਭਰਾਵਾਂ ਦਾ ਯਾ ਟੱਬਰ, ਕਬੀਲੇ ਗੋਤ ਯਾ ਪਿੰਡ ਤੇ ਇਲਾਕੇ ਦਾ ਵੈਰ ਕੱਢਣ ਲਈ ਯਾ ਕੋਈ ਨਵੀਂ ਮੱਲ ਮਾਰਨ ਲਈ ਵਾਰ ਕਰਨ ਵਾਸਤੇ ਯਾ ਇਸੇ ਨੀਯਤ ਨਾਲ ਚੜ੍ਹੇ ਆ ਰਹੇ ਵੈਰੀ ਦਾ ਵਾਰ ਰੋਕਣ ਲਈ ਆਪਣੇ ਭਰਾ ਭਾਈਆਂ ਨਾਤੀਆਂ ਗੋਤੀਆਂ, ਪੱਖੀਆਂ ਤੇ ਹਿਮਾਇਤੀਆਂ ਦੀ ਵਾਹਰ ਲੈ ਕੇ ਰਣ ਤੱਤੇ ਵਿਚ ਨਿੱਤਰਦਾ ਅਤੇ ਤਲਵਾਰ, ਭਾਲੇ, ਸੇਲੇ, ਬਰਛੇ, ਗਦਾ ਆਦਿ ਨਾਲ ਵਾਰ ਕਰਦਾ ਤੇ ਢਾਲ ਆਦਿ ਨਾਲ ਰੋਕਦਾ ਸੀ, ਘੋੜਿਆਂ ਤੇ ਰਥਾਂ ਨਾਲ ਜੁੱਧ ਮਚਾਉਂਦਾ, ਛਾਲਾਂ ਮਾਰਦਾ ਅੱਗੇ ਵੱਧ-ਵੱਧ ਕੇ ਬਹਾਦੁਰੀਆਂ ਕਰਦਾ ਹੋਇਆ ਵੈਰੀ ਉੱਤੇ ਫ਼ਤਿਹ ਪਾਉਂਦਾ, ਸ਼ਹੀਦ ਹੋ ਜਾਂਦਾ ਯਾ ਉਸ ਨੂੰ ਚੀਰਦਾ ਹੋਇਆ ਬਚ ਕੇ ਨਿਕਲ ਜਾਂਦਾ ਤਾਂ ਉਸ ਦੇ ਪੱਖੀ ਭਾਟ ਬ੍ਰਾਹਮਣ, ਡੂਮ, ਮਰਾਸੀ, ਭਰਾਈ, ਝੀਵਰ ਆਦਿ ਹੋ ਢੁੱਕੇ ਜੁੱਧ ਦੀ ਕਵਿਤਾ ਜੋੜ ਕੇ ਆਪਣੇ ਜਜਮਾਨਾਂ ਨੂੰ ਸੁਣਾਉਂਦੇ ਸਨ। ਇਨ੍ਹਾਂ ਕਵਿਤਾਵਾਂ ਵਿਚ ਚੂੰਕਿ ਵਾਰੀਆਂ ਤੇ ਵਾਹਰੀਆਂ (ਵਾਹਰੂਆਂ) ਦੇ ਵਾਰ ਕਰਨ ਅਤੇ ਵੈਰੀਆਂ ਦੇ ਹੋਏ ਵਾਰਾਂ ਨੂੰ ਰੋਕਣ ਦਾ ਮੁੜ-ਮੁੜ ਜਿਕਰ ਆਉਂਦਾ ਅਤੇ ਦੱਸਿਆ ਹੁੰਦਾ ਕਿ ਕਿਵੇਂ ਵਾਹਰਾਂ ਇਕੱਠੀਆਂ ਹੋਈਆਂ ਤੇ ਕਿਵੇਂ

ਵਾਰ ਕਰਨ ਲਈ ਨਿਕਲੀਆਂ ਤੇ ਕੂਚ ਕੀਤਾ, ਕਿਵੇਂ ਅਗਲਿਆਂ ਉੱਤੇ ਧਾਵਾ ਬੋਲਿਆ ਤੇ ਵਾਰ ਕੀਤੇ, ਯਾ ਕਿਵੇਂ ਅਗਲੇ ਗੱਲ ਆ ਪਏ ਤਾਂ ਆਪਣੇ ਸੂਰਮਿਆਂ ਨੇ ਉਨ੍ਹਾਂ ਦੇ ਵਾਰ ਨੂੰ ਠੱਲਿਆ, ਰੋਕਿਆ ਤੇ ਅਕਾਰਥ ਕੀਤਾ ਅਤੇ ਮੋੜਵਾਂ ਐਸਾ ਵਾਰ ਕੀਤਾ ਕਿ ਵੈਰੀ ਢਹਿ ਢੇਰੀ ਹੋ ਗਿਆ ਯਾ ਪੈਰਾਂ ਤੋਂ ਉਖੜ ਗਿਆ। ਇਸ ਲਈ ਇਨ੍ਹਾਂ ਕਾਵਿ-ਰਚਨਾਵਾਂ ਦਾ ਨਾਮ ਹੀ 'ਵਾਰ' ਪੈ ਗਿਆ ਅਤੇ ਹੁਣ ਤੱਕ 'ਵਾਰ' ਹੀ ਪ੍ਰਸਿੱਧ ਹੈ।

ਪੰਜਾਬ ਹਿੰਦੁਸਤਾਨ ਦੇ ਉੱਤਰ ਲਹਿੰਦੇ ਦਰਵਾਜ਼ਿਆਂ (ਦਰ੍ਹਾ ਖ਼ੈਬਰ, ਬੋਲਾਨ ਆਦਿ) ਉੱਤੇ ਪਹਿਲਾ ਦੇਸ਼ ਹੈ। ਇਸ ਲਈ ਪੁਰਾਤਨ ਸਮਿਆਂ ਤੋਂ ਹੀ ਹਿੰਦੁਸਤਾਨ ਉੱਤੇ ਹੱਲੇ ਕਰਨ ਆਇਆਂ ਵੈਰੀ ਲੁਟੇਰਿਆਂ ਦੀਆਂ ਵਾਹਰਾਂ ਦੇ ਤੇਜ਼ ਤੇ ਤਾਜ਼ਾ ਦਮ ਗਰਮ-ਜੋਸ਼ੀ ਹੱਲਿਆਂ ਦਾ ਪਹਿਲਾ ਵਾਰ ਪੰਜਾਬੀਆਂ ਨੂੰ ਹੀ ਰੋਕਣਾ ਪੈਂਦਾ ਰਿਹਾ ਹੈ। ਇਹ ਗੱਲ ਇਕ ਅੱਧ ਵਾਰ ਦੀ ਨਹੀਂ ਸੀ। ਹਰ ਸਿਆਲੇ ਕੋਈ ਨਾ ਕੋਈ ਵਾਹਰ ਚੜ੍ਹੀ ਹੀ ਰਹਿੰਦੀ ਤੇ ਛੋਟੀ ਮੋਟੀ ਜੰਗ ਲਈ ਪੰਜਾਬੀਆਂ ਨੂੰ ਸਦਾ ਹੀ ਤਿਆਰ ਰਹਿਣਾ ਪੈਂਦਾ। ਇਸ ਦਾ ਕੁਦਰਤੀ ਨਤੀਜਾ ਇਹ ਹੋਇਆ ਕਿ ਸਦੀਆਂ ਤੋਂ ਪੰਜਾਬ ਇਕ ਸਦੀਵ ਯੁੱਧ ਦੇ ਵਾਯੂਮੰਡਲ ਵਿਚ ਪਲਦਾ ਤੇ ਰੁੜ੍ਹਦਾ ਰਿਹਾ ਤੇ ਸਹਿਜ ਸੁਭਾਵਿਕ ਹੀ ਜੰਗਜੂ ਸੂਰਮਿਆਂ ਦਾ ਦੇਸ਼ ਬਣ ਗਿਆ। ਇਹ ਪੰਜਾਬੀਆਂ ਨੂੰ ਹੀ ਮਾਣ ਹੈ ਕਿ ਆਪਣੇ ਦੇਸ਼ ਦੀ ਆਜ਼ਾਦੀ ਨੂੰ ਬਚਾਈ ਰੱਖਣ ਲਈ ਉਨ੍ਹਾਂ ਨੇ ਸਿਕੰਦਰ ਵਰਗੇ ਸੰਸਾਰ-ਵਿਜਈ ਦੀ ਵਾਹਰ ਦਾ ਆਪਣੇ ਦੇਸ਼ ਦੇ ਚੱਪੇ-ਚੱਪੇ ਉੱਤੇ ਉਹ ਡਟਵਾਂ ਟਾਕਰਾ ਕੀਤਾ ਅਤੇ ਚੜ੍ਹਦੀ ਵੱਲ ਵੱਧ ਰਿਹਾ ਉੱਤੇ ਅੱਗੋਂ ਪਿੱਛੋਂ, ਸੱਜਿਓਂ ਖੱਬਿਓਂ ਛਾਪਿਆ ਦੀ ਉਹ ਤੂੜ ਦਿੱਤੀ ਕਿ ਯੂਨਾਨ ਤੋਂ ਚਲ ਕੇ ਹਿੰਦੁਸਤਾਨ ਤੱਕ ਹਜ਼ਾਰਾਂ ਮੀਲਾਂ ਵਿਚ ਕਈ ਮੁਲਕਾਂ ਨੂੰ ਪੈਰਾਂ ਹੇਠਾਂ ਲਤਾੜ ਆਏ ਯੂਨਾਨੀ ਸੂਰਮੇ ਪੰਜਾਬ ਦੇ ਤਿੰਨ ਕੁ ਸੌ ਮੀਲ ਵਿਚ ਘਬਰਾ ਉੱਠੇ ਅਤੇ ਉਨ੍ਹਾਂ ਸਿਕੰਦਰ ਨੂੰ ਪਿੱਛੇ ਮੁੜ ਜਾਣ ਲਈ ਮਜਬੂਰ ਕਰ ਦਿੱਤਾ। ਜਿਤਨੇ ਭੀ ਬਿਦੇਸ਼ੀ ਵਾਹਰੂ ਲਹਿੰਦੇ ਵੱਲੋਂ ਆਏ ਉਨ੍ਹਾਂ ਦਾ ਸਭ ਤੋਂ ਸਖ਼ਤ ਟਾਕਰਾ ਪੰਜਾਬੀਆਂ ਨਾਲ ਹੋਇਆ ਅਤੇ ਜਦ ਉਹ ਪੰਜਾਬੋਂ ਲੰਘ ਗਏ ਤਾਂ ਸੁਖਾਲੇ ਹੀ ਦਿੱਲੀ ਦੇ ਤਖ਼ਤ ਉੱਤੇ ਜਾ ਬੈਠੇ। ਬਾਬਰ ਪੰਜਵੇਂ ਹੱਲੇ ਵਿਚ ਦਿੱਲੀ ਪਹੁੰਚਾ, ਈਰਾਨ ਤੇ ਅਫ਼ਗਾਨਿਸਤਾਨ ਨੂੰ ਸਰ ਕਰ ਲੈਣ ਵਾਲੇ ਨਾਦਰ ਸ਼ਾਹ ਨੇ ਜ਼ਕਰੀਆ ਖ਼ਾਨ ਲਹੌਰੀ ਦੀ ਅੱਖ-ਮੀਟੀ ਦੇ ਕਾਰਣ ਮੁਗ਼ਲਾਂ ਵਰਗੀ ਤਕੜੀ ਹਕੂਮਤ ਨੂੰ ਜਾ ਗੋਡੇ ਪਰਨੇ ਕੀਤਾ ਅਤੇ ਦਿੱਲੀ ਦੀ ਕਰੋੜਾਂ ਦੀ ਦੌਲਤ ਅਤੇ ਬਾਦਸ਼ਾਹ ਦੀ ਲੜਕੀ ਲੈ ਕੇ ਆਪਣੇ ਦੇਸ਼ ਨੂੰ ਤੁਰ ਪਿਆ। ਮੁੜਦੇ ਨੂੰ ਸਿਵਾਲਕ ਦੀਆਂ ਪਹਾੜੀਆਂ ਵਿਚ ਉਸ ਨੂੰ ਸਿੰਘ ਸੂਰਮਿਆਂ ਨਾਲ ਵਾਹ ਪੈ ਗਿਆ ਜਿਨ੍ਹਾਂ ਉਸ ਦੀ ਦਿੱਲੀ ਦੀ ਲੁੱਟ ਦਾ ਭਾਰ ਕਾਫ਼ੀ ਹੌਲਾ ਕਰ ਦਿੱਤਾ। ਨਾਦਰ ਸ਼ਾਹ ਗੁੱਸੇ ਨਾਲ ਝੁੰਜਲਾ ਉੱਠਿਆ, ਪਰ ਸਿੰਘਾਂ ਦਾ ਖੋਹ ਕੁੱਝ ਨਾ ਸਕਿਆ। ਜਦ ਜ਼ਕਰੀਆ ਖ਼ਾਨ ਪਾਸੋਂ ਸਿੰਘਾਂ ਦੇ ਹਾਲ ਸੁਣੇ ਤਾਂ ਕਹਿਣ ਲੱਗਾ, 'ਤਾਂ ਫਿਰ ਇਨ੍ਹਾਂ ਪਾਸੋਂ ਡਰਨਾ ਚਾਹੀਦਾ ਹੈ, ਉਹ ਸਮਾਂ ਲਾਗੇ ਹੀ ਹੈ ਜਦ ਇਹ ਸਿਰ ਕੱਢਣਗੇ ਤੇ ਇਸ ਦੇਸ਼ ਦੇ ਮਾਲਕ ਬਣ ਜਾਣਗੇ।' ਵੀਹਾਂ ਵਰ੍ਹਿਆਂ ਵਿਚ ਹੀ ਨਾਦਰ ਦੀ ਪੇਸ਼ੀਨਗੋਈ ਪੂਰੀ ਹੋ ਗਈ। ਅਹਿਮਦ ਸ਼ਾਹ ਦੁੱਰਾਨੀ ਦੀ ਪੰਜਾਬ ਵਿਚ ਵਿਛੀ ਹੋਈ ਸਫ਼ਾ ਸਿੰਘਾਂ ਲਪੇਟ ਕੇ ਅਟਕੋਂ ਪਾਰ ਠੇਲ੍ਹ ਦਿੱਤੀ ਅਤੇ ਉਸ ਦੇ ਪੋਤਰੇ ਜ਼ਮਾਨ ਸ਼ਾਹ ਦੇ ਪੈਰ ਭੀ ਨਾ ਟਿਕਣ ਦਿੱਤੇ।

[ਦੇਖੋ ਦਿਆਲ ਸਿੰਘ ਫ਼ਤਿਹ-ਨਾਮਾ]

ਮਹਾਰਾਜਾ ਰਣਜੀਤ ਸਿੰਘ ਨੇ ਸਦੀਆਂ ਬਾਅਦ ਪੰਜਾਬ ਵਿਚ ਮੁੜ ਪੰਜਾਬੀਆਂ ਦਾ ਆਪਣਾ ਰਾਜ ਕਾਇਮ ਕੀਤਾ, ਮੁਲਤਾਨ, ਪਿਸ਼ੌਰ ਤੇ ਕਸ਼ਮੀਰ ਪਠਾਣਾਂ ਤੋਂ ਜਿੱਤ ਕੇ ਪੰਜਾਬ ਨਾਲ ਰਲਾਏ। ਮਹਾਰਾਜੇ ਦੇ ਹੁਕਮ-ਸਤਿ ਕਰ ਜਾਨ ਪਿੱਛੋਂ ਜਦ ਈਸਟ ਇੰਡੀਆ ਕੰਪਨੀ ਵਾਲੇ ਸਾਰੇ ਹਿੰਦੁਸਤਾਨ ਦੀਆਂ ਚੁਣਵੀਆਂ ਕਾਲੀਆਂ ਤੇ ਵਲੈਤੀ ਗੋਰੀਆਂ ਫ਼ੌਜਾਂ ਲੈ ਕੇ ਪੰਜਾਬ ਵੱਲ ਚੜ੍ਹ ਪਏ ਅਤੇ ਲੜਾਈ ਠਣ ਗਈ ਤਾਂ ਜਿਤਨਾ ਸਖ਼ਤ ਟਾਕਰਾ ਪੰਜਾਬੀਆਂ ਨੇ ਆਪਣੇ ਦੇਸ਼ ਦੀ ਆਜ਼ਾਦੀ ਬਚਾਈ ਰੱਖਣ ਲਈ ਕੀਤਾ ਉਤਨਾ ਕਦੀ ਭੀ ਪਹਿਲਾਂ ਕਿਸੇ ਨੇ ਅੰਗਰੇਜ਼ੀ ਫ਼ੌਜਾਂ ਦਾ ਨਹੀਂ ਸੀ ਕੀਤਾ। ਪਰ ਭੋਲੇ ਪੰਜਾਬੀ ਆਪਣੇ ਬਣਾਏ ਹੋਏ ਪੂਰਬੀਏ ਜਰਨੈਲ ਮਿੱਸਰ ਤੇਜ ਸਿੰਘ (ਜੋ ਏਕੜੀ ਜ਼ਿਲ੍ਹਾ ਮੇਰਠ ਦਾ ਰਹਿਣ ਵਾਲਾ ਸੀ) ਦੇ ਕੰਪਨੀ ਨਾਲ ਰਲ ਜਾਣ ਕਰਕੇ ਮਾਰੇ ਗਏ।

[ਦੇਖੋ ਸ਼ਾਹ ਮੁਹੰਮਦ, ਕਾਨ੍ਹ ਸਿੰਘ ਤੇ ਮਟਕ]

ਜਿਵੇਂ ਪੰਜਾਬ ਉੱਤੇ ਇਸ ਤਰ੍ਹਾਂ ਵਾਰ ਹੁੰਦੇ ਰਹੇ ਅਤੇ ਪੰਜਾਬੀ ਇਨ੍ਹਾਂ ਬਾਹਰਲੀਆਂ ਵਾਹਰਾਂ ਤੇ ਵਹੀਰਾਂ ਦਿਆਂ ਵਾਰਾਂ ਨੂੰ ਰੋਕਦੇ ਰਹੇ, ਉਸੇ ਤਰ੍ਹਾਂ ਹੀ ਪੰਜਾਬ ਦੇ ਜਮਾਂਦਰੂ ਕਵੀ ਇਨ੍ਹਾਂ ਦੀਆਂ ਵਾਰਾਂ ਰਚਦੇ ਰਹੇ। ਪੰਜਾਬ ਦਾ ਹਰ ਉੱਘਾ ਖਾਨਦਾਨ ਆਪਣੇ ਵਡਿੱਕਿਆਂ ਦੀ ਬਹਾਦੁਰੀ ਦੇ ਸਿਰ ਸਦਕੇ ਅਤੇ ਉਨ੍ਹਾਂ ਦੀਆਂ ਮਾਰੀਆਂ ਤਲਵਾਰਾਂ ਦੇ ਫਲ ਉੱਤੇ ਜੀਉਂਦਾ ਤੇ ਪਲਦਾ ਹੈ। ਕਈਆਂ ਦੇ ਸੂਰਮਗਤੀ ਦੇ ਕਾਰਨਾਮੇ ਸੈਂਕੜੇ ਵਰ੍ਹਿਆਂ ਉੱਤੇ ਖਿੱਲਰੇ ਹੋਏ ਹਨ ਜੋ ਉਨ੍ਹਾਂ ਦੇ ਭੱਟਾਂ ਤੇ ਡੂਮਾਂ ਮਰਾਸੀਆਂ ਯਾ ਭਰਾਈਆਂ ਨੇ ਵਾਰਾਂ ਦੀ ਸ਼ਕਲ ਵਿਚ ਕਾਇਮ ਰੱਖੇ ਹਨ। ਹਰ ਇਕ ਖਾਨਦਾਨ ਦਾ ਆਪਣਾ ਵੱਖਰਾ ਮਰਾਸੀ ਹੁੰਦਾ ਸੀ, ਜੋ ਆਪਣੇ ਸੂਰਬੀਰ ਜਜਮਾਨਾਂ ਦੇ ਕਾਰਨਾਮੇ ਜੋੜ ਕੇ ਯਾਦ ਰੱਖਦਾ ਸੀ ਅਤੇ ਜੁੱਧਾਂ ਜੰਗਾਂ ਵੇਲੇ ਉਨ੍ਹਾਂ ਦੇ ਪੁੱਤਰ ਪੋਤਰਿਆਂ ਦੇ ਦਿਲਾਂ ਨੂੰ ਉਭਾਰਣ ਤੇ ਉਤਸਾਹ ਦੇਣ ਯਾ ਖਾਸ-ਖਾਸ ਮੌਕਿਆਂ ਤੇ ਉਨ੍ਹਾਂ ਦੇ ਦਿਲ-ਪਰਚਾਵੇ ਲਈ ਗਾ ਕੇ ਸੁਣਾਉਂਦਾ ਸੀ। ਅੰਗੇਜ਼ੀ ਰਾਜ ਨਾਲ ਆਈ ਯੂਰਪੀ ਵਿੱਦਿਆ ਨੇ ਸਾਡੀ ਰੁਚੀ ਨੂੰ ਆਪਣੀ ਪੁਰਾਤਨ ਸਭਯਤਾ ਤੋਂ ਹੋੜ ਕੇ ਸਾਨੂੰ ਬਦੇਸ਼ੀ ਸੱਚਿਆਂ ਵਿਚ ਢਲਨ ਲਈ ਛੱਡ ਦਿੱਤਾ ਹੈ ਜਿਸ ਦਾ ਨਤੀਜਾ ਇਹ ਹੋ ਰਿਹਾ ਹੈ ਕਿ ਅਸੀਂ ਇਕ ਅਜੀਬ ਮਿਲ-ਗੋਭਾ ਜਹੇ ਬਣਦੇ ਜਾ ਰਹੇ ਹਾਂ। ਯੂਰਪੀਨ ਅਸੀਂ ਬਣ ਨਹੀਂ ਸਕਦੇ ਅਤੇ ਹਿੰਦੁਸਤਾਨੀ ਯਾ ਪੰਜਾਬੀ ਅਸੀਂ ਰਹਿ ਨਹੀਂ ਰਹੇ।

ਸੁਰਗਵਾਸੀ ਸਰਦਾਰ ਕਰਮ ਸਿੰਘ ਇਤਿਹਾਸਕਾਰ ਪੋਹ-ਮਾਘ 1986 ਦੇ ਰਿਸਾਲੇ 'ਫੁਲਵਾੜੀ' ਵਿਚ ਲਿਖਦੇ ਹਨ ਕਿ ਸੰਨ 1905 ਈਸਵੀ ਵਿਚ ਜਦ ਉਹ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਆਪਣੀ ਬੀ.ਏ. ਦੀ ਪੜ੍ਹਾਈ ਵਿਚ ਛੱਡ ਕੇ ਇਤਿਹਾਸਿਕ ਮਸਾਲਾ ਇਕੱਠਾ ਕਰਨ ਨਿਕਲ ਤੁਰੇ ਤਾਂ ਉਨ੍ਹਾਂ ਕਈ ਆਦਮੀਆਂ ਨੂੰ ਪੁਰਾਤਨ ਵਾਰਾਂ ਗਾਉਂਦੇ ਡਿੱਠਾ। ਇਹ ਉਹ ਜ਼ਮਾਨਾ ਸੀ ਜਦੋਂ ਕਈ ਪੁਰਾਣੇ ਮਰਾਸੀ ਜੀਉਂਦੇ ਸਨ ਜਿਨ੍ਹਾਂ ਨੂੰ ਪੁਰਾਤਨ ਸਿੰਘਾਂ ਤੇ ਕਈ ਉੱਘੇ ਮੁਸਲਮਾਨ ਘਰਾਣਿਆਂ ਤੇ ਸੂਰਮਿਆਂ ਦੀਆਂ ਵਾਰਾਂ ਯਾਦ ਸਨ। ਪੰਜਾਬ ਦਾ ਰਾਜ ਖੁੱਸੇ ਨੂੰ ਅਜੇ ਪੰਜਾਹ ਵਰ੍ਹੇ ਹੀ ਹੋਏ ਸਨ। ਅਨੇਕਾਂ ਐਸੇ ਬਿਰਧ ਬਾਬੇ ਮੌਜੂਦ ਸਨ ਜਿਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਤੇ ਉਨ੍ਹਾਂ ਦੇ ਜੁੱਧਾਂ ਜੰਗਾਂ ਨੂੰ ਅੱਖੀਂ ਡਿੱਠਾ ਸੀ। ਸਤਲੁਜ ਅਤੇ ਚੇਲੀਆਂ ਵਾਲੇ ਗੁਜਰਾਤ ਦੀਆਂ ਲੜਾਈਆਂ ਦੇ ਹਾਲਾਂ ਦੇ ਵਾਕਫ਼ ਤਾਂ 1920-22 ਤੱਕ ਭੀ ਟਾਵੇਂ-ਟਾਵੇਂ ਮੌਜੂਦ ਸਨ ਜਿਨ੍ਹਾਂ ਨੇ ਇਨ੍ਹਾਂ ਦੀਆਂ ਵਾਰਾਂ ਜੋੜੀਆਂ ਸਨ। ਸਰਦਾਰ

ਕਰਮ ਸਿੰਘ ਨੇ ਆਪਣੀ ਉਪਰੋਕਤ ਲਿਖਤ ਵਿਚ ਕੁੱਝ ਕੁ ਵਾਰਾਂ ਦਾ ਜ਼ਿਕਰ ਕੀਤਾ ਹੈ, ਜਿਨ੍ਹਾਂ ਦਾ ਸੰਖੇਪ ਜ਼ਿਕਰ ਇੱਥੇ ਕਰ ਦੇਣਾ ਮੈਂ ਜ਼ਰੂਰੀ ਸਮਝਦਾ ਹਾਂ।

ਗੁਰੂ ਅਰਜਨ ਦੇ ਵੇਲੇ ਜੰਬਰਾਂ ਤੇ ਜਾਤਰੀ ਦਾ ਆਪਸ ਵਿਚ ਬੜਾ ਵੱਟ ਵਿਰੋਧ ਸੀ। ਜਾਤਰੀ ਦੇ ਕਹਿਣ ਤੇ ਗੁਰੂ ਸਾਹਿਬ ਨੱਕੇ ਵੱਲ ਗਏ ਸਨ। ਪਰ ਜਦ ਕੋਈ ਨਬੇੜਾ ਨਾ ਹੋਇਆ ਤਾਂ ਆਪ ਨੇ ਜਾਤਰੀ ਨੂੰ ਬਚਨ ਕੀਤਾ ਸੀ 'ਜਾਤਰੀ, ਜੰਬਰ ਘਾਹ, ਤੇ ਤੂੰ ਦਾਤਰੀ।' ਇਨ੍ਹੀਂ ਦਿਨੀਂ ਹੀ ਜੰਬਰਾਂ ਦੇ ਸਾਢੇ ਤਿੰਨ ਸੌ ਘੋੜ-ਚੜ੍ਹਿਆਂ ਦੀ ਵਾਹਰ ਜਾਤਰੀ ਉੱਤੇ ਆ ਚੜ੍ਹੀ। ਅੱਗੋਂ ਜਾਤਰੀ ਨੇ ਐਸਾ ਟਾਕਰਾ ਕੀਤਾ ਕਿ ਸੱਠ ਸਵਾਰ ਹੀ ਥੈਰੀ ਮੇਹਰੀਂ ਘਰ ਮੁੜੇ। ਜੰਬਰਾਂ ਦੇ ਖਹਿੜੇ ਪੈਣ ਪਰ ਢਹਿੰਦੀਆਂ ਕਲਾਂ ਵਿਚ ਉਤਰੇ ਹੋਏ ਉਨ੍ਹਾਂ ਦੇ ਮੀਰ ਨੇ ਵਾਰ ਸੁਣਾਉਣੀ ਸ਼ੁਰੂ ਕੀਤੀ :

ਜੰਬਰ ਖਰੇ ਉਤਾਵਲੇ ਹੇਠ ਘੋੜੇ ਮੱਠੇ।
ਧਾਵਾ ਸਾਢੇ ਤਿੰਨ ਸੌ ਘਰ ਆਏ ਸੱਠੇ।

ਉਲਟੀ ਹਵਾ ਚਲਣ ਲੱਗ ਪਈ ਵੇਖ ਕੇ ਪਿੰਡ ਵਾਲਿਆਂ ਨੇ ਮੀਰ ਨੂੰ ਰੋਕ ਦਿੱਤਾ। ਹੋ ਸਕਦਾ ਹੈ ਪਿੱਛੋਂ ਉਸ ਨੇ ਫੇਰ ਕਦੀ ਪੂਰੀ ਵਾਰ ਜੋੜੀ ਹੋਵੇ ਤੇ ਕਿਸੇ ਨੂੰ ਯਾਦ ਹੋਵੇ।

ਭਾਈ ਬਿਧੀ ਚੰਦ ਦੇ ਖਾਨਦਾਨ ਨਾਲ ਢਾਡੀਆਂ ਦੇ ਇਕ ਟੱਬਰ ਦਾ ਸੰਬੰਧ ਰਿਹਾ ਹੈ ਜਿਸ ਦੇ ਇਕ ਆਦਮੀ ਨੂੰ ਅੱਠ ਵਾਰਾਂ ਯਾਦ ਸਨ, ਚਾਰ ਗੁਰੂ ਹਰਿਗੋਬਿੰਦ ਦੇ ਛੇਂਹ ਜੰਗਾਂ ਦੀਆਂ ਤੇ ਚਾਰ ਗੁਰੂ ਗੋਬਿੰਦ ਸਿੰਘ ਦੇ ਜੰਗਾਂ ਦੀਆਂ। ਇਨ੍ਹਾਂ ਵਿਚ ਭੰਗਾਣੀ ਦੇ ਯੁੱਧ ਦੀ ਭੀ ਵਾਰ ਸੀ। ਸ਼ਾਇਦ ਇਹ ਆਦਮੀ ਹਾਲ ਤੱਕ ਜੀਉਂਦਾ ਹੀ ਹੋਵੇ, ਯਾ ਉਸ ਦਾ ਕੋਈ ਸੰਬੰਧੀ, ਜਿਸ ਨੂੰ ਇਹ ਯਾਦ ਹੋਣ।

ਭਾਈ ਕਾਨ੍ਹ ਸਿੰਘ ਬੰਗਿਆਂ ਵਾਲੇ ਦੀਆਂ ਦੋ ਵਾਰਾਂ ਹਨ, ਇਕ ਸਤਲੁਜ ਦੇ ਜੰਗਾਂ ਸੰਬੰਧੀ (ਜੋ ਇਸ ਪੁਸਤਕ ਵਿਚ ਦਿੱਤੀ ਜਾ ਰਹੀ ਹੈ) ਤੇ ਦੂਸਰੀ ਸਰਦਾਰ ਹਰੀ ਸਿੰਘ ਨਲੂਏ ਦੀ ਵਾਰ, ਜਿਸ ਦੀ ਨਕਲ ਸੁਰਗਵਾਸੀ ਸੰਤ ਜਵਾਲਾ ਸਿੰਘ ਪਟਿਆਲਾ ਵਾਲਿਆਂ ਪਾਸ ਸੀ ਤੇ ਇਨ੍ਹਾਂ ਤੋਂ ਸਰਦਾਰ ਕਰਮ ਸਿੰਘ ਨੇ ਉਤਾਰੀ ਸੀ। ਇਸ ਦਾ ਅੰਤਲਾ ਦੋਹਰਾ ਇਸ ਤਰ੍ਹਾਂ ਹੈ :

ਹਰੀ ਸਿੰਘ ਮੁੱਖ ਨਾਮ ਕਹਿ ਜੋ ਬਾਧੇ ਤਲਵਾਰ।
ਤੀਨ ਲੋਕ ਜੀਤਤ ਫਿਰੈ ਕੋਊ ਨ ਸਕਹੈ ਟਾਰ।

ਇਕ 'ਸੰਧਾਵਾਲੀਆਂ ਦੀ ਵਾਰ' ਭੀ ਸੰਤ ਜਵਾਲਾ ਸਿੰਘ ਦੇ ਸੰਚੇ ਵਿਚ ਸੀ।

ਮਹਾਰਾਜਾ ਅਮਰ ਸਿੰਘ ਜੀ ਦੀ ਵਾਰ ਦੀ ਇਕ ਲਿਖਤੀ ਕਾਪੀ ਰਾਜਿੰਦਰ ਦੇਵ ਲਾਇਬ੍ਰੇਰੀ ਪਟਿਆਲਾ ਵਿਚ ਪਈ ਹੈ ਜਿਸ ਵਿਚ ਬੀਘੜਾਂ ਦੀ ਲੜਾਈ ਦਾ ਹਾਲ ਹੈ। ਬਰਾੜਾਂ ਵਿਚ ਇਕ ਵਾਰ ਆਮ ਪ੍ਰਚੱਲਿਤ ਹੈ ਜਿਸ ਵਿਚ ਕਿ ਸ਼ਾਹਦਾਦ ਖਾਨ ਅਤੇ ਬਰਾੜਾਂ ਨੇ ਰਲ ਕੇ ਈਸਾ ਖਾਨ ਮੰਝ ਨੂੰ ਮਾਰਨ ਦਾ ਜ਼ਿਕਰ ਹੈ। ਇਸ ਤਰ੍ਹਾਂ ਬਰਾੜਾਂ ਤੇ ਭੱਟੀਆਂ ਦੀਆਂ ਦੋ ਕੁ ਹੋਰ ਵਾਰਾਂ ਵੀ ਪ੍ਰਚੱਲਿਤ ਹਨ ਜੋ ਜੰਗਲ ਦੀ ਪੰਜਾਬੀ ਦਾ ਸੋਹਣਾ ਨਮੂਨਾ ਹਨ।

ਚੇਲੀਆਂ ਵਾਲੇ, ਮੋਸਾਂਗ ਰਸੂਲ ਤੇ ਗੁਜਰਾਤ ਦੀਆਂ ਲੜਾਈਆਂ ਦੇ ਵਿਸਥਾਰ ਸਹਿਤ ਹਾਲ ਭੀ ਕਿਸੇ ਆਦਮੀ ਪਾਸ ਵਾਰ ਦੇ ਤੌਰ ਤੇ ਲਿਖੇ ਪਏ ਹਨ ਜੋ ਬਹੁਤ ਠੀਕ ਹਨ। ਸਰਦਾਰ ਕਰਮ ਸਿੰਘ ਦੀਆਂ ਦੱਸੀਆਂ ਇਹ ਵਾਰਾਂ ਹਾਲਾਂ ਤੱਕ ਪ੍ਰਾਪਤ ਨਹੀਂ ਹੋਈਆਂ।

ਉੱਪਰ ਦੱਸੀਆਂ ਵਾਰਾਂ ਤੋਂ ਬਿਨਾ ਹੋਰ ਭੀ ਕਈ ਇਕ ਵਾਰਾਂ ਹਨ ਜਿਨ੍ਹਾਂ ਦਾ ਪੰਜਾਬ ਦੇ ਸਮੁੱਚੇ ਇਤਿਹਾਸ, ਖਾਸ-ਖਾਸ ਘਟਨਾਵਾਂ ਅਤੇ ਕਈ ਇਕ ਘਰਾਣਿਆਂ ਦੇ ਇਤਿਹਾਸ ਤੇ ਦੇਸ਼ ਦੀ ਧਾਰਮਿਕ ਸਿੱਖਿਆ ਤੇ ਜ਼ਿੰਦਗੀ ਨਾਲ ਸੰਬੰਧ ਹੈ। ਗੁਰੂ ਹਰਿਗੋਬਿੰਦ ਦੇ ਯੁੱਧਾਂ ਦੀਆਂ ਵਾਰਾਂ ਅਬਦੁਲ ਨੱਥੇ ਢਾਡੀ ਨੇ ਜੋੜੀਆਂ ਸਨ ਪਰ ਉਹ ਹਾਲਾਂ ਤੱਕ ਅਲੋਪ ਹੀ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਦੋ ਬੜੀਆਂ ਜੋਸ਼ੀਲੀਆਂ ਵਾਰਾਂ 'ਵਾਰ ਸ੍ਰੀ ਭਗਉਤੀ ਜੀ ਕੀ' ਦੇ ਨਾਮ ਹੇਠਾਂ ਰਚੀਆਂ ਹੋਈਆਂ ਹਨ। ਇਕ ਚੰਡੀ ਚਰਿਤ੍ਰਾਂ ਤੋਂ ਬਾਅਦ ਦਸਮ ਗ੍ਰੰਥ ਵਿਚ ਮੌਜੂਦ ਹੈ ਅਤੇ ਦੂਸਰੀ ਦਸਮ ਗ੍ਰੰਥ ਦੀ ਇਕ ਅਣਛਪੀ ਬੀੜ ਵਿਚ, ਜਿਸ 'ਚ ਸੁਖਮਨਾ, ਮਾਲਕੌਸ ਕੀ ਵਾਰ ਆਦਿਕ ਵਾਧੂ ਬਾਣੀਆਂ ਹਨ, ਮਿਲਦੀ ਹੈ।

ਗੁਰੂ ਗੋਬਿੰਦ ਸਿੰਘ ਦੇ ਦਰਬਾਰੀ ਕਵੀਆਂ ਨੇ ਭੀ ਕੁੱਝ ਵਾਰਾਂ ਲਿਖੀਆਂ ਸਨ ਪਰ ਉਹ ਬਹੁਤ ਹੱਦ ਤੱਕ ਅਨ੍ਹੇਰੇ ਵਿਚ ਹੀ ਹਨ। ਆਨੰਦਪੁਰ ਦੇ ਆਖਰੀ ਜੰਗ ਤੇ ਤਿਆਗ ਦਾ ਜ਼ਿਕਰ 'ਭੇੜੇ ਦੀ ਵਾਰ' ਵਿਚ ਦਿੱਤਾ ਹੋਇਆ ਹੈ ਜੋ ਮੈਨੂੰ ਸਰਦਾਰ ਰਣਧੀਰ ਸਿੰਘ ਗੁਰਦੁਆਰਾ ਇੰਸਪੈਕਟਰ ਪਾਸੋਂ ਪ੍ਰਾਪਤ ਹੋਈ ਹੈ। ਸਰਦਾਰ ਸ਼ਮਸ਼ੇਰ ਸਿੰਘ ਦੀ ਪੁਸਤਕ 'ਧਰਮ, ਸਾਹਿੱਤ ਤੇ ਇਤਿਹਾਸ' ਵਿਚ ਦਿੱਤੀ ਗਈ 'ਮੰਤ ਪ੍ਰਕਾਸ਼' ਨਾਮੀ ਰਚਨਾ ਵਿਚ ਚਮਕੌਰ ਦੇ ਜੰਗ ਤੋਂ ਬਾਅਦ ਦੇ ਹਾਲ ਹਨ। ਇਸ ਦੀ ਇਕ ਜ਼ਰਾ ਜ਼ਿਆਦਾ ਸ਼ੁਧ ਨਕਲ ਸਰਦਾਰ ਰਣਧੀਰ ਸਿੰਘ ਦੇ ਪਾਸ ਹੈ। ਇਕ 'ਜੰਗ-ਨਾਮਾ ਗੁਰੂ ਗੋਬਿੰਦ ਸਿੰਘ' ਛਪਿਆ ਮਿਲਦਾ ਹੈ। ਇਸੇ ਤਰ੍ਹਾਂ ਭਾਈ ਬੀਰ ਸਿੰਘ ਦਾ 'ਬਾਰਾ ਮਾਹਾ' ਤੇ ਭਾਈ ਲੱਛੀ ਰਾਮ ਕ੍ਰਿਤ 'ਕਲਗੀ ਗੁਰੂ ਗੋਬਿੰਦ ਸਿੰਘ' ਭੀ ਹਨ।

ਅਠ੍ਹਾਰਵੀਂ ਸਦੀ ਈਸਵੀ ਪੰਜਾਬ ਵਿਚ ਬੇਅੰਤ ਹੱਲਿਆਂ, ਵਾਰਾਂ ਤੇ ਭੇੜਾਂ (ਜੰਗਾਂ ਜੁੱਧਾਂ) ਦਾ ਸਮਾਂ ਸੀ ਅਤੇ ਅਨੇਕਾਂ ਵਾਰਾਂ ਜੁੜੀਆਂ, ਪਰ ਪਿਛਲੇਰੇ ਸਮੇਂ, ਖਾਸ ਕਰਕੇ ਵੀਹਵੀਂ ਸਦੀ ਦੀ ਅਣਗਹਿਲੀ ਤੇ ਘੱਟ ਗਏ ਸ਼ੌਕ ਦੇ ਕਾਰਣ ਇਨ੍ਹਾਂ ਵਿਚੋਂ ਬਹੁਤ ਸਾਰੀਆਂ ਢਾਡੀਆਂ ਦੇ ਨਾਲ ਹੀ ਅਲੋਪ ਹੋ ਗਈਆਂ ਹਨ। ਕੁੱਝ ਕੁ ਪ੍ਰਸਿੱਧ ਵਾਰਾਂ ਹਾਕਿਮ ਰਾਏ ਦੀ 'ਬੰਦਾ ਸਾਹਿਬ ਦੀ ਵਾਰ', ਨਿਜਾਬਤ ਦੀ 'ਵਾਰ ਨਾਦਰ ਸ਼ਾਹ', ਭਾਈ ਗੁਰਦਾਸ ਦੂਸਰੇ ਦੀ 'ਸਿੰਘਾਂ ਦੀ ਵਾਰ' (ਜੋ ਭਾਈ ਗੁਰਦਾਸ ਭੱਲੇ ਦੀਆਂ ਵਾਰਾਂ ਦੇ ਅੰਤ ਵਿਚ 41ਵੀਂ ਵਾਰ ਕਰਕੇ ਛਪ ਗਈ ਹੋਈ ਹੈ), 'ਰਾਜਾ ਸਿੰਘ ਦੀ ਵਾਰ', ਹਾਸ਼ਮ ਦੀ 'ਵਾਰ ਸਰਦਾਰ ਮਹਾਂ ਸਿੰਘ ਦੀ', ਮੀਆਂ ਪੀਰ ਮੁਹੰਮਦ ਦੀ 'ਚੱਠਿਆਂ ਦੀ ਵਾਰ', ਦਿਆਲ ਸਿੰਘ ਦਾ 'ਫ਼ਤਿਹ ਨਾਮਾ' ਹਨ।

ਮਹਾਰਾਜਾ ਰਣਜੀਤ ਸਿੰਘ ਦੇ ਕੁੱਝ ਜੰਗਾਂ ਦਾ ਹਾਲ ਕਵੀ ਗਣੇਸ਼ ਦਾਸ ਪਿੰਗਲ ਨੇ ਹਿੰਦੀ ਵਿਚ ਲਿਖਿਆ ਹੋਇਆ ਹੈ ਜਿਸ ਦੀ ਇਕ ਕਾਪੀ ਪ੍ਰਿੰਸੀਪਲ ਸੀਤਾ ਰਾਮ ਕੋਹਲੀ ਐਮ.ਏ. ਪਾਸ ਹੈ। ਜੰਗ ਮੁਲਤਾਨ ਤੇ ਪਠਾਣੀ ਜੰਗਾਂ ਦੀਆਂ ਪਸ਼ਤੋ ਵਾਰਾਂ ਤੇ ਗੀਤ ਭੀ ਚੋਖੇ ਹਨ। ਸਰਦਾਰ ਹਰੀ ਸਿੰਘ ਦੀਆਂ ਵਾਰਾਂ 'ਬੈਂਤਾਂ ਸ਼ੇਰ ਸਿੰਘ ਦੀਆਂ' ਤੇ ਸਤਲੁਜ ਦੇ ਜੰਗਾਂ ਦੇ ਹਾਲ ਕੁੱਝ ਇੱਥੇ ਛਾਪੇ ਜਾ ਰਹੇ ਹਨ।

ਉੱਪਰ ਬਹੁਤਾ ਜ਼ਿਕਰ ਇਤਿਹਾਸਕ ਵਾਰਾਂ ਦਾ ਹੀ ਆਇਆ ਹੈ। ਇਸ ਤੋਂ ਇਲਾਵਾ, ਜਿਵੇਂ ਮੈਂ ਪਿੱਛੇ ਇਸ਼ਾਰਾ ਕਰ ਆਇਆ ਹਾਂ, ਪੰਜਾਬੀ ਵਿਚ ਧਾਰਮਿਕ ਵਾਰਾਂ ਭੀ ਹਨ। ਜਿਸ ਤਰ੍ਹਾਂ ਮਨੁੱਖ ਦੇ

ਬਾਹਰੀ ਸੰਸਾਰ ਵਿਚ ਹੱਲੇ ਤੇ ਜੁੱਧ ਜੰਗ ਹੁੰਦੇ ਰਹਿੰਦੇ ਹਨ, ਉਸੇ ਤਰ੍ਹਾਂ ਮਨੁੱਖ ਦੇ ਮਨ ਦੇ ਅੰਦਰ ਭੀ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦਾ ਘਮਸਾਨ ਮਚਿਆ ਰਹਿੰਦਾ ਹੈ। ਸੱਚ ਪੁੱਛੋ ਤਾਂ ਬਾਹਰਲੇ ਜੰਗ ਇਨ੍ਹਾਂ ਦੇ ਹੀ ਦ੍ਰਿਸ਼ਟਮਾਨ ਭੇੜ ਹਨ। ਅੰਦਰਲੇ ਵਾਰ ਤੇ ਹੱਲੇ ਮਨ ਨੂੰ ਟਿਕਣ ਨਹੀਂ ਦਿੰਦੇ ਅਤੇ ਕਰਮ-ਇੰਦਰਿਆਂ ਰਾਹੀਂ ਆਪਣੇ ਭੇੜਾਂ ਨੂੰ ਸੰਸਾਰ ਵਿਚ ਮੂਰਤੀਮਾਨ ਕਰ ਦਿਖਾਉਂਦੇ ਹਨ। ਮਨ ਦੇ ਵਾਰ ਠਲ੍ਹੇ ਜਾਣ ਤਾਂ ਬਾਹਰ ਦੇ ਜੰਗ ਆਪ ਹੀ ਖਤਮ ਹੋ ਜਾਣ। ਪੰਦਰਵੀਂ ਤੇ ਸੋਲ੍ਹਵੀਂ ਸਦੀ ਵਿਚ ਜਿਸ ਵੇਲੇ ਸਿੱਖ ਗੁਰੂ ਸਾਹਿਬਾਂ ਨੇ ਮਨੁੱਖੀ ਮਨ ਵਿਚ ਹੋ ਰਹੇ ਵਾਰਾਂ ਅਤੇ ਉੱਠ ਰਹੇ ਭੇੜਾਂ ਦੇ ਟਾਕਰੇ ਲਈ ਉਤਸਾਹ-ਜਨਕ ਬਾਣੀ ਰਚੀ ਤਾਂ ਉਨ੍ਹਾਂ ਨੇ 'ਵਾਰਾਂ' ਦੇ ਢੰਗ ਨੂੰ ਭੀ ਵਰਤਿਆ। ਢਾਡੀ ਸਤਾ ਬਲਵੰਤ ਦੀ ਵਾਰ ਨੂੰ ਮਿਲਾ ਕੇ ਗੁਰੂ ਗ੍ਰੰਥ ਸਾਹਿਬ ਵਿਚ ਬਾਈ ਵਾਰਾਂ ਹਨ ਜੋ ਵੱਖ-ਵੱਖ ਗੁਰੂ ਸਾਹਿਬਾਂ ਦੀਆਂ ਵੱਖ-ਵੱਖ ਰਾਗਾਂ ਵਿਚ ਹਨ। ਗੁਰੂ ਸਮੇਂ ਦੇ ਪ੍ਰਸਿੱਧ ਲਿਖਾਰੀ ਭਾਈ ਗੁਰਦਾਸ (ਸੰਮਤ 1608-1686 ਬਿ:, 1551-1629 ਈਸਵੀ) ਨੂੰ, ਜੋ ਤੀਸਰੀ ਪਾਤਸ਼ਾਹੀ ਗੁਰੂ ਅਮਰਦਾਸ ਤੋਂ ਛੇਵੀਂ ਪਾਤਸ਼ਾਹੀ ਗੁਰੂ ਹਰਿਗੋਬਿੰਦ ਤੱਕ ਦੇ ਸਮਕਾਲੀ ਤੇ ਨਿਕਟ-ਵਰਤੀ ਸਨ, ਉਨ੍ਹਾਂ ਦੀਆਂ 'ਵਾਰਾਂ' ਨੇ ਸੰਸਾਰ-ਪ੍ਰਸਿੱਧ ਤੇ ਅਮਰ ਕਰ ਦਿੱਤਾ ਹੈ। ਆਪ ਨੇ 39 ਵਾਰਾਂ ਲਿਖੀਆਂ ਹਨ ਜਿਨ੍ਹਾਂ ਦੇ ਕੁੱਝ ਹਿੱਸੇ ਇਤਿਹਾਸਿਕ ਤੇ ਬਾਕੀ ਧਾਰਮਿਕ ਹਨ। ਸ਼ਾਇਦ ਹੀ ਕਿਸੇ ਹੋਰ ਲਿਖਾਰੀ ਨੇ ਇਤਨੀਆਂ ਜ਼ੋਰਦਾਰ, ਦਿਲ-ਖਿੱਚਵੀਆਂ ਤੇ ਗੁੰਦਵੀਆਂ ਵਾਰਾਂ ਲਿਖੀਆਂ ਹੋਣ। ਇਨ੍ਹਾਂ ਨੂੰ ਪੜ੍ਹਨ ਸੁਣਨ ਨਾਲ ਇਕ ਅਜੀਬ ਸਰੂਰ ਜਿਹਾ ਆ ਜਾਂਦਾ ਹੈ ਤੇ ਮਨ ਪ੍ਰੇਮ-ਉਛਾਲੇ ਵਿਚ ਆ ਕੇ ਦ੍ਰਵ ਜਾਂਦਾ ਹੈ।

ਵਾਰਾਂ ਆਮ ਤੌਰ ਤੇ ਪਉੜੀਆਂ (ਖੁਲ੍ਹੇ ਨਿ:ਸ਼੍ਰੇਣੀ ਛੰਦ) ਵਿਚ ਰਚੀਆਂ ਜਾਂਦੀਆਂ ਹਨ ਜਿਵੇਂ ਕਿ ਭਾਈ ਗੁਰਦਾਸ ਜੀ ਦੀਆਂ ਵਾਰਾਂ, ਸ੍ਰੀ ਭਗਉਤੀ ਜੀ ਕੀ ਵਾਰ ਆਦਿ। ਪਰ ਕਿਸੇ-ਕਿਸੇ ਨੇ ਵਾਰਾਂ ਵਿਚ ਬੈਂਤ ਸ੍ਵੈਯਾ, ਦੁੱਯਾ, ਦੋਹਰਾ, ਡਿਉਢ, ਕੁੰਡਲੀਆਂ ਛੰਦ ਆਦਿ ਭੀ ਵਰਤੇ ਹਨ। ਪਰ ਬਹੁਤ ਥਾਈਂ ਇਨ੍ਹਾਂ ਦੀ ਭੀ ਪੂਰੀ-ਪੂਰੀ ਪਾਬੰਦੀ ਨਹੀਂ ਰਹੀ। ਇਹ ਘਾਟਾ ਉਨ੍ਹਾਂ ਨੇ ਬੋਲੀ ਨੂੰ ਠੋਸ ਕਰ ਕੇ, ਕਈ ਨਵੇਂ ਸ਼ਬਦ ਘੜ ਕੇ ਕਾਫੀ ਹੱਦ ਤੱਕ ਪੂਰਾ ਕਰ ਦਿੱਤਾ ਹੈ। ਰਾਗਾਂ ਵਿਚ ਭੀ ਵਾਰਾਂ ਨੂੰ ਖੁਲ੍ਹ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਵਾਰਾਂ ਵੱਖ-ਵੱਖ ਥਾਈਂ 17 ਰਾਗਾਂ ਵਿਚ ਹਨ।

ਵਾਰ ਦੀ ਬੋਲੀ ਬੜੀ ਸਾਦਾ ਪਰ ਦਿਲ-ਖਿੱਚਵੀਂ ਤੇ ਜ਼ੋਰਦਾਰ ਹੁੰਦੀ ਹੈ ਅਤੇ ਮਜ਼ਮੂਨ ਇਤਨਾ ਘਰੋਗੀ ਤੇ ਨੇੜੇ ਦਾ ਤੇ ਉਤਸਾਹ-ਜਨਕ ਹੁੰਦਾ ਹੈ ਕਿ ਮਨ ਵਿਚ ਧਸਦਾ ਚਲਾ ਜਾਂਦਾ ਹੈ। ਵਾਰ ਮਨੁੱਖੀ ਮਨਾਂ ਅੰਦਰ ਝਰਨਾਟ ਛੇੜ ਦਿੰਦੀ ਹੈ। ਗ਼ਮ ਦੇ ਵਹਿਣਾਂ ਵਿਚ ਰੁੜ੍ਹਦੇ ਜਾ ਰਿਹਾਂ ਨੂੰ ਮੁੜ ਆਪਣੀ ਪੈਰੀਂ ਮਜ਼ਬੂਤ ਖੜਾ ਕਰ ਦਿੰਦੀ ਹੈ, ਸੁੱਤੀਆਂ ਕਲਾਂ ਨੂੰ ਟੁੰਬ ਕੇ ਜਗਾ ਦਿੰਦੀ ਹੈ, ਢਹਿੰਦੀਆਂ ਕਲਾਂ ਵਿਚੋਂ ਚੁੱਕ ਕੇ ਮੁੜ ਚੜ੍ਹਦੀਆਂ ਵਿਚ ਖੜਾ ਕਰ ਦਿੰਦੀ ਤੇ ਮੁਰਦਾ ਰੂਹਾਂ ਨੂੰ ਫਿਰ ਜਵਾਲਦੀ ਹੈ।

ਸਾਹਿੱਤਕ ਨੁਕਤਾ-ਨਿਗਾਹ ਤੋਂ ਵਾਰਾਂ ਆਪਣੇ ਸਮੇਂ ਦੀ ਬੋਲੀ ਤੇ ਰਸਮਾਂ ਰਿਵਾਜਾਂ ਪਰ ਬੜਾ ਸੋਹਣਾ ਚਾਨਣਾ ਪਾਉਂਦੀਆਂ ਹਨ ਅਤੇ ਨਾਲ ਹੀ ਇਨ੍ਹਾਂ ਤੋਂ ਇਹ ਭੀ ਪਤਾ ਚਲਦਾ ਹੈ ਕਿ ਬੋਲੀ ਕਿਨ੍ਹਾਂ ਮਰਹਲਿਆਂ ਵਿਚ ਦੀ ਨਿਕਲ ਕੇ ਫਲੀ ਫੁੱਲੀ ਤੇ ਮੌਜੂਦਾ ਸ਼ਕਲ ਵਿਚ ਆਈ ਹੈ।

ਇਸ ਪੁਸਤਕ ਵਿਚ ਗੁਰੂ-ਸਮੇਂ ਤੋਂ ਬਾਅਦ ਅਤੇ ਪੰਜਾਬ ਦੇ ਆਪਣੇ ਰਾਜ ਖੁਸ ਜਾਣ ਤੋਂ ਪਹਿਲਾਂ ਦੀਆਂ ਗਿਆਰਾਂ ਵਾਰਾਂ ਦਰਜ ਹਨ ਜੋ 18-19ਵੀਂ ਸਦੀ ਦੇ ਕੁੱਝ ਕੁ ਇਤਿਹਾਸਿਕ,

ਭਾਈਚਾਰਕ ਤੇ ਧਾਰਮਿਕ ਪਹਿਲੂਆਂ ਤੇ ਰੋਸ਼ਨੀ ਪਾਉਂਦੀਆਂ ਹਨ। ਨਿਜਾਬਤ ਦੀ 'ਵਾਰ ਨਾਦਰ ਸ਼ਾਹ' ਅਤੇ ਪੀਰ ਮੁਹੰਮਦ ਦੀ 'ਚੱਠਿਆਂ ਦੀ ਵਾਰ' ਦਰਜ ਨਹੀਂ ਹੋ ਸਕੀਆਂ। ਨਿਜਾਬਤ ਦੀ ਰਚਨਾ ਪੰਜਾਬੀ ਵਾਰ ਦਾ ਇਕ ਬੜਾ ਵਧੀਆ ਨਮੂਨਾ ਹੈ, ਪਰ ਇਸ ਦਾ ਜਿਤਨਾ ਸਿੱਧਾ ਸੰਬੰਧ ਦਿੱਲੀ ਦੀ ਮੁਗਲ ਹਕੂਮਤ ਨਾਲ ਹੈ ਉਤਨਾ ਪੰਜਾਬ ਨਾਲ ਨਹੀਂ। 'ਚੱਠਿਆਂ ਦੀ ਵਾਰ' ਦੀ ਮੇਰੀ ਕਾਪੀ ਇਕ ਸੱਜਣ ਨੇ ਮੰਗ ਕੇ ਲਈ ਸੀ ਜੋ ਵੇਲੇ ਸਿਰ ਉਨ੍ਹਾਂ ਵੱਲੋਂ ਮੁੜੀ ਨਾ, ਅਤੇ ਬਜ਼ਾਰ ਵਿਚੋਂ ਹੋਰ ਪ੍ਰਾਪਤ ਨਾ ਹੋ ਸਕੀ। ਇਹ ਇਕ ਬੜੀ ਉੱਤਮ ਚੀਜ਼ ਹੈ ਤੇ ਛੇਤੀ ਹੀ ਕਿਸੇ ਸੰਗ੍ਰਹਿ ਵਿਚ ਪਰੋ ਦਿੱਤੀ ਜਾਏਗੀ।

ਮੈਂ ਸਰਦਾਰ ਰਣਧੀਰ ਸਿੰਘ ਜੀ ਗੁਰਦੁਆਰਾ ਇੰਸਪੈਕਟਰ ਦਾ, ਜਿਨ੍ਹਾਂ ਪਾਸੋਂ 'ਜੰਗ-ਨਾਮਾ ਲਾਹੌਰ' ਦਾ ਮੁਕੰਮਲ ਉਤਾਰਾ ਪ੍ਰਾਪਤ ਹੋਇਆ ਅਤੇ ਪ੍ਰੋਫੈਸਰ ਦੀਵਾਨ ਸਿੰਘ ਐਮ.ਏ. ਦਾ, ਜਿਨ੍ਹਾਂ ਨੇ ਕਈ ਇਕ ਸਲਾਹਾਂ ਦਿੱਤੀਆਂ ਹਨ, ਦਿਲੋਂ ਧੰਨਵਾਦੀ ਹਾਂ।

ਖ਼ਾਲਸਾ ਕਾਲਜ, ਅੰਮ੍ਰਿਤਸਰ, **ਗੰਡਾ ਸਿੰਘ**

28 ਮਾਰਚ, 1946.

ਅੱਗਰੇ ਦੀ

ਵਾਰ ਹਕੀਕਤ ਰਾਇ

ਅੱਗਰੇ ਦੀ ਵਾਰ ਇਕ ਪੁਰਾਤਨ ਇਤਿਹਾਸਿਕ ਲਿਖਤ ਹੈ। ਇਸ ਵਿਚ ਸਿਆਲਕੋਟ ਸ਼ਹਿਰ ਦੇ ਵਸਨੀਕ ਬਾਘ ਮੱਲ ਖੱਤਰੀ ਦੇ ਨੌਜਵਾਨ ਪੁੱਤਰ ਹਕੀਕਤ ਰਾਇ ਦੀ ਸ਼ਹਾਦਤ ਦਾ ਹਾਲ ਹੈ।

ਇਸ ਵਾਰ ਦਾ ਲਿਖਾਰੀ ਕਵੀ ਅੱਗਰਾ ਹੈ। ਅੱਗਰੇ ਦੇ ਜੀਵਨ ਸੰਬੰਧੀ ਕੁੱਝ ਪਤਾ ਨਹੀ ਚਲਦਾ। ਪੰਜਾਬੀ ਕਵੀਆਂ ਦੇ ਤਜ਼ਕਿਰੇ—ਬਾਵਾ ਬੁੱਧ ਸਿੰਘ ਦਾ 'ਬੰਬੀਹਾ ਬੋਲ' ਤੇ ਮੁਨਸ਼ੀ ਮੌਲਾ ਬਖ਼ਸ਼ ਕੁਸ਼ਤਾ ਦਾ 'ਪੰਜਾਬ ਦੇ ਹੀਰੇ' ਇਸ ਬਾਬਤ ਬਿਲਕੁਲ ਚੁੱਪ ਹਨ। ਵਾਰ ਵਿਚ ਭੀ ਕਵੀ ਜੀ ਨੇ ਆਪਣੀ ਬਾਬਤ ਕੁੱਝ ਨਹੀਂ ਲਿਖਿਆ। ਅੰਤ ਵਿਚ ਇਤਨਾ ਹੀ ਹੈ 'ਇਕ ਅੱਗਰਾ ਸੇਠੀ ਆਜਜ਼ ਹੈ।' ਜਿਸ ਤੋਂ ਸਿਰਫ਼ ਇਹ ਹੀ ਪਤਾ ਲੱਗਦਾ ਹੈ ਕਿ ਆਪ ਸੇਠੀ ਗੋਤ ਦੇ ਖੱਤਰੀ ਸਨ। ਰਘੁਨਾਥ ਦਾਸ ਐਂਡ ਕੰਪਨੀ ਅੰਮ੍ਰਿਤਸਰ ਵੱਲੋਂ ਪ੍ਰਕਾਸ਼ਿਤ ਹੋਈ ਵਾਰ ਦੇ ਮੰਗਲਾਚਰਨ ਦੇ ਛੰਦ ਦੀਆਂ ਪਿਛਲੀਆਂ ਦੋ ਤੁਕਾਂ 'ਗੰਗਾ ਮਹਾਦੇਵ ਕੀ ਜਟਾ ਸਿਊਂ ਵਹਿਤ ਆਈ, ਅੱਗਰ ਸਿੰਘ ਜੀ ਦ੍ਵਾਰੇ ਨਾਢੇ ਜੋ ਸੇਵੇ ਫਲ ਪਾਈ' ਤੋਂ ਪਤਾ ਲੱਗਦਾ ਹੈ ਕਿ ਕਵੀ ਦਾ ਪੂਰਾ ਨਾਮ ਅੱਗਰ ਸਿੰਘ ਸੀ ਅਤੇ ਵਾਰ ਵਿਚ ਅੱਗੇ ਚੱਲ ਕੇ ਥਾਂ-ਥਾਂ ਪੁਰ ਵਰਤਿਆ 'ਅੱਗਰਾ' ਉਸ ਦਾ ਉਪਨਾਮ ਯਾ ਤਖ਼ੱਲਸ ਸੀ। ਕੁਸ਼ਤਾ ਸਾਹਿਬ ਲਿਖਦੇ ਹਨ ਕਿ ਆਪ ਲਾਹੌਰ ਦੇ ਵਸਨੀਕ ਸਨ ਤੇ ਇੱਥੇ ਹੀ ਆਪ ਨੇ 1847 ਬਿਕ੍ਰਮੀ ਵਿਚ ਇਹ ਵਾਰ ਰਚੀ। ਪਰ ਜੋ ਖਰੜਾ ਮੈਨੂੰ ਮਿਲਿਆ ਹੈ, ਉਸ ਵਿਚ ਵਾਰ ਦੇ ਰਚਨ ਦੀ ਤਾਰੀਖ 1841 ਦਿੱਤੀ ਹੋਈ ਹੈ। ਹੋ ਸਕਦਾ ਹੈ ਕਿ ਅੱਗਰਾ ਨੇ ਸਭ ਤੋਂ ਪਹਿਲਾਂ ਇਹ 1841 ਵਿਚ ਲਿਖੀ ਹੋਵੇ ਤੇ ਇਸ ਵਾਰ ਨੂੰ ਦੂਜੀ ਵੇਰ ਸੋਧਿਆ 1847 ਵਿਚ ਹੋਵੇ।

ਕਰੜੇ ਪੜਚੋਲੀਆਂ ਦੀ ਨਜ਼ਰ ਵਿਚ ਕਵਿਤਾ ਦੇ ਹਿਸਾਬ ਨਾਲ ਭਾਵੇਂ ਇਹ ਵਾਰ ਕੋਈ ਬੜੇ ਉੱਚੇ ਪਾਏ ਦੀ ਨਾ ਉਤਰੇ, ਪਰ ਤਾਂ ਭੀ ਅਠਾਰ੍ਹਵੀਂ ਸਦੀ ਈਸਵੀ ਦੇ ਆਖੀਰੀ ਸਮੇਂ ਦੀ ਪੰਜਾਬੀ ਕਵਿਤਾ ਦੀ ਸੋਹਣੀ ਵੰਨਗੀ ਹੈ। ਇਤਿਹਾਸਕਾਰ ਦੀ ਨਜ਼ਰ ਵਿਚ ਤਾਂ ਇਹ ਇਕ ਬਹੁਤ ਚੰਗੀ ਚੀਜ਼ ਹੈ। ਇਸ ਵਿਚ ਅਠਾਰ੍ਹਵੀਂ ਸਦੀ ਦੇ ਪੰਜਾਬ ਦੀਆਂ ਰੀਤਾਂ ਰਸਮਾਂ ਤੇ ਹਕੀਕਤ ਰਾਇ ਅਤੇ ਉਸ ਦੇ ਸਮੇਂ ਦਾ ਹਾਲ ਬੜਾ ਸਾਫ਼-ਸਾਫ਼ ਲਿਖਿਆ ਹੈ। ਆਪਣੇ ਵੱਲੋਂ ਚੂੰਕਿ ਕਵੀ ਨੇ ਕਵਿਤਾ ਦੇ ਅਲੰਕਾਰ ਬੰਨ੍ਹਣ ਦੀ ਕੋਸ਼ਿਸ਼ ਨਹੀਂ ਕੀਤੀ, ਇਸ ਲਈ ਉਸ ਦੇ ਬਿਆਨ ਵਿਚ ਮੁਬਾਲਗਾ ਨਹੀਂ ਜਾਪਦਾ। ਇਸੇ ਗੱਲ ਨੇ ਇਸ ਦੀ ਇਤਿਹਾਸਿਕ ਕੀਮਤ ਹੋਰ ਭੀ ਜ਼ਿਆਦਾ ਕਰ ਦਿੱਤੀ ਹੈ।

ਹਕੀਕਤ ਰਾਇ ਦੀ ਸ਼ਹਾਦਤ ਦਾ ਹੁਣ ਤੱਕ ਮਿਲ ਸਕਿਆ ਇਹ ਸਭ ਤੋਂ ਪਹਿਲਾ ਤੇ ਪੁਰਾਣਾ ਹਾਲ ਹੈ। ਇਹ ਵਾਕਿਆ ਦੇ ਪੰਜਾਹ ਸਾਲ ਪਿੱਛੋਂ ਲਿਖਿਆ ਗਿਆ ਹੈ, ਇਸ ਲਈ ਇਸ ਨੂੰ ਕਿਸੇ

ਹੱਦ ਤੱਕ ਸਮਕਾਲੀ ਭੀ ਕਿਹਾ ਜਾ ਸਕਦਾ ਹੈ। ਪੰਜਾਹ ਵਰ੍ਹੇ ਤੱਕ ਲਿਖਾਰੀ ਖੁੱਦ ਭੀ ਕਈ ਐਸੇ ਹੋ ਸਕਦੇ ਹਨ, ਜਿਨ੍ਹਾਂ ਨੇ ਹਾਲ ਬਹੁਤ ਕੁੱਝ ਆਪਣੀ ਅੱਖੀਂ ਡਿੱਠੇ ਹੋਣ, ਨਹੀਂ ਤਾਂ ਅੱਖੀਂ ਦੇਖਣ ਵਾਲੇ ਆਦਮੀ ਕਾਫ਼ੀ ਗਿਣਤੀ ਵਿਚ ਮਿਲ ਸਕਦੇ ਹਨ, ਜਿਨ੍ਹਾਂ ਪਾਸੋਂ ਵਾਕਿਆਤ ਦਾ ਸਹੀ ਵੇਰਵੇ ਸਹਿਤ ਪਤਾ ਲੱਗ ਸਕੇ।

ਹੋਰ ਕੋਈ ਐਸੀਆਂ ਸਮਕਾਲੀ ਲਿਖਤਾਂ ਨਹੀਂ ਮਿਲ ਸਕਦੀਆਂ, ਜਿਨ੍ਹਾਂ ਦੀ ਮੱਦਦ ਨਾਲ ਹਕੀਕਤ ਰਾਇ ਦੇ ਹਾਲਾਤ ਵਿਚ ਕੋਈ ਵਾਧਾ ਕੀਤਾ ਜਾ ਸਕੇ। ਹਾਂ, ਗਿਆਨੀ ਗਰਜਾ ਸਿੰਘ ਜੀ ਸਿਆਲਕੋਟ ਵਾਲਿਆਂ ਨੇ ਜੋ ਬਿਆਨ ਹਕੀਕਤ ਰਾਇ ਤੇ ਉਸ ਦੇ ਰਿਸ਼ਤੇਦਾਰਾਂ ਬਾਬਤ ਥਾਉਂ ਥਾਈਂ ਫਿਰ ਕੇ ਲਏ ਹਨ, ਉਨ੍ਹਾਂ ਤੋਂ ਜੋ ਹੋਰ ਵਾਕਫ਼ੀਅਤ ਮਿਲਦੀ ਹੈ ਉਹ ਪਾਠਕਾਂ ਦੀ ਭੇਟ ਕਰਨਾ ਮੈਂ ਜ਼ਰੂਰੀ ਸਮਝਦਾ ਹਾਂ।

ਹਕੀਕਤ ਰਾਇ ਦੇ ਬਜ਼ੁਰਗਾਂ ਦਾ ਪਿੱਛਾ ਕਸੂਰ ਦਾ ਸੀ; ਪਰ ਪਠਾਣਾਂ ਦੇ ਜ਼ੋਰ ਦੇ ਕਾਰਣ ਇਹ ਓਥੋਂ ਉੱਠ ਕੇ ਸਿਆਲਕੋਟ ਆ ਵੱਸੇ, ਕਿਉਂਕਿ ਸ਼ਾਹੀ ਸੜਕ ਅਤੇ ਲਾਹੌਰੋਂ ਦੂਰ ਹੋਣ ਦੇ ਕਾਰਣ ਉਨ੍ਹੀਂ ਦਿਨੀਂ ਇਹ ਜ਼ਿਆਦਾ ਅਮਨ ਦੀ ਥਾਂ ਸੀ। ਹਕੀਕਤ ਰਾਇ ਦੇ ਦਾਦਾ ਨੰਦ ਲਾਲ ਪੁਰੀ ਖੱਤਰੀ ਸਨ ਅਤੇ ਪਿਤਾ ਦੇ ਨਾਲ ਗਲਟੀਆਂ ਖੁਰਦ ਜਾ ਕੇ ਗੁਰੂ ਹਰਿ ਰਾਇ ਜੀ ਦੀ ਸ਼ਰਨ ਪਏ ਤੇ ਚਰਨ ਪਾਹੁਲ ਲੈ ਕੇ ਗੁਰੂ ਦੇ ਸਿੱਖ ਬਣੇ। ਇਸ ਵੇਲੇ ਗੁਰੂ ਜੀ ਨੇ ਇਨ੍ਹਾਂ ਨੂੰ ਇਹ ਤਿੰਨ ਹੁਕਮ ਦਿੱਤੇ ਸਨ : ਇਕ ਕੇਸ ਨਾ ਕਟਾਉਣੇ, ਦੂਸਰੇ ਤੰਬਾਕੂ ਨਾ ਪੀਣਾ ਤੇ ਤੀਸਰੇ ਟੋਪੀ ਨਾ ਪਹਿਨਣੀ। ਨੰਦ ਲਾਲ ਦੇ ਦੋ ਪੁੱਤਰ ਹੋਏ, ਭਾਗ ਮੱਲ ਤੇ ਬਾਘ ਮੱਲ ਯਾ ਬਾਗ ਮੱਲ। ਇਨ੍ਹਾਂ ਦੋਹਾਂ ਦੇ ਵਿਆਹ ਸੋਹਦਰੇ ਤੇ ਵਦਾਵਨ ਖੱਤਰੀ ਭਾਈ ਘਨ੍ਹਈਆਂ[1] ਦੇ ਪੁੱਤਰ ਲੱਛੀ ਰਾਮ ਸਿੰਘ ਦੀਆਂ ਸਪੁੱਤਰੀਆਂ ਤੇ ਅਰਜਨ ਸਿੰਘ ਦੀਆਂ ਭੈਣਾਂ ਗੌਰਾਂ ਤੇ ਕੌਰਾਂ ਨਾਲ ਹੋਏ। ਭਾਗ ਮੱਲ ਤੇ ਬਾਘ ਮੱਲ ਭਾਵੇਂ ਅੰਮ੍ਰਿਤਧਾਰੀ ਨਹੀਂ ਸਨ, ਪਰ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਰਧਾਲੂ ਜ਼ਰੂਰ ਸਨ, ਭਾਈ ਗੁਰਿਆ ਦੇ ਪੁੱਤਰ ਭਾਈ ਸਭਲਾ ਦੇ ਪੁੱਤਰ ਭਾਈ ਬਖ਼ਤ ਮੱਲ ਪੁਰੀ ਖੱਤਰੀ ਜਲਾਲਪੁਰ ਜੱਟਾਂ (ਜ਼ਿਲ੍ਹਾ ਗੁਜਰਾਤ) ਦੀ ਸੰਗਤ ਵਿਚ ਇਹ ਦਸਵੇਂ ਪਾਤਸ਼ਾਹ ਦੀ ਹਜ਼ੂਰੀ ਵਿਚ ਜਾਇਆ ਕਰਦੇ ਸਨ ਤੇ ਕਾਰ ਭੇਟ ਭੇਜਿਆ ਕਰਦੇ ਸਨ।[2]

ਲਾਲਾ ਦੀਵਾਨ ਚੰਦ ਨੇ, ਜੋ ਹਕੀਕਤ ਰਾਇ ਦੇ ਦਾਦੇ ਨੰਦ ਲਾਲ ਤੋਂ ਬਾਅਦ ਪੰਜਵੀਂ ਪੁਸ਼ਤੇ ਹਨ, ਆਪਣੀਆਂ ਲਿਖਤਾਂ ਵਿਚ ਦੱਸਿਆ ਹੈ ਕਿ ਉਨ੍ਹਾਂ ਦੇ ਬਜ਼ੁਰਗ ਤਿੰਨ ਪੁਸ਼ਤਾਂ ਤੱਕ ਗੁਰੂ ਹਰਿ ਰਾਇ ਜੀ ਦੇ ਹੁਕਮ ਅਨੁਸਾਰ ਪੂਰੇ ਕੇਸ ਧਾਰੀ ਸਨ। ਜਦ ਦੁਰੱਨੀ ਆਇਆ, ਤਾਂ ਉਨ੍ਹਾਂ ਨੇ ਆਪਣੇ ਕੇਸ ਮੁਸਲਮਾਨਾਂ ਦੀ ਤਰ੍ਹਾਂ ਮੋਂਢਿਆਂ ਤੇ ਸੁੱਟ ਲਏ ਸਨ। ਉਨ੍ਹਾਂ ਦੇ ਪਿਤਾ ਤੇ ਉਹ ਆਪ ਲੰਮੇ ਲੰਮੇ ਛੱਤੇ (ਪਟੇ) ਰੱਖਦੇ ਸਨ। ਉਨ੍ਹਾਂ ਦੇ ਖ਼ਾਨਦਾਨ ਵਿਚ ਨਾ ਕੋਈ ਤੰਬਾਕੂ ਪੀਂਦਾ ਸੀ ਤੇ ਨਾ ਕੋਈ ਟੋਪੀ ਪਹਿਨਦਾ ਸੀ, ਖੁੱਦ ਉਨ੍ਹਾਂ ਆਪ ਭੀ ਕਦੀ ਟੋਪੀ ਨਹੀਂ ਪਾਈ। ਗੁਰੂ ਸਾਹਿਬਾਂ ਪਰ ਸਰਧਾ ਰੱਖਦੇ ਤੇ ਗੁਰਬਾਣੀ ਦਾ ਪਾਠ ਕਰਦੇ ਸਨ।

---

1. ਇਹ ਭਾਈ ਕਨ੍ਹਈਆ ਜੀ ਉਹ ਹੀ ਹਨ, ਜਿਨ੍ਹਾਂ ਸੰਬੰਧੀ ਜੰਗ ਵਿਚ ਮੁਸਲਮਾਨਾਂ ਤੇ ਸਿੱਖਾਂ ਨੂੰ ਇਕਸਾਰ ਬਿਨਾਂ ਭਿੰਨ ਭੇਤ ਦੇ ਜਲ ਛਕਾਉਣ ਦੀ ਸਾਖੀ ਪ੍ਰਸਿੱਧ ਹੈ।
2. ਸੰਨ 1933 ਜਨਵਰੀ ਵਿਚ ਇਸ ਭਾਈਆਂ ਦੀ ਗੱਦੀ ਪੁਰ ਭਾਈ ਚਤੁਰ ਦਾਸ ਜੀ ਸਨ।

ਕਤਕ ਵਦੀ 2 ਸੰਮਤ 1773 ਬਿਕ੍ਰਮੀ[1] (22 ਸਤੰਬਰ 1716 ਦਿਨ ਛਨਿੱਛਰਵਾਰ) ਨੂੰ ਹਕੀਕਤ ਰਾਇ ਦਾ ਜਨਮ ਬਾਘ ਮੱਲ ਦੇ ਘਰ ਮਾਤਾ ਕੋਰਾਂ ਦੀ ਕੁੱਖੋਂ ਹੋਇਆ। ਦਸ ਸਾਲ ਦੀ ਉਮਰ ਵਿਚ ਹਕੀਕਤ ਰਾਇ ਦਾ ਵਿਆਹ ਬਟਾਲੇ ਸ਼ਹਿਰ ਦੇ ਭਾਈ ਕਿਸ਼ਨ ਸਿੰਘ ਦੀ ਪੁੱਤਰੀ ਨੰਦ ਕੌਰ[2] (ਪ੍ਰਸਿੱਧ ਨਾਮ ਨੰਦੀ) ਨਾਲ ਹੋਇਆ। ਕਿਸ਼ਨ ਸਿੰਘ ਦੇ ਦੂਸਰੇ ਭਰਾਵਾਂ ਦੇ ਨਾਮ ਦਲ ਸਿੰਘ ਤੇ ਮੱਲਾ ਸਿੰਘ ਸਨ। ਜਿਸ ਮਸੀਤ ਵਿਚ ਹਕੀਕਤ ਪੜ੍ਹਿਆ ਕਰਦਾ ਸੀ, ਉਹ ਸਿਆਲਕੋਟ ਸ਼ਹਿਰ ਵਿਚ ਖੁਸਰਿਆਂ ਦੀ ਗਲੀ ਵਿਚ ਹੈ। ਮਸੀਤ ਦੇ ਮੁੱਲਾਂ ਦਾ ਮੌਲਵੀ ਅਬਦੁਲਹੱਕ ਸੀ।

ਹਕੀਕਤ ਰਾਇ ਦੀ ਸ਼ਹਾਦਤ ਬਸੰਤ ਪੰਚਮੀ ਦੇ ਦਿਨ ਸੰਮਤ 1791 ਨੂੰ ਲਾਹੌਰ ਬਜ਼ਾਰ ਨਖ਼ਾਸ ਵਿਚ, ਜਿੱਥੇ ਕੁ ਹੁਣ ਲੰਡੇ ਬਜ਼ਾਰ ਵਿਚ ਸ਼ਹੀਦ ਗੰਜ ਹੈ, ਹੋਈ ਤੇ ਸਰਕਾਰ ਕੋਟ ਖ੍ਵਾਜਾ ਸਈਦ ਦੇ ਚੜ੍ਹਦੇ ਪਾਸੇ ਬਾਗਬਾਨਪੁਰਾ ਤੇ ਭੋਗੀਵਾਲ ਤੋਂ ਕਰੀਬ ਇਕ ਮੀਲ ਦੇ ਫਾਸਲੇ ਤੇ ਕੀਤਾ ਗਿਆ ਜਿੱਥੇ ਇਨ੍ਹਾਂ ਦੀ ਸਮਾਧ ਬਣੀ ਹੋਈ ਹੈ। ਇਸ ਸਮਾਧ ਪਰ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਇਆ ਕਰਦਾ ਸੀ ਤੇ ਫੁੱਲ ਪਤਾਸੇ ਚੜ੍ਹਾਵਾ ਚੜ੍ਹਿਆ ਕਰਦਾ ਸੀ ਤੇ ਸਿੱਖ ਰੀਤ ਅਨੁਸਾਰ ਕੜਾਹ ਪ੍ਰਸ਼ਾਦ ਭੀ ਹੁੰਦਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼-ਅਸਥਾਨ ਢਹਿ ਚੁੱਕਾ ਹੈ ਤੇ ਸਮਾਧ ਭੀ ਖਸਤਾ ਹਾਲਤ ਵਿਚ ਹੈ। ਭਾਵੇਂ ਪੁਰਾਣੀ ਰਸਮ ਅਨੁਸਾਰ ਬਸੰਤ ਨੂੰ ਮੇਲਾ ਲੱਗਦਾ ਹੈ, ਪਰ ਮਹੰਤ ਚੂੰਕਿ ਰਾਧਾ ਸਵਾਮੀ ਖਿਆਲਾਂ ਦਾ ਹੈ ਇਸ ਲਈ ਓਹ ਸਮਾਧ ਵੱਲ ਕੋਈ ਖਾਸ ਧਿਆਨ ਨਹੀਂ ਦਿੰਦਾ।

ਸਸਕਾਰ ਪਿੱਛੋਂ ਮਾਤਾ ਕੌਰਾਂ ਹਕੀਕਤ ਰਾਇ ਦੀ ਚਿਤਾ ਦੀ ਕੁੱਝ ਰਾਖ ਆਪਣੇ ਨਾਲ ਸਿਆਲਕੋਟ ਲੈ ਗਈ ਸੀ, ਓਥੇ ਭੀ ਉਸ ਨੇ ਇਸ ਦੀ ਇਕ ਯਾਦਗਾਰੀ ਸਮਾਧ ਬਣਵਾ ਦਿੱਤੀ, ਜੋ ਹੁਣ ਤੱਕ ਕਾਇਮ ਹੈ। ਇੱਥੇ ਹਿੰਦੂਆਂ ਤੇ ਸਿੱਖਾਂ ਦੇ ਸਾਂਝੇ ਦੀਵਾਨ ਹੋਇਆ ਕਰਦੇ ਸਨ। ਢੋਲਕ ਛੈਣਿਆਂ ਨਾਲ ਸ਼ਬਦ-ਕੀਰਤਨ ਹੁੰਦਾ ਸੀ ਤੇ ਕੜਾਹ ਪ੍ਰਸ਼ਾਦ ਵੰਡਿਆ ਜਾਂਦਾ ਸੀ। ਹੁਣ ਇੱਥੇ ਕੰਨ-ਫਟੇ ਜੋਗੀ ਪੁਜਾਰੀ ਹਨ। ਇਨ੍ਹਾਂ ਦਾ ਪੁਰੀਆਂ ਦੇ ਘਰੀਂ ਬਹੁਤ ਆਉਣ ਜਾਣ ਹੁੰਦਾ ਸੀ, ਇਸੇ ਕਰਕੇ ਸਮਾਧ ਦੀ ਦੇਖ-ਭਾਲ ਇਨ੍ਹਾਂ ਦੇ ਹੀ ਸਪੁਰਦ ਚਲੀ ਆਉਂਦੀ ਹੈ।

---

1. ਸੰਮਤ 1773 ਵਿਚ ਜਨਮ ਹੋਣ ਦਾ ਜ਼ਿਕਰ ਭਾਈ ਦੀਵਾਨ ਚੰਦ ਵਲਦ ਭਾਈ ਅਨੰਦ ਰਾਮ ਨੇ (ਜੋ ਹਕੀਕਤ ਦੇ ਦਾਦੇ ਭਾਈ ਨੰਦ ਲਾਲ ਤੋਂ ਬਾਅਦ ਪੰਜਵੀਂ ਪੁਸ਼ਤੇ ਹਨ) ਆਪਣੇ 2 ਜਨਵਰੀ ਸੰਨ 1933 ਦੇ ਲਿਖਤੀ ਬਿਆਨ ਵਿਚ ਕੀਤਾ ਹੈ, ਪਰ ਹੋ ਸਕਦਾ ਹੈ ਕਿ ਇਹ ਸ਼ਹਾਦਤ ਵੇਲੇ ਹਕੀਕਤ ਰਾਇ ਦੀ ਉਮਰ 18 ਸਾਲ ਸਮਝ ਕੇ ਗਿਣ ਲਿਆ ਗਿਆ ਹੋਵੇ। ਅੱਗਰਾ ਨੇ ਆਪਣੀ ਵਾਰ ਵਿਚ ਉਮਰ 12 ਸਾਲ ਦੀ ਲਿਖੀ ਹੈ ਤੇ ਸ਼ਹਾਦਤ ਦਾ ਸੰਮਤ ਚੂੰਕਿ 1791 ਹੈ, ਇਸ ਲਈ ਜਨਮ ਦਾ ਸੰਮਤ 1779 ਬਣਦਾ ਹੈ। ਕਈ ਇਤਿਹਾਸਾਂ ਵਿਚ ਜਨਮ 1781 ਵਿਚ ਹੋਇਆ ਦਿੱਤਾ ਹੈ। ਕਈਆਂ ਨੇ ਹੋਰ ਭੀ ਸੰਮਤ ਦਿੱਤੇ ਹਨ, ਪਰ ਉਹ ਮੁੱਢੋਂ ਹੀ ਗਲਤ ਪ੍ਰਤੀਤ ਹੁੰਦੇ ਹਨ।
2. ਹਕੀਕਤ ਰਾਇ ਦੀ ਸ਼ਹਾਦਤ ਪਿੱਛੋਂ ਬੀਬੀ ਨੰਦ ਕੌਰ (ਪ੍ਰਸਿੱਧ ਨਾਮ ਬੀਬੀ ਨੰਦੀ) ਆਪਣੇ ਪੇਕੇ ਬਟਾਲੇ ਚਲੀ ਗਈ ਸੀ। ਉੱਥੇ ਇਸ ਦੇ ਜਤ-ਸਤ ਦੇ ਕਾਰਣ ਲੋਕੀਂ ਇਸ ਨੂੰ ਜੈ ਦੇਵੀ, ਲਖਸ਼ਮੀ, ਦੁਰਗਾ ਕਰਕੇ ਪੁਕਾਰਦੇ ਪ੍ਰਤੀਤ ਹੁੰਦੇ ਹਨ, ਜਿਸ ਕਰਕੇ ਕਈ ਲਿਖਾਰੀਆਂ ਨੇ ਇਸ ਸਤਵੰਤੀ ਨੂੰ ਇਨ੍ਹਾਂ ਨਾਮਾਂ ਨਾਲ ਪੁਕਾਰਿਆ ਹੈ। ਬਟਾਲੇ ਵਿਚ ਇਸ ਦੀ ਲੁਆਈ ਹੋਈ ਖੂਹੀ ਹਾਲ ਤੱਕ ਮੌਜੂਦ ਹੈ, ਜੋ ਬੀਬੀ ਨੰਦੀ (ਬੀਬੀ ਨੰਦ ਕੌਰ) ਦੀ ਖੂਹੀ ਕਰਕੇ ਮਸ਼ਹੂਰ ਹੈ।

ਕਹਿੰਦੇ ਹਨ ਕਿ ਹਕੀਕਤ ਦੀ ਗ੍ਰਿਫ਼ਤਾਰੀ ਤੋਂ ਕੁੱਝ ਚਿਰ ਪਹਿਲਾਂ ਉਸ ਦਾ ਮਾਮਾ ਅਰਜਨ ਸਿੰਘ ਸਿਆਲਕੋਟ ਆਪਣੀਆਂ ਭੈਣਾਂ ਤੇ ਭਣੇਵਿਆਂ ਨੂੰ ਮਿਲਨ ਗਿਆ ਹੋਇਆ ਕਿਸੇ ਨੇ ਮੁਖਬਰੀ ਕਰ ਕੇ ਪਕੜਵਾ ਦਿੱਤਾ ਸੀ ਤੇ ਉਹ ਸਿਆਲਕੋਟ ਦੇ ਫ਼ੌਜਦਾਰ ਹਾਕਮ ਦੇ ਹੁਕਮ ਅਨੁਸਾਰ ਦੁਰਗਾ ਅਸ਼ਟਮੀ ਦੇ ਦਿਨ ਸ਼ਹੀਦ ਹੋ ਚੁੱਕਾ ਸੀ। ਲਾਲਾ ਦੀਵਾਨ ਚੰਦ ਜੀ ਲਿਖਦੇ ਹਨ ਕਿ ਇਹ ਭੀ ਲਾਹੌਰ ਭੇਜਿਆ ਜਾ ਕੇ ਹੀ ਨਵਾਬ ਜ਼ਕਰੀਆ ਖਾਨ ਦੇ ਹੁਕਮ ਨਾਲ ਮਾਰਿਆ ਗਿਆ ਸੀ। ਅੱਗਰੇ ਦੀ ਵਾਰ ਵਿਚ ਇਸ ਦਾ ਕੋਈ ਜ਼ਿਕਰ ਨਹੀਂ।

ਹਕੀਕਤ ਰਾਇ ਦੇ ਸ਼ਹੀਦ ਹੋ ਜਾਣ ਪਿੱਛੋਂ ਉਸ ਦੀ ਇਸਤਰੀ ਬੀਬੀ ਨੰਦ ਕੌਰ (ਪ੍ਰਸਿੱਧ ਨਾਮ ਬੀਬੀ ਨੰਦੀ) ਆਪਣੇ ਪੇਕੇ ਬਟਾਲੇ ਚਲੀ ਗਈ ਤੇ ਸਾਰੀ ਉਮਰ ਓਥੇ ਹੀ ਗੁਜ਼ਾਰੀ। ਇੱਥੇ ਇਸ ਬੀਬੀ ਨੂੰ ਲੋਕੀਂ ਭੂਆ ਨੰਦੀ ਕਰਕੇ ਬੁਲਾਇਆ ਕਰਦੇ ਸਨ। ਇਸ ਨੇ ਇਕ ਖੂਹੀ ਲਗਵਾਈ ਸੀ ਜੋ ਹੁਣ ਤੱਕ 'ਭੂਆ ਨੰਦੀ ਦੀ ਖੂਹੀ' ਪ੍ਰਸਿੱਧ ਹੈ। ਇਹ ਲਾਲਾ ਤੁਲਸੀ ਰਾਮ ਵਲਦ ਜੀਵਣ ਮੱਲ ਅਰੋੜੇ ਦੇ ਘਰ ਦੇ ਸਾਹਮਣੇ ਬਜ਼ਾਰ ਕਾਦੀ ਹੱਟੀ ਕੂਚਾ ਉੱਪਲਾਂ ਵਿਚ ਹੈ। ਨੰਦੀ ਨੂੰ ਜ਼ਿੰਦਾ 'ਦੁਰਗਾ' ਕਰਕੇ ਭੀ ਸਦਦੇ ਹਨ। ਸ਼ਾਇਦ ਇਸੇ ਕਰਕੇ ਹੀ ਉਸ ਦਾ ਨਾਮ ਕਈਆਂ ਨੇ ਦੁਰਗਾ ਯਾ ਦੁਰਗੀ ਲਿਖਿਆ ਹੈ। ਲਾਲਾ ਦੀਵਾਨ ਚੰਦ ਸਿਆਲਕੋਟੀ ਤੇ ਲਾਲਾ ਝੰਡਾ ਮੱਲ ਬਟਾਲਵੀ ਦੇ ਬਿਆਨ ਹਨ ਕਿ ਹਕੀਕਤ ਰਾਇ ਦੀ ਸ਼ਹਾਦਤ ਦੇ ਛੇਤੀ ਪਿੱਛੋਂ ਉਸ ਦੇ ਘਰ ਇੱਕ ਪੁੱਤਰ ਭੀ ਪੈਦਾ ਹੋਇਆ ਸੀ, ਜਿਸ ਦਾ ਨਾਮ ਭਜਾ ਸਿੰਘ ਯਾ ਬਿਜੈ ਸਿੰਘ ਲਿਖਿਆ ਹੈ। ਪਰ ਇਸ ਗੱਲ ਦੀ ਹੋਰ ਕੋਈ ਖ਼ਾਸ ਤਸਦੀਕ ਨਹੀਂ ਹੁੰਦੀ।

ਅੱਗਰੇ ਦੀ

ਵਾਰ ਹਕੀਕਤ ਰਾਇ

ਦੋਹਰਾ

ਪ੍ਰਿਥਮੇ ਗਣਪਤਿ[1] ਸੇਵੀਐ ਪਾਛੇ ਕਰੀਏ ਕਾਜ ।
ਸਭਾ ਦੇ ਅੰਦਰ ਬੈਠਿਆਂ ਰਾਖ ਲਾਜ ਮਹਾਰਾਜ ।

ਛੰਦ

ਮਈਯਾ[2] ਤੇਰੇ ਛਣਿ ਛਣਿ ਛੈਣੇ ਜੁ ਬਾਜਹਿ,
ਤੇਰੇ ਘੰਟੇ ਘਣਿ ਘਣਿ ਉੱਜਲਾਈ ।
ਤੇਰੇ ਸਹਿਜ ਇਸਨਾਨ ਕਉ ਚਲੀ ਏ ਗੰਗਾ,
ਮਹਾਂਦੇਵ[3] ਕੀ ਜਟਾਂ ਸੇ ਛੂਟ ਆਈ ।

---

1. ਗਣੇਸ਼ ਹਿੰਦੂਆਂ ਦਾ ਇੱਕ ਪੂਜਯ ਦੇਵਤਾ ਹੈ, ਜਿਸ ਦਾ ਧੜ ਆਦਮੀ ਦਾ ਤੇ ਸਿਰ ਹਾਥੀ ਦਾ ਹੈ । ਇਹ ਦੇਵਤਾ ਚੂਹੇ ਦੀ ਸਵਾਰੀ ਕਰਦਾ ਹੈ । ਇਸ ਦੀ ਉਤਪੱਤੀ ਸੰਬੰਧੀ ਦੋ ਕਥਾਵਾਂ ਹਨ :

   ਪਹਿਲੀ ਵਿਸ਼ਨੂੰ ਦੇਵਤ੍ਰਾ ਦੇ ਵਰ ਨਾਲ ਪਾਰਵਤੀ ਦੇ ਪੁੱਤਰ ਪੈਦਾ ਹੋਇਆ । ਸਾਰੇ ਦੇਵਤੇ ਵੇਖ ਕੇ ਪ੍ਰਸੰਨ ਹੋਏ, ਪਰ ਸ਼ੰਕਰ ਦੇਵਤਾ ਦੀ ਨਜ਼ਰ ਇਸ ਪੁਰ ਪੈਂਦੇ ਸਾਰ ਇਸ ਦਾ ਸਿਰ ਉਡ ਗਿਆ । ਪਾਰਵਤੀ ਨੇ ਰੋਣਾ ਸ਼ੁਰੂ ਕਰ ਦਿੱਤਾ, ਜਿਸ ਪਰ ਵਿਸ਼ਨੂੰ ਮਹਾਰਾਜ ਨੇ ਇੱਕ ਹਥਨੀ ਦੇ ਨਵੇਂ ਹੀ ਪੈਦਾ ਹੋਏ ਬੱਚੇ ਦਾ ਸਿਰ ਵੱਢ ਕੇ ਬਾਲਕ ਦੇ ਧੜ ਨਾਲ ਜੋੜ ਦਿੱਤਾ ਤੇ ਗਣੇਸ ਨਾਮ ਥਾਪ ਕੇ ਆਗਿਆ ਕੀਤੀ ਕਿ ਸਭ ਕਾਰਜਾਂ ਦੇ ਆਰੰਭ ਕਰਨ ਸਮੇਂ ਇਸ ਦੀ ਪੂਜਾ ਹੋਇਆ ਕਰੇਗੀ ।

   ਦੂਸਰੀ ਸ਼ਿਵਜੀ ਮਹਾਰਾਜ ਦੇ ਤਪ ਕਰਨ ਗਏ ਪਿੱਛੋਂ ਆਪਣਾ ਦਿਲ ਬਹਿਲਾਉਣ ਲਈ ਉਨ੍ਹਾਂ ਦੀ ਇਸਤਰੀ ਪਾਰਵਤੀ ਨੇ ਆਪਣੇ ਸ਼ਰੀਰ ਦੀ ਮੈਲ ਤੋਂ ਇੱਕ ਬਾਲਕ ਬਣਾ ਲਿਆ । ਇੱਕ ਦਿਨ ਪਾਰਵਤੀ ਦੇ ਇਸ਼ਨਾਨ, ਵੇਲੇ ਜਦ ਉਹ ਦਰਵਾਜ਼ੇ ਪਰ ਪਹਿਰੇ ਤੇ ਖਲੋਤਾ ਸੀ, ਤਾਂ ਸ਼ਿਵਜੀ ਮਹਾਰਾਜ ਆ ਗਏ । ਜਦ ਬਾਲਕ ਨੇ ਅੰਦਰ ਜਾਣੋਂ ਰੋਕਿਆ, ਤਾਂ ਸ਼ਿਵਾ ਨੇ ਕਰੋਧਵਾਨ ਹੋ ਕੇ ਉਸ ਦਾ ਸਿਰ ਵੱਢ ਦਿੱਤਾ । ਪਾਰਵਤੀ ਦੇ ਰੁਦਨ ਕਰਨ ਪਰ ਸ਼ਿਵਾਂ ਨੇ ਜੰਗਲ ਵਿਚ ਤਾਜ਼ੀ ਸੂਈ ਹਥਣੀ ਦੇ ਇੱਕ ਬੱਚੇ ਦਾ ਸਿਰ ਕੱਟ ਕੇ ਬਾਲਕ ਦੇ ਧੜ ਨਾਲ ਜੋੜ ਦਿੱਤਾ ਤੇ ਉਸ ਦਾ ਨਾਮ ਗਣੇਸ਼ ਰੱਖਿਆ ।

   ਪੁਰਾਣਾ ਦੀ ਇੱਕ ਕਥਾ ਅਨੁਸਾਰ ਗਣੇਸ਼ ਇੱਕ ਬਹੁਤ ਤੇਜ਼ ਲਿਖਣ ਵਾਲਾ ਲਿਖਾਰੀ ਹੈ, ਜਿਸ ਨੇ ਬਿਆਸ ਮੁਨੀ ਦੇ ਬੋਲਦੇ-ਬੋਲਦੇ ਮਹਾਭਾਰਤ ਦੀ ਪਹਿਲੀ ਪੋਥੀ ਲਿਖੀ ਸੀ । ਸਾਰੇ ਹਿੰਦੁਸਤਾਨ ਵਿਚੋਂ ਦੱਖਣ ਵਿਚ ਇਸ ਦੀ ਪੂਜਾ ਸਭ ਤੋਂ ਜ਼ਿਆਦਾ ਹੁੰਦੀ ਹੈ ।
2. ਦੇਵੀ ਦੁਰਗਾ ਭਵਾਨੀ ।
3. ਸ਼ਿਵਜੀ, ਪਾਰਵਤੀ ਦਾ ਪਤੀ ।

ਭੀਮਸੈਣ[1] ਮਹਾਂਬਲੀ ਜੋਧਾ ਕਰਿ ਜੋਰ ਧਿਆਵਹੁ,
ਤੈਸਾ ਫਲ ਪਾਈ।
ਅੱਗਰ ਸਿੰਘ ਜੀ ਦੁਆਰੇ ਠਾਢੇ, ਜੋ ਸੇਵੇ ਫਲ ਪਾਈ। ੧।

ਪਉੜੀ

ਅੱਬਲ[2] ਨਾਮ ਸੱਚੇ ਸਾਹਿਬ ਦਾ, ਜਿਨ ਇਹੁ ਖੇਲ ਰਚਾਇਆ।
ਜਿਮੀਂ ਤੇ ਅਸਮਾਨ ਬਣਾਇਆ, ਬਿਨ ਥੰਮ੍ਹਾਂ ਗਗਨ[3] ਠਹਿਰਾਇਆ।
ਦੂਜੀ ਕੁਦਰਤ ਮਹਾਂਦੇਵ ਤੇ ਬ੍ਰਹਮਾ ਬਿਸ਼ਨ ਉਪਾਇਆ।
ਪਰਿ ਜੀ ਇਸ ਸਾਹਿਬ ਦੀ ਮਹਿਮਾ ਦਾ,
ਪਰਿ ਅੰਤਿ ਕਿਨੂੰ ਨਾ ਪਾਇਆ। ੨।
ਜਬ ਦਿਲ ਵਿਚ ਉਸ ਫੁਰਿਆ ਫੁਰਨਾਂ[4] ਚੌਦਾਂ ਭਵਨ[5] ਬਣਾਏ।
ਸਤਿਜੁਗ ਤ੍ਰੇਤਾ ਦੁਆਪਰ ਕਲਿਜੁਗ, ਚਾਰ ਜੁਗ ਵਰਤਾਏ।
ਅਵਤਾਰ ਕੀਏ ਜੋ ਜੁਗ ਜੁਗ ਅੰਦਰ, ਕਰਿ ਕਰਿ ਆਪ ਖਪਾਏ।
ਕਹੁ ਜੀ ਤਿਸ ਸਾਹਿਬ ਦੀ ਰਚਨਾ ਦਾ, ਕੋਈ ਅੰਤ ਹਿਸਾਬ ਨਾਂ ਪਾਏ। ੩।
ਜਬ ਹੁਕਮ ਕੀਤਾ ਮਨਸ਼ਾ ਦੇ ਅੰਦਰਿ, ਤਬ ਦੁਨੀਆ ਇਹੁ ਸਾਜੀ।
ਤਾਂ ਦੋਨੋ ਫ਼ਿਰਕੇ ਜ਼ਾਹਿਰ ਕੀਤੇ, ਪੰਡਿਤ ਮੁੱਲਾਂ-ਕਾਜ਼ੀ।
ਇਕ ਪੀਰ ਪੈਕੰਬਰ ਸੁਲਤਾਨ ਬਣਾਏ, ਇਕ ਸਾਹਿਬ ਇਕ ਪਾਜੀ।
ਅੱਗਰਾ ਉਸ ਪਰਿ ਸਾਹਿਬ ਮੱਦਤਿ ਕਰਸੀ, ਜਿਸ ਪਹਿ ਹੋਸੀ ਰਾਜ਼ੀ। ੪।
ਗੁਰੂ ਨਾਨਕ ਅਉਤਾਰ ਧਾਰਿ ਕੇ, ਕਲਿਜੁਗ ਅੰਦਰ ਆਇਆ।
ਵਿਚ ਦਸ ਅਉਤਾਰ ਜੋਤਿ ਧਾਰਿ ਕੈ, ਆਪਸ ਮਾਹਿਂ ਸਮਾਇਆ।

---

1. ਪੰਜਾਂ ਪਾਂਡਵਾਂ ਵਿਚੋਂ ਤੀਸਰਾ ਭਾਈ।
2. ਅੱਵਲ ਸਭ ਤੋਂ ਪਹਿਲਾਂ।
3. ਆਸਮਾਨ।
4. ਜਦ ਕਰਤਾ ਪੁਰਖ ਪ੍ਰਮਾਤਮਾ ਦੇ ਦਿਲ ਵਿਚ ਦੁਨੀਆਂ ਪੈਦਾ ਕਰਨ ਦਾ ਖਿਆਲ ਉੱਠਿਆ। ਇਹ ਖਿਆਲ ਇਸਲਾਮੀ ਧਰਮ ਅਨੁਸਾਰ ਹੈ।
5. ਹਿੰਦੂ ਗ੍ਰੰਥਾਂ ਵਿਚ ਸੱਤ ਅਕਾਸ਼ ਤੇ ਸੱਤ ਪਾਤਾਲ ਮਿਲ ਕੇ ਚੌਦਾਂ ਭਵਨ ਕਥੇ ਗਏ ਹਨ:
   ਅਕਾਸ਼—ਭੂ:, ਭਵ:, ਸ੍ਵ:, ਮਹ:, ਜਨ:, ਤਪ:, ਸਤ੍ਯ।
   ਪਾਤਾਲ—ਅਤਲ, ਸੁਤਲ, ਵਿਤਲ, ਤਲਾਤਲ, ਮਹਾਤਲ, ਰਸਾਤਲ, ਪਾਤਾਲ।
   ਜਯੋਤਿਸ਼—ਗ੍ਰੰਥ ਸਿਧਾਂਤ-ਸ਼੍ਰੋਮਣਿ ਵਿਚ ਜ਼ਮੀਨ ਉੱਤੇ ਹੀ ਚੌਦਾਂ ਭਵਨ ਹੋਣੇ ਮੰਨੇ ਹਨ।
6. ਗੁਰੂ ਨਾਨਕ ਸਿੱਖ ਧਰਮ ਦੇ ਮੋਢੀ ਸਨ। ਆਪ ਦਾ ਜਨਮ ਬੈਸਾਖ ਸੁਦੀ 3 ਸੰਮਤ 1526 ਬਿਕ੍ਰਮੀ, ਸੰਨ 1439 ਈ: ਨੂੰ ਤਲਵੰਡੀਰਾਇ ਭੋਇ (ਨਨਕਾਣਾ ਸਾਹਿਬ) ਜ਼ਿਲ੍ਹਾ ਸ਼ੇਖੂਪੁਰਾ ਵਿਚ ਮਹਿਤਾ ਕਾਲੂ ਅਤੇ ਮਾਤਾ ਤ੍ਰਿਪਤਾ ਦੇ ਘਰ ਹੋਇਆ ਅਤੇ ਕਰਤਾਰਪੁਰ (ਡੇਰਾ ਬਾਬਾ ਨਾਨਕ) ਜ਼ਿਲ੍ਹਾ ਗੁਰਦਾਸਪੁਰ ਵਿਚ ਅੱਸੂ ਵਦੀ 10 ਸੰਮਤ 1596, ਸੰਨ 1539 ਈਸਵੀ, ਨੂੰ ਆਪ ਨੇ ਸ਼ਰੀਰ ਤਿਆਗਿਆ। ਸਿੱਖਾਂ ਦਾ

(ਬਾਕੀ ਅਗਲੇ ਪੰਨੇ ਤੇ)

ਗ੍ਰੰਥ ਪੋਥੀਆਂ ਬਾਣੀ ਕਰਿ ਕੈ, ਸਾਹਿਬ ਦਾ ਨਾਮ ਜਪਾਇਆ।
ਅੱਗਰਾ ਕਲਿਜੁਗ ਖੱਤ੍ਰੀਆਂ ਦਾ ਜੰਞੂ ਗੁਰੂ ਤੇਗ ਬਹਾਦ੍ਰ[1] ਰਖਾਇਆ। ੫।
ਇਕ ਦਿਨ ਦਿਲ ਵਿਚ ਚਿੰਤਾ ਉਪਜੀ, ਯਾਦ ਜੋ ਆਏ ਭਾਈ।
ਕਰ ਗਏ ਕੂਚ ਦੁਨਲੀਆ ਥੀਂ ਪਿਆਰੇ, ਅੰਗ ਸਾਕ ਸੁਖਦਾਈ।
ਇਸ ਦੁਨੀਆ ਦਾ ਕੀ ਭਰਿਵਾਸਾ, ਜਿਉਂ ਸੁਪਨਾ ਰੈਨਾਈ।
ਸੰਮਤ ਸਤਾਰਾਂ ਸੈ ਇਕਾਨਵੇ[2] ਸਾਹਿਬ ਇਉਂ ਵਰਤਾਈ।
ਸੰਮਤ ਅਠਾਰਾਂ ਸੈ ਇਕਤਾਲੀਏ[3], ਅੱਗਰੇ ਵਾਰ ਬਣਾਈ। ੬।

(ਪਿਛਲੇ ਪੰਨੇ ਦੀ ਬਾਕੀ)

ਵਿਸ਼ਵਾਸ ਹੈ ਕਿ ਆਪ ਦੇ ਪਿੱਛੋਂ ਹੋਏ ਨੌਂ ਗੁਰੂ ਸਾਹਿਬਾਂ ਵਿਚ ਆਪ ਦੀ ਹੀ ਜੋਤ ਬਿਰਾਜਮਾਨ ਸੀ ਤੇ ਉਨ੍ਹਾਂ ਨੇ ਆਪ ਦੇ ਦਰਸਾਏ ਧਰਮ ਦਾ ਹੀ ਪ੍ਰਚਾਰ ਕੀਤਾ ਅਤੇ ਸਿੱਖ ਧਰਮ ਨੂੰ ਪੂਰਣਤਾ ਤੱਕ ਪਹੁੰਚਾਇਆ ਹੈ। ਦਸ ਗੁਰੂ ਸਾਹਿਬਾਨ ਦੇ ਨਾਮ ਇਹ ਹਨ :

1. ਗੁਰੂ ਨਾਨਕ, ਸੰਨ 1469-1539 ਈਸਵੀ
2. ਗੁਰੂ ਅੰਗਦ, 1539-1552
3. ਗੁਰੂ ਅਮਰਦਾਸ, 1552-1574
4. ਗੁਰੂ ਰਾਮਦਾਸ, 1574-1581
5. ਗੁਰੂ ਅਰਜਨ, 1581-1606
6. ਗੁਰੂ ਹਰਿ ਗੋਬਿੰਦ, 1606-1645
7. ਗੁਰੂ ਹਰਿ ਰਾਇ, 1645-1661
8. ਗੁਰੂ ਹਰਿ ਕ੍ਰਿਸ਼ਨ, 1661-1664
9. ਗੁਰੂ ਤੇਗ ਬਹਾਦੁਰ, 1664-1675
10. ਗੁਰੂ ਗੋਬਿੰਦ ਸਿੰਘ 1675-1709

1. ਇਤਿਹਾਸਾਂ ਵਿਚ ਲਿਖਿਆ ਹੈ ਕਿ ਨੌਵੇਂ ਸਿੱਖ ਗੁਰੂ ਤੇਗ ਬਹਾਦੁਰ ਨੇ ਹਿੰਦੂਆਂ ਦੇ ਧਰਮ ਵਿਰੁੱਧ ਛੇਵੇਂ ਮੁਗਲ ਬਾਦਸ਼ਾਹ ਔਰੰਗਜ਼ੇਬ ਵੱਲੋਂ ਹੋ ਰਹੀ ਸਖ਼ਤੀ ਨੂੰ ਦੂਰ ਕਰਨ ਲਈ ਸ਼ਹਾਦਤ ਪਾਈ ਸੀ। ਇਸ ਲਈ ਹੀ ਇਹ ਕਿਹਾ ਗਿਆ ਹੈ ਕਿ ਕਲਜੁਗ ਵਿਚ ਹਿੰਦੂ ਧਰਮ ਦੇ ਚਿੰਨ੍ਹ ਜੰਞੂ ਦੀ ਰੱਖਿਆ ਗੁਰੂ ਤੇਗ ਬਹਾਦੁਰ ਜੀ ਨੇ ਕੀਤੀ ਹੈ। ਦਸਮ ਗੁਰੂ ਗੋਬਿੰਦ ਸਿੰਘ ਜੀ ਨੇ ਭੀ ਇਸ ਗੱਲ ਦਾ ਜ਼ਿਕਰ ਆਪਣੀ ਬਾਣੀ 'ਬਚਿੱਤ੍ਰ ਨਾਟਕ' ਵਿਚ ਇਸ ਤਰ੍ਹਾਂ ਕੀਤਾ ਹੈ :

   ਤਿਲਕ ਜੰਞੂ ਰਾਖਾ ਪ੍ਰਭ ਤਾ ਕਾ ॥ ਕੀਨੋ ਬਡੋ ਕਲੂ ਮਹਿ ਸਾਕਾ ॥
   ਸਾਧਨ ਹੇਤ ਇਤਿ ਜਿਨ ਕਰੀ ॥ ਸੀਸ ਦੀਆ ਪਰ ਸੀ ਨ ਉਚਰੀ ॥ ੧੨ ॥

2. ਸੰਮਤ 1791 ਬਿਕ੍ਰਮੀ ਸੰਨ 1735 ਈਸਵੀ ਦੇ ਮੁਤਾਬਿਕ ਬੈਠਦਾ ਹੈ। 'ਮਹਾਨ ਕੋਸ਼' ਵਿਚ ਹਕੀਕਤ ਰਾਇ ਦੀ ਸ਼ਹਾਦਤ ਦਾ ਸੰਮਤ 1798 ਤੇ ਸੰਨ 1741 ਈਸਵੀ ਦਿੱਤੀ ਹੈ। ਇਹ ਗਲਤੀ ਮਹਾਨ ਕੋਸ਼ ਦੇ ਸੋਮੇ ਦੇ ਲਿਖਾਰੀ ਨੂੰ ਅੱਗਰੇ ਦੇ ਵਾਰ ਬਣਾਉਣ ਦੇ ਸੰਮਤ 1841 ਤੋਂ ਲੱਗੀ ਜਾਪਦੀ ਹੈ। ਅੱਗਰੇ ਦੀ ਤਾਰੀਖ਼ ਜ਼ਿਆਦਾ ਭਰੋਸੇਯੋਗ ਹੈ, ਕਿਉਂਕਿ ਉਸ ਨੇ ਆਪ ਦੀ ਸ਼ਹਾਦਤ ਤੋਂ ਪੰਜਾਹ ਵਰ੍ਹੇ ਪਿੱਛੋਂ ਵਾਰ ਲਿਖੀ ਸੀ, ਜਦ ਕਿ ਗਲਤੀ ਲੱਗਣ ਦੀ ਘੱਟ ਸੰਭਾਵਨਾ ਸੀ।
3. ਇਹ ਸੰਨ 1784-85 ਈਸਵੀ ਦੇ ਮੁਤਾਬਿਕ ਆਉਂਦਾ ਹੈ।

ਵਾਰ ਹਕੀਕਤ ਰਾਇ ਧਰਮੀ ਦੀ ਵਾਸੀ ਸਿਆਲਕੋਟ ਵਿਚਿ ਆਇਆ।
ਹਕੀਕਤ ਰਾਇ ਦੀ ਸੁਣੋ ਹਕੀਕਤ ਜਿਸ ਇਹੁ ਧਰਮੁ ਰਖਾਇਆ।
ਥਿਤ ਦੁਆਦਸੀ ਕਾਤਕ ਮਾਸੇ[1] ਅਮ੍ਰਿਤ ਵੇਲਾ ਛਾਇਆ।
ਕ੍ਰਿਸਨ ਪੱਖ ਤੇ ਰਾਤਿ ਅੰਧੇਰੀ ਮਾਤਾ ਕੌਰਾਂ ਜਾਇਆ।
ਅੱਗਰਾ ਬਾਘ ਮੱਲ ਘਰਿ ਜਨਮ ਲੀਆ,
ਪਰਿ ਸਿਆਲਕੋਟ ਵਿਚ ਆਇਆ। ੭।

ਜਬ ਗਰਭ ਜੋਨਿ ਥੀਂ ਆਇਆ ਬਾਹਰ ਮਾਤਾ ਭਈ ਖੁਸ਼ਾਲੀ।
ਉਹੁ ਵੇਖੇ ਸੂਰਤਿ ਧਰਮੀ ਦੀ ਮਸਤਕਿ ਪਰਿ ਸੋਹੇ ਲਾਲੀ।
ਉਹ ਰੁਦਨ ਕਰੇ ਤੇ ਛੜੀਆਂ ਮਾਰੇ ਗੁੜ੍ਹਤੀ ਧਰਮ ਪਿਆਲੀ।
ਕਹੁ ਜੀ ਸਭ ਭੂਖਣ ਬਖਸ਼ੇ ਦਾਈ ਨੂੰ ਪਰ ਮਾਲਾ ਢੇਢੂ ਵਾਲੀ। ੮।

ਜਬ ਦਿਨ ਚੜ੍ਹਿਆ ਖਬਰਾਂ ਹੋਈਆਂ ਸ਼ਹਿਰ ਮਹੱਲੇ ਸਾਰੇ।
ਦੇਣ ਵਧਾਈਆਂ ਅੰਗ ਸਾਕ ਹਮਸਾਏ ਮਿੱਤਰ ਪਿਆਰੇ।
ਸ਼ਾਦੀ[2] ਹੋਈ ਨਾਰੀ ਗਾਵਣ ਵੱਜਣ ਢੋਲ ਨਗਾਰੇ।
ਅੱਗਰਾ ਸਰਨਾਈ, ਕਰਨਾਇ, ਤੂਤੀਆਂ, ਭੇਰਾਂ[3] ਅਵਾਜ਼ ਪੁਕਾਰੇ। ੯।

ਜਬ ਮੰਮਾ ਧੋਤਾ ਮਾਤਾ ਨੇ ਪਰਿ ਮੂਹੁ ਧਰਮੀ ਦੇ ਲਾਇਆ।
ਚੁੰਘਣ ਲੱਗਾ ਖੁਸ਼ੀ ਹੋਇ ਕੈ ਮਾਤਾ ਸਗਨ ਮਨਾਇਆ।
ਸਭ ਪਰਵਾਰ ਵਿਚਿ ਮਿਲਿ ਵਧਾਈ, ਨਾਰੀਂ ਮੰਗਲ ਗਾਇਆ।
ਕਹੁ ਜੀ ਲੜਕੇ ਦੀ ਸੂਰਤ ਰੌਸ਼ਨ ਹੈ, ਜਿਉਂ ਚੰਦ ਜਿਮੀਂ ਪਰਿ ਆਇਆ। ੧੦।

ਸ਼ਾਦੀ ਸੁਣ ਕੇ ਸਭਿ ਚਲਿ ਆਏ, ਖ਼ੈਰ ਖ਼ਰਾਇਤ[4] ਵਾਲੇ।
ਆਸ਼ੀਰਬਾਦ ਆ ਬ੍ਰਾਹਮਣ ਕਰਦੇ, ਦੇਣ ਵਧਾਈਆਂ ਨਾਲੇ।

---

1. ਕੱਤਕ ਵਦੀ 21 ਬਾਅਦ ਵਿਚ ਆਈ ਲਿਖਤ ਤੋਂ ਪਤਾ ਲੱਗਦਾ ਹੈ ਕਿ ਸ਼ਹਾਦਤ ਵੇਲੇ ਹਕੀਕਤ ਰਾਇ ਦੀ ਉਮਰ ਬਾਰਾਂ ਸਾਲ ਦੀ ਸੀ ਅਤੇ ਸ਼ਹਾਦਤ ਦਾ ਸੰਮਤ ਚੂੰਕਿ 1791 ਹੈ, ਇਸ ਲਈ ਜਨਮ 1779 ਵਿਚ ਬੈਠਦਾ ਹੈ। ਸਰਦਾਰ ਬਹਾਦੁਰ ਭਾਈ ਕਾਨ੍ਹ ਸਿੰਘ ਨੇ 'ਮਹਾਨ ਕੋਸ਼' ਵਿਚ ਜਨਮ ਦਾ ਸੰਮਤ 1781 ਦਿੱਤਾ ਹੈ, ਜੋ ਅੱਗਰੇ ਦੀ ਵਾਰ ਦੇ ਹਿਸਾਬ ਨਾਲ ਠੀਕ ਨਹੀਂ ਬਹਿੰਦਾ, ਪਰ ਹਕੀਕਤ ਰਾਇ ਦੇ ਵੰਸਜ ਲਾਲਾ ਦੀਵਾਨ ਚੰਦ ਪੈਦਾਇਸ਼ ਦੇ ਸੰਮਤ 1773 ਦਿੰਦੇ ਹਨ, ਜਾਂ ਹੋ ਸਕਦਾ ਹੈ ਉਨ੍ਹਾਂ ਨੇ ਸ਼ਹੀਦੀ ਵੇਲੇ ਹਕੀਕਤ ਦੀ ਉਮਰ 18 ਸਾਲ ਸਮਝ ਕੇ ਗਿਣ ਲਿਆ ਹੋਵੇ।
2. ਖੁਸ਼ੀ।
3. ਭੇਰ, ਭੇਰਿ, ਭੇਰੀ। ਨਫ਼ੀਰੀ ਨਾਲ ਵਜਾਉਣ ਵਾਲਾ ਵੱਡਾ ਨਗਾਰਾ ਬਹੁਤ ਭਾਰਾ ਤੇ ਵੱਡਾ ਹੋਣ ਕਰ ਕੇ ਇਸ ਨੂੰ ਵਜਾਉਣ ਵੇਲੇ ਚੂੰਕਿ ਊਠਾਂ ਉੱਤੇ ਲੱਦਿਆ ਜਾਂਦਾ ਸੀ, ਇਸ ਲਈ ਇਸ ਨੂੰ ਸ਼ੁਤਰੀ ਭੀ ਆਖਦੇ ਸਨ।
4. ਖੁਸ਼ੀ ਦੇ ਵੇਲੇ ਕਮੀਨ ਲੋਕ ਆ ਕੇ ਖ਼ੈਰ ਦੀ ਦੁਆ ਅਰਥਾਤ ਸੁਖ ਲਈ ਪ੍ਰਾਰਥਨਾ ਕਰਦੇ ਹਨ ਤੇ ਖੁਸ਼ੀ ਵਾਲੇ ਘਰੋਂ ਉਨ੍ਹਾਂ ਨੂੰ ਖ਼ਰਾਇਤ ਯਾ ਖ਼ੈਰਾਤ ਅਰਥਾਤ ਦਾਨ ਮਿਲਦਾ ਹੈ। ਇਸ ਲਈ 'ਖ਼ੈਰ ਖ਼ਰਾਇਤ ਵਾਲੇ' ਉਹ ਲੋਕ ਕਹੇ ਜਾਂਦੇ ਹਨ, ਜੋ ਅਸੀਸਾਂ ਦੇ ਕੇ ਦਾਨ ਮੰਗਦੇ ਹਨ। ਆਮ ਤੌਰ ਤੇ ਇਹ ਬ੍ਰਾਹਮਣ, ਭੱਟ, ਡੂਮ (ਮਿਰਾਸੀ), ਨਾਈ ਆਦਿ ਹੁੰਦੇ ਹਨ।

ਭੱਟਾਂ ਡੂਮਾਂ ਨਾਈਆਂ ਨੂੰ ਜ਼ਰ ਬਖ਼ਸ਼ੇ ਲਾਲ ਦੁਸ਼ਾਲੇ।
ਅੱਗਰਾ ਬਾਘ ਮੱਲ ਨੇ ਕਰੀ ਖ਼ਰਾਇਤ ਸਾਰੀ ਉਮਰਿ ਸੰਮਾਲੇ[1]। ੧੧।
ਪੰਜ ਦਿਹਾੜੇ ਜਬ ਗੁਜ਼ਰੇ, ਧਮਾਹਣਿ ਸ਼ੁਰੂ ਕਰਾਇਆ।
ਮੋਹਿਨ ਭੋਗ ਤੇ ਲੁੱਚੀ ਕਚੋਰੀ, ਅੰਦਰਿ ਸ਼ਹਿਰ ਵੰਡਾਇਆ।
ਗਰੀਬਾਂ ਗੁਰਬਿਆਂ ਦੇ ਤਾਂਈਂ, ਘਰ ਵਿਚਿ ਸੱਦ ਖਵਾਇਆ।
ਕਹੁ ਜੀ ਸੱਦੇ ਪੰਡਤ, ਜੋਤਿਕ ਦੇਖ ਹਕੀਕਤ ਨਾਉਂ ਧਰਾਇਆ। ੧੨।
ਦਿਨ ਦਿਨ ਰੂਪ ਵਧੇਰਾ ਚੜ੍ਹਦਾ ਮਾਪਿਆਂ ਨੂੰ ਖੁਸ਼ ਭਾਵੇ।
ਲੈਨਿ ਗੋਦ ਵਿਚ ਮੱਥਾ ਚੁੰਮਣ, ਤ੍ਰਿਸਨਾ ਅਗਨ ਬੁਝਾਵੇ।
ਚੰਦਨ ਦਾ ਪੰਗੂੜਾ ਘੜਿਆ ਦੰਦ-ਖੰਡ ਦੇ ਪਾਵੇ।
ਕਹੁ ਜੀ ਝੂਟੇ ਆਣ ਕੇ ਦੇਨਿ ਅਪੱਛਰਾਂ[2], ਵਾਉ ਸਵਰਗ ਦੀ ਆਵੇ। ੧੩।
ਬਰਸ ਦਿਨਾਂ ਦਾ ਹੋਇਆ ਹਕੀਕਤ ਰੁੜ੍ਹਨ ਜਿਮੀਂ ਪੁਰ ਲੱਗਾ।
ਸਿਰ ਪਰ ਟੋਪੀ ਮਛਲੀ ਵਾਲੀ, ਗਲ ਵਿਚ ਸੂਹਾ ਝੱਗਾ।
ਸੋਇਨੇ ਦੇ ਕੰਗਣ ਕਰਿ[3] ਸੋਹਿਨ, ਧੁੰਨੀ ਪਰ ਲਟਕੇ ਤੁੱਗਾ।
ਅੱਗਰਾ ਬਥਲੀ ਬੋਲੀ ਬੋਲੇ ਧਰਮੀ, ਬਹੁਤ ਪਿਆਰਾ ਲੱਗਾ। ੧੪।
ਦੋਹ ਬਰਸਾਂ ਦਾ ਹੋਇਆ ਹਕੀਕਤ, ਟੁਰਦਾ ਕਮਰ ਹਲਾਵੇ।
ਪੈਰੀਂ ਪਉਂਟੇ ਲੱਕ ਤੜਾਗੀ[4] ਛਣ ਛਣ ਕਰਦਾ ਆਵੇ।

---

1. ਇਸ ਵਿਚ ਪੰਜਾਬੀਆਂ ਦੀ ਉਸ ਆਮ ਵਾਦੀ ਵੱਲ ਇਸ਼ਾਰਾ ਹੈ ਜਿਸ ਦੇ ਅਧੀਨ ਇਹ ਮੁੰਡੇ ਜੰਮਣ ਤੇ ਉਨ੍ਹਾਂ ਦੇ ਵਿਆਹ ਦੀ ਖੁਸ਼ੀ ਵੇਲੇ ਕਈ ਵਾਰੀ ਆਪਣੀ ਹੈਸੀਅਤ ਤੋਂ ਭੀ ਵੱਧ ਖਰਚ ਕਰਦੇ ਤੇ ਸਾਰੀ ਉਮਰ ਦੀ ਸੰਭਾਲੀ ਹੋਈ ਪੂੰਜੀ ਰੋੜ੍ਹ ਛੱਡਦੇ ਹਨ।
2. ਅਪੱਛਰਾਂ, ਅਪਸਰਾਂ, ਸੁਰਗ ਲੋਕ ਦੀਆਂ ਮੋਹਨੀਆਂ ਇਸਤ੍ਰੀਆਂ, ਇੰਦਰ ਦੇ ਅਖਾੜੇ ਦੀਆਂ ਪਰੀਆਂ। ਰਾਮਾਇਣ ਅਤੇ ਪੁਰਾਣਾਂ ਵਿਚ ਲਿਖਿਆ ਹੈ ਕਿ ਜਦ ਦੇਵਤਿਆਂ ਅੰਮ੍ਰਿਤ ਪ੍ਰਾਪਤੀ ਲਈ ਸਮੁੰਦਰ ਨੂੰ ਰਿੜਕਿਆ ਤਾਂ ਵਿਚੋਂ ਅਪਸਰਾਂ ਨਿਕਲੀਆਂ ਸਨ। ਇਨ੍ਹਾਂ ਨੇ ਇੰਦਰ ਦੇਵਤਾ ਦੇ ਹੁਕਮ ਅਨੁਸਾਰ ਆਪਣੀ ਮੋਹਣ-ਸ਼ਕਤੀ ਨਾਲ ਕਈ ਤਪੀਏ ਰਿਖੀਆਂ ਦਾ ਤਪ ਭੰਗ ਕੀਤਾ, ਤਾਂ ਜੁ ਉਹ ਰਿਖੀ ਕਿਧਰੇ ਤਪ ਦੀ ਸ਼ਕਤੀ ਨਾਲ ਉਸ ਦਾ ਸਿੰਘਾਸਨ ਤੇ ਰਾਜ ਹੀ ਨਾ ਖੋਹ ਲੈਣ। ਪਾਰਾਸ਼ਰ ਸਿਮ੍ਰਿਤਿ ਅ:3 ਅਨੁਸਾਰ ਸੁਰਗ ਲੋਕ ਵਿਚ ਇਹ ਉਨ੍ਹਾਂ ਜੋਧਿਆਂ ਨੂੰ ਮਿਲਦੀਆਂ ਹਨ ਜੋ ਯੁੱਧ ਵਿਚ ਨਿਰਭੈ ਲੜਦੇ ਮਰ ਗਏ ਹੋਣ। ਇਹ ਗੱਲ ਜੰਗ ਵਿਚ ਸ਼ਹੀਦ ਹੋ ਕੇ ਬਹਿਸ਼ਤ ਗਏ ਮੁਸਲਮਾਨਾਂ ਨੂੰ ਹੂਰਾਂ ਮਿਲਣ ਵਾਲੀ ਗੱਲ ਨਾਲ ਟਾਕਰਾ ਖਾਂਦੀ ਹੈ। ਰਾਮਾਇਣ ਵਿਚ ਇਨ੍ਹਾਂ ਦੀ ਗਿਣਤੀ ਸੱਠ ਕਰੋੜ ਅਤੇ ਕਾਸ਼ੀ ਖੰਡ ਵਿਚ 35 ਕਰੋੜ ਲਿਖੀ ਹੋਈ ਹੈ, ਪਰ ਸਭ ਤੋਂ ਵਧੀਕ ਮਨਮੋਹਨੀਆਂ 1060 ਲਿਖੀਆਂ ਹਨ। ਵਾਯੂ ਪੁਰਾਣ ਵਿਚ 14 ਤੇ ਹਰਿਵੰਸ਼ ਵਿਚ ਕੇਵਲ 7 ਦਾ ਹਾਲ ਹੈ। ਕਈ ਗ੍ਰੰਥਾਂ ਵਿਚ ਹੋਰ ਗਿਣਤੀ ਭੀ ਦਿੱਤੀ ਹੋਈ ਹੈ।
3. ਹੱਥਾਂ ਵਿਚ।
4. ਇਹ ਸਾਰੇ ਵੱਖ-ਵੱਖ ਗਹਿਣਿਆਂ ਦੇ ਨਾਮ ਹਨ—ਤੜਾਗੀ ਲੱਕ ਦੁਆਲੇ ਪਾਈ ਹੋਈ ਸੋਨੇ ਚਾਂਦੀ ਦੀ ਜ਼ੰਜੀਰੀ ਨੂੰ ਆਖਦੇ ਹਨ। ਗਰੀਬ ਲੋਕ ਸੋਨੇ ਚਾਂਦੀ ਦੀ ਥਾਂ ਰੇਸ਼ਮ ਜਾ ਸੂਤਰ ਦੀ ਰੰਗੀ ਹੋਈ ਡੋਰੀ ਬੱਚੇ ਦੇ ਲੱਕ ਦੁਆਲੇ ਬੰਨ ਦਿੰਦੇ ਹਨ। ਇਹ ਚੀਜ਼ਾਂ ਹੁਣ ਉਡਦੀਆਂ ਜਾ ਰਹੀਆਂ ਹਨ। ਕਿਧਰੇ-ਕਿਧਰੇ ਪੁਰਾਤਨੀ ਯਾ ਪੇਂਡੂ ਲੋਕਾਂ ਦੇ ਬੱਚਿਆਂ ਨੂੰ ਪਈਆਂ ਹੋਈਆਂ ਹੀ ਦਿੱਸਦੀਆਂ ਹਨ।

ਦੋਇ ਘੜੀਆਂ ਜਬ ਦਿਨ ਚੜ੍ਹਦਾ, ਚਉਂਕੀ ਪਰਿ ਮਾਉਂ ਨਵ੍ਹਾਵੇ।
ਕਹੁ ਜੀ ਖੰਡ ਮਲਾਈ ਦੂਧ ਛੁਹਾਰੇ, ਭੋਜਨ ਭੋਗ ਲਗਾਵੇ। ੧੫।
ਤ੍ਰਿਹੁੰ ਬਰਸਾਂ ਦਾ ਹੋਇਆ ਧਰਮੀ ਜ਼ੇਵਰ ਅੰਗ ਜੋ ਲਾਏ।
ਬਦਟੇ[1] ਡੋਲਿਆਂ ਉਪਰ ਸੋਹਨ, ਮੀਨਾਕਾਰ ਬਣਾਏ।
ਦੋ ਕੰਨਾਂ ਅੰਦਰ ਝੁਮਕੇ ਲਟਕਣ ਮੋਤੀ ਜੜੇ ਸਵਾਏ।
ਕਹੁ ਜੀ ਵਾਲਾ ਮੁਰਕੀ[2] ਦੇਣ ਨਜ਼ਾਰਾ ਨਾ ਕੋਈ ਕੀਮਤ ਪਾਏ। ੧੬।
ਚਹੁੰ ਬਰਸਾਂ ਦੀ ਹੋਇਆ ਹਕੀਕਤ, ਪਹਿਰੇ ਬਸਤਰ ਸਾਰੇ।
ਮੁਕੇਸੀ[3] ਚੀਰਾ ਸਿਰ ਪਰ ਸੋਹੇ, ਭੇਛਣ ਸਣੇ ਕਿਨਾਰੇ।
ਗਲ ਵਿਚ ਜਾਮਾ ਟਹਿਕ ਰਿਹਾ, ਅਤਰ ਮੁਸਕ ਬਹਾਰੇ।
ਅੱਗਰਾ ਲੱਕ ਵਿਚ ਸੁੱਥਣ ਮਸਰੂ ਦੀ, ਕਟਾਰ ਦਾਰ ਗੁਲਜ਼ਾਰੇ[4]। ੧੭।
ਪੰਜਾਂ ਬਰਸਾਂ ਦਾ ਹੋਇਆ ਧਰਮੀ, ਸੁਣੋ ਹਕੀਕਤ ਸਾਰੀ।
ਬਾਂਕੀ ਚਕਲੀ ਲਾਟੂ ਲਿਆਇਆ, ਖੇਡੇ ਸ਼ੌਕ ਬਹਾਰੀ।
ਨਾਲ ਯਤੀਮਾਂ ਖੇਡ ਖਿਡਾਵੈ, ਮਿੱਠੇ ਬਚਨ ਉਚਾਰੀ।
ਕਹੁ ਜੀ ਨਿਤ ਮਾਤਾ ਪਿਤਾ ਦੀ ਪੈਰੀ ਪਉਂਦਾ, ਧਰਮ ਰੂਪ ਅਉਤਾਰੀ। ੧੮।
ਛੇਆਂ ਬਰਸਾਂ ਦਾ ਹੋਇਆ ਧਰਮੀ, ਨਾਲ ਬਾਪ ਦੇ ਜਾਵੇ।
ਜਾਇ ਕਚਹਿਰੀ ਅੰਬੀਰਾਂ[5] ਦੀ, ਦੁਇ ਦਸਤੀਂ ਸੀਸ ਨਿਵਾਵੇ।
ਰੁਪੱਈਏ ਪੈਸੇ ਨਾਲ ਕੌਡੀਆਂ[6], ਖੀਸੇ ਅੰਦਰ ਪਾਵੇ।
ਅੱਗਰਾ ਕਰੇ ਖ਼ਰਾਇਤ ਨਾਇੰ ਸਾਈਂ ਦੇ ਜੋ ਕੋਈ ਮੰਗਣ ਜਾਵੇ। ੧੯।
ਸੱਤਾਂ ਬਰਸਾਂ ਦਾ ਹੋਇਆ ਧਰਮੀ, ਮੁੱਲਾਂ ਦੇ ਪੜ੍ਹਨੇ ਪਾਇਆ।
ਰੋਕ ਰੁਪੱਈਏ ਤੇ ਗੁੜ ਦੀ ਰੋੜੀ,[7] ਮੁੱਲਾਂ ਦੇ ਲਿਆਇਆ।

---

1. ਕੰਙਣ, ਟਾਂਡਾ।
2. ਵਾਲੇ ਅਤੇ ਮੁਰਕੀਆਂ, ਤੁੰਗਲ।
3. ਮੁਕੇਸ਼, ਫ਼ਾਰਸੀ ਮੁਕੈਸ਼, ਚਾਂਦੀ ਦੀਆਂ ਪਤਲੀਆਂ ਤੇ ਚਪਟੀਆਂ ਤਾਰਾਂ। ਮੁਕੇਸੀ, ਮੁਕੈਸ਼ੀ, ਚਾਂਦੀ ਦੀਆਂ ਤਾਰਾਂ ਦਾ ਬਣਿਆ ਹੋਇਆ ਸਾਫ਼ਾ ਯਾ ਪਗੜੀ।
4. ਕੱਪੜਿਆਂ ਦੀਆਂ ਕਿਸਮਾਂ, ਜਿਨ੍ਹਾਂ ਪਰ ਕਟਾਰਾਂ ਤੇ ਫੁਲਵਾੜੀਆਂ ਕੱਢੀਆਂ ਹੋਈਆਂ ਹੁੰਦੀਆਂ ਹਨ। ਹੁਣ ਇਨ੍ਹਾਂ ਦਾ ਰਿਵਾਜ ਕੇਵਲ ਪਿੰਡਾਂ ਵਿਚ ਕਿਧਰੇ-ਕਿਧਰੇ ਦਿੱਸਦਾ ਹੈ।
5. ਅੰਬੀਰ, ਅਮੀਰ, ਸਰਕਾਰੀ ਮੁਸਾਹਿਬ ਜਾ ਅਫ਼ਸਰ। ਅਮੀਰਾਂ ਦੀ ਕਚਹਿਰੀ ਯਾ ਦਰਬਾਰ ਵਿਚ ਸ਼ਹਿਰ ਦੇ ਪਤਵੰਤੇ ਜਾਇਆ ਕਰਦੇ ਸਨ।
6. ਉਸ ਵੇਲੇ ਕੌਡੀਆਂ ਆਮ ਚਲਦੀਆਂ ਸਨ।
7. ਭੇਟ। ਪਿਛਲੇ ਜ਼ਮਾਨੇ ਵਿਚ ਜਦ ਬੱਚੇ ਨੂੰ ਧਰਮਸ਼ਾਲਾ, ਮਸੀਤ ਯਾ ਮਕਤਬ ਵਿਚ ਪੜ੍ਹਨੇ ਪਾਇਆ ਜਾਂਦਾ ਸੀ, ਤਾਂ ਉਹ ਪਾਧੇ, ਮੁੱਲਾਂ, ਯਾ ਮੌਲਵੀ ਲਈ ਪਤਾਸੇ ਭੇਟ ਲਿਜਾਇਆ ਕਰਦਾ ਸੀ, ਜਿਸ ਵਿਚੋਂ ਕੁਝ ਓਥੇ ਮੁੰਡਿਆਂ ਵਿਚ ਵੰਡ ਦਿੱਤੇ ਜਾਂਦੇ ਸਨ ਤੇ ਬਾਕੀ ਪਾਧਾ ਯਾ ਮੁੱਲਾਂ ਆਪ ਰੱਖ ਲੈਂਦਾ ਸੀ। ਨਵੇਂ ਅੰਗਰੇਜ਼ੀ ਤਰੀਕੇ ਦੇ ਸਕੂਲਾਂ ਦੇ ਨਾਲ ਇਹ ਪੁਰਾਤਨ ਰਸਮ ਉੱਡ ਗਈ ਹੈ।

ਬਾਘ ਮੱਲ ਸਉਂਪਿਆ ਮੁੱਲਾਂ ਨੂੰ, ਬੇਟਾ ਕਰ ਬੁਲਾਇਆ।
ਕਹੁ ਜੀ ਦੋਸ ਕਿਸੇ ਨੂੰ ਕਿਆ ਕੋਈ ਦੇਵੇ।
ਜਾਂ ਹੋਣੀ ਦਸਤ ਉਠਾਇਆ। ੨੦।
ਅੱਵਲ ਹਕੀਕਤ ਪੜ੍ਹੇ ਕਾਇਦਾ, ਤਖਤ ਪੋਚ ਰਖਾਈ।
ਨਾਲ ਪ੍ਰੇਮ ਦੇ ਹਰਫ਼ ਜੋ ਲਿਖਦਾ, ਕਾਨੀ ਕਲਮ ਬਣਾਈ।
ਜਬ ਮੁੱਲਾਂ ਨੇ ਦੇਖੀ ਤਖ਼ਤੀ, ਲਿਖ ਸਲਾਹਿ ਬਤਾਈ।
ਅੱਗਰਾ ਨਿਉਂ ਨਿਉਂ ਧਰਮੀ ਕਰੇ ਸਲਾਮਾਂ, ਅਦਬ ਨਾਲ ਬੈਠਾ ਈ। ੨੧।
ਪਰ ਮਸੀਤ ਦੇ ਅੰਦਰ ਪੜ੍ਹਦੇ ਲੜਕੇ, ਕਹਿ ਕਿਹ ਆਖ ਸੁਣਾਈ।
ਸੱਯਦ ਤੇ ਕੁਰੈਸ਼ੀ ਪੜ੍ਹਦੇ, ਮੁਗ਼ਲ ਪਠਾਣ ਅਰਾਈਂ।
ਲੁਹਾਰ ਤ੍ਰਿਖਾਣ ਜੁਲਾਹੇ ਪੜ੍ਹਦੇ, ਦੀਗਰ ਔਰ ਬਤਾਈ।
ਕਹੁ ਜੀ ਸੁਨਿਆਰੇ ਤੇ ਪੜ੍ਹਨ ਖੱਤਰੀ, ਹੋਰ ਭੀ ਓੜਕ ਨਾਹੀ। ੨੨।
ਇਕ ਉੱਪਮਾ[1] ਦੀਆਂ ਪੜ੍ਹਨ ਕਤੇਬਾਂ, ਮਸਲੇ[2] ਆਖ ਸੁਣਾਇਨ।
ਇਕ ਜ਼ੁਲੈਖਾਂ ਤੇ ਯੂਸਫ਼[3] ਪੜ੍ਹਦੇ, ਦਰਦ ਨਾਲ ਸਮਝਾਇਨ।
ਇਕ ਰਸਾਲੇ[4] ਤੇ ਪੜ੍ਹਨ ਸੈਫੀਆਂ[5], ਅੱਖੀਂ ਨੀਰ ਚਲਾਇਨ।
ਕਹੁ ਜੀ ਕਰੀਮਾ ਤੇ ਪੜ੍ਹੇ ਬਰੀਮਾ, ਫ਼ਾਰਸੀਆਂ ਸਮਝਾਇਨ। ੨੩।
ਇਕ ਪੜ੍ਹਨ ਗੁਲਸਿਤਾਂ ਪੜ੍ਹਨ ਬੋਸਤਾਂ ਇਕ ਪੜ੍ਹਨ ਸਿਪਾਰੇ।
ਇਕ ਗਜ਼ਲਾਂ ਤੇ ਪੜ੍ਹਨ ਰੇਖਤੇ[6], ਦਾਨਸ਼[7] ਪੜ੍ਹਨ ਬਹਾਰੇ।
ਇਕ ਜ਼ਿਕਰ[8] ਕਰਨ ਇਮਾਮਾਂ ਦਾ ਉਹ ਰੋਦੇ ਨੈਨ ਉਘਾਰੇ।
ਕਹੁ ਜੀ ਕੁਛ ਇਲਮ ਪੜ੍ਹਨ ਦਾ ਓੜਕ ਨਾਹੀਂ।
ਕਿਆ ਕੋਈ ਆਖਿ ਪੁਕਾਰੇ। ੨੪।
ਅੱਠਾਂ ਬਰਸਾਂ ਦਾ ਹੋਇਆ ਧਰਮੀ, ਕਰਦਾ ਬਹੁ ਚਤੁਰਾਈ।
ਤੁੱਲਾ ਸਿੰਘ ਤੇ ਮੱਲਾ ਸਿੰਘ, ਕ੍ਰਿਪਾਲ ਸਿੰਘ ਤ੍ਰੈ ਭਾਈ।

---

1. ਇਲਮਿ ਮਾਰਫ਼ਤ, ਮੁਸਲਮਾਨੀ ਸ਼ਰੀਅਤ (ਸ਼ਰਾ) ਦੇ ਹੁਕਮ।
2. ਸਿਧਾਂਤ, Doctrines.
3. ਯੂਸਫ਼ ਤੇ ਜ਼ੁਲੈਖਾਂ ਦੀ ਕਹਾਣੀ।
4. ਛੋਟੀਆ-ਛੋਟੀਆ ਕਿਤਾਬਾਂ, ਜੋ ਵੱਖਰੇ-ਵੱਖਰੇ ਮਸਲਿਆਂ ਯਾ ਮਜ਼ਮੂਨਾਂ ਪੁਰ ਲਿਖੀਆਂ ਹੋਈਆਂ ਹੋਣ, Treatise।
5. ਦੁਸ਼ਮਨ ਨੂੰ ਅਧੀਨ ਕਰਨ ਲਈ ਮੰਤ੍ਰ ਜਾਪ।
6. ਪ੍ਰਾਕ੍ਰਿਤੀ ਭਾਸ਼ਾ ਦੀ ਕਵਿਤਾ; ਖ਼ਾਸ ਕਰ ਫ਼ਾਰਸੀ ਹਿੰਦੀ ਪਦ ਜਿਸ ਛੰਦ ਵਿਚ ਮਿਲੇ ਹੋਏ ਹੋਣ, ਉਸ ਦਾ ਨਾਮ ਰੇਖਤਾ ਹੈ।
7. ਫ਼ਾਰਸੀ ਦੀ ਕਿਤਾਬ 'ਬਹਾਰ ਦਾਨਸ਼'।
8. ਯਾਦ ਕਰਨਾ ਜ਼ਬਾਨ ਨਾਲ, ਸਿਮਰਨ।

ਉੱਪਲ ਜ਼ਾਤ ਵਟਾਲੇ ਵਾਸੀ, ਭੇਜੀ ਜਿਸ ਕੁੜਮਾਈ।
ਤ੍ਰੈ ਲਾਗੀ ਸਗਨ ਲਿਆਏ, ਭੱਟ ਪ੍ਰੋਹਤ ਤੇ ਨਾਈ।
ਸ਼ਾਦੀ[1] ਹੋਈ ਨਾਰੀਂ ਗਾਵਣ, ਆਇ ਕੇ ਦੇਣ ਵਧਾਈ।
ਕਹੁ ਜੀ ਮਿਸਰੀ ਤੇ ਪਤਾਸੇ ਵੰਡੇ, ਲੈ ਗਈ ਸਭ ਲੁਕਾਈ। ੨੫।
ਦਸਾਂ ਬਰਸਾਂ ਦਾ ਹੋਇਆ ਧਰਮੀ, ਸ਼ਾਦੀ[2] ਦਾ ਫ਼ਿਕਰ ਕੀਤੋ ਨੇ।
ਸੱਦੇ ਪੰਡਤ ਕੱਢ ਪੱਤਰੀ, ਸਾਹਾ ਸੋਧਿ ਲਇਓ ਨੇ।
ਸਭ ਕਬੀਲਾ ਹੋਇਆ ਇਕੱਠਾ, ਰਲ ਮਿਲ ਸਗਨ ਕੀਤੋ ਨੇ।
ਕਹੁ ਜੀ ਦੱਖਣਾ[3] ਦੇ ਕੇ ਪੰਡਿਤ ਨੂੰ ਰਾਜ਼ੀ ਭੀ ਬਹੁਤ ਕੀਤੋ ਨੇ। ੨੬।
ਸ਼ਾਦੀ ਦਾ ਸਮਿਆਨ ਕੀਤੋ ਨੇ ਤੰਬੂ ਤੁਰਤ ਮੰਗਾਏ।
ਨਾਲ ਕਨਾਤਾਂ ਤੰਬੂ ਚਿੱਟੇ, ਰਲ ਮਿਲ ਰੰਗ ਉਠਾਏ।
ਕੰਜਰੀਆਂ ਦੇ ਸੱਦੇ ਤਾਇਫ਼ੇ[4], ਭੰਡ ਭੀ ਨਾਲ ਮੰਗਾਏ।
ਕਹੁ ਜੀ ਤਮਾਸ਼ੇ ਦੇਖਣ ਨੂੰ ਕਈ ਲੋਕ ਸ਼ਹਿਰ ਦੇ ਆਏ। ੨੭।
ਭਲਾ ਮਹੂਰਤ ਡਿੱਠਾ ਨੇ ਲੜਕੇ ਨੂੰ ਮਾਈਆਂ[5] ਪਾਇਆ।
ਵਟਣਾਂ ਲੈ ਕਰਿ ਨਾਈ ਆਇਆ, ਦੂਲੋ[6] ਦੇ ਅੰਗ ਲਾਇਆ।
ਢੋਲਕੀਆਂ ਸਰਨਾਈ ਭੇਰੀਂ, ਰੰਗ ਤੂਤੀਆਂ ਲਾਇਆ।
ਕਹੂ ਜੀ ਛੈਣੇ ਵੱਜਣ ਲੱਗੇ, ਨਾਰੀਂ ਮੰਗਲ ਗਾਇਆ। ੨੮।
ਕਰਮ ਜੋ ਹੋਇਆ ਸ਼ਾਦੀ ਦਾ, ਫਿਰ ਲਾਗੀ ਸਗਨ ਲਿਆਏ।
ਜ਼ਰਦੋਜ਼ੀ ਤੇਵਰ[7] ਬੂੰਦੀ ਲਹਿਰੇ ਪਲੰਘ ਵਿਛਾਏ।
ਮੋਹਰਾਂ ਤੇ ਰੁਪੱਈਏ ਲਿਆਏ, ਵਿਚ ਥਾਲ ਦੇ ਪਾਏ[8]।
ਕਹੂ ਜੀ ਖੱਤਰੀ ਬ੍ਰਹਿਮਣ ਇਰਦ ਗਿਰਦ ਦੇ ਦੇਖਣ ਨੂੰ ਬਹੁ ਆਏ। ੨੯।
ਚਾੜ੍ਹ ਕੜਾਹੇ ਭਾਜੀ ਮਠਿਆਈ ਤੁਰਤ ਕਢਾਈ।
ਸ਼ਹਿਰ ਦੇ ਅੰਦਰ ਵੰਡਣ ਨਾਰੀਂ ਘਰ ਘਰ ਮਿਲੇ ਵਧਾਈ।

---

1. ਖ਼ੁਸ਼ੀ।
2. ਵਿਆਹ।
3. ਸੱਜੇ ਹੱਥ ਨਾਲ ਅਰਪਣ ਕੀਤੀ ਭੇਟਾ; ਗੁਰੂ ਅਥਵਾ ਪ੍ਰੋਹਤ ਆਦਿ ਨੂੰ ਅਰਪਣ ਕੀਤੀ ਹੋਈ ਭੇਟਾ, ਦਾਨ।
4. ਚੱਕਰ ਲਾਉਣ ਵਾਲੇ ਟੋਲੇ। ਨੱਚਣ ਵਾਲੀਆਂ ਕੰਜਰੀਆਂ ਦੀਆਂ ਟੋਲੀਆਂ। ਮੁਗ਼ਲ ਬਾਦਸ਼ਾਹਾਂ, ਨਵਾਬਾਂ ਤੇ ਹੋਰ ਅਮੀਰਾਂ ਦੇ ਦਰਬਾਰਾਂ ਦੇ ਠਾਠ ਦੀ ਰੀਸੋ ਰੀਸੀ ਇਹ ਰਿਵਾਜ ਆਮ ਸੀ, ਅਤੇ ਵੀਹਵੀਂ ਸਦੀ ਦੇ ਆਰੰਭ ਤੱਕ ਚਲਿਆ ਆਉਂਦਾ ਰਿਹਾ। ਇਸ ਨੂੰ ਬੰਦ ਕਰਨ ਲਈ ਸਿੰਘ ਸਭਾਵਾਂ ਨੇ ਬੜਾ ਕੰਮ ਕੀਤਾ ਹੈ।
5. ਵਿਆਹ ਤੋਂ ਪਹਿਲਾਂ ਵਟਣਾ ਲਗਾਉਣ ਦੀ ਰਸਮ।
6. ਦੂਲ੍ਹਾ, ਵਿਆਂਧੜ ਮੁੰਡਾ।
7. ਤਿੰਨ ਕੱਪੜੇ, ਖ਼ਾਸ ਕਰ ਕੇ ਇਸਤ੍ਰੀਆਂ ਦੇ ਤਿੰਨ ਕੱਪੜੇ, ਸੁੱਥਣ, ਕੁੜਤੀ ਅਤੇ ਚਾਦਰ।
8. ਦਿਖਾਵੇ ਦੀ ਰਸਮ ਕਰਨ ਲਈ।

ਸਭ ਕਬੀਲਾ ਹੋਇਆ ਇਕੱਠਾ, ਚਾਚੇ ਤਾਏ ਭਾਈ।
ਕਹੁ ਜੀ ਰਲ ਮਿਲ ਨਾਰਾਂ ਮੰਗਲ ਗਾਵਣ, ਚਾਚੀ ਫੁੱਫੀ ਤਾਈ। ੩੦।
ਬਾਘ ਮੱਲ ਸੀ ਪੁਰੀ ਖੱਤਰੀ, ਭਾਈ ਸਭ ਸਦਾਏ।
ਮਹਿਮਾਨੀ ਤਿਆਰ ਜੁ ਹੋਈ, ਕਹੁ ਸਦ ਕੇ ਪੈਂਚ ਬਹਾਏ।
ਮੋਹਨ ਭੋਗ ਤੇ ਲੁੱਚੀ ਕਚੌਰੀ, ਭੱਲੇ ਨਾਲ ਬਣਾਏ।
ਮਿੱਠੇ ਸਲੂਣੇ ਜ਼ਰਦ ਖਿਰੰਜੇ[1], ਬਹੁਤ ਮਸਾਲੇ ਪਾਏ।
ਕਹੁ ਨਾਲ ਮੁਰੱਬਾ ਅੰਬ ਅਚਾਰੀ, ਨਾਲ ਪ੍ਰੀਤ ਖਵਾਏ। ੩੧।
ਘੜੀ ਘੜੋਲੀ ਭਰਨੇ ਚਲੀਆਂ, ਨਾਰੀਂ ਮੰਗਲ ਗਾਇਆ।
ਸਾਲੂ ਦਾ ਚੰਦੋਆ ਤਣਿਆ, ਉੱਪਰ ਕੀਤਾ ਸਾਇਆ।
ਲੱਗੇ ਸੋਇਲੇ ਡੂੰਮ ਜੋ ਗਾਵਣ, ਸਾਜਾਂ ਰੰਗ ਸਵਾਇਆ।
ਕਹੁ ਜੀ ਅਪੱਛਰਾਂ ਆਣ ਰੁਜੂ ਹੋਈਆਂ ਗੌਨਾ ਤੁਰਤ ਬੰਨ੍ਹਾਇਆ। ੩੨।
ਭਲਾ ਮਹੂਰਤ ਡਿੱਠੇ ਨੇ, ਸ਼ਹੁ ਖਾਰੇ ਤੇ ਚਾਇ ਬਹਾਇਆ।
ਦਹੀ ਤੇਲ ਫੁਲੇਲ ਮੰਗਾਏ ਸਿਰ ਦੂਲ੍ਹੇ ਦੇ ਪਾਇਆ।
ਵਟਣਾ ਮਲ ਕੇ ਨ੍ਹਾਵਣ ਲੱਗਾ, ਨਾਰੀਂ ਮੰਗਲ ਗਾਇਆ।
ਕਹੁ ਜੀ ਚੱਪਣ ਭੰਨੇ ਸ਼ਾਦੀ ਹੋਈ, ਚੜ੍ਹਿਆ ਰੂਪ ਸਵਾਇਆ। ੩੩।
ਸ਼ਤਿਰੰਜੀਆਂ[2] ਤੇ ਬੈਠੇ ਸੱਭੇ, ਬਸਤ੍ਰ ਦਰਜ਼ੀ ਲਿਆਏ।
ਦਸਤਾਰ, ਮਮਾਰਖ[3] ਸਿਰ ਬੱਧੀ, ਵਿਚ ਤੁੱਰਰਾ ਖੂਬ ਰਖਾਏ।
ਚਉਤਾਰ[4] ਬਾਫਤੇ[5] ਜਾਮਾ[6] ਪੈਧਾ ਫਰਕਣ ਬੰਦ ਸਵਾਏ।
ਕਮਰ 'ਚ ਲਾਈ ਸੁੱਥਨ ਸੋਹੇ, ਜੋੜਾ ਪੈਰੀਂ ਪਾਏ।
ਕਹੁ ਜੀ ਚਾਂਦੀ ਦਾ ਜੋ ਮੁਕਟ ਬੱਧੇ ਨੇ, ਸੂਰਜ ਤੇਜ ਦਿਖਾਏ। ੩੪।
ਪਹਿਨ ਪੱਛਰ ਕੇ ਬੈਠੇ ਸੱਭੇ ਕੇਸਰ ਘੋਲ ਮੰਗਾਇਆ।
ਸੁਪੈਦ ਬਾਫਤੇ ਜਾਮੇ ਉੱਪਰ ਕੇਸਰ ਰੰਗ ਬਣਾਇਆ।
ਅਲੱਤਾ[7] ਤੇ ਗੁਲਾਬ ਛਿਣਕਦਾ ਅਤਰਾਂ ਮੁਸ਼ਕ ਉਠਾਇਆ।
ਕਹੁ ਜੀ ਇਹ ਜਨੇਤ ਜੋ ਐਸੀ ਦੇਖੀ ਅੰਤ ਹਿਸਾਬ ਨ ਪਾਇਆ। ੩੫।

---

1. ਪੁਲਾਓ।
2. ਉਹ ਚਾਦਰ ਯਾ ਵਿਛਾਉਣਾ, ਜਿਸ ਪਰ ਸ਼ਤਰੰਜ ਦੇ ਖਾਨੇ ਬਣੇ ਹੋਏ ਹੋਣ।
3. ਪਗੜੀ।
4. ਇੱਕ ਪ੍ਰਕਾਰ ਦਾ ਕੱਪੜਾ, ਜਿਸ ਦੀ ਬੁਣਤੀ ਵਿਚ ਚਾਰ-ਚਾਰ ਤੰਦਾਂ ਇਕੱਠੀਆਂ ਹੁੰਦੀਆਂ ਹਨ।
5. ਇੱਕ ਪ੍ਰਕਾਰ ਦਾ ਰੇਸ਼ਮੀ ਕੱਪੜਾ, ਜਿਸ ਪਰ ਕਲਾਬੂਤ (ਕਲਾਬੂਤਨ, ਸੋਨੇ ਚਾਂਦੀ ਦੀ ਵੱਟੀ ਹੋਈ ਤਾਰ) ਦਾ ਕੰਮ ਹੋਇਆ ਹੁੰਦਾ ਹੈ।
6. ਲਿਬਾਸ।
7. ਲਾਖ ਤੋਂ ਬਣਿਆ ਹੋਇਆ ਇੱਕ ਕਿਸਮ ਦਾ ਲਾਲ ਰੰਗ, ਜੋ ਸ਼ਾਦੀ ਤੇ ਹੋਲੀ ਦੇ ਮੌਕੇ ਤੇ ਵਰਤਿਆ ਜਾਂਦਾ ਹੈ।

ਜਬ ਤੰਬੋਲ ਦਾ ਹੋਇਆ ਵੇਲਾ, ਲੱਗੇ ਰੁਪੱਈਏ ਪਾਵਣ।
ਸਰਾਫ ਸੱਭੇ ਆਇ ਹੋਏ ਰੁਜੂ, ਰੁਪੱਈਏ ਲੱਗੇ ਵਿਖਾਵਣ[1]।
ਨਾਲ ਸੁਰਾਂ ਦੇ ਬੋਲਣ ਨਾਰੀਂ, ਅਜਬ ਘੋੜੀਆਂ ਗਾਵਣ।
ਕਹੁ ਜੀ ਡੂਮਾ ਨਾਈਆਂ ਭੱਟਾਂ ਨੂੰ ਦੌਲਤ ਲੱਗੇ ਵੰਡਾਵਣ[2]। ੩੬।
ਚੜ੍ਹੀ ਜੰਞ ਹੋਈ ਅਸਵਾਰੀ, ਰਥ ਘੋੜਿਆਂ ਦੇ ਆਏ।
ਇਕ ਬਹਿਲਾਂ ਇਕ ਪਾਲਕੀਆਂ ਵਿਚ, ਖੁਸ਼ੀਆਂ ਨਾਲ ਸਿਧਾਏ।
ਰੰਗ ਰੰਗ ਦੇ ਬਸਤਰ ਪਹਿਰੇ ਕੇਸਰ ਨਾਲ ਰੰਗਾਏ।
ਕਹੁ ਜੀ ਭੈਣ ਭਾਣਜੀ ਵਾਗ ਫੜੀ, ਕਹੁ ਮੋਹਰਾਂ ਪੰਜ ਦਿਵਾਏ। ੩੭।
ਜਾਏ ਢੁੱਕੇ ਵਟਾਲੇ ਅੰਦਰਿ ਜੰਞ ਭੀ ਅਜਬ ਸੁਹਾਵੈ।
ਸੁੱਟੇ ਰੁਪੱਈਏ ਭਰਨ ਥਾਲੀਆਂ ਟਕਿਆਂ ਅੰਤ ਨ ਆਵੈ।
ਤਖ਼ਤ ਰਵਾਂ ਗੁਲਜ਼ਾਰ ਬਣੀ, ਫੁੱਲ ਰੱਤੇ ਪੀਲੇ ਸਾਵੈ।
ਕਹੁ ਜੀ ਅੱਗੇ ਢੋਲਕ ਵੱਜਣ ਤੂਤੀਆਂ ਨਾਚ ਭੀ ਹੋਂਦਾ ਜਾਵੈ। ੩੮।
ਛੁੱਟਣ ਬੰਦੂਕਾਂ ਹਿਣਕਣ ਘੋੜੇ, ਧਹਿ ਧਹਿ ਕਰਨ ਨਗਾਰੇ।
ਛੁੱਟਣ ਹਵਾਈਆਂ ਅਸਤਬਾਜ਼ੀਆਂ, ਚਮਕਣ ਬਹੁਤ ਸਤਾਰੇ।
ਭੂਚੱਪੇ ਤੇ. ਅਨਾਰ ਚਾਂਦਰਾਂ ਛੁੱਟਣ ਬਾਗ਼ ਬਹਾਰੇ[3]।
ਅੱਗਰਾ ਛੁੱਟਣ ਦੇਹੋ ਅਸਤਬਾਜ਼ੀਆਂ, ਰਸਤੇ ਬੀਚ ਬਜ਼ਾਰੇ। ੩੯।
ਪਹਿਲਾ ਸ਼ਗਨ ਕੀਤੇ ਨੇ ਰਸਮੀ, ਜੋ ਵੱਡਿਆਂ ਦੇ ਚਾਲੇ।
ਘਿਉ ਮੈਦਾ ਤੇ ਚਾਵਲ ਬੱਕਰੇ, ਭੇਜੇ ਬਹੁਤ ਮਸਾਲੇ।
ਕੁਆਰ ਧੋਤੀ ਦਾ ਸਗਨ ਕੀਤੇ ਨੇ, ਲੈ ਗਏ ਹਲੂਫੇ ਵਾਲੇ[4]।
... ...[5]। ੪੦।
ਚੌਕ ਪੂਰਿਆ ਖਾਰੇ ਅੱਡੇ, ਲਏ ਹਕੀਕਤ ਫੇਰੇ।
ਵਿਆਹ ਪੜ੍ਹਨ ਪੰਡਤ ਦੋ ਤਰਫ਼ੀ, ਬਾਲਕ ਵੱਡੇ ਵਡੇਰੇ।
ਆਇ ਬੈਠੇ ਵਿਚ ਪੈਂਚ ਸ਼ੈਹਰ ਦੇ, ਜੋ ਆਹੇ ਚੰਗੇਰੇ।
ਕਹੁ ਜੀ ਰਾਜ਼ੀ ਹੋਇ ਕੇ ਸੱਸ ਕਹੈ ਮੈਂ ਸਦ-ਬਲਿਹਾਰੇ ਤੇਰੇ। ੪੧।
ਰਾਤ ਜੋ ਗੁਜ਼ਰੀ ਦਿਨ ਚੜ੍ਹਿਆ, ਫਿਰ ਭੱਟਾਂ ਸੋਭਾ ਗਾਈ।
ਨ੍ਹਾਇ ਧੋਇ ਆਇ ਬੈਠੇ ਜਾਂਞੀ, ਬਸਤਰ ਅੰਗ ਲਗਾਈ।

---

1. ਵਿਖਾਲੇ ਦੀ ਰਸਮ ਕਰਨ ਲੱਗੇ।
2. ਲਾਗੀਆਂ ਕੰਮੀਆਂ ਨੂੰ ਬਖ਼ਸ਼ਿਸ਼ਾਂ ਦੇਣ ਲੱਗੇ।
3. ਇੱਕ ਪ੍ਰਕਾਰ ਦੀ ਆਤਸ਼ਬਾਜ਼ੀ ਜਿਸ ਵਿਚੋਂ ਫੁਲਵਾੜੀ ਬਣੀ ਹੋਈ ਪ੍ਰਤੀਤ ਹੁੰਦੀ ਹੈ।
4. ਹਲੂਫ਼ਾ, ਤਨਖ਼ਾਹ ਤਲਬ, ਵਜ਼ੀਫ਼ਾ। ਹਲੂਫ਼ੇ ਵਾਲੇ, ਉਹ ਲੋਕ ਜਿਨ੍ਹਾਂ ਲਈ ਦੇਰ ਤੋਂ ਕੋਈ ਬੰਧਾਨ ਬੱਧਾ ਹੋਇਆ ਹੋਵੇ।
5. ਚੌਥੀ ਸਤਰ ਲਿਖਤੀ ਪੋਥੀ ਵਿਚ ਨਹੀਂ ਹੈ।

ਟਿੱਕੇ ਲਾਦੇ ਬ੍ਰਾਹਮਣ ਨੇ ਤੇ ਸੀਸਾ ਦਿਖਾਦੇ ਨਾਈ।
ਕਹੁ ਜੀ ਦੌਲਤ ਦੀਆਂ ਖੁਸ਼ੀਆਂ ਨੀ ਅਜ ਜੰਞ ਨੂੰ ਚਾਇ ਵਧਾਈ। ੪੨।
ਖਾਣ ਪੀਵਣ ਦਾ ਹੋਇਆ ਵੇਲਾ, ਸਤਰੰਜੀਆਂ ਆਣ ਵਿਛਾਈਆਂ।
ਆਂਦੀਆਂ ਨੇ ਸੁਫੈਦ ਚਾਦਰਾਂ, ਸਤਰੰਜੀਆਂ ਉੱਤੇ ਪਾਈਆਂ।
ਡੂਮਣੀਆਂ ਵਾਧਾਈਆਂ ਗਾਵਣ, ਸਿੱਠਣੀਆਂ ਦਿਵਾਈਆਂ।
ਕਹੁ ਜੀ ਰਸਮ ਜੋ ਕੀਤੀ ਵਡਿਆਂ ਦੀ, ਰੁਪੱਈਏ ਵੇਲਾਂ ਪਾਈਆਂ। ੪੩।
ਭਾਂਤ ਭਾਂਤ ਦੀ ਬਣੀ ਮਠਿਆਈ ਖਾਵਣ ਮਿੱਤਰ ਪਿਆਰੇ।
ਬੇਦਾਨਾ ਬੂੰਦੀ ਤੇ ਜਲੇਬੀ, ਬਰਫੀ ਸ਼ੱਕਰ ਪਾਰੇ।
ਜਲੇਬੀ ਲੱਡੂ ਕੁਤਬਖਾਨੀਆਂ, ਗਰੀਆਂ ਔਰ ਛੁਹਾਰੇ।
ਅੱਗਰਾ ਘਿਉ ਕਚੌਰੀਆਂ ਮੈਦੇ ਦੀਆਂ, ਭੱਲੇ ਨਾਲ ਕਰਾਰੇ। ੪੪।
ਖਾਏ ਪੀ ਆਏ ਬੈਠੇ ਜਾਂਵੀ, ਆਏ ਸਭ ਤਮਾਸ਼ੇ।
ਕੰਜਰੀਆਂ ਦੇ ਸੱਦੇ ਤਾਇਫੇ, ਬਾਜ਼ੀਗਰ ਤੇ ਬਾਸ਼ੇ।
ਇਕ ਨੱਚਣ ਇਕ ਨਕਲਾਂ ਕਰਦੇ, ਲੋਕ ਜੋ ਪਾਵਣ ਹਾਸੇ।
ਕਹੁ ਜੀ 'ਰੁਪੱਈਏ ਤੇ ਕਪੜੇ ਬਖਸ਼ੇ, ਨਾਲ ਦੁਸਾਲੇ ਖਾਸੇ[2]। ੪੫।
ਰਾਤ ਪਈ ਮਿਹਮਾਨੀ ਹੋਈ, ਰਸੋਈਏ ਸਭ ਸਦਾਏ।
ਜ਼ਰਦ ਪੁਲਾਵ ਬਿਦਾਨੇ ਖਾਸੇ, ਕਲੀਏ ਖੂਬ ਬਣਾਏ।
ਦਹੀਂ ਚੱਕੇ[3] ਦੀਆਂ ਪੂੰਨਾਂ ਦੇ ਕੇ ਬਹੁਤ ਮਸਾਲੇ ਪਾਏ।
ਕਹੁ ਜੀ ਕੋਲ ਧਰੇ ਨੇ ਆਣ ਬਾਦੀਏ, ਫਿਰ ਅੰਗਲੀਆਂ ਭਰ ਖਾਏ। ੪੬।
ਤ੍ਰੈ ਰਾਤੀਂ ਜੰਞ ਰਹੀ ਉਥਾਈਏ, ਖਿਜ਼ਮਤ ਬਹੁਤ ਕੀਤੇ ਨੇ।
ਚੌਥੇ ਦਿਹਾੜੇ ਗਹਿਣੇ ਕੱਪੜੇ, ਦਾਜ ਭੀ ਬਹੁਤ ਦਿੱਤੇ ਨੇ।
ਪਲੰਘ ਪਾਲਕੀ ਤੇ ਸਤਰੰਜੀ, ਹੋਰ ਭੀ ਬਹੁਤ ਦਿੱਤੇ ਨੇ।
ਕਹੁ ਜੀ ਸਭ ਲਾਗੀ ਨੂੰ ਰਾਜ਼ੀ ਕਰ ਕੇ, ਜੰਞ ਭੀ ਵਿਦਾ ਕੀਤੇ ਨੇ। ੪੭।
ਕਰਿ ਆਏ ਸ਼ਾਦੀ ਸ਼ਦਿਆਨੇ, ਕਰਮ ਕੀਤਾ ਉਸ ਸਾਂਈਂ।
ਪਾਣੀ ਵਾਰ ਕੇ ਪੀਤਾ ਮਾਤਾ, ਚਿਰ ਜੀਵੇ ਜੁਗ ਤਾਂਈਂ।
ਵਿਦਿਆ ਹੋ ਗਏ ਲੋਕ ਮੇਲ ਦੇ, ਆਪੋ ਆਪਣੀਂ ਥਾਂਈਂ।
ਕਹੁ ਜੀ ਘੋੜਾ ਜੋੜਾ ਦਿੱਤੇ ਨੇ ਮੁੱਲਾਂ ਨੂੰ, ਸਭੇ ਹੈਨ ਸੁਭਾਈ। ੪੮।
ਉਸੇ ਹੋਣੀ ਨੇ ਦਹਿਸਰ ਮਾਰਿਆ ਲੰਕਾ ਜਿਸ ਲੁਟਾਈ।
ਉਸੇ ਹੋਣੀ ਨੇ ਹਰਨਾਕਸ਼ ਦੀ, ਅਪੁੱਠੀ ਖੱਲ ਲੁਹਾਈ।

1. ਸਿਰ-ਵਾਰਨਾ।
2. ਪਤਲਾ ਵਸਤ੍ਰ, ਨੈਨਸੁਕ।
3. ਤਵੇ ਉੱਪਰ ਪਕਾਇਆ ਮਾਸ, ਕੀਮਾ ਕਰ ਕੇ ਭੁੰਨਿਆ ਹੋਇਆ।

ਉਸੇ ਹੋਣੀ ਦੁਰਜੋਧਨ ਮਾਰਿਆ, ਮਾਸ ਗਿਰਝਨਾਂ ਖਾਈ।
ਕਹੁ ਜੀ ਉਹਾ ਹੋਸਣੀ ਮਾਰਿ ਮਾਰਿ ਕਰਿ ਸਿਆਲਕੋਟ ਵਿਚ ਆਈ। ੪੯।
ਹਕੀਕਤ ਰਾਇ ਦੀ ਸੁਣੋ ਹਕੀਕਤ, ਵੱਡੇ ਸਾਨ ਪਰ ਆਇਆ।
ਸਿਰ ਪਰ ਚੀਰਾ ਸੋਸਨੀ[1] ਸੀ, ਵਿਚ ਤੁੱਰਰੇ ਰੰਗ ਬਣਾਇਆ।
ਹੱਥੀਂ ਕੰਗਣ ਛਾਪਾਂ ਛੱਲੇ, ਕੰਠੇ ਰੰਗ ਬਣਾਇਆ।
ਕਹੁ ਜੀ ਜਿਉਂ ਜਸੋਧ੍ਹਾਂ ਘਰ ਕਾਨ੍ਹ ਕ੍ਰਿਸ਼ਨ,
ਤਿਉਂ ਮਾਤਾ ਕੌਰਾਂ ਜਾਇਆ। ੫੦।
ਬਾਰਾਂ ਬਰਸ ਦਾ ਹੋਇਆ ਹਕੀਕਤ, ਪੜ੍ਹਨ ਮਸੀਤੀ ਜਾਵੈ।
ਪੜ੍ਹੇ ਕਿਤਾਬਾਂ ਦੁਨੀਆਂ ਕਾਰਣ, ਅੰਦਰ ਗਿਆਨ ਦ੍ਰਿੜ੍ਹਾਵੈ।
ਚਾਰ ਘੜੀ ਫਿਰ ਪੜ੍ਹ ਕੇ ਉਥੋਂ, ਆਨਿ ਰਸੋਈ ਪਾਵੈ।
ਕਹੁ ਜੀ ਆਨਿ ਕਾਲ ਜੋ ਘੇਰਾ ਪਾਇਆ, ਹੋਣੀ ਕੌਣ ਮਿਟਾਵੈ। ੫੧।
ਇਕ ਦਿਨ ਧਰਮੀ ਪੜ੍ਹਨ ਗਿਆ, ਮੁਖ ਲਾਲੀ ਬਹੁਤ ਦਿਖਾਈ।
ਤੁਰਕਾਂ ਦੇ ਮੁੰਡੇ ਗਾਲੋ-ਵਾਲੀ ਲੱਗੇ ਕਰਨ ਲੜਾਈ।
ਇੱਟ ਢੀਮ ਪਉਂਦੀ ਦੋਹਿਂ ਤਰਫੋਂ, ਚੋਟ ਨਾ ਲੱਗੀ ਕਾਈ।
ਕਹੁ ਜੀ ਜਿੱਤ ਵੇਲੇ ਸੀ ਮੁੱਲਾਂ ਆਇਆ,
ਮੁੰਡਿਆਂ ਫਰਿਆਦ ਲਗਾਈ। ੫੨।
ਮੁੰਡੇ ਆਖਣ ਮੁੱਲਾਂ ਨੂੰ ਤੂੰ ਸੁਣ ਉਸਤਾਦ ਹਮਾਰੇ।
ਇਸ ਹਿੰਦੂ ਨੇ ਗ਼ੈਰ ਸ਼ਰ੍ਹਾ ਦੀ, ਮੁਖ ਥੀਂ ਬਚਨ ਉਚਾਰੇ।
ਪਕੰਬਰਜ਼ਾਦੀ ਨੂੰ ਕੱਢੇ ਗਾਲ੍ਹੀਆਂ, ਨਾਲ ਜ਼ਬਾਨ ਪੁਕਾਰੇ।
ਇਕ ਉਨ੍ਹਾਂ ਵੱਲ ਸਾਹਬ ਸੀ, ਉਹ ਬੋਲੇ ਕੂੜ ਪਸਾਰੇ। ੫੩।
ਮੁੱਲਾਂ ਗੁੱਸੇ ਹੋਇ ਕੇ ਤਲਬ ਜੋ ਕੀਤੀ, ਹਕੀਕਤ ਰਾਇ ਦੇ ਤਾਈਂ।
ਸੱਚੋ ਸੱਚ ਤੂੰ ਆਖ ਹਕੀਕਤ ਮੈਨੂੰ, ਝੂਠ ਨਾ ਵਿਚ ਰਲਾਈਂ।
ਕਹੇਂ ਝੂਠ ਤੂੰ ਮੇਰੇ ਅੱਗੇ, ਤੁਧ ਨੂੰ ਚਾਇ ਮਰਾਈਂ।
ਤੈਨੂੰ ਪਉਣ ਛਮਕਾਂ ਕਾੜ ਕਾੜ, ਤੂੰ ਲੈਸੇਂ ਬਹੁਤ ਸਜ਼ਾਈਂ। ੫੪।
ਮੁੱਲਾਂ ! ਪਹਿਲੋਂ ਮੁੰਡਿਆਂ ਬਦਜ਼ਬਾਨੀ ਕੀਤੀ ਹੈ ਨਾਲ ਭਵਾਨੀ।
ਵਿਚ ਪਹਾੜਾਂ ਮਹਿਮਾਂ ਜਿਸ ਦੀ ਚਾਰ ਕੁੰਟ ਮਹਿ ਜਾਨੀ।
ਉਸ ਵੱਡੇ ਵੱਡੇ ਮਹਿਖਾਸਰ[2] ਮਾਰੇ ਜੋ ਆਹੇ ਅਭਿਮਾਨੀ।
ਮੁੱਲਾਂ ! ਨੰਗੀ ਪੈਰੀਂ ਅਕਬਰ ਆਇਆ ਬੇਗਮ ਸਣੇਂ ਸਲਾਮੀਂ। ੫੫।

---

1. ਸੋਸਨ ਰੰਗਾ, ਨੀਲੀ ਭਾ ਮਾਰਦਾ। ਸੋਸਨ, ਲਿਲੀ; ਇਹ ਫੁੱਲ ਕਈ ਰੰਗਾਂ ਦਾ ਹੁੰਦਾ ਹੈ, ਖਾਸ ਕਰਕੇ ਚਿੱਟਾ, ਪੀਲਾ ਤੇ ਨੀਲਾ ਪ੍ਰਸਿੱਧ ਹੈ।
2. ਝੋਟੇ ਦੀ ਸ਼ਕਲ ਦਾ ਇੱਕ ਅਸੁਰ (ਦੈਂਤ) ਜੋ ਰੰਭ ਦੈਂਤ ਦੇ ਵੀਰਜ ਤੋਂ ਮੱਝ ਦੇ ਪੇਟੋਂ ਜਨਮਿਆ, ਇਸ ਨੂੰ ਦੁਰਗਾ ਨੇ ਮਾਰਿਆ ਸੀ। ਮਹਾਂਭਾਰਤ ਵਿਚ ਇੱਕ ਮਹਿਖਾਸੁਰ ਨਾਮ ਦੈਂਤ ਦਾ ਸ਼ਿਵ ਪੁਤ੍ਰ ਸਕੰਦ ਦੁਆਰਾ ਮਾਰਿਆ ਜਾਣਾ ਭੀ ਲਿਖਿਆ ਹੈ।

ਮੁੱਲਾਂ ਕਹੇ ਹਕੀਕਤ ਨੂੰ ਹਮ ਜਾਣਹਿ ਨਾਂਹਿੰ ਭਵਾਨੀ।
ਇਹ ਦੀਨ ਮਜ਼੍ਹਬ ਦਾ ਫ਼ਿਰਕਾ ਹੈ ਬਿਹਤਰ ਹੈ ਮੁਸਲਮਾਨੀ।
ਹੋਰ ਮਜ਼੍ਹਬ ਸਭ ਬਾਦਨਾ[1] ਹੈਂ, ਕੋਇ ਨਾ ਇਸ ਦਾ ਸਾਨੀ।
ਕਹੁ ਜੀ ਕਿਉਂ ਕਰਿ ਗਾਲੀਂ ਕੱਢੀਆਂ ਬੀਬੀ ਨੂੰ,
ਕਹੁ ਤੂੰ ਨਾਲ ਜ਼ਬਾਨੀ। ੫੬।
ਮੁੱਲਾਂ ਜੀ! ਪਹਿਲਾਂ ਮੁੰਡਿਆਂ ਕੱਢੀਆਂ ਗਾਲੀਂ ਆਦਿ ਭਵਾਨੀ ਤਾਈਂ।
ਜਿਸ ਨੂੰ ਰਾਜੇ ਤੇ ਸੁਲਤਾਨ ਸੇਂਵਦੇ, ਚਹੁੰ ਕੁੰਟਾਂ ਦੇ ਸਾਈਂ।
ਹਿੰਦੂ ਮੁਸਲਮਾਨ ਸੇਂਵਦੇ, ਮੰਨਣ ਕੁੱਲ ਅਰਾਈਂ।
ਮੈਂ ਪਿੱਛੋਂ ਸੁਖ਼ਨ ਬਰਾਬਰ ਕੀਤਾ, ਪਹਿਲੋਂ ਕਹਿਆ ਨਾਹੀਂ। ੫੭।
ਮੁੱਲਾਂ ਪਕੜ ਹਕੀਕਤ ਨੂੰ ਕਾਜ਼ੀ ਦੇ ਪਾਸ ਲੈ ਆਇਆ।
ਸਭ ਹਕੀਕਤ ਮੁੰਡਿਆਂ ਦੀ ਕਾਜ਼ੀ ਨੂੰ ਬਹਿ ਸਮਝਾਇਆ।
ਇਸ ਗਾਲੀਂ ਕੱਢੀਆਂ ਬੀਬੀ ਨੂੰ ਉਸ ਗਜ਼ਬ ਵੱਡਾ ਸੁ ਪਾਇਆ।
ਕਾਜ਼ੀ ਕੱਢ ਕਿਤਾਬ ਵੇਖ ਸ਼ਰ੍ਹਾ ਨੂੰ, ਮਸਲੇ ਕੀ ਫ਼ੁਰਮਾਇਆ। ੫੮।
ਕਾਜ਼ੀ ਆਖੇ ਮੁੱਲਾਂ ਨੂੰ ਲੜਕੇ ਨੂੰ ਚਾਇ ਰਖਾਈਐ।
ਭਲਕੇ ਹੋਇ ਇਕੱਠੇ ਹਰਬਾਬ ਸ਼ਰ੍ਹਾਂ ਦੇ ਮਸਲਾ ਆਖ ਸੁਣਾਈਐ।
ਹੁਕਮ ਭੀ ਹੋਸੀ ਸ਼ਰ੍ਹਾ ਦੇ ਅੰਦਰ, ਉਸ ਪਰ ਅਮਲ ਕਮਾਈਐ।
ਜਾਓ ਪੰਡਤ-ਖਾਨੇ[2] ਰਖ ਲੜਕੇ ਨੂੰ, ਖ਼ਬਰਦਾਰ ਲੈ ਜਾਈਐ। ੫੯।
ਹਕੀਕਤ ਰਾਇ ਨੂੰ ਪਕੜ ਲਿਉ ਨੇ ਮੁੰਡੇ ਮਾਰਨ ਲੱਗੇ।
ਸੋਟੇ ਤੇ ਤਮਾਚੇ ਮਾਰਨ, ਧਕਿ ਧਕਿ ਸੁੱਟਣ ਅੱਗੇ।
ਕੰਨ ਮਰੋੜਨ ਦੇਣ ਸਜ਼ਾਈਂ, ਮਾਰਨ ਸੱਜੇ ਖੱਬੇ।
ਕਹੁ ਜੀ ਬਿਧਿ-ਮਾਤਾ ਮਸਤਕਿ ਇਹੁ ਲਿਖਿਆ,
ਸਿਰ ਦਿੱਤੇ ਧਰਮ ਨਾ ਛੱਡੇ। ੬੦।
ਸ਼ੋਰ ਪੁਕਾਰ ਬਹੁਤ ਹੋਇਆ ਜਬ ਲੋਕ ਸ਼ਹਿਰ ਦੇ ਆਏ।
ਮਾਤ ਪਿਤਾ ਤੇ ਹੋਰ ਕਬੀਲਾ, ਅੰਗ ਸਾਕ ਹਮਸਾਏ।
ਦੇਣ ਦੁਹਾਈ ਬਾਦਸ਼ਾਹ ਦੀ, ਉੱਚਾ ਕੂਕ ਸੁਣਾਏ।
ਕਹੁ ਜੀ ਜੋ ਕੁਛ ਕੀਤਾ ਮੁੱਲਾਂ ਨੇ ਉਹ ਆਪਣਾ ਕੀਤਾ ਪਾਏ। ੬੧।
ਹਕੀਕਤ ਰਾਇ ਨੂੰ ਕੈਦ ਕੀਤੋ ਨੇ, ਪੰਡਤ-ਖਾਨੇ ਪਾਇਆ।
ਪੈਰੀਂ ਬੇੜੀਆਂ ਹੱਥ ਹਥੌੜੀਆਂ, ਅੰਦਰ ਚਾਇ ਦਿਵਾਇਆ।
ਰੋਟੀ ਪਾਣੀ ਬੰਦ ਕੀਤੋ ਨੇ, ਬੂਹੇ ਮੁਗਲ ਬਹਾਇਆ।
ਕਹੁ ਜੀ ਹੋਣੀ ਵਰਤੀ ਅਵਤਾਰਾਂ ਨੂੰ, ਪਰ ਲਖ ਨਾ ਮਿਟੇ ਮਿਟਾਇਆ। ੬੨।

---

1. ਫ਼ਜ਼ੂਲ; ਥੋਦੇ।
2. ਹਿੰਦੂਆਂ ਲਈ ਬਣੀ ਹੋਈ ਹਵਾਲਾਤ।

ਹਿੰਦੂ ਸੱਭੇ ਹੋਇ ਇਕੱਠੇ ਬਹਿ ਬਹਿ ਕਰਨ ਸਲਾਹਾਂ।
ਕੂਕਣ ਜਾਇ ਕਚਹਿਰੀ ਅੰਦਰ, ਕਰਿ ਕਰਿ ਖਲੀਆਂ ਬਾਹਾਂ।
ਬਿਨਾ ਹੱਕਿ ਕੈਦ ਕੀਤੇ ਨੇ ਲੜਕਾ ਦੋਸ ਨਾ ਕੁਛ ਅਸਾਹਾਂ।
ਅਮੀਰ ਬੇਗ ਮੁੱਲਾਂ ਕਾਜ਼ੀ ਨੂੰ, ਕੀਤੀ ਸਦ ਤਦਾਹਾਂ। ੬੩।
ਕਾਜ਼ੀ ਮੁੱਲਾਂ ਮੁਫਤੀ ਸੱਭੇ, ਜੜ ਆਮਨੇ ਲਿਆਵਨ।
ਗਲੀਂ ਤਸਬੀਆਂ ਹੱਥੀਂ ਆਸੇ, ਜ਼ਿਕਰ[1] ਜੋ ਕਰਦੇ ਆਵਨ।
ਬਗਲਾਂ ਵਿਚ ਕਿਤਾਬਾਂ ਲਿਆਏ, ਸ਼ਰ੍ਹਾ ਦਾ ਹੁਕਮ ਬਤਾਵਨ।
ਕਹੁ ਜੀ ਆਇ ਕਚਹਿਰੀ ਰੂਜੂ ਹੋਏ, ਤੁਹਮਤ ਦੀ ਸ਼ਰ੍ਹਾ ਸੁਨਾਵਨ। ੬੪।
ਅਮੀਰ ਬੇਗ ਨੇ ਹੁਕਮ ਜੋ ਕੀਤਾ, ਲੜਕੇ ਨੂੰ ਸਦਵਾਈਏ।
ਰੋਬਰੋ ਹੋਇ ਸ਼ਰ੍ਹਾ ਦੀਆਂ ਸ਼ਰਤਾਂ, ਮੈਨੂੰ ਬਹਿ ਸਮਝਾਈਏ।
ਮੈਂ ਅਦਾਲਤੀ ਨਾਊਂ ਧਰਾਇਆ, ਮੈਨੂੰ ਲਾਜ ਨਾ ਲਾਈਏ।
ਅਮੀਰ ਬੇਗ ਕਾਜ਼ੀ ਨੂੰ ਆਖੇ, ਸਗਲ ਥੋਂ ਟਲ ਜਾਈਏ। ੬੫।
ਸੱਦਿਓ ਨੇ ਹਕੀਕਤ ਰਾ ਫਿਰ ਵਿਚ ਕਚਹਿਰੀ ਆਇਆ।
ਦੁਇ ਦਸਤ[2] ਬੰਨ੍ਹ ਕੇ ਕੁਰਨਿਸ਼[3] ਕੀਤੀ ਗਰਦਨ ਸੀਸ ਨਿਵਾਇਆ।
ਜਬ ਡਿੱਠੀ ਸੂਰਤ ਲੜਕੇ ਦੀ ਹਾਕਮ ਨੇ ਚਾਇ ਬਿਠਾਇਆ।
ਕਹੁ ਜੀ ਦੂਜੀ ਵੇਰੀ ਅਮੀਰ ਬੇਗ ਇਕ ਸੁਆਲ ਰੱਬ ਦਾ ਪਾਇਆ। ੬੬।
ਕਾਜ਼ੀ ਕਹੇ ਅਮੀਰ ਬੇਗ ਨੂੰ ਮੈਂ ਸ਼ਰ੍ਹਾ ਦਾ ਹੁਕਮ ਕਮਾਈਂ।
ਤੂੰ ਹਿੰਦੂ ਕੀ ਕਰੇਂ ਹਿਮਾਇਤ ਸ਼ਰ੍ਹਾ ਭੀ ਮੰਨੇ ਨਾਹੀਂ।
ਜੋ ਹੁਕਮ ਭੀ ਹੋਸੀ ਸ਼ਰ੍ਹਾ ਦੇ ਅੰਦਰ, ਉਸੇ ਪਰ ਅਮਲ ਕਮਾਈਂ।
ਕਾਜ਼ੀ ਕਹੇ ਅਮੀਰ ਬੇਗ ਨੂੰ, ਤੈਨੂੰ ਕੱਖਾਂ ਵਿਚ ਸੜਾਈਂ। ੬੭।
ਕੰਬ ਗਿਆ ਅਮੀਰ ਬੇਗ ਜਬ ਜੁੜ ਕੇ ਆਮ ਜੋ ਆਈ।
ਕਾਜ਼ੀ ਮੁੱਲਾਂ ਸਭ ਪੁਕਾਰਨ? ਦੇ ਦੇ ਸ਼ਰ੍ਹਾ ਦੁਹਾਈ।
ਤੂੰ ਹਿੰਦੂ ਦੀ ਕਰੇਂ ਹਿਮਾਇਤ ਰਿਸ਼ਵਤ ਲੈ ਕੇ ਭਾਈ।
ਮੁਗਲਾ! ਹੁਕਮ ਸ਼ਰ੍ਹਾ ਦੇ ਮਾਰਾਂਗੇ ਤੈਨੂੰ ਕਾਇਮ ਹੈ ਬਦਸ਼ਾਹੀ। ੬੮।
ਅਮੀਰ ਬੇਗ ਨੇ ਮਸਲਤ ਕਰ ਵਜ਼ੀਰ ਦੀਵਾਨ ਬੁਲਾਏ।
ਆਇ ਕੇ ਤੁਰਕਾਂ ਜ਼ੋਰ ਜੋ ਪਾਇਆ, ਦੇਹੁ ਸ਼ਰ੍ਹਾ ਬਤਾਏ।
ਜੇ ਕਰਾਂ ਜ਼ੁਲਮ ਮੈਂ ਹਿੰਦੂ ਪਰ ਇਹ ਸ਼ਹਿਰ ਭੀ ਉਜੜ ਜਾਏ।
ਕੰਬ ਗਿਆ ਅਮੀਰ ਬੇਗ ਝਗੜਾ ਸੁਤੇ ਪੁਰ ਪਾਏ। ੬੯।

---

1. ਸਿਮਰਨ।
2. ਹੱਥ।
3. ਝੁਕ ਕੇ ਸਲਾਮ ਜਾਂ ਪ੍ਰਣਾਮ।

ਤਾਂ ਮਾਤਾ ਕੌਰਾਂ ਕਹੇ ਰੱਬਾ ਕਿਉਂ ਭੈੜੀ ਮੈਂ ਜਾਇਆ।
ਦਸ ਮਾਸ ਕੁੱਖ ਦੇ ਅੰਦਰ ਰੱਖਿਆ, ਤਾਂ ਦਮ ਬਾਹਰ ਆਇਆ।
ਮੈਂ ਤੇ ਹੰਦਗੀ ਨਾਲ ਪਲੀਤੀ ਸੁੱਟੀ, ਥਣੀਏਂ ਦੁਧ ਪਿਆਇਆ।
ਬੱਚਾ ਪਾਲ ਪੋਸ ਕੇ ਵੱਡਾ ਕੀਤਾ, ਹੁਣ ਜਮ ਨੇ ਬੰਨ੍ਹ ਚਲਾਇਆ। ੧੦।
ਹਕੀਕਤ ਕਹਿੰਦਾ ਮਾਤਾ ਨੂੰ ਤੂੰ ਕਰ ਨਾ ਏਡ ਵਧੇਆ।
ਤੂੰ ਕਵਣ ਕਮੀਨੀ ਪਾਲਣ ਵਾਲੀ, ਕਾਦਰ ਆਪ ਖਲੋਆ।
ਇਸ ਦੁਨੀਆਂ ਥੀਂ ਸਭ ਚੱਲ ਜਾਣਾ, ਕਿਸੇ ਨਾ ਰਹਿਣਾ ਹੋਆ।
ਮਾਤਾ ਜਿੰਨ੍ਹੀ ਥਣੀਂ ਤੁਹਿ ਦੁੱਧ ਪਿਆਇਆ ਕੱਢ ਵਿਖਾ ਇਕ ਚੋਆ। ੧੧।
ਮਾਤਾ ਆਖੇ ਸੁਣ ਬੱਚਾ, ਮੈਂ ਕੈ ਦਰ ਆਖ ਸੁਣਾਈਂ।
ਅੰਤਰ ਆਤਸ਼ ਭਾਹਿ ਲਗੀ ਓਹ ਧੁਖ ਧੁਖ ਕੱਢੇ ਆਹੀਂ।
ਲੱਗੀ ਸਾਂਗ ਜਿਗਰ ਦੇ ਵਿਚ ਸੋ ਹਲ ਹਲ ਦੇਣ ਸਜ਼ਾਈਂ।
ਅੱਗਰਾ ਕੂਕਾਂ ਮਾਤਾ ਕੌਰਾਂ ਦੀਆਂ ਗਈਆਂ ਨੇ ਧੁਰ ਦਰਗਾਹੀਂ। ੧੨।
ਤਲਬ ਹਜ਼ੂਰੋਂ ਆਈ ਹੈ ਸਿਰ ਵੱਜੇ ਕਾਲ ਨਗਾਰਾ।
ਨਾ ਰੋ, ਮਾਤਾ ਨਾ ਮੇਰੀ ਤੇ ਨਾ ਮੈਂ ਪੂਤ ਤੁਮਾਰਾ।
ਅਖਸਰ ਮੈਂ ਖਾਵੰਦ ਤੇ ਜਾਣਾ ਉਜ਼ਰ ਨਹੀਂ ਕੁਝ ਚਾਰਾ।
ਮਾਏ ! ਵਸਤ ਪਰਾਈ ਕਰੇਂ ਆਪਣੀ, ਮੂਰਖ ਵੱਡੀ ਗਵਾਰਾ। ੧੩।
ਕਰਿ ਬਾਹਾਂ ਖਲੀਆਂ ਮਾਤਾ, ਸਾਹਿਬ ਦਰ ਕੂਕ ਸੁਣਾਵੈ।
ਲਿਟਾਂ ਖੋਲ੍ਹਿ ਬੈਰਾਗਨ ਹੋਈ, ਮੂੰਹ ਤੇ ਘੱਟਾ ਪਾਵੈ।
ਪਟਿ ਪਟਿ ਵਾਲ ਜ਼ਿਮੀ ਤੇ ਸੁੱਟੇ ਦਮ ਦਮ ਮਹੁਰਾ ਖਾਵੈ।
ਅੱਗਰਾ ਬਾਝ ਰੱਬ ਦੇ ਹੁਕਮ ਬਿਨਾ ਫਿਰ ਜਾਨ ਨਾ ਨਿਕਲ ਜਾਵੈ। ੧੪।
ਮਾਤਾ ਕੌਰਾਂ ਕਾਜ਼ੀ ਨੂੰ ਬਹਿ ਗੋਸ਼ੇ ਅਰਜ਼ ਗੁਜ਼ਾਰੇ।
ਸੋਇਨਾ ਰੁੱਪਾ ਜ਼ਰ ਦੇਵਾਂ ਮੈਂ ਭੂਖਣ ਦੇਵਾਂ ਸਾਰੇ।
ਮੋਹਰਾਂ ਤੇ ਰੁਪੱਈਏ ਦੇਵਾਂ ਮੋਤੀ ਅਪਰ ਅਪਾਰੇ।
ਅੱਗਰਾ ਵਕੀਲ ਵਕਾਲ ਧਰਮੀ ਦੇ ਪਰ ਹੋਰ ਕਈ ਕਵਾਰੇ। ੧੫।
ਕਾਜ਼ੀ ਜ਼ਰ ਤੇ ਲੋਭ ਨਾ ਰੱਖੇ, ਸ਼ਰ੍ਹਾ ਦੇ ਹੁਕਮ ਕਮਾਵੈ।
ਜ਼ਰ ਦੇਵਣ ਖੱਤਰੀ ਕਾਜ਼ੀ ਨੂੰ, ਓਹ ਨੇੜੇ ਮੂਲ ਨਾ ਆਵੈ।
ਲੈ ਕੁਰਾਨ ਸਿਰ ਉੱਪਰ ਰਖੈ, ਸੌ ਸੌ ਕਸਮਾਂ ਖਾਵੈ।
ਕਹੁ ਜੀ ਗਰਜ਼ ਗੋਇ ਨੂੰ ਖੱਤਰੀ, ਸੱਭੇ ਬਹਿਣ ਕਾਜ਼ੀ ਦੇ ਪਾਵੈ। ੧੬।
ਬਾਘ ਮੱਲ ਨੇ ਵੇਸ ਵਟਾਇਆ, ਸਿਰ ਪਰ ਟੋਪੀ ਪਾਈ।
ਕਪੜੇ ਰੰਗੀ ਗੇਰੀ ਦੇ ਕਹੁ ਅੰਗ ਬਿਭੂਤ ਲਗਾਈ।
ਗਲ ਵਿਚ ਖਿਲਤਾ[1] ਪਾਇ ਲਇਆ ਸੇਲੀ ਸੁ ਅਜਬ ਸੁਹਾਈ।
ਕਹੁ ਜੀ ਬਾਘ ਮੱਲ ਦੀ ਸੁਣੀ ਦਰਗਾਹਿ ਰੱਬ ਦੀ ਜਾਈ। ੧੭।

---

[1] ਫ਼ਕੀਰੀ ਚੋਲਾ, ਫ਼ਾਰਸੀ ਸ਼ਬਦ 'ਖ਼ਿਰਕਾ'।

ਵਿਚ ਮਹਿਲਾਂ ਦੇ ਰਾਣੀ[1] ਰੋਂਦੀ, ਰੱਬ ਦਰਿ ਕਰਿ ਪੁਕਾਰੇ ।
ਚੂੜਾ ਭੰਨ ਕੇ ਕੱਪੜੇ ਪਾੜੇ, ਗਹਿਣੇ ਸਕਲ[2] ਉਤਾਰੇ ।
ਹਾਰ ਹਮੇਲਾਂ ਬੁਰੀਆਂ ਲੱਗਣ, ਗਲ ਥੀਂ ਤੋੜ ਖਿਡਾਰੇ ।
ਅੱਗਰਾ ਲਿਟਾਂ ਦਿੱਸਣ ਬਿਸੀਅਰਾਂ[3] ਕਾਲੇ, ਓਹ ਮਾਰਨ ਡੰਗ ਦੁਬਾਰੇ । ੭੮ ।
ਵਿਚ ਮਹਿਲਾਂ ਦੇ ਰਾਣੀ ਰੋਂਦੀ, ਇਸ ਭਰਤੇ ਦੇ ਹਾਵੇ ।
ਜਿਉਂ ਜਲ ਥੀਂ ਮਛਲੀ ਵਿਛੜ ਕੇ, ਓਹ ਤੜਪ ਤੜਪ ਮਰ ਜਾਵੇ ।
ਅੰਤਰ ਆਤਸ਼ ਭਾਹਿ ਲਗੀ, ਬਿਨ ਸਤਿਗੁਰਾਂ[4] ਕਉਣ ਬੁਝਾਵੇ ।
ਅੱਗਰਾ ਹੋਇ ਬਾਵਰੀ ਹਾ ਹਾ ਕਰਦੀ ਲੈਂਦੀ ਥੰਮ੍ਹ ਕਲਾਵੇ । ੭੯ ।
ਰਾਣੀ ਆਖੇ ਕਾਜ਼ੀ ਨੂੰ, ਤੂੰ ਨਾਂ ਕਰ ਇਤਨਾ ਝੇੜਾ ।
ਜ਼ਰ ਲੈ ਸਾਵੀਂ ਤੋਲ ਤੱਕੜੀ, ਛਡ ਦੇ ਭਰਤਾ ਮੇਰਾ ।
ਜਿਤ ਦਿਨ ਮੌਲਾ ਕਾਜ਼ੀ ਹੋਸੀ, ਕਰਸੀ ਅਦਲ ਨਿਬੇੜਾ ।
ਮੈਂ ਰੋਬਰੋ ਹੋਇ ਹਜ਼ੂਰ ਰੱਬ ਦੇ, ਦਾਮਨ ਫੜਸਾਂ ਤੇਰਾ । ੮੦ ।
ਕਾਜ਼ੀ ਆਖੇ ਸੁਣ ਬੀਬੀ, ਮੈਂ ਸ਼ਰ੍ਹਾ ਦਾ ਹੁਕਮ ਮਨੇਸਾਂ ।
ਪੜ੍ਹ ਪੜ੍ਹ ਇਲਮ ਕਿਤਾਬਾਂ ਵਾਲਾ, ਜਗ ਵਿਚ ਨਜ਼ਰ ਕਰੇਸਾਂ ।
ਜੋ ਸ਼ਰ੍ਹਾ ਦੀ ਹਾਣਤ[5] ਕਰਦੇ, ਤਿੰਨਾਂ ਤੰਬੀਹਾਂ[6] ਦੇਸਾਂ ।
ਬੀਬੀ ਰਿਸ਼ਵਤ ਲੈ ਕੇ ਸ਼ਰ੍ਹਾ ਨਾ ਮੰਨੇ, ਸ਼ਰਮਿੰਦੇ ਹੋਵੇਸਾਂ । ੮੧ ।
ਸ਼ਰਮਿੰਦੇ ਸੇ ਥੀਵਨ ਕਾਜ਼ੀ ! ਮਾਰਨ ਬੇ-ਤਕਸੀਰਾਂ ।
ਕੱਲਬੂਤ[7] ਰਬ ਦਾ ਜੋ ਕੋਈ ਭੰਨੇ, ਅੱਗੇ ਲੈਗ ਤਜ਼ੀਰਾਂ[8] ।
ਏਸ ਮੌਤ ਨੇ ਸੱਭ ਖਪਾਏ, ਸ਼ਾਹਾਂ ਪੀਰ ਫਕੀਰਾਂ ।
ਪਰ ਜਿਤ ਦਿਨ ਮੌਲਾ ਕਾਜ਼ੀ ਹੋਸੀ, ਪੁਛੀਅਨਿ ਸਭ ਤਕਸੀਰਾਂ ੮੨ ।
ਅਰਜ਼ੀ ਲਿਖੀ ਅਮੀਰ ਬੇਗ, ਤੂੰ ਸੁਣੀਂ ਨਵਾਬ ਹਮਾਰੇ ।
ਹਰਬਾਬ ਸ਼ਰ੍ਹਾ ਦੇ ਸਭਿ ਹਿੰਦੂ, ਹਮ ਭੇਜੇ ਪਾਸ ਤੁਮਾਰੇ ।
ਰੋਬਰੋ ਹੋ ਤੁਮ ਕਰੋ ਅਦਾਲਤ, ਤੁਮ ਸਾਹਿਬ ਅਖ਼ਤਿਆਰੇ ।
ਨਵਾਬ ਜੀ ਇਸ ਹਿੰਦੂ ਤੇ ਮਿਹਰ ਕਰੋ, ਇਹੁ ਬੇ-ਤਕਸੀਰ ਵਿਚਾਰੇ ੮੩ ।

---

1. ਹਕੀਕਤ ਰਾਇ ਦੀ ਵਹੁਟੀ ।
2. ਸਗਲ, ਸਭ ।
3. ਜ਼ਹਿਰ ਭਰਿਆ ਨਾਗ ।
4. ਸਿੱਖਾਂ ਦੀ ਧੀ ਹੋਣ ਕਰਕੇ ਇੱਥੇ ਕਵੀ ਨੇ ਸਿੱਖ ਗੁਰੂਆਂ ਦਾ ਜ਼ਿਕਰ ਕੀਤਾ ਹੈ ।
5. ਬੇਅਦਬੀ, insult.
6. ਤਾੜਨਾ, warning.
7. ਛਰਾਸੀ, ਕਾਲਬੁਦ, ਢਾਂਚਾ, ਸੰਚਾ ।
8. ਸਜ਼ਾ, ਤਾੜਨਾ ।

ਹਰਬਾਬ ਸ਼ਰ੍ਹਾ ਦੇ ਹੋਇ ਇਕੱਠੇ, ਲਾਹੌਰ ਸਹਿਰ ਨੂੰ ਚੱਲੇ।
ਬਹਿਲੀ ਘੋੜੇ ਨਾਲ ਲਇਓ ਨੇ, ਲੈ ਕੇ ਖਰਚੀ ਪੱਲੇ।
ਆਮ ਲਦੀਆਂ ਨੇ ਭਾਰੀ ਕੌਣ ਉਨ੍ਹਾਂ ਨੂੰ ਝੱਲੇ।
ਅੱਗਰਾ ਕਰਮ ਜ਼ੁਲਮ ਦੀ ਬਨਤ ਤੇਰੀ, ਅਰਸ਼ ਰਬਾਣਾ ਹੱਲੇ। ੮੪।
ਪੈਂਚ ਅਕਾਬਰਾਂ[1] ਸਭ ਸ਼ਹਿਰ ਦੇ, ਆਏ ਕਰਕੇ ਤਿਆਰੀ।
ਜ਼ਰ ਦੇ ਬਦੂਲੇ ਨਾਲ ਲਇਓ ਨੇ, ਕਰ ਕੇ ਖਰਚੀ ਭਾਰੀ।
ਨਾਲ ਕਿਰਾਇ ਬਹਿਲਾਂ ਲਈਆਂ, ਘੋੜਿਆਂ ਦੀ ਅਸਵਾਰੀ।
ਅੱਗਰਾ ਮਾਤਾ ਕੌਰਾਂ ਬਾਘ ਮੱਲ, ਇਕ ਹਾਹਿ ਦਰਿਦ ਦੀ ਮਾਰੀ। ੮੫।
ਹਕੀਕਤ ਨੂੰ ਕਾਜ਼ੀ ਬੱਧਾ, ਵਿਚ ਬਹਿਲ ਦੇ ਪਾਏ।
ਹਿੰਦੂ ਮੁਸਲਮਾਨ ਸ਼ਹਿਰ ਦੇ, ਸਭ ਵੇਖਣ ਨੂੰ ਆਏ।
ਰੋ ਰੋ ਗਲੀਂ ਲਗਾਣ ਆਦਮੀ, ਅੰਗ ਸਾਕ ਹਮਸਾਏ।
ਅੱਗਰਾ ਲੈ ਕੇ ਚੱਲੇ ਧਰਮੀ ਨੂੰ, ਬਿਨ ਸਤਿਗੁਰ ਕੌਣ ਛੁਡਾਏ। ੮੬।
ਪਹਿਲੀ ਮਜ਼ਲ ਜੋ ਡੇਰਾ ਕੀਤਾ, ਡਸਕੇ[2] ਸਹੀ ਪਾਇਆ।
ਰੂਪ ਚੰਦ ਸੀ ਸ਼ਾਹੀ[3] ਧਰਮੀ, ਲੈ ਮਿਜ਼ਮਾਨੀ[4] ਆਇਆ।
ਨਜ਼ਰ ਦਿਤੀ ਸੋ ਕਾਜ਼ੀ ਨੂੰ, ਬਹੁ ਅਦਬੀਂ ਸੀਸ ਨਿਵਾਇਆ।
ਕਹੁ ਜੀ ਇਸ ਧਰਮੀ ਦੀ ਖ਼ਾਤਰ ਨੂੰ, ਬਹੁ ਜ਼ੋਰ ਚੌਧਰੀ ਲਾਇਆ। ੮੭।
ਰੂਪ ਚੰਦ ਕਾਜ਼ੀ ਨੂੰ ਆਖੇ, ਸੁਣ ਇਕ ਅਰਜ਼ ਹਮਾਰੀ।
ਕਰੋ ਖ਼ਲਾਸੀ ਧਰਮੀ ਤਾਈਂ, ਮੇਰੇ ਪਰ ਕਰੋ ਸਿਤਾਰੀ[5]।
ਜੇ ਇਸ ਦੁਨੀਆਂ ਪਰ ਜ਼ੁਲਮ ਕਰੋਗੇ, ਅੱਗੇ ਹੋਗ ਖ਼ੁਆਰੀ।
ਕਹੁ ਜੀ ਇਹੁ ਦੁਨੀਆਂ ਸਭ ਫ਼ਾਨੀ ਹੈ, ਜਿਉਂ ਸਭਿ ਖ਼ਾਬ ਗੁਲਜ਼ਾਰੀ[6]। ੮੮।
ਕਾਜ਼ੀ ਮੁੱਲਾਂ ਰੂਪ ਚੰਦ ਨੂੰ, ਕਰਨ ਜਬਾਬ ਜ਼ਬਾਨੀ।
ਅੱਗੇ ਫਤਹ ਬੇਗ[7] ਲਾਹੌਰ ਵਿਚ, ਹੁਣ ਛੱਡਣ ਹੈ ਬਦਨਾਮੀ।
ਅੱਗੇ ਕਾਜ਼ੀ ਸਖਤਾ ਹੈ, ਜਿਸ ਦਾ ਨਾਉਂ ਇਮਾਨੀ।
ਚੌਧਰੀ ਇਹ ਹੋਣੀ ਤਾਂ ਮਿਟਦੀ ਨਾਹੀ, ਜੋ ਲਿਖਿਆ ਲੇਖ ਰਬਾਨੀ। ੮੯।

1. ਵੱਡੇ।
2. ਸਿਆਲਕੋਟ ਤੋਂ ਦੱਖਣ ਲਹਿੰਦੇ ਨੂੰ 18 ਕੁ ਮੀਲ ਪਰ ਹੈ।
3. ਸਰਕਾਰੀ ਆਦਮੀ, ਚੌਧਰੀ, ਪਰ ਨੇਕ ਬੰਦਾ ਸੀ।
4. ਮੇਜ਼ਬਾਨੀ, ਜ਼ਿਆਫ਼ਤ, ਖਾਣ ਪੀਣ ਦੀਆਂ ਚੀਜ਼ਾਂ।
5. ਖ਼ੁਦਾ ਦੇ ਨਾਮ ਪਰ ਮੇਹਰਬਾਨੀ।
6. ਫੁੱਲਾਂ ਭਰੇ ਬਾਗਾਂ ਦੇ ਸੁਫਨੇ।
7. ਲਾਹੌਰ ਦਾ ਕੋਈ ਵੱਡਾ ਮੁੱਲਾਂ, ਕਾਜ਼ੀ ਜਾਂ ਅਦਾਲਤੀ ਜਾਪਦਾ ਹੈ।

ਇਸ ਡਸਕੇ ਥੀਂ ਕੂਚ ਕੀਤੋ ਨੇ, ਏਮਨਾਵਾਦ[1] ਜੇ ਆਏ।
ਅੱਗੇ ਆਇਆ ਲਾਲਾ ਜਸਪਤ ਰਾ[2] ਫਿਰ ਧਰਮੀ ਸੀਸ ਨਿਵਾਏ।
ਨਜ਼ਰ ਦਿੱਤੀ ਸੂ ਕਾਜ਼ੀ ਨੂੰ, ਸਭ ਮੁੱਲਾਂ ਗਲੀਂ ਲਗਾਏ।
ਅੱਗਰਾ ਮਤਲਬ ਦੁਨੀਆ ਦਾ ਮਿੱਠਾ ਈ, ਸ਼ਾਹਿ ਨੂੰ ਚਾਇ ਨਿਵਾਏ। ੯੦।
ਲਾਲਾ ਜਸਪਤ ਰਾ ਕਾਜ਼ੀ ਦੇ ਤਾਈਂ, ਕਰਦਾ ਬਹੁਤ ਦਿਲਦਾਰੀ।
ਕਰਦਾ ਖਿਜ਼ਮਤ ਦੇ ਮਿਜ਼ਬਾਨੀ ਦਮ ਦਮ ਅਰਜ ਗੁਜ਼ਾਰੀ।
ਕਰੋ ਖ਼ਲਾਸੀ ਧਰਮੀ ਦੀ, ਮੇਰੇ ਪਰ ਕਰੋ ਸਿਤਾਰੀ।
ਚਾ ਕਰੋ ਹਿਸਾਨ ਤੁਸੀ ਮੇਰੇ ਉੱਪਰ, ਉਮਰ ਜਿੱਤ ਲੈ ਸਾਰੀ[3]। ੯੧।
ਕਾਜ਼ੀ ਆਖੇ ਸੁਣ ਦੀਵਾਨਾ, ਕੀ ਕਰਨਾ ਏਂ ਬਹੁ ਤਦਬੀਰਾਂ।
ਜੋ ਸ਼ਰ੍ਹਾ ਦੀ ਹਾਣਤ[4] ਕਰਦੇ, ਲੈਂਦੇ ਬਹੁ ਤਜ਼ੀਰਾਂ[5]।
ਇਸ ਸ਼ਰ੍ਹਾ ਨੇ ਖੱਲ ਲੁਹਾਈ, ਸ਼ੱਮਸ[6] ਜਿਹਾਂ ਪੀਰਾਂ।
ਇਲਮ ਸ਼ਰ੍ਹਾ ਦਾ ਗ਼ਾਲਬ ਈ ਪਰਿ ਸ਼ਾਹਾਂ ਪੀਰ ਫ਼ਕੀਰਾਂ। ੯੨।
ਕਰਿ ਬਾਹਾਂ ਖਲੀਆਂ ਮਾਤਾ ਨੇ, ਲਾਲਾ ਨੂੰ ਕੂਕ ਸੁਣਾਇਆ।
ਮੈਂ ਵਖਤ ਬੁਢੇਪੇ ਪਿਛਲੀ ਉਮਰੇ, ਪੁਤ ਹਕੀਕਤ ਜਾਇਆ।
ਦੁੱਖੀਂ ਪਿੱਪਲ ਪਾਲਿਆ ਸੀ, ਚੁਲੀਏਂ ਸੀ ਪਾਣੀ ਪਾਇਆ।
ਲਾਲਾ ਚੱਲ ਲਾਹੌਰ ਤੂੰ ਨਾਲ ਅਸਾਡੇ, ਬੱਚੜ ਦੇਹ ਛੁਡਾਇਆ। ੯੩।
ਤਾਂ ਲਾਲਾ ਜਸਪਤ ਰਾ ਮਾਤਾ ਦੇ ਤਾਈਂ, ਕਰਦਾ ਬਹੁਤ ਤਸੱਲੀ।

---

1. ਡਸਕਿਓਂ ਦੱਖਣ ਨੂੰ 25 ਮੀਲ ਹੈ।
2. ਜਸਪਤ ਰਾਏ ਐਮਨਾਬਾਦ ਦਾ ਫ਼ੌਜਦਾਰ ਸੀ ਤੇ ਲਾਹੌਰ ਦੇ ਸੂਬੇਦਾਰ ਜ਼ਕਰੀਆ ਖ਼ਾਨ ਦੇ ਪੇਸ਼ਕਾਰ ਲਖਪਤ ਰਾਇ ਦਾ ਸਕਾ ਭਰਾ ਸੀ। ਇਹ ਸੰਮਤ 1802 ਸੰਨ 1746 ਈਸਵੀ ਨੂੰ ਬੱਦੋਕੀ ਗੁਸਾਈਆਂ ਦੀ ਝਿੜੀ ਵਿਚ ਸਿੰਘਾਂ ਨੂੰ ਮਾਰਨ ਦੇ ਯਤਨ ਵਿਚ ਮਾਰਿਆ ਗਿਆ ਸੀ। ਸਿੰਘਾਂ ਪਾਸੋਂ ਇਸ ਦਾ ਬਦਲਾ ਲੈਣ ਲਈ ਇਸ ਦੇ ਭਾਈ ਲਖਪਤ ਰਾਏ ਨੇ ਸੰਮਤ 1803 ਨੂੰ ਪਹਿਲੇ ਘੱਲੂਘਾਰੇ ਵਾਲੀ ਮੁਹਿੰਮ ਚਾੜ੍ਹੀ ਸੀ।
3. ਸਾਰੀ ਉਮਰ ਲਈ ਮੈਨੂੰ ਆਪਣਾ ਅਹਿਸਾਨਮੰਦ ਬਣਾ ਲੈ।
4. ਬੇਅਦਬੀ।
5. ਸਜ਼ਾਵਾਂ।
6. ਸ਼ੱਮਸ ਤਬਰੇਜ਼ ਨਾਮੀ ਇੱਕ ਫ਼ਕੀਰ। ਇਸ ਦਾ ਜਨਮ 17 ਰੱਜਬ 560 ਹਿਜਰੀ ਨੂੰ ਗ਼ਜ਼ਨੀ ਦੇ ਇਲਾਕੇ ਸਬਜ਼ਵਾਰ ਵਿਚ ਹੋਇਆ। ਜਦ ਇਹ ਹਿੰਦੁਸਤਾਨ ਦੀ ਸੈਰ ਕਰਦਾ ਮੁਲਤਾਨ ਆਇਆ, ਤਾਂ ਇੱਥੋਂ ਦੇ ਕੱਟੜ ਮੁਲਾਣਿਆਂ ਨੇ ਹਾਕਮ ਪਾਸ ਸ਼ਿਕਾਇਤ ਕੀਤੀ ਕਿ ਸ਼ੱਮਸ 'ਅਨਲ ਹੱਕ' (ਅੰਨਾ=ਮੈਂ ਹਾਂ, ਅਲ-ਹੱਕ=ਖ਼ੁਦਾ) ਕਹਿੰਦਾ ਹੈ, ਜਿਸ ਪਰ ਹਾਕਮ ਨੇ ਇਸ ਗੱਲ ਨੂੰ ਇਸਲਾਮੀ ਸ਼ਰ੍ਹਾ ਦੇ ਵਿਰੁੱਧ ਜਾਣ ਕੇ ਇਸ ਦੀ ਖੱਲ ਉਤਰਵਾ ਦਿੱਤੀ। ਇਸ ਫ਼ਕੀਰ ਦਾ ਅਸਥਾਨ ਮੁਲਤਾਨ ਵਿਚ ਹੈ ਤੇ ਇਸ ਦੇ ਪੈਰੋਕਾਰ ਮੁਸਲਮਾਨ ਤੇ ਹਿੰਦੂ ਸ਼ੱਮਸੀ ਕਹਿਲਾਉਂਦੇ ਹਨ।

ਮੈਂ ਅਰਜ਼ੀ ਲਿਖੀ ਨਵਾਬ ਸਾਹਿਬ[1] ਨੂੰ, ਹਥ ਰਹਕਾਰੇ ਘੱਲੀ।
ਨਾਲੇ ਲਿਖਿਆ ਭਾਈ ਸਾਹਿਬ[2] ਨੂੰ, ਜਿਸ ਲਾਹੌਰ ਕਚਹਿਰੀ ਮੱਲੀ।
ਮੈਂ ਲਾਹੌਰ ਵਿਚ ਭਲਕੇ ਆਊਂ, ਤੂੰ ਅੱਜ ਅਗੇਰੇ ਚੱਲੀਂ। ੯੪।
ਏਮਨਾਬਾਦ ਥੀਂ ਕੂਚ ਕੀਤਾ ਨੇ, ਪੁਲ ਸ਼ਾਹ-ਦਉਲਾ ਆਏ।
ਬਹਿਲੀ ਵਿਚ ਸੀ ਧਰਮੀ ਸੁੱਤਾ, ਮਾਤਾ ਵੇਖ ਜਗਾਏ।
ਜੋ ਵੇਖੇ ਸੂਰਤ ਧਰਮੀ ਦੀ, ਕਹੇ ਧੰਨ ਜਣੇਂਦੀ ਮਾਏ।
ਅੱਗਰਾ ਇਕੋ ਬੱਚਾ ਕੌਰਾਂ ਦਾ, ਜਮ ਵਲ ਵਲ ਘੇਰਾ ਪਾਇ। ੯੫।
ਮਾਤਾ ਕੌਰਾਂ ਸ਼ਾਹ[3] ਦੇ ਅੱਗੇ ਜਾਇ ਕੇ, ਪੈਰੀਂ ਪਊਂਦੀ।
ਤੁਸੀਂ ਫ਼ਕੀਰ ਅਲਾਹ ਦੇ ਹੋ ਮੈਂ ਹਾਂ ਦਰ ਦੀ ਬਾਂਦੀ।
ਕਰੋ ਦੁਆਇ ਸਾਹਿਬ ਦੇ ਅੱਗੇ, ਮੁਸ਼ਕਲ ਕਰੋ ਬੰਦਾਦੀ[4]।
ਕਹੁ ਜੀ ਮਾਤਾ ਕੌਰਾਂ ਸੁੱਖਣ ਸੁਖੀਂਦੀ,[5] ਆਵਾਂਗੀ ਵਾਰੀ ਜਾਂਦੀ। ੯੬।
ਉਨ ਫਕੀਰਾਂ ਜੱਲੀ ਘੱਤੀ[6], ਰੱਬ ਦਰ ਕਰ ਪੁਕਾਰਾ।
ਤੂਹੀਂ ਤੂਹੀਂ ਉਹ ਜ਼ਿਕਰ ਜਿ ਕਰਦੇ, ਮਾਰਿ ਆਹਿ ਦਾ ਨਾਹਰਾ।
ਸ਼ਹਿ-ਦਉਲਾ ਨੂੰ ਯਾਦ ਕੀਤੇ ਨੇ, ਤੂੰ ਔਲੀਆ ਓ ਸਚਿਆਰਾ।
ਕਹੁ ਜੀ ਫ਼ਕੀਰ ਰੱਬ ਦਾ ਕਾਮਿਲ ਹੈ, ਪਰ ਲੇਖ ਨਾ ਮਿਟੇ ਜੱਵਾਰਾ[7]। ੯੭।
ਪੁਲ ਸ਼ਾਹ-ਦੌਲਿਓਂ ਰੁਖ਼ਸਤ ਲੈ ਕੇ, ਡੇਰਾ ਵਿਚ ਫ਼ਾਜ਼ਲਾਬਾਦੇ।
ਅੱਗੇ ਕਸੂਰ ਬੇਗ ਜਮਾਤਦਾਰ[8] ਦੇ, ਬੈਠੇ ਬਹੁਤ ਪਿਆਦੇ[9]।
ਹਕੀਕਤ ਰਾਇ ਨੂੰ ਲਾਹ ਬਹਿਲ ਤੋਂ, ਰੱਖਿਆ ਵਿਚ ਦਰਵਾਜ਼ੇ।
ਕਹੁ ਜੀ ਦਿਨ ਗੁਦਸਤ[10] ਪਰ ਦੀਗਰ[11] ਹੋਈ ਕਾਜ਼ੀ ਪੜ੍ਹਨਿ ਨਿਵਾਜ਼ੇ। ੯੮।

---

1. ਲਾਹੌਰ ਦਾ ਹਾਕਮ ਜਿਸ ਦਾ ਨਾਮ ਜ਼ਕਰੀਆ ਖ਼ਾਨ ਸੀ ਅਤੇ ਜੋ ਇਤਿਹਾਸ ਵਿਚ 'ਖ਼ਾਨ ਬਹਾਦੁਰ' ਕਰਕੇ ਪ੍ਰਸਿੱਧ ਹੈ। ਇਹ ਸੰਨ 1726 ਈਸਵੀ ਨੂੰ ਆਪਣੇ ਪਿਤਾ ਅਬਦੁੱਸਮੱਦ ਖ਼ਾਨ ਦਲੇਰਿ—ਜੰਗ ਦੇ ਮੁਲਤਾਨ ਤਬਦੀਲ ਕੀਤੇ ਜਾਣ ਪਰ ਲਾਹੌਰ ਦਾ ਹਾਕਮ ਬਣਿਆ ਸੀ ਤੇ ਆਪਣੀ ਜ਼ਿੰਦਗੀ ਦੇ ਅੰਤ 1 ਜੁਲਾਈ, 1745 ਤੱਕ ਲਾਹੌਰ ਦਾ ਹਾਕਮ ਰਿਹਾ।
2. ਦੀਵਾਨ ਲਖਪਤ ਰਾਇ ਜੋ ਲਾਲਾ ਜਸਪਤ ਰਾਇ ਦਾ ਸਕਾ ਭਾਈ ਸੀ। ਇਹ ਨਵਾਬ ਜ਼ਕਰੀਆ ਖ਼ਾਨ ਦਾ ਦੀਵਾਨ ਤੇ ਪੇਸ਼ਕਾਰ ਸੀ।
3. ਸ਼ਾਹ-ਦਉਲਾ ਦੇ ਮਕਬਰੇ ਦੇ ਵੱਡੇ ਮਜਾਉਰ।
4. ਬੰਦਬਾਜ਼ੀ, ਬੰਦਬਾਜ਼ ਕਰਦਨੀ, ਮੁਸ਼ਕਿਲ ਆਸਾਨ ਕਰਨੀ।
5. ਮੰਨਤਾਂ ਮੰਨਦੀ।
6. ਆਪਣੇ ਦਸਤੂਰ ਮੁਤਾਬਿਕ ਮਸਤੀ ਵਿਚ ਆ ਕੇ ਲੁੱਡੀ ਪਾਈ।
7. ਜੱਬਾਰਾ, ਹੇ ਰੱਬਾ।
8. ਫ਼ੌਜੀ ਅਫ਼ਸਰ।
9. ਪੈਦਲ ਸਿਪਾਹੀ।
10. ਗੁਜ਼ਸ਼ਤ, ਗੁਜ਼ਰਨ, ਪਰ।
11. ਦਿਨ ਢਲੇ, ਲੌਢੇ ਵੇਲੇ।

ਕਸੂਰ ਬੇਗ ਨੂੰ ਮਾਤਾ ਨੇ ਇਕ ਸਵਾਲ ਰੱਬ ਦਾ ਪਾਇਆ।
ਮੇਰਾ ਇਕੋ ਬੱਚਾ ਪਾਪਣ ਦਾ ਇਹ ਕਾਜ਼ੀ ਬੰਨ੍ਹ ਲੈ ਆਇਆ।
ਕਰਿ ਹੀਲਾ ਕੁਛ ਰੱਬ ਦੇ ਵੱਲੋਂ, ਹੋਵੀ ਬੋਲ ਸਵਾਇਆ।
ਅੱਗਰਾ ਕਸੂਰ ਬੇਗ ਕਾਜ਼ੀ ਦੇ ਤਾਈਂ,
ਇਕ ਮਸਲਾ ਆਖ ਸੁਣਾਇਆ। ੯੯।
ਕਸੂਰ ਬੇਗ ਕਾਜ਼ੀ ਨੂੰ ਆਖੇ, ਸਾਹਿਬ ਇਹੁ ਫ਼ੁਰਮਾਇਆ।
ਹਰਿ ਬੰਦੇ ਪਰ ਮਿਹਰ ਕਰੋ ਕੁਛ, ਜ਼ੁਲਮ ਨਾ ਕਰਨਾ ਆਇਆ।
ਜਿਤ ਦਿਨ ਮਉਲਾ ਕਾਜ਼ੀ ਹੋਸੀ, ਬਦਲਾ ਲੈਗੁ ਸਵਾਇਆ।
ਓਥੇ ਮਿਹਤ੍ਰ ਮੂਸਾ ਲਾਜ਼ਮ ਹੋਸੀ[1] ਸੁਆਲ ਨਾ ਕਰਨਾ ਆਇਆ। ੧੦੦।
ਕਾਜ਼ੀ ਆਖੇ ਸੁਣ ਮੁਗਲਾ, ਕਿਉਂ ਕਰੇਂ ਜਵਾਬ ਫ਼ਜ਼ੂਲੀ।
ਇਸ ਸ਼ਰ੍ਹਾ ਦੇ ਮਸਲੇ ਨੇ ਸੁਣ, ਮਨਸੂਰ[2] ਚੜ੍ਹਾਇਆ ਸੂਲੀ।
ਸ਼ਾਹਿ ਸ਼ੱਮਸ ਜੋ ਪੀਰ ਹੋਇਆ, ਜਿਸ ਕੀਤੀ ਸ਼ਰ੍ਹਾ ਕਬੂਲੀ।
ਮੁਗਲਾ! ਮੁਸਲਮਾਨ ਹੋਇ ਸ਼ਰ੍ਹਾ ਨਾ ਮੰਨੇਂ ਜੜ੍ਹ ਰਹੇ ਨਾ ਮੂਲੀ। ੧੦੧।
ਫ਼ਾਜ਼ਲਾਵਾਦ ਤੋਂ ਤੁਰੇ ਸਵੇਰੇ, ਸ਼ਾਹਿਦਰੇ ਵਿਚ ਆਏ।
ਅੱਗੇ ਸਭ ਮਹਾਜਨ ਲੋਕ ਸਹਿਰ ਦੇ, ਸਭਿ ਕੋਈ ਵੇਖਣ ਆਏ।
ਆਖਣ ਜੋ ਕੁਛ ਪਾਸ ਅਸਾਂ ਹੈ, ਲਉ ਜੋ ਕੋਈ ਬੰਦ ਛੁਡਾਏ।
ਕਹੁ ਜੀ ਸਭ ਦੁਨੀਆਂ ਰੋਇ ਜ਼ਾਰ ਜ਼ਾਰ,
ਪਰ ਕਿਆ ਕੋਈ ਆਖ ਸੁਣਾਏ। ੧੦੨।
ਦਰਗਾਹੀ ਚੌਧਰੀ ਸ਼ਾਹਿਦਰੇ ਦਾ ਆਇਆ ਨਾਲ ਅਸਵਾਰੀ।
ਅੱਗੇ ਕਾਜ਼ੀ ਮੁੱਲਾਂ ਸੁਣਿ ਕਰਿ ਕੁਰਨਸ ਨਜ਼ਰਿ ਗੁਜ਼ਾਰੀ।
ਕਰੋ ਖਲਾਸੀ ਧਰਮੀ ਦੀ ਮੇਰੇ ਪਰ ਕਰੋ ਸਿਤਾਰੀ।
ਕਾਜ਼ੀ! ਇਹ ਦੁਨੀਆਂ ਸਭ ਫ਼ਾਨੀ ਹੈ,
ਪਰ ਜਿਉਂ ਸਭ ਖ਼ਾਬ ਗੁਲਜ਼ਾਰੀ। ੧੦੩।
ਦਰਗਾਹੀ ਆਖੇ ਕਾਜ਼ੀ ਨੂੰ, ਇਹ ਦੁਨੀਆਂ ਝੂਠ ਪਸਾਰੇ।
ਵਾਂਗ ਗੁੱਡੀ ਹੱਥ ਡੋਰ ਰੱਬ ਦੇ, ਤੂੰ ਕਿਉਂ ਲਾਫ਼ਾਂ ਮਾਰੇਂ।

---

1. ਉੱਥੇ ਵੱਡਾ ਹਾਕਮ ਹਜ਼ਰਤ ਮੂਸਾ ਪੈਗ਼ੰਬਰ ਹੋਵੇਗਾ।
2. ਇੱਕ ਸੂਫ਼ੀ ਫ਼ਕੀਰ ਸੀ, ਜਿਸ ਦੇ ਵਿਰੁੱਧ ਅਨਲਹੱਕ (ਮੈਂ ਰੱਬ ਹਾਂ) ਦਾ ਨਾਅਰਾ ਲਾਉਣ ਕਰਕੇ ਬਗ਼ਦਾਦ ਦੇ ਮੁਲਾਣਿਆਂ ਨੇ ਖ਼ਲੀਫ਼ਾ ਮੁਕਤਦਿਰ ਪਾਸ ਸ਼ਿਕਾਇਤ ਕੀਤੀ ਤੇ ਉਸ ਨੇ ਉਸ ਨੂੰ ਇਸਲਾਮ ਵਿਰੁੱਧ ਜਾਣ ਕੇ ਕੋਰੜਿਆਂ ਦੀ ਮਾਰ ਪੁਆ ਕੇ ਸੂਲੀ ਚੜ੍ਹਵਾ ਦਿੱਤਾ ਤੇ ਲੋਥ ਅੱਗ ਵਿਚ ਪਵਾ ਕੇ ਸੜਵਾ ਦਿੱਤੀ। ਇਹ ਈਰਾਨ ਦੇ ਸ਼ਹਿਰ ਬੈਜ਼ੇ ਵਿਚ ਪੈਦਾ ਹੋਇਆ ਸੀ ਤੇ ਜੁਸਤਰੀ ਤੇ ਬਗ਼ਦਾਦੀ ਸੂਫ਼ੀਆਂ ਦੀ ਸੰਗਤ ਨਾਲ ਸੂਫ਼ੀ ਬਣਿਆ। ਇਸ ਦੀ ਸ਼ਹਾਦਤ ਦੀ ਤਾਰੀਖ 26 ਮਾਰਚ 922 ਈਸਵੀ ਸੰਨ 309 ਹਿਜਰੀ ਹੈ।

• ਆਪੇ ਸਾਹਿਬ ਜਾਨ ਘੱਤਦਾ, ਆਪੇ ਜਾਨ ਬਿਡਾਰੇ।
ਕਾਜ਼ੀ ਵਖ਼ਤ ਕਿਆਮਤ ਲਾਜ਼ਮ ਹੋਸੀ, ਤੋਬਾ ਤੋਬਾ ਪੁਕਾਰੇ ੧੦੪।
ਕਾਜ਼ੀ ਆਖੇ ਦਰਗਾਹੀ ਨੂੰ, ਸੁਣ ਚੌਧਰੀ ਦੀਵਾਨਾਂ।
ਮੈਂ ਕਿਉਂ ਫਿਰਾਂ ਸ਼ਰੀਅਤ ਥੀਂ, ਲੋਕ ਆਖਣ ਬੇਈਮਾਨਾ।
ਜੋ ਕੁਝ ਲਿਖਿਆ ਵਿਚ ਕਿਤਾਬਾਂ, ਮੰਨਿਆਂ ਦੋਹਾਂ ਜਹਾਨਾਂ।
ਮੇਰਾ ਬਾਪ ਤੇ ਦਾਦਾ ਕਾਜ਼ੀ ਸੀ, ਕਾਜ਼ੀ ਸੀ ਮੇਰਾ ਨਾਨਾ। ੧੦੫।
ਸ਼ਾਹਿਦਰੇ ਥੀਂ ਟੁਰੇ ਦੁਪਹਿਰੀਂ, ਚਲ ਪੱਤਣ ਤੇ ਆਏ।
ਆਇ ਪੱਤਣ ਤੇ ਸ਼ੋਰ ਕੀਤੋ[1] ਨੇ ਤੁਰਤ ਮਲਾਹ ਬੁਲਾਏ।
ਆਨਿ ਮਲਾਹਾਂ ਢੋਏ ਬੇੜੇ, ਚੜ੍ਹਿ ਚੜ੍ਹਿ ਹੋਨਿ ਸਵਾਏ।
ਅੱਗਰਾ ਬੇੜੀ ਚੜ੍ਹਦਿਆਂ ਛਿੱਕਿਆ ਧਰਮੀ,
ਮਾਤਾ ਕੋਰਾਂ ਸਗਨ ਮਨਾਏ। ੧੦੬।
ਵਖਤਿ ਦੁਪਹਿਰੀਂ ਵਿਚ ਲਹੌਰ ਦੇ, ਆਏ ਵੱਡੇ ਅਤਾਈ[2]।
ਬਣੀਏ ਤੇ ਬਕਾਲ[3] ਸ਼ਹਿਰ ਦੇ, ਰੋਵਣਿ ਮਾਰਨ ਧਾਹੀਂ।
ਖੱਤਰੀ ਬ੍ਰਹਿਮਣੇ ਦੇਣ ਅਸੀਸਾਂ, ਜੰਞੂ ਲਾਜ ਨਾ ਲਾਈਂ।
ਕਹੁ ਜੀ ਜੋ ਕੁਝ ਰੋਜ਼ ਅਜ਼ਲ[4] ਦੇ ਲਿਖਿਆ, ਹੋਣੀ ਮਿਟਦੀ ਨਾਹੀਂ। ੧੦੭।
ਨਵਾਬ ਸਾਹਿਬ ਦੀ ਵਿਚ ਹਵੇਲੀ, ਜਾ ਉਨ੍ਹਾਂ ਡੇਰਾ ਪਾਇਆ।
ਖਬਰ ਹੋਈ ਨਵਾਬ ਸਾਹਿਬ ਨੂੰ, ਚੇਲਾ[5] ਤੁਰਤ ਭਿਜਵਾਇਆ।
ਖਿਜ਼ਮਤ ਕਰੋ ਦਿਹੋ ਮਿਜ਼ਮਾਨੀ, ਹੁਕਮ ਹਜ਼ੂਰੋਂ ਆਇਆ।
ਖਾਣਾ ਸਭਿ ਨਿਆਮਤ ਲੈ, ਖੋਜਾ[6] ਅੰਦਰ ਥੀਂ ਆਇਆ। ੧੦੮।
ਤਾਂ ਬਾਬੂ ਰਾ[7] ਨੂੰ ਲਖਪਤ ਰਾ ਨੇ, ਭਪੇਜਿਆ ਸੀ ਖ਼ਾਸ ਵਕਾਲਤ।
ਜਾਇ ਕਹੁ ਤੁਮ ਕਾਜ਼ੀ ਤਾਈਂ, ਸਭ ਹਕੀਕਤ ਹਾਲਤ।

---

1. ਬੇੜੀਆਂ ਸੱਦਣ ਲਈ ਉੱਚੀ-ਉੱਚੀ ਅਵਾਜ਼ਾਂ ਮਾਰੀਆਂ।
2. ਬਖ਼ਤਾਵਰ, ਅਮੀਰ ਲੋਕ।
3. ਦੁਕਾਨਦਾਰ, ਹਟਵਾਣੀਏ।
4. ਫ਼ਾਰਸੀ ਅਜ਼ਲ, ਸ਼ੁਰੂ, ਆਰੰਭ।
5. ਨੌਕਰ।
6. ਖ਼੍ਵਾਜਾ, ਖ਼੍ਵਾਜਾਸਰਾ। ਜ਼ਨਾਨਖ਼ਾਨੇ ਦਾ ਦਰੋਗਾ। ਮੁਸਲਮਾਨੀ ਰਾਜ ਵੇਲੇ ਕੁਦਰਤੀ ਨਪੁੰਸਕ ਯਾ ਅੰਡਕੋਸ਼ (ਫੋਤੇ) ਦੂਰ ਕਰ ਕੇ ਬਨਾਉਟੀ ਨਪੁੰਸਕ ਜ਼ਨਾਨਖ਼ਾਨੇ ਦੇ ਦਰੋਗੇ ਥਾਪੇ ਜਾਂਦੇ ਸਨ ਤੇ ਇਨ੍ਹਾਂ ਨੂੰ ਮਹਿਲਾਂ ਵਿਚ ਆਉਣ ਜਾਣ ਦੀ ਖੁਲ੍ਹ ਹੁੰਦੀ ਸੀ। ਸ਼ਬਦ ਖ਼੍ਵਾਜਾ-ਸਰਾ ਬੋਲਣ ਵਿਚ ਛੋਟਾ ਹੋ ਕੇ ਖ਼੍ਵਾਸਰਾ ਤੇ ਫਿਰ ਇਸ ਤੋਂ ਖੁਸਰਾ ਬਣ ਗਿਆ ਹੈ, ਜਿਸ ਦੇ ਅਰਥ ਹੀ ਹੁਣ ਨਪੁੰਸਕ ਹੋ ਗਏ ਹਨ। ਖ਼੍ਵਾਜਾ ਦੇ ਅਰਥ ਸਰਦਾਰ, ਅਫ਼ਸਰ ਭੀ ਹਨ।
7. ਬਾਬੂ ਰਾਇ ਦੀਵਾਨ ਲਖਪਤ ਰਾਇ ਪੇਸ਼ਕਾਰ ਦਾ ਵਕੀਲ ਯਾ ਮੁਨਸ਼ੀ।

ਤੁਸੀਂ ਅਸਾਡੇ ਖਾਂਵਦ ਹੋ ਤੇ ਅਸੀਂ ਤੁਹਾਡੇ ਪਾਲਕਾ¹।
ਪਰ ਜਿਤ ਦਿਨ ਮਉਲਾ ਕਾਜ਼ੀ ਹੋਸੀ, ਕਰਸੀ ਆਪ ਅਦਾਲਤ। ੧੦੯।
ਜਾ ਮਿਲਿਆ ਮੁੱਲਾਂ ਕਾਜ਼ੀ ਨੂੰ, ਬ਼ਾਬੂ ਰਾ ਨਜ਼ਰ ਗੁਜ਼ਾਰੀ।
ਦੀਵਾਨ ਸਾਹਿਬ ਨੇ ਭੇਜਿਆ ਮੈਨੂੰ, ਸੁਣੋ ਹਕੀਕਤ ਸਾਰੀ।
ਜੋ ਮੰਗੋ ਮੈਂ ਸੋਈ ਦੇਸਾਂ, ਜੋ ਕੁਛ ਤਲਬ ਤੁਮਾਰੀ।
ਕਰੋ ਖ਼ਲਾਸੀ ਧਰਮੀ ਦੀ, ਮੇਰੇ ਪਰ ਕਰੋ ਸਿਤਾਰੀ। ੧੧੦।
ਕਾਜ਼ੀ ਆਖੇ ਬਾਬੂ ਰਾ ਨੂੰ, ਤੂੰ ਤਾਂ ਸਮਝ ਕਦਾਈਂ।
ਏਸ ਸ਼ਰ੍ਹਾ ਦੇ ਵਿਚ ਸਫਾਰਸ਼, ਸੁਣਨੀ ਜਾਇਜ਼ ਨਾਹੀਂ।
ਜੋ ਸ਼ਰ੍ਹਾ ਦੇ ਅੰਦਰ ਅਮਲ ਨਾ ਕਰਦੇ, ਲੈਂਦੇ ਦੋਜ਼ਖ਼ ਭਾਹੀਂ।
ਪਰ ਜੋ ਕੁਛ ਹੁਕਮ ਸ਼ਰੀਅਤ ਦਾ, ਉਸੇ ਪਰ ਅਮਲ ਕਮਾਈਂ। ੧੧੧।
ਬਾਬੂ ਆਖੇ ਕਾਜ਼ੀ ਨੂੰ, ਇਹ ਦੁਨੀਆਂ ਈਂ ਸਭ ਫ਼ਾਨੀ।
ਵਿਚ ਹਰਬ² ਦੇ ਮਿਹਰ ਕਰੋ, ਨੇੜੇ, ਦੂਰ ਨਾ ਸਾਹਿਬ ਜਾਣੀਂ।
ਜੋ ਬੀਜੋ ਸੋ ਲੇਵੋ ਅੱਗੇ, ਇਹ ਗੱਲ ਦਿਲ ਵਿਚ ਜਾਣੀਂ।
ਕਾਜ਼ੀ ਮਿਹਰ ਕਰੋ ਛਡ ਦਿਹੋ ਲੜਕਾ, ਮੁਸ਼ਕਲ ਕਰੋ ਆਸਾਨੀ। ੧੧੨।
ਕਾਜ਼ੀ ਮੁੱਲਾਂ ਬਾਬੂ ਤਾਈਂ, ਕਰਨ ਜਬਾਬ ਕਿਤਾਬੀ।
ਜਾਇ ਕਹੋ ਦੀਵਾਨ ਸਾਹਿਬ ਨੂੰ, ਗੱਲ ਸ਼ਰ੍ਹਾ ਦੀ ਡਾਢੀ।
ਮੈਂ ਭੀ ਸ਼ਰ੍ਹਾ ਖੁਦਾਇ ਹਾਜ਼ਰ, ਹੋਰ ਮੁੱਲਾਂ ਅਬਦੁਲ ਹਾਦੀ।
ਕਹੁ ਜੀ ਆਪੇ ਸਾਹਿਬ ਕਰਗ ਅਦਾਲਤ, ਆਪੇ ਹੈ ਫ਼ਰਿਆਦੀ। ੧੧੩।
ਜਗਤ ਸਿੰਘ ਦੀਵਾਨ ਵੱਡਾ ਸੀ, ਚਲ ਕਾਜ਼ੀ ਤੇ ਆਇਆ।
ਦੁਆਇ ਬੰਦਗੀ ਪਹਿਲਾਂ ਕੀਤੀ, ਕਦਮੀਂ ਦਸਤ ਲਗਾਇਆ।
ਕਰ ਤਵਾਜ਼ਿਆ ਮੁੱਲਾਂ ਕਾਜ਼ੀ, ਆਪਣੇ ਪਾਸ ਬਿਠਾਇਆ।
ਜਗਤ ਸਿੰਘ ਦੀਵਾਨ ਸਾਹਿਬ, ਇਕ ਮਸਲਾ ਆਖ ਸੁਣਾਇਆ। ੧੧੪।
ਸੁਣ ਹਜ਼ਰਤ ਕਾਜ਼ੀ ਵਿਚ ਕੁਰਾਨ ਦੇ ਇਹ ਮਸਲਾ ਨਿਤ ਪੜ੍ਹੀਏ।
ਮੁਸਲਮਾਨ ਨਹੀਂ ਜ਼ੋਰੀਂ ਹੋਂਦਾ, ਜੇ ਸੌ ਸ਼ਰਤਾਂ ਕਰੀਏ।
ਹਿੰਦੂ ਮੁਸਲਮਾਨ ਤਬ ਹੋਏ, ਅੰਦਰਿ ਦਾ ਕੁਫ਼ਰ ਖਿਡਰੀਏ।
ਕਾਜ਼ੀ ਹੁਕਮ ਕਰੇ ਜੇ ਮਾਰਨ ਦਾ, ਸਿਰ ਖ਼ੂਨ ਭੀ ਤੇਰੇ ਧਰੀਏ। ੧੧੫।
ਕਾਜ਼ੀ, ਮੁੱਲਾਂ ਮੁਫ਼ਤੀ ਸੱਭੇ, ਕਰਦੇ ਸਭ ਜ਼ਬਾਨਾਂ।
ਤੂੰ ਕਰੇਂ ਹਿਮਾਇਤ ਹਿੰਦੂ ਦੀ, ਇਹ ਫ਼ਿਰਕਾ ਮੁਸਲਮਾਨਾਂ।
ਇਹ ਗੱਲ ਤੈਨੂੰ ਭਲੀ ਭੀ ਨਾਹੀਂ, ਤੂੰ ਮੁੜ ਘਰ ਜਾਉ ਦੀਵਾਨਾਂ।
ਕਹੁ ਜੀ ਵੇਖ ਤਕੱਬਰ ਜਿਨ ਕੀਆ, ਵਿਚ ਲਾਅਨਤ ਦੋਹਾਂ ਜਹਾਨਾਂ। ੧੧੬।

---

1. ਪਾਲੇ ਹੋਏ ਬੱਚੇ।
2. ਲੜਾਈ, ਗੁੱਸਾ।

ਕਾਜ਼ੀ ਮੁੱਲਾਂ ਵਿਚ ਲਾਹੌਰ ਦੇ, ਬਹਿ ਗੋਸੇ[1] ਕਰਨ ਉਹ ਸਾਰੇ।
ਦੀਵਾਨ ਮੁਸੱਦੀ ਵਿਚ ਸ਼ਹਿਰ ਦੇ, ਸਭ ਹਿੰਦੂ ਨੀ ਸਾਰੇ।
ਕਸਮ ਕੁਰਾਨ ਸੱਭੇ ਸਿਰ ਚੁੱਕੇ, ਇਹ ਗੱਲ ਨਾ ਕੋਈ ਹਾਰੇ।
ਅੱਗਰਾ ਕਰ ਕਸਮਾ ਪਰ ਗੱਲ ਉੱਠੀ, ਮੁਹੰਮਦ ਸਾਹਿ[2] ਦੇ ਵਾਰੇ। ੧੧੭।
ਪੰਜ ਦਿਹਾੜੇ ਜਬ ਗੁਜ਼ਰੇ, ਮਾਤਾ ਕੌਰਾਂ ਉਠ ਧਾਈ।
ਜਾਇ ਕਚਹਿਰੀ ਬਾਲ ਚਾਦਰਾਂ[3], ਉੱਚਾ ਕੂਕ ਸੁਣਾਈ।
ਤੂੰ ਨਵਾਬ ਉਲੀਆਉ ਸੁਣੀਂਦਾ, ਮੇਰੇ ਕਾਸੇ[4] ਭੀ ਖੈਰ ਪਾਈਂ।
ਮੇਰਾ ਇਕੋ ਬੱਚਾ ਪਾਪਣ ਦਾ, ਸਾਈਂ ਦੇ ਨਾਇੰ ਛੁਡਾਈਂ। ੧੧੮।
ਸੁਣ ਕੇ ਜੋ ਫ਼ਰਿਆਦ ਬੁੱਢੀ ਦੀ, ਸੂਬੇ ਨੇ ਇਹ ਫੁਰਮਾਇਆ।
ਮੀਰ ਮੋਮਨ ਤੇ ਅਮਾਂ ਖਾਂ, ਫਿਰ ਜਾਨੀ ਬੇਗ ਬੁਲਾਇਆ[5]।
ਲਖਪਤਿ ਰਾਇ ਤੇ ਸੂਰਤ ਸਿੰਘ, ਫਿਰ ਜਗਤ ਸਿੰਘ ਸਦਵਾਇਆ[6]।
ਕਹੁ ਜੀ ਕਾਜ਼ੀ ਮੁਫ਼ਤੀ ਸੱਭੇ ਸੱਦੇ, ਫਿਰ ਪੰਜ ਸੈ ਮੁੱਲਾਂ ਆਇਆ। ੧੧੯।
ਵਿਚ ਕਚਹਿਰੀ ਲੱਗੇ ਅਦਾਲਤ, ਮਸਲੇ ਲੱਗੇ ਸੁਣਾਵਣ।
ਕੱਢ ਕਿਤਾਬਾਂ ਬਗ਼ਲਾਂ ਵਿਚੋਂ, ਸ਼ਰ੍ਹਾ ਦਾ ਹੁਕਮ ਬਤਾਵਣ।
ਜੋ ਸ਼ਰ੍ਹਾ ਰਵਾਇਤ ਅਮਲ ਨਾ ਕਰਦੇ, ਸੋਈ ਸਜ਼ਾਈਂ ਪਾਵਣ।
ਪਰ ਜੋ ਕੁਛ ਹੁਕਮ ਸ਼ਰੀਅਤ ਦਾ, ਉਸ ਪਰ ਅਮਲ ਕਮਾਵਣ। ੧੨੦।
ਤਾਂ ਖ਼ਾਨ ਬਹਾਦਰ[7] ਕਰ ਦਲੀਲ, ਫੁਰਮਾਇਆ ਆਪ ਜ਼ਬਾਨੀ।
ਤੁਸਾਂ ਜੋ ਲੜਕਾ ਕੈਦ ਕੀਤਾ ਕੇ, ਕੀਤੀਅਸ ਬੇਫ਼ੁਰਮਾਨੀ।
ਕਿਸ ਤੌਰ ਬੋਲਿਆ ਗ਼ੈਰ ਸ਼ਰੀਅਤ, ਦੇਹੋ ਪਤਾ ਨਿਸ਼ਾਨੀ।
ਕਾਜ਼ੀ! ਕਿਆ ਹੋਇਆ ਬਾਲਕ ਸਾ ਲੜਕਾ,
ਬੋਲਿਆ ਵਾਂਗ ਹੈਵਾਨੀ। ੧੨੧।
ਕਾਜ਼ੀ ਮੁੱਲਾਂ ਮੁਫ਼ਤੀ ਆਖਣ, ਸੁਣੋਂ ਮੁਲਖ ਦੇ ਵਾਲੀ।
ਪੈਗੰਬਰ-ਜ਼ਾਦੀ ਤਾਈਂ, ਇਸ ਹਿੰਦੂ ਦਿੱਤੀਆਂ ਗਾਲ੍ਹੀਂ।

---

1. ਖੂੰਜਾ, ਖੂੰਜੇ ਵਿਚ ਛਿਪ ਕੇ ਕੀਤੀਆਂ ਕਾਨਾ ਫੂਸੀਆਂ। ਲੁਕ-ਲੁਕ ਕੇ ਕੀਤੀਆਂ ਗੱਲਾਂ।
2. ਇਸ ਵੇਲੇ ਮੁਹੰਮਦ ਸ਼ਾਹ ਬਾਦਸ਼ਾਹ ਹਕੂਮਤ ਕਰਦਾ ਸੀ। ਇਹ ਸੰਨ 1720 ਵਿਚ ਤਖ਼ਤ ਪਰ ਬੈਠਾ ਸੀ ਤੇ 1748 ਵਿਚ ਮੋਇਆ।
3. ਫ਼ਰਿਆਦ ਕਰਨ ਲਈ ਉਸ ਵੇਲੇ ਮਿਸਾਲ ਬਾਲਣ ਦਾ ਰਿਵਾਜ ਹੁੰਦਾ ਸੀ ਯਾ ਪੱਲੂ ਫੇਰ ਕੇ ਅਰਥਾਤ ਕੱਪੜਾ ਹਿਲਾ ਕੇ ਦੁਹਾਈ ਦੇਣ ਦਾ।
4. ਠੂਠੇ ਵਿਚ।
5. ਇਹ ਜ਼ਕਰੀਆ ਖਾਨ ਦੇ ਨਾਇਬ ਤੇ ਮੁਸਾਹਿਬ ਸਨ।
6. ਇਹ ਨਵਾਬ ਜ਼ਕਰੀਆ ਖਾਨ ਦੇ ਦੀਵਾਨ ਸਨ।
7. ਨਵਾਬ ਜ਼ਕਰੀਆ ਖਾਨ ਲਾਹੌਰ ਦਾ ਸੂਬੇਦਾਰ।

ਜੇ ਸ਼ਰ੍ਹਾ ਰਵਾਇਤ ਅਮਲ ਨਾ ਕਰਦੇ, ਆਤਸ਼ ਦੋਜ਼ਖ ਜਾਲੀ।
ਕਰੇ ਹਿਮਾਇਤ ਦੋਜ਼ਖ ਪਉਂਦੇ, ਜਾਇ ਇਮਾਨ ਥੋਂ ਖ਼ਾਲੀ। ੧੨੨।
ਖ਼ਾਨ ਬਹਾਦਰ ਕੰਬ ਗਿਆ, ਕਾਜ਼ੀ ਨੇ ਪਕੜ ਦਬਾਇਆ
ਨਵਾਬ ਨੂੰ ਬੋਲਣ ਦੇਂਦਾ ਨਾਹੀਂ, ਕਰਦਾ ਸੁਖਨ ਸਵਾਇਆ।
ਤੂੰ ਕਰੇਂ ਹਿਮਾਇਤ ਹਿੰਦੂ ਦੀ, ਹਮ ਦਿੱਲੀ ਜਾਣਾ ਆਇਆ[1]।
ਤੈਨੂੰ ਤਲਬ ਹਜ਼ੂਰੋਂ ਘੱਤਾਂਗੇ[2], ਦਿੱਲੀ ਵਿਚ ਪੱਕੜ ਮੰਗਾਇਆ। ੧੨੩।
ਖ਼ਾਨ ਬਹਾਦਰ ਤੇ ਮੀਰ ਮੋਮਨ, ਬਹਿ ਗੋਸ਼ੇ ਕਰਨ ਸਲਾਹਾਂ।
ਜੇ ਅਸੀਂ ਸ਼ਰ੍ਹਾ ਥੀਂ ਕਰਾਂ ਤਵਾਫਤ[3] ਦਿੱਲੀ ਜਾਣ ਅਗਾਹਾਂ।
ਬੰਦੋਬਸਤ ਦੱਸੋ ਕੋਈ ਮੈਨੂੰ, ਉਸ ਪਰ ਅਮਲ ਕਮਾਹਾਂ।
ਮੀਰ ਜੀ ਤੂੰ ਹੈਂ ਲਾਇਕ ਅਮੀਰ, ਮੈਂ ਕਿਸ ਥੀਂ ਪੁੱਛਣ ਜਾਹਾਂ। ੧੨੪।
ਮੀਰ ਮੋਮਨ ਖ਼ਾਂ ਨੇ ਮਸਲਤਿ ਕਰਿ, ਸੂਬੇ ਨੂੰ ਬਹਿ ਸਮਝਾਇਆ।
ਇਹ ਗੱਲ ਸ਼ਰ੍ਹਾ ਦੀ ਡਾਢੀ, ਕੁੱਝ ਉਜ਼ਰ ਨਾ ਕੀਤਾ ਜਾਇਆ।
ਕਰੋ ਦਿਲਾਸਾ ਸ਼ਰ੍ਹਾ ਵਾਲਿਆਂ, ਮੰਨ ਸ਼ਰ੍ਹਾ ਦਾ ਸਾਇਆ।
ਅੱਜ ਰੁਖ਼ਸਤ ਦੇ ਤੂੰ ਆਮ ਖ਼ਲਕ ਨੂੰ, ਭਲਕੇ ਫੇਰ ਸਦਾਇਆ। ੧੨੫।
ਅਗਲੇ ਦਿਨ ਫਿਰ ਸੱਦ ਪਈ, ਪਰ ਸੱਭ ਕਚਹਿਰੀ ਆਏ।
ਹੁਕਮ ਜੋ ਹੋਇਆ ਸੂਬੇ ਦਾ, ਮੁੱਲਾਂ ਕਾਜ਼ੀ ਸਦਵਾਏ।
ਕਹੁ ਕਿਆ ਤਾਜ਼ੀਰਾਂ[4] ਦੇਣੀ ਹਿੰਦੂ ਨੂੰ, ਮਸਲਾ ਕੀ ਫ਼ੁਰਮਾਏ।
ਮੈਂ ਉਸ ਹੀ ਉੱਪਰ ਅਮਲ ਕਰਾਂ, ਪਰ ਸ਼ਰ੍ਹਾ ਨਾ ਫੇਰਿਆ ਜਾਏ। ੧੨੬।
ਕੱਢਿ ਕਿਤਾਬਾਂ ਬੈਠਾ ਕਾਜ਼ੀ, ਮਸਲਾ ਆਖ ਸੁਣਾਏ।
ਯਾ ਹਿੰਦੂ ਨੂੰ ਕਤਲ ਕਰੋ, ਯਾ ਨਾਲ ਅਸਾਡੇ ਖਾਏ।
ਕਲਮਾ ਲੜਕਾ ਪੜ੍ਹੇ ਜ਼ਬਾਨੋਂ, ਸ਼ਰਤਾਂ ਸੱਭ ਕਰਾਏ।
ਨਵਾਬ ਜੀ, ਇਸ ਮਸਲੇ ਪਰ ਅਮਲ ਕਰੋ, ਸ਼ਰ੍ਹਾ ਨਾ ਰਖਣਾ[5] ਪਾਏ। ੧੨੭।
ਹੁਕਮ ਕੀਤਾ ਜੋ ਖ਼ਾਨ ਬਹਾਦਰ, ਲੜਕੇ ਨੂੰ ਸਦਵਾਈਏ।
ਜੋ ਹੁਕਮ ਹੋਵੇ ਸ਼ਰੀਅਤ ਦਾ, ਉਸੇ ਪਰ ਅਮਲ ਕਮਾਈਏ।
ਮੈਂ ਕੀਕਰ ਫਿਰਾਂ ਸ਼ਰੀਅਤ ਥੀਂ, ਮਤਿ ਦੋਜ਼ਖ਼ ਜਾਣਾ ਪਾਈਏ।
ਕਹੁ ਜੀ ਵੇਖ ਤਮਾਸ਼ਾ ਹੋਣੀ ਦਾ, ਕਿਉਂ ਜਾਣ ਬੁਝ ਵਿਹੁ ਖਾਈਏ। ੧੨੮।
ਚੋਬਦਾਰ ਨੂੰ ਭੇਜ ਦਿੱਤੇ ਨੇ, ਲੜਕਾ ਤੁਰਤ ਸਦਾਇਆ।
ਹਵੇਲੀ ਥੀਂ ਟੁਰਿਆ ਜਬ ਲੜਕਾ, ਵਿਚ ਕਚਹਿਰੀ ਆਇਆ।

---

1. ਸਾਨੂੰ ਮਜਬੂਰ ਹੋ ਕੇ ਦਿੱਲੀ ਜਾ ਕੇ ਸ਼ਿਕਾਇਤ ਕਰਨੀ ਪਏਗੀ।
2. ਤੈਨੂੰ ਬੁਲਵਾਵਣ ਵਾਸਤੇ ਬਾਦਸ਼ਾਹ ਦੇ ਹਜ਼ੂਰੋਂ ਪ੍ਰਵਾਨਾ ਭਿਜਵਾਵਾਂਗੇ।
3. ਫ਼ਰਕ, ਉਲਟ।
4. ਸਜ਼ਾ।
5. ਰਖਨਾ, ਨੁਕਸ।

ਦੋਇ ਦੱਸਤ ਬੰਨ੍ਹ ਕੇ ਕੁਰਨਸ਼ ਕੀਤੀ, ਗਰਦਨਿ ਸੀਸ ਨਿਵਾਇਆ।
ਜਬ ਸੂਰਤ ਡਿੱਠੀ ਧਰਮੀ ਦੀ, ਸੂਬੇ ਨੇ ਪਾਸ ਬਿਠਾਇਆ। ੧੨੯।
ਪਰ ਕਿਆ ਸੂਰਤ ਹੈ ਧਰਮੀ ਦੀ, ਕਾਦਰ ਨੇ ਆਪ ਉਪਾਇਆ।
ਮੂੰਹ ਮਤਾਬ[1] ਮੱਥੇ ਪਰ ਲਾਲੀ, ਸੋਹੇ ਜੁੱਸੇ ਰੰਗ ਸਵਾਇਆ।
ਹੱਥੀਂ ਕੰਗਣ ਛਾਪਾਂ ਛੱਲੇ, ਕੰਠੇ ਰੰਗ ਬਣਾਇਆ।
ਉਸ ਦੇ ਗਲ ਵਿਚ ਜਾਮਾ, ਉੱਪਰ ਦੁਪੱਟਾ,
ਸਿਰ ਤੇ ਚੀਰਾ ਛਾਇਆ। ੧੩੦।

ਖ਼ਾਨ ਬਹਾਦਰ ਕਹੇ ਹਕੀਕਤ ਨੂੰ, ਤੂੰ ਸੁਣ ਲੜਕੇ ਨਾਦਾਨੀ।
ਤੈਂ ਗਾਲੀ ਕੱਢੀਆਂ ਬੀਬੀ ਨੂੰ, ਤੇ ਉਪਮਾ ਕਰੇਂ ਭਵਾਨੀ।
ਕਾਜ਼ੀ ਆਖੇ ਗੈਰ ਸ਼ਰ੍ਹਾ ਦੇ, ਤੂੰ ਕੀਤੇ ਸੁਖਨ ਜ਼ਬਾਨੀ।
ਲੜਕੇ! ਹੁਕਮ ਸ਼ਰ੍ਹਾ ਦਾ ਕਰਿ ਕਬੂਲ, ਸਭ ਆਵੇ ਖਲਕ ਸਲਾਮੀ। ੧੩੧।

ਹਕੀਕਤ ਕਹਿੰਦਾ ਸੁਣ ਨਵਾਬ ਜੀ, ਹਜ਼ਰਤ ਕਾ ਫ਼ਰਮੂਦਾ[2]।
ਜੋ ਕਰੇ ਗੁਨਾਹ ਉਸ ਬਦਲਾ ਲਈਏ, ਵਧ ਨਾ ਲਹੇ ਵਿਹੂਦਾ।
ਪਰ ਕਹੇ ਕਾਜ਼ੀ ਦੇ ਅਮਲ ਕਰੇਂ, ਕਿਉਂ ਹੋਨਾ ਏਂ ਮੈਲ ਅਲੂਦਾ[3]।
ਤੂੰ ਜਿਤ ਦਿਨ ਮਉਲਾ ਕਾਜ਼ੀ ਹੋਸੀ, ਵੇਖੇਂ ਖ਼ੁਦ ਅਜ਼ਮੂਦਾ[4]। ੧੩੨।

ਜਾਂ ਡਿੱਠੀ ਸੂਰਤ ਧਰਮੀ ਦੀ, ਸੂਬੇ ਨੇ ਕੀਆ ਮਦਾਰਾ[5]।
ਤੂੰ ਫ਼ਰਜ਼ੰਦ ਹਮਾਰਾ ਲੜਕੇ, ਮੈਂ ਹਾਂ ਪਿਤਾ ਤੁਮਾਰਾ।
ਸ਼ਰ੍ਹਾ ਦੀ ਹਾਲਤ ਡਾਢੀ ਹੈ ਪਰ, ਉਜ਼ਰ ਨਹੀਂ ਕੁਝ ਚਾਰਾ।
ਲੜਕੇ! ਧਰਮ ਛੋਡ ਇਮਾਨ ਪਕੜ, ਫਿਰ ਹੋਵੀ ਤੁਝ ਛੁਟਕਾਰਾ। ੧੩੩।

ਫਿਰ ਫ਼ੁਰਮਾਇਆ ਖ਼ਾਨ ਬਹਾਦਰ, ਇਸ ਲੜਕੇ ਦੇ ਤਾਈਂ।
ਅਈਯਾ[6] ਤੇ ਫਲੌਰੀ[7] ਫ਼ਰਜ਼ੰਦ ਹਮਾਰੇ, ਤੂੰ ਭੀ ਫ਼ਰਜ਼ੰਦ ਸਦਾਈਂ।
ਕਈ ਬੇਗਮਾਂ ਡੋਲੇ ਦੇਨਾਂ, ਖੇਡੀਂ ਸ਼ਿਕਾਰ ਸੁਬਾਈਂ।
ਲੜਕੇ ਹੁਕਮ ਸ਼ਰ੍ਹਾ ਦਾ ਕਰ ਕਬੂਲਿ, ਕਿਉਂ ਦੇਨੈਂ ਜਾਨ ਅਜਾਈਂ। ੧੩੪।

---

1. ਸੂਰਜ।
2. ਫ਼ੁਰਮਾਇਆ ਹੋਇਆ, ਕਿਹਾ ਹੋਇਆ ਹੁਕਮ।
3. ਲਿਬੜਿਆ ਹੋਇਆ।
4. ਅਜ਼ਮਾਇਆ ਹੋਇਆ।
5. ਸੁਲ੍ਹਾ, ਪ੍ਰੇਮ ਦੀ ਗੱਲ।
6. ਜਾਹੀਯਾ ਖ਼ਾਨ।
7. ਮਿਰਜ਼ਾ ਫਿਲੌਰੀ, ਜ਼ਕਰੀਆ ਖ਼ਾਨ ਦਾ ਛੋਟਾ ਪੁੱਤ੍ਰ ਹਯਾਤੁੱਲਾ ਖ਼ਾਨ। ਫਿਲੌਰੀ ਇਸ ਦੀ ਅੱਲ ਸੀ। ਇਸ ਨੂੰ ਨਾਦਰ ਸ਼ਾਹ ਈਰਾਨੀ ਵੱਲੋਂ 'ਸ਼ਾਹ ਨਿਵਾਜ਼ ਖ਼ਾਨ' ਦਾ ਖ਼ਿਤਾਬ ਮਿਲਿਆ ਅਤੇ ਇਤਿਹਾਸ ਵਿਚ ਇਹ ਇਸ ਖ਼ਿਤਾਬ ਵਾਲੇ ਨਾਮ ਨਾਲ ਪ੍ਰਸਿੱਧ ਹੈ।

ਬਾਰਾਂ ਬਰਸਾਂ ਦੇ ਲੜਕੇ ਨੇ, ਇਕ ਮਸਲਾ ਆਖ ਸੁਣਾਇਆ।
ਅਬੂ ਤਾਲਬ[1] ਚਾਚਾ ਹਜ਼ਰਤ ਦਾ ਜਿਸ ਜੁੱਸਾ ਸਭ ਚਟਾਇਆ।
ਨਾ ਚੱਟ ਤਲੀਆਂ ਨਬੀ ਰਸੂਲਾ, ਹੁਕਮ ਹਜ਼ੂਰੋਂ ਆਇਆ।
ਧਰਮ ਖਜ਼ਾਨਾ ਵਿਚ ਕੋਠੜੀ, ਬੂਹੇ ਕੁਫਲ ਚੜ੍ਹਾਇਆ।
ਨਵਾਬ ਜੀ ਵਿਚ ਕੁਰਾਨ ਆਇਤ ਆਹੀ,
ਨਾਲ ਹਦਾਹੀ[2] ਬੁਝ ਖ਼ੁਦਾਇਆ। ੧੩੫।
ਖ਼ਾਨ ਬਹਾਦਰ ਕਹਿੰਦਾ ਲੜਕੇ ਨੂੰ, ਤੂੰ ਆਖ ਹਕੀਕਤ ਮੈਨੂੰ।
ਨਾ ਕਰੇਂ ਕਬੂਲ ਤੂੰ ਹੁਕਮ ਸ਼ਰ੍ਹਾ ਦਾ, ਕਤਲ ਕਰਾਂਗੇ ਤੈਨੂੰ।
ਜੇ ਮਰ ਜਾਸੇਂ ਦੁਨੀਆਂ ਥੀਂ ਫਿਰ ਮਾਉਂ ਵੇਖਸੀ ਕੈਨੂੰ।
ਤੇਰੇ ਮਾਤ ਪਿਤਾ ਦੋਵੇਂ ਮਰ ਜਾਸਨ, ਪਏ ਮਰਸਨ ਵਿਚ ਨੈਨੂੰ। ੧੩੬।
ਨਵਾਬ ਜੀ ਮਾਤ ਪਿਤਾ ਦੀ ਹਿਰਸ ਨਾ ਮੈਨੂੰ,
ਕਾਦਰ ਨੇ ਆਪ ਉਪਾਇਆ।
ਇਕ ਪਾਣੀ ਦੇ ਕਤਰੇ ਥੀਂ ਕਰ ਬੁੱਤ ਸਬੂਤ ਵਿਖਾਇਆ।
ਉਸ ਜਾਨ ਇਮਾਨ ਰੱਖੀ ਵਿਚ ਆਪਣੀ, ਆਦਮ ਕਰ ਦਿਖਲਾਇਆ।
ਨਵਾਬ ਜੀ ਜਾਂ ਅਮਾਨ ਖਾਵੰਦ ਨੇ ਮੰਗੀ, ਹੁਕਮ ਹਜ਼ੂਰੋਂ ਆਇਆ। ੧੩੭।
ਫਿਰ ਫ਼ੁਰਮਾਇਆ ਖ਼ਾਨ ਬਹਾਦਰ, ਕੀਤੀ ਬਹੁ ਦਿਲਦਾਰੀ।
ਜੇ ਹੋਵੇਂ ਲੜਕੇ ਮੁੱਸਲਮਾਨ, ਖ਼ਲਾਸੀ ਹੋਇ ਤੁਮਾਰੀ।
ਹਾਥੀ ਘੋੜੇ ਬਖਸ਼ਾਂ ਤੈਨੂੰ, ਮਨਸਬ ਫ਼ਤਹਿ ਹਜ਼ਾਰੀ।
ਖ਼ਾਨ ਬਹਾਦਰ ਕਹੇ ਹਕੀਕਤ ਨੂੰ, ਤੂੰ ਮੇਰਾ ਇਤਬਾਰੀ। ੧੩੮।
ਨਵਾਬ ਜੀ, ਇਸ ਦੌਲਤ ਦਾ ਕਿਆ ਭਰਵਾਸਾ,
ਦੁਨੀਆ ਖ਼ਾਬ ਪਸਾਰਾ।
ਸਭ ਖ਼ਾਬੀ[3] ਹਾਥੀ ਘੋੜੇ ਨੀ, ਸਭਿ ਖ਼ਾਬੀ ਜ਼ਰ ਅੰਬਾਰਾ।
ਸਭ ਖ਼ਾਬੀ ਬਹੁ ਹੁਕਮ ਕਰਨ, ਸਭ ਖ਼ਾਬੀ ਸ਼ਹਿਰ ਬਜ਼ਾਰਾ।
ਨਵਾਬ ਜੀ ਏਹ ਦੁਨੀਆ ਸਭ ਖ਼ਾਬ ਹੈ,
ਕਿਉਂ ਜਨਮ ਧਰਮ ਨੌਂ ਹਾਰਾ। ੧੩੯।
ਖ਼ਾਨ ਬਹਾਦਰ ਕਹੈ ਹਕੀਕਤ ਨੂੰ, ਪਰ ਤੂੰ ਤਾਂ ਸਮਝ ਕਦਾਈਂ।
ਕਰਾਂ ਇਹ ਹੁਕਮ ਸ਼ਰੀਅਤ ਦੇ, ਚਉਰੇ ਮੈਂ ਕਤਲ ਕਰਾਈਂ।
ਤੂੰ ਬਾਰ ਬਾਰ ਜਬਾਬ ਕਰੇਂ, ਮੈਂ ਦਿਲ ਤੇ ਸਹਿੰਦਾ ਜਾਈਂ।
ਹੁਣ ਹੁਕਮ ਕਤਲ ਦਾ ਹੁੰਦਾ ਈ, ਜਾ ਕਲਮਾ ਪੜ੍ਹ ਦਿਲ ਤਾਈਂ। ੧੪੦।

---

1. ਅਬੂ ਤਾਲਬ, ਹਜ਼ਰਤ ਅਲੀ ਦਾ ਪਿਤਾ ਤੇ ਹਜ਼ਰਤ ਮੁਹੰਮਦ ਸਾਹਿਬ ਦਾ ਚਾਚਾ।
2. ਹਦੀਸਾਂ ਨਾਲ।
3. ਸੁਫਨੇ ਦੇ ਲਿਆਈ।

ਹਕੀਕਤ ਕਹਿੰਦਾ ਸੁਣ ਨਵਾਬ, ਜੋ ਮਸਤਕਿ ਲਿਖਿਆ ਸਾਈਂ।
ਜੋ ਹੋਣੀ ਸੋ ਹੋਵੇਗੀ, ਤਕਦੀਰ ਭੀ ਮਿਟਦੀ ਨਾਹੀਂ।
ਜਾਤ ਬਚਾ ਹਰ ਹਾਸ਼ਮ ਕਾਸਮ, ਛਡ ਦੁਨੀਆਂ ਗਏ ਇਥਾਈਂ।
ਹਸਨ ਹੁਸੈਨ ਮੁਏ ਕਰਬਲਾਇ, ਆਬ ਆਬ ਰੋਂਦਾਈਂ। ੧੪੧।

ਖਾਨ ਬਹਾਦਰ ਕਹੇ ਹਕੀਕਤ ਨੂੰ, ਤੂੰ ਛੋਡੀਂ ਜੇਹਲ ਗੁਮਾਨੀ[1]।
ਤੈਨੂੰ ਰੂਇ ਸਰ੍ਹਾ[2] ਦੇ ਕਤਲ ਕਰਨਗੇ, ਨਲਾ ਰਹਿਸੀ ਖੋਜ ਨਿਸ਼ਾਨੀ।
ਜੇ ਜੀਵਨ ਤੂੰ ਚਾਹੇਂ ਆਪਣਾ, ਕਲਮਾਂ ਪੜ੍ਹੀਂ ਜ਼ਬਾਨੀ।
ਲੜਕੇ, ਹੁਣ ਹੁਕਮ ਕਤਲ ਦਾ ਹੋਂਦਾ ਈ,
ਪਰ ਇਹ ਗੱਲ ਦਿਲ ਵਿਚ ਜਾਨੀਂ। ੧੪੨।

ਹਕੀਕਤ ਕਹਿੰਦਾ ਸੁਣ ਮੁਗਲਾ, ਕਿਛ ਕਰ ਲੈ ਆਪਣਾ ਹੀਲਾ।
ਜਾਂ ਸਾਹਿਬ ਆਇ ਬਹੁਗ ਅਦਾਲਤ, ਹੋਵੀਗਾ ਰੰਗ ਪੀਲਾ।
ਖਸ ਖਸ ਦੇ ਦਾਨੇ ਦਾ ਲੇਖਾ ਲਈਉਗ, ਨਾ ਕੋ ਵਿਚ ਵਸੀਲਾ।
ਮੁਗਲਾ ਅਮਲਾਂ ਉੱਪਰ ਹੋਗ ਨਬੇੜਾ, ਪਾਸੇ ਰਹਿਗੁ ਕਬੀਲਾ। ੧੪੩।

ਕਰ ਮੇਹਰਬਾਨਗੀ ਖ਼ਾਨ ਬਹਾਦਰ, ਕੀਤਾ ਬਹੁਤ ਦਿਲਾਸਾ।
ਕੰਜਰੀਆਂ ਤੇ ਨਕਲਾਂ ਦਾ ਤੂੰ, ਵੇਖੀ ਰੋਜ਼ ਤਮਾਸ਼ਾ।
ਵਿਚ ਪਾਲਕੀ ਬੈਠ ਅੰਬਾਰੀ, ਪਹਿਨੀ ਮਖ਼ਮਲ ਖਾਸਾ।
ਲੜਕੇ ਹੁਕਮ ਸ਼ਰ੍ਹਾ ਦਾ ਕਰ ਕਬੂਲ, ਵਿਚ ਬਹਿਸ਼ਤੀਂ ਪਾਵੇਂ ਵਾਸਾ। ੧੪੪।
ਨਵਾਬ ਜੀ, ਕਿਆ ਕੁਟੰਬ ਬੰਦਾ ਖ਼ਾਕੀ, ਤੇ ਕਿਆ ਬੰਦੇ ਦਾ ਵਾਸਾ।
ਮੁਨਿਆਦ ਬੰਦੇ ਦੀ ਇਤਨੀ ਹੈ, ਜਿਉਂ ਪਾਨੀ ਵਿਚ ਪਤਾਸਾ।
ਕੂੜ ਪਾਲਕੀ ਕੂੜ ਅੰਬਾਰੀ, ਝੂਠਾ ਸਭ ਤਮਾਸ਼ਾ।
ਨਵਾਬ ਜੀ ਕਿਸ ਗੱਲ ਤੇ ਧੀਰਜ ਧਰੀਏ, ਵਿਚ ਅੰਦਰ ਭੌਰ ਉਦਾਸਾ। ੧੪੫।

ਫ਼ਿਕਰ ਜੋ ਕੀਤਾ ਖ਼ਾਨ ਬਹਾਦਰ, ਕਿਆ ਕਰੀਏ ਤਦਬੀਰਾਂ।
ਇਹ ਲੜਕਾ ਸੁਖਨ ਜੋ ਕਹਿੰਦਾ ਹੈ,
ਅੰਦਰ ਥੀਂ ਲਾਇਕ ਕੋਲ ਵਜ਼ੀਰਾਂ।
ਸ਼ਰ੍ਹਾ ਦੀ ਹਾਣਤ ਡਾਢੀ ਹੈ, ਨਾ ਛੱਡਨਿ ਪੀਰ ਫ਼ਕੀਰਾਂ।
ਲੜਕੇ ਦੀਨ ਨਬੀ ਦਾ ਕਰ ਕਬੂਲ, ਦਿਲ ਦੂਰ ਕਰੀਂ ਦਿਲਗੀਰਾਂ। ੧੪੬।
ਹਕੀਕਤ ਕਹਿੰਦਾ ਸੁਣ ਨਵਾਬ, ਮੈਂ ਸੱਚਾ ਸੁੱਖਨ ਸੁਣਾਈ।
ਜੀਵਣ ਮਰਣ ਦੀ ਲਿਖ ਦੇ ਜਾਮਣ, ਤਾਂ ਮੈਂ ਧਰਮ ਗਵਾਈ।
ਜੇ ਦੋਵੇਂ ਫ਼ਿਰਕੇ ਮਰ ਜਾਸਨ, ਤਾਂ ਮੈਂ ਕਿਉਂ ਕਰਿ ਧਰਮ ਗਵਾਈ।

---

1. ਜਹਾਲਤ ਦੇ ਖ਼ਿਆਲ।
2. ਇਸਲਾਮੀ ਸ਼ਰ੍ਹਾ ਦੇ ਹੁਕਮ ਅਨੁਸਾਰ।

ਨਵਾਬ ਜੀ, ਜੋ ਖ਼ਲਕਤ ਹੈ ਪੈਦਾ ਹੋਈ,
ਪਰ ਸਭਿ ਛਡਿ ਜਾਸਨ ਜਾਈ[1] ।੧੪੭।
ਅੱਕ ਗਿਆ ਫਿਰ ਖ਼ਾਨ ਬਹਾਦਰ, ਮੁਹਿੰ ਥੀਂ ਇਹ ਫ਼ੁਰਮਾਵੇ ।
ਜਾਇ ਦੇਹੁ ਸਜ਼ਾਈਂ ਹਿੰਦੂ ਨੂੰ, ਮੱਤ ਦੀਨ ਮਜ਼੍ਹਬ ਵਲ ਆਵੇ ।
ਕਲਮਾ ਲੜਕਾ ਪੜ੍ਹੇ ਜ਼ਬਾਨੋਂ, ਸ਼ਰਤਾਂ ਆਪ ਕਰਾਵੇ ।
ਜੇ ਸਰ੍ਹਾ ਦੇ ਉੱਪਰ ਕਾਇਮ ਹੋਵੇ, ਵੱਡਾ ਮਰਾਤਬਾ ਪਾਵੇ ।੧੪੮।
ਥੱਪੋ ਨੇ ਹਕੀਕਤ ਰਾ ਨੂੰ, ਫਿਰ ਨਾਲ ਥੰਮ੍ਹ ਦੇ ਕੜਿਆ ।
ਚੋਭਾਂ ਦੇਵਣ ਨਾਲ ਕਰਦ ਦੇ, ਕੋਟੜਿਆਂ ਮੂਹੁ ਧਰਿਆ ।
ਤੋਬਾ ਤੋਬ ਨਾ ਖੋਲ੍ਹੇ ਮੂੰਹ ਥੀਂ, ਨਾ ਸਵਾਲ ਰੱਬ ਦਾ ਕਰਿਆ ।
ਕਹੁ ਜੀ ਧੰਨ ਹਕੀਕਤ ਦਾ ਹੀਆ, ਜਿਸ ਦੁੱਖ ਹੱਡਾਂ ਵਿਚ ਜਰਿਆ ।੧੪੯।
ਜਿਉਂ ਹੋਣੀ ਵਰਤੀ ਪ੍ਰਹਿਲਾਦ[2] ਭਗਤ ਨੂੰ ਖੂਹੇ ਦੇ ਵਿਚ ਬਹਾਇਆ ।
ਜਾਂ ਫੇਰ ਭਗਤ ਨੂੰ ਚਾੜ੍ਹ ਗਵਰਧਨ[3], ਨੀਚੇ ਰਾਇ ਰੁੜ੍ਹਾਇਆ ।
ਫੇਰ ਭਗਤ ਨੂੰ ਤੱਤੀ ਤਾਈਂ, ਆਤਸ਼ ਦੇ ਵਿਚ ਪਾਇਆ ।
ਫੇਰ ਹਰਨਾਖਸ਼ ਬੱਧਾ ਨਾਲ ਥੰਮ ਦੇ, ਕੋਟੜਿਆਂ ਮੂਹੁ ਧਾਇਆ ।੧੫੦।
ਨਰਸਿੰਘ ਰੂਪ ਅਉਤਾਰ ਧਾਰ ਕੇ, ਆਪਣਾ ਭਗਤ ਛੁਡਾਇਆ ।
ਤਿਉਂ ਹੋਣੀ ਵਰਤੀ ਹਕੀਕਤ ਨੂੰ, ਜਿਸ ਧਰਮ ਛੇਦ ਨਹੀਂ ਪਾਇਆ ।
ਜਿਉਂ ਯੂਸਫ਼[4] ਜਿਹਾ ਪੈਕੰਬਰ ਸੀ, ਉਹ ਹਾਦੀਸਾਂ[5] ਮੇਂ ਆਇਆ ।
ਪਹਿਲਾਂ ਭਾਈਆਂ ਮਾਰ ਮਾਰ ਕੇ, ਖੂਹੇ ਦੇ ਵਿਚ ਪਾਇਆ ।੧੫੧।

---

1. ਇਹ ਅਸਥਾਨ, ਇਹ ਦੁਨੀਆ, ਇਹ ਸ਼ਿੰਗਾਰ ।
2. ਇੱਕ ਪੁਰਾਤਨ ਹਿੰਦੂ ਭਗਤ, ਹਿਰਨੱਜਕਸ਼ਿਪ (ਹਰਨਾਖਸ) ਦਾ ਪੁੱਤ੍ਰ । ਪ੍ਰਹਿਲਾਦ ਛੋਟੀ ਅਵਸਥਾ ਵਿਚ ਹੀ ਵਿਸ਼ਨੂੰ ਦਾ ਭਗਤ ਹੋ ਗਿਆ ਸੀ, ਜਿਸ ਕਰਕੇ ਉਸ ਦੇ ਪਿਤਾ ਹਰਨਾਖਸ ਨੇ ਨਾਰਾਜ਼ ਹੋ ਕੇ ਉਸ ਨੂੰ ਮਾਰ ਦੇਣ ਦਾ ਹੁਕਮ ਦੇ ਦਿੱਤਾ । ਇੱਥੇ ਉਨ੍ਹਾਂ ਤਰੀਕਿਆਂ ਤੇ ਤਸੀਹਿਆਂ ਵੱਲ ਇਸ਼ਾਰਾ ਹੈ, ਜੋ ਪ੍ਰਹਿਲਾਦ ਨੂੰ ਡਰਾ ਕੇ ਧਰਮੋਂ ਡੇਗਣ ਯਾ ਅੰਤ ਮਾਰ ਦੇਣ ਲਈ ਵਰਤੇ ਗਏ ਸਨ, ਪਰ ਪ੍ਰਹਿਲਾਦ ਦੀ ਦ੍ਰਿੜ੍ਹਤਾ ਪੁਰ ਇਨ੍ਹਾਂ ਦਾ ਕੋਈ ਅਸਰ ਨਾ ਹੋਇਆ । ਪੁਰਾਣਿਕ ਕਥਾ ਅਨੁਸਾਰ ਅੰਤ ਵਿਸ਼ਨੂੰ ਨੇ ਨਰਸਿੰਘ ਅਵਤਾਰ ਧਾਰ ਕੇ ਉਸ ਦੀ ਖ਼ਲਾਸੀ ਕੀਤੀ ਤੇ ਉਸ ਦੇ ਪਿਤਾ ਹਰਨਾਖਸ ਨੂੰ ਦੰਡ ਦਿੱਤਾ ।
3. ਪਹਾੜ ।
4. ਯਾਕੂਬ ਦਾ ਪੁੱਤ੍ਰ ਤੇ ਇਬਰਾਹੀਮ ਦਾ ਪੜੋਤਾ । ਭਰਾਵਾਂ ਨੇ ਇਸ ਨੂੰ ਖੂਹ ਵਿਚ ਸੁੱਟ ਦਿੱਤਾ, ਜਿੱਥੋਂ ਇੱਕ ਵਪਾਰੀ ਟੋਲਾ ਇਸ ਨੂੰ ਮਿਸਰ ਲੈ ਗਿਆ ਤੇ ਕਿਤਫ਼ੀਰ ਨਾਮੀ ਧਨੀ ਪਾਸ ਗ਼ੁਲਾਮ ਵੇਚ ਦਿੱਤਾ, ਪਰ ਚੂੰਕਿ ਉਸ ਨੇ ਕਿਤਫ਼ੀਰ ਦੀ ਇਸਤਰੀ ਦੀ ਅਜੋਗ ਸੰਬੰਧ ਲਈ ਗੱਲ ਨਾ ਮੰਨੀ, ਇਸ ਲਈ ਉਸ ਨੇ ਤੁਹਮਤ ਲਾ ਕੇ ਇਸ ਨੂੰ ਕੈਦ ਕਰਵਾ ਦਿੱਤਾ । ਬਾਦਸ਼ਾਹ ਦੇ ਇੱਕ ਸੁਫਨੇ ਦਾ ਫਲ ਠੀਕ ਦੱਸਣ ਕਰਕੇ ਰਿਹਾ ਕੀਤਾ ਗਿਆ ਤੇ ਅਹਿਲਕਾਰ ਥਾਪਿਆ ਗਿਆ । ਇਸ ਦੇ ਭਾਈ ਜਦ ਮਿਸਰ ਗਏ, ਤਾਂ ਇਸ ਨੇ ਉਨ੍ਹਾਂ ਦੀ ਸਹਾਇਤਾ ਕੀਤੀ ਤੇ ਕਸੂਰ ਮੁਆਫ਼ ਕਰ ਦਿੱਤਾ ।
5. ਹਜ਼ਰਤ ਮੁਹੰਮਦ ਸਾਹਿਬ ਦੇ ਕਥਨ, ਯਾ ਉਹ ਪੁਸਤਕਾਂ ਜਿਨ੍ਹਾਂ ਵਿਚ ਹਜ਼ਰਤ ਸਾਹਿਬ ਦੇ ਕਥਨ ਦਰਜ ਹਨ ।

ਫਿਰ ਜਾਇ ਬਜ਼ਾਰ ਗੁਲਾਮ ਵਿਕਾਵਣ, ਮੁੱਲ ਦਲਾਲਾਂ ਪਾਇਆ।
ਫੇਰ ਜ਼ੁਲੈਖਾਂ ਤੁਹਮਤ ਦੇ ਕੇ, ਬੰਦੀ ਵਿਚ ਰਖਾਇਆ।
ਨਾ ਦਾਦ ਫਰਿਆਦ ਕਿਸੇ ਦੀ, ਯੂਸਫ਼ ਭੁੱਖਾਂ ਨਾਲ ਸੁਕਾਇਆ।
ਤਿਉਂ ਹੋਣੀ ਵਰਤੀ ਹਕੀਕਤ ਨੂੰ, ਜਿਸ ਧਰਮ ਛੇਦ ਨਹੀਂ ਪਾਇਆ। ੧੫੨।
ਲਾਚਾਰ ਹੋਇ ਕੇ ਖਾਨ ਬਹਾਦਰ, ਕੌਰਾਂ ਨੂੰ ਸਦਵਾਇਆ।
ਕਹੁ ਜੀ ਬੁੱਢੀਏ ਇਸ ਪੁੱਤਰ ਨੂੰ, ਹੁਣ ਕਤਲ ਹੋਣ ਪਰ ਆਇਆ।
ਹੁਣ ਹੁਕਮ ਕਤਲ ਦਾ ਹੁੰਦਾ ਹਈ, ਨਾ ਹਟਸੀ ਫੇਰ ਹਟਾਇਆ।
ਜੇ ਪੁੱਤਰ ਲੋੜੇ ਜੀਂਵਦਾ, ਮਨਾਇ ਸ਼ਰ੍ਹਾ ਦਾ ਸਾਇਆ। ੧੫੩।
ਕੌਰਾਂ ਆਖੇ ਸੁਣ ਬੱਚਾ, ਰੱਬ ਕਿਵੇਂ ਜੀਵਦਿਆਂ ਰੱਖੀਂ।
ਮੁਸਲਮਾਨ ਤੂੰ ਹੋਇ ਹਕੀਕਤ, ਮੈਂ ਵੇਖ ਜੀਵਾਂਗੀ ਅੱਖੀਂ।
ਜੇ ਮਰ ਜਾਸੇਂ ਦੁਨੀਆਂ ਥੀਂ ਫਿਰ ਮੈਂ ਸੜ ਮਰਸਾਂ ਕੱਖੀਂ।
ਬਾਪ ਭੀ ਤੇਰਾ ਮਰ ਜਾਸੀ, ਵਿਹੁ ਖਾਸੀ ਮਹੁਰਾ ਚੱਖੀਂ। ੧੫੪।
ਕਿਸ ਕੀ ਮਾਤਾ ਤੂੰ ਬੁਢੀਏ ਨੀ, ਕਿਉਂ ਬੋਲੇਂ ਮੁਖ ਬਕਲਾਨੀ।
ਮੈਂ ਅਲਖ ਪੁਰਖ ਕਾ ਚੇਲਾ ਹਾਂ, ਵਿਚ ਬੋਲੇ ਅੰਤਰਜਾਮੀ।
ਜਬ ਦਾਂਤ ਨ ਥੇ ਤਬ ਦੂਧ ਦੀਆ, ਓਹ ਪਾਲਨਹਾਰ ਸੁਆਮੀ।
ਜਬ ਦਾਂਤ ਦੀਏ ਅਨਾਜ ਦੀਆ, ਹਮ ਮਾਤ ਪਿਤਾ ਨਹੀਂ ਜਾਨੀ। ੧੫੫।
ਮਾਤਾ ਆਖੇ ਸੁਨ ਬੱਚਾ, ਮੈਂ ਕਰਮ ਲਿਖਿਆ ਸੋ ਪਾਇਆ।
ਤੁਧ ਲੱਤਾਂ ਦਿੱਤੀਆਂ ਕੁਖ ਮੇਰੀ, ਦੁਖ ਦੇ ਕੇ ਬਾਹਰ ਆਇਆ।
ਹੁਣ ਗ਼ਮ ਦੀ ਤੇਗ ਕਲੇਜਾ ਕੱਟੇ, ਆਹੀਂ ਲੂਣ ਰਲਾਇਆ।
ਬੱਚਾ ਕਰਿ ਜੋ ਕਹਿਆ ਸੂਬੇ ਨੇ, ਤੂੰ ਬਚਨ ਮੰਨ ਮੇਰਾ ਭਾਇਆ। ੧੫੬।
ਹਕੀਕਤ ਕਹਿੰਦਾ ਮਾਤਾ ਨੂੰ ਕਿਉਂ ਬੋਲੇਂ ਬੋਲ ਜ਼ਬਾਨੀ।
ਤੂੰ ਆਪਣੇ ਮਤਲਬ ਹਮ ਕੋ ਜਾਇਆ, ਹਮ ਤੁਮ ਕਉ ਕਿਆ ਜਾਨੀ।
ਜਿਨ ਸਾਸ ਗਿਰਾਸ ਦੀਏ ਹੈਂ ਹਮ ਕੋ, ਉਹ ਹਰ ਘਟ ਕੂਚ ਮਕਾਨੀ।
ਮਾਤਾ ਕਿਉਂ ਕਰੇਂ ਇਤਨੀਆਂ ਬਾਤਾਂ, ਅਬ ਉਨ ਜਾ ਦੂਰ ਬਿਗਾਨੀ। ੧੫੭।
ਬੱਚਾ ਜੇ ਜਾਣਾਂ ਤੂੰ ਛਲਣ ਆਇਓ, ਕਿਉਂ ਛਲਿਆ ਈ ਮੈਨੂੰ।
ਮੇਰੀ ਛਾਤੀ ਬਲਣ ਅਲੰਬੇ, ਮੈਂ ਕੂਕ ਸੁਣਾਵਾਂ ਕੇਹਨੂੰ।
ਤੇਰੀ ਚੂੜੇ ਵਾਲੀ ਰਾਣੀ ਰੋਂਦੀ, ਦੁਖ ਪਏ ਨੀ ਜੇਹਨੂੰ।
ਬੱਚਾ ਧਰਮ ਛੋੜ ਇਮਾਨ ਪਕੜ, ਮੈਂ ਵੇਖ ਜੀਵਾਂਗੀ ਤੈਨੂੰ। ੧੫੮।
ਹਕੀਕਤ ਕਹਿੰਦਾ ਮਾਤਾ ਨੂੰ, ਕਿਉਂ ਝੂਠੇ ਬੰਨ੍ਹੇ ਦਾਵੇ।
ਮਾਤਾ ਸਭ ਕਿਛ ਦੁਨੀਆਂ ਦਾ ਸੁਫਨਾ ਈ, ਜਿਉਂ ਜਾਗੇ ਤੇ ਪਛਤਾਵੇ।
ਕਈ ਜੋਨ ਭੋਗ ਕੇ ਜਨਮ ਲਿਆ, ਫਿਰ ਧਰਮ ਇਹ ਹੱਥ ਨਾ ਆਵੇ।
ਮਾਤਾ, ਧਰਮ ਰਾਇ ਜਬ ਲੇਖਾ ਮੰਗੇ, ਉਥੇ ਕੌਣ ਛੁਡਾਵੇ। ੧੫੯।

ਦੂਜੀ ਵਾਰੀ ਮਾਤਾ ਨੇ, ਫਿਰ ਗਲ ਵਿਚ ਪੱਲਾ ਪਾਇਆ।
ਮੱਥਾ ਪਿਟ ਪਿਟ ਨੀਲਾ ਕੀਤਾ, ਅੱਖੀਂ ਨੀਰ ਚਲਾਇਆ।
ਵਿਚ ਕਚਹਿਰੀ ਹੋਇ ਬਾਵਰੀ, ਉੱਚਾ ਕੂਕ ਸੁਣਾਇਆ।
ਵੇ ਲੋਕਾ! ਮੈਂ ਦੁੱਖੀਂ ਪਿੱਪਲ ਪਾਲਿਆ ਸੀ,
ਚੁਲੀਏਂ ਸੀ ਪਾਣੀ ਪਾਇਆ। ੧੬੦।

ਹਕੀਕਤ ਕਹਿੰਦਾ ਮਾਤਾ ਨੂੰ, ਤੂੰ ਨਾ ਰੋ ਜਗਤ-ਦੀਵਾਨੀ[1]।
ਇਹ ਮਾਤਾ ਕਿਸੇ ਦਾ ਪਿਤਾ ਨਹੀਂ, ਨਾ ਪੁੱਤਰ ਜਗਤ ਨਿਸ਼ਾਨੀ।
ਇਹ ਰਾਤ ਰਹਿਣ ਨੂੰ ਆਇਆ ਸੀ, ਫਿਰ ਹੋ ਬੈਠਾ ਅਭਿਮਾਨੀ।
ਮਾਤਾ, ਮਰਨ ਪੁੱਤਰ ਤੇ ਜੀਵਣ ਮਾਪੇ, ਕਲਿਜੁਗ ਵਰਤਿਆ ਜਾਨੀਂ। ੧੬੧।

ਮਾਤਾ ਕੌਰਾਂ ਰੁਦਨ ਜੋ ਕੀਤਾ, ਮਾਰਿਆ ਆਹਿ ਦਾ ਨਾਅਰਾ।
ਬੱਚਾ ਕੱਲ ਜੋ ਕਹਿਆ ਸੂਬੇ ਨੇ, ਤੂੰ ਮੰਨੀ ਬਚਨ ਹਮਾਰਾ।
ਕਰੇਂ ਅਸਵਾਰੀ ਫ਼ੀਲ ਪਾਲਕੀ, ਅੱਗੇ ਭੱਟ ਪੁਕਾਰਾ।
ਬੱਚਾ ਪਿੱਛੇ ਫ਼ੌਜਾਂ ਕਟਕ ਚੜਨਗੇ, ਸੁਤਰੀ ਵੱਜੇ ਨਗਾਰਾ[2]। ੧੬੨।

ਹਕੀਕਤ ਕਹਿੰਦਾ ਮਾਤਾ ਨੂੰ, ਪਰ ਤੈਨੂੰ ਮੱਤ ਨਾ ਕਾਈ।
ਮਾਤਾ ਕੂੜ ਨਗਾਰੇ ਫ਼ੀਲ ਪਾਲਕੀ, ਸੰਗ ਨਾ ਕਿਸੇ ਜਾਈ।
ਡਾਢੇ ਦੀ ਅਮਾਨ ਰੱਖੀ ਤੇ ਵਿਚ ਬਾਸਨ ਦੇ ਪਾਈ।
ਮਾਤਾ ਭਾਂਡਾ ਆਪਣਾ ਸੰਭਾਲ ਰੱਖ,
ਕਿਉਂ ਰੱਖਣੀ ਹੈ ਵਸਤ ਪਰਾਈ। ੧੬੩।

ਬੱਚਾ ਜਿਸ ਵੇਲੇ ਤੂੰ ਜਾਨ ਭੀ ਦੇਸੇਂ, ਮੈਂ ਭੀ ਨਾਲ ਮਰਾਂਗੀ।
ਛਾਲ ਮਾਰ ਚਿਖਾ ਵਿਚ ਪਊਸਾ, ਤੇਰੇ ਨਾਲ ਸੜਾਂਗੀ।
ਗਲ ਵਿਚ ਜੱਫੀ ਪਾਇ ਲਿਆ, ਜਮ ਮਾਰਗ ਰਾਹ ਤੁਰਾਂਗੀ।
ਕਿਉਂ ਭੰਨਣਾ ਹੈਂ ਮਿਹਨਤ ਮੇਰੀ, ਫ਼ਰਿਆਦ ਹਜ਼ੂਰ ਕਰਾਂਗੀ। ੧੬੪।

ਮਾਤਾ ਸੁਣੀ ਹਕੀਕਤ ਅਰਜਨ ਦੀ, ਜਿਉਂ ਦਰਦ ਪੂਤ ਕਰਿ ਝੜਿਆ।[3]
ਕਿਸੇ ਨਾ ਉਠਾਲ ਦਿਲਾਸਾ ਦਿੱਤਾ ਵਿਚ ਕਲਾਵੇ ਫੜਿਆ।
ਖ਼ਾਬ ਵਿਚ ਜਦ ਅਭਿਮਨੁ ਡਿੱਠਾ ਦਿਲ ਨੂੰ ਧੀਰਜ ਧਰਿਆ।
ਮਾਤਾ ਕਈ ਵਾਰ ਹਮ ਮਾਤ ਭਏ,
ਅਬ ਪੂਤ ਹਮੇਂ ਤੁਮ ਕਰਿਆ। ੧੬੫।

---

1. ਦੁਨਿਆਵੀ ਰਿਸ਼ਤਿਆਂ ਵਿਚ ਹੋਈ ਪਾਗਲ।
2. ਊਠਾਂ ਉੱਪਰ ਰੱਖੇ ਹੋਏ ਨਗਾਰੇ, ਜੋ ਫ਼ੌਜਾਂ ਦੀ ਚੜ੍ਹਾਈ ਵੇਲੇ ਵਜਾਏ ਜਾਂਦੇ ਹਨ।
3. ਇੱਥੇ ਮਹਾਂਭਾਰਤ ਦੇ ਯੁੱਧ ਵਿਚ ਅਰਜਨ ਦੇ ਪੁੱਤ੍ਰ ਅਭਿਮੰਨੂੰ ਦੇ ਮਰਨ ਵੇਲੇ ਵੱਲ ਇਸ਼ਾਰਾ ਹੈ, ਜਦ ਕਿ ਅਰਜਨ ਪਿਤਾ ਉਸ ਦੀ ਕੋਈ ਸਹਾਇਤਾ ਨਹੀਂ ਸੀ ਕਰ ਸਕਿਆ।

ਮਾਤਾ ਆਖੇ ਸੁਣ ਬੱਚਾ ਜੋ ਕਰਮ ਲਿਖਿਆ ਸੋ ਪਾਈਏ।
ਖ਼ਾਨ ਬਹਾਦਰ ਸਭ ਕੁਝ ਦੇਂਦਾ, ਜੇਕਰ ਜਨਮ ਵਟਾਈਏ।
ਹੁਕਮ ਕਰੇ ਫਿਰ ਬਸਤਰ ਪਹਿਰੇ, ਜੋ ਇੱਛਾ ਸੋ ਖਾਈਏ।
ਬੱਚਾ ਮਾਣ ਜਵਾਨੀ ਖੁਸ਼ੀਆਂ ਕਰ ਲੈ, ਵਤਿ ਨਾ ਦੁਨੀਆ ਆਈਏ। ੧੬੬।
ਹੱਥ ਬੰਨ੍ਹ ਕੇ ਅਰਜ਼ ਕਰੇ ਫਿਰ, ਹੋਇ ਕੇ ਖਰਾ ਨਿਮਾਣਾ।
ਮਾਤਾ ਬਖਸ਼ੀਂ ਮੈਨੂੰ ਬਤ੍ਰੀ ਧਾਰਾਂ, ਬਖਸ਼ੀਂ ਹੱਥ ਦਾ ਖਾਣਾ।
ਇਹ ਦੁਨੀਆਂ ਸਭ ਫ਼ਾਨੀ ਹੈ, ਪਰ ਅਕਸਰ ਓਥੇ ਜਾਣਾ।
ਮਾਤਾ ਰਾਜ਼ੀ ਹੋ ਕੇ ਰੁਖ਼ਸਤ ਕਰ, ਕਿਉਂ ਕਰਨੀ ਏਂ ਜ਼ੋਰ ਧਿਙਾਣਾ। ੧੬੭।
ਮਾਤਾ ਦੇ ਦਿਲ ਗਿਆਨ ਉਪਜਿਆ, ਰਾਮ ਰਾਮ ਕਰ ਬੋਲੇ।
ਇਹ ਮਹਾਂ ਪੁਰਖ ਹੈ ਭਗਤ ਰਾਮ ਦਾ, ਹਰਗਿਜ਼ ਜ਼ਰਾ ਨਾ ਡੋਲੇ।
ਇਸ ਪੁੱਤਰ ਦੀ ਕਰੀਏ ਸੇਵਾ, ਹੈ ਕੋਈ ਰਤਨ ਅਮੋਲੇ।
ਬੱਚਾ ਨਾਲ ਧਰਮ ਜਾਏ ਬੈਕੁੰਠੇ, ਲੈ ਲੈ ਠੰਢੇ ਝੋਲੇ। ੧੬੮।
ਕੌਰਾਂ ਆਖੇ ਸੂਬੇ ਨੂੰ ਅਦਾਲਤ ਨਾਹਿ ਕਰੇਂਗਾ।
ਅਜ਼ਰਾਈਲਾ[1] ਜ਼ਬਾਨ ਕਢੇਸੀ, ਨਾਲ ਅਜ਼ਾਬ ਮਰੇਂਗਾ।
ਮੂੰਹ ਸਿਰ ਉੱਪਰ ਗੁਰਜਾਂ ਮਾਰਨ, ਦੋਜ਼ਖ ਵਿਚ ਸੜੇਂਗਾ।
ਜਾਂ ਰੱਬ ਤੈਂ ਥੀਂ ਪੁੱਛੇ ਅਦਾਲਤ, ਕੀ ਜਵਾਬ ਕਰੇਂਗਾ। ੧੬੯।
ਸੂਰਤ ਸਿੰਘ ਜਵਾਬ ਜੁ ਕੀਤਾ, ਦੀਵਾਨ ਮੁਹੰਮਦ ਸ਼ਾਹੀ।
ਨਵਾਬ ਜੀ ਇਹ ਲੜਕਾ ਕੋਈ ਕੁਦਰਤ ਹੈ,
ਭੇਜਿਆ ਹੈ ਆਪ ਇਲਾਹੀ।
ਦਿੱਲੀ ਅੰਦਰ ਭੇਜ ਦਿਓ, ਕਿਉਂ ਲੈਂਦੇ ਓ ਰੋਇ ਸਿਆਹੀ[2]।
ਉਹ ਖ਼ਾਲਕ ਦਾ ਖ਼ਲੀਫ਼ਾ ਹੈ, ਲੈਸੀ ਹਜ਼ੂਰ ਬੁਲਾਈ। ੧੭੦।
ਖ਼ਾਨ ਬਹਾਦਰ ਆਖੇ ਸੂਰਤ ਸਿੰਘ ਨੂੰ, ਤੂੰ ਸੁਣਿ ਸ਼ਾਹਿ ਦਿਵਾਨਾ[3]।
ਮੈਂ ਆਪ ਸ਼ਰ੍ਹਾ ਦੀ ਕਰਾਂ ਅਦਾਲਤ, ਦਿੱਲੀ ਮੈਂ ਕਿਆ ਜਾਨਾ।
ਕਮਰ ਦੀਨ ਖ਼ਾਂ[4] ਸਾਲਾ ਮੇਰਾ, ਅਕਲ ਦਾ ਵੱਡਾ ਸਿਆਨਾ।
ਮੈਂ ਖ਼ੌਫ਼ ਕਿਸੇ ਦਾ ਰੱਖਦਾ ਨਾਹੀ, ਸ਼ਾਹਾਂ ਤੇ ਸੁਲਤਾਨਾਂ। ੧੭੧।

---

1. ਮੌਤ ਦਾ ਫ਼ਰਿਸ਼ਤਾ। ਇਸ ਨੂੰ ਮਲਕੁਲ-ਮੌਤ ਭੀ ਆਖਦੇ ਹਨ।
2. ਰੋਇ-ਮੂੰਹ, ਸਿਆਹੀ-ਕਾਲਖ, ਮੂੰਹ-ਕਾਲਖ। ਤੁਸੀਂ ਕਿਉਂ ਇਸ ਦੀ ਮੌਤ ਦਾ ਫ਼ਤਵਾ ਦੇ ਕੇ ਆਪਣਾ ਮੂੰਹ ਕਾਲਾ ਕਰਦੇ ਅਰਥਾਤ ਬਦਨਾਮੀ ਖਟਦੇ ਹੋ?
3. ਬਾਦਸ਼ਾਹੀ ਵਜ਼ੀਰ।
4. ਵਜ਼ੀਰ ਕਮਰੁ ਦੀਨ ਖਾਨ, ਇਤਮਾਦੁ-ਦੌਲਾ ਮੁਹੰਮਦ ਅਮੀਨ ਖ਼ਾਨ ਦਾ ਪੁੱਤਰ। ਇਹ ਅਹਿਮਦ ਸ਼ਾਹ ਦੁੱਰਾਨੀ ਦੇ ਪਹਿਲੇ ਹਮਲੇ ਵੇਲੇ ਸੰਨ 1748 ਈ. ਵਿਚ ਮਾਨੂਪੁਰ ਦੀ ਲੜਾਈ ਵਿਚ ਬਾਦਸ਼ਾਹ ਮੁਹੰਮਦ ਸ਼ਾਹ ਦੇ ਪੁੱਤਰ ਸ਼ਾਹਜ਼ਾਦਾ ਅਹਿਮਦ ਸ਼ਾਹ ਦੀ ਕਮਾਨ ਹੇਠ ਲੜਦਾ ਮਾਰਿਆ ਗਿਆ ਸੀ। ਲਾਹੌਰ ਦਾ ਹਾਕਮ ਮੀਰ ਮੰਨੂੰ (ਮੁਅਈਜ਼ੁਲ-ਮੁਲਕ ਮੁਅਈਜ਼ੁਨੱਦੀਨ) ਇਸੇ ਦਾ ਪੁੱਤ੍ਰ ਸੀ।

ਨਵਾਬ ਜੀ, ਇਸ ਦੌਲਤ ਦਾ ਕਿਆ ਭਰਵਾਸਾ,
ਦੁਨੀਆਂ ਹਿਰਸ ਹਵਾਈ।
ਤਖ਼ਤੋਂ ਸੁੱਟਿਆ ਸਿਲੇਮਾਨ, ਮਾਛੀ ਦੀ ਮਲੀ ਹਥਿਆਈ।
ਜ਼ਿਕ੍ਰੀਏ ਸਿਰ ਕਲਵੱਤ੍ਰ ਧਰਾਇਆ, ਉਜ਼ਰ ਨਾ ਕੀਤਾ ਜਾਈ।
ਹਜ਼ਰਤ ਦਾ ਦਮਾਦ ਉੱਠ ਤੇ ਕੜਿਆ, ਵੇਖਦਿਆਂ ਹੀ ਭਾਈ। ੧੭੨।
ਖ਼ਾਨ ਬਹਾਦਰ ਕਾਜ਼ੀ ਪਹਿ, ਭੇਜਿਆ ਸੂਰਤ ਸਿੰਘ ਦੇ ਤਾਈਂ।
ਮਾਕੂਲ ਕਰੋਂ[1] ਹਰਬਾਬ ਸ਼ਰ੍ਹਾ[2] ਦੇ, ਰਾਜ਼ੀ ਕਰੋ ਉਥਾਈਂ।
ਕਰਿ ਜਵਾਬ ਤੂੰ ਨਾਲ ਕਾਜ਼ੀ ਦੇ, ਲੜਕਾ ਕਿਵੇਂ ਛੁਡਾਈਂ।
ਦੀਵਾਨ ਜੀ ਤੂੰ ਅਕਲ ਦਾ ਵੱਡਾ ਸਿਆਣਾ, ਜ਼ੋਰ ਆਪਣਾ ਲਾਈਂ। ੧੭੩।
ਸੂਰਤ ਸਿੰਘ ਦੀਵਾਨ ਭੀ ਸ਼ਾਹੀ, ਚੱਲ ਕਾਜ਼ੀ ਦੇ ਆਇਆ।
ਬਗਲਗੀਰੀ ਉੱਠ ਕਾਜ਼ੀ ਕੀਤੀ, ਚਾਰੋਂ ਦਸਤ ਮਿਲਾਇਆ।
ਕਰ ਤਵਾਜਿਆ ਮੁੱਲਾਂ ਕਾਜ਼ੀ, ਆਪਣੇ ਪਾਸ ਬਿਠਾਇਆ।
ਖ਼ੈਰ ਅਫ਼ੀਯਤ[3] ਹਰ ਦੋ ਤਰਫ਼ੀਂ, ਮੁਖ ਥੀਂ ਸੁਖਨ ਬਤਾਇਆ। ੧੭੪।
ਸੂਰਤ ਸਿੰਘ ਕਾਜ਼ੀ ਨੂੰ ਆਖੇ, ਸਾਹਿਬ ਇਹ ਫ਼ੁਰਮਾਵੈ।
ਮਹਿਰੂਮ ਰਹੇ ਦੀਦਾਰ ਰੱਬ ਥੀਂ, ਜੋ ਕੋਈ ਖ਼ੂਨ ਕਰਾਵੈ।
ਜੋ ਸਵਾਲ ਰੱਬ ਦਾ ਮੰਨੇ ਨਾਹੀਂ, ਮਿਲਸਨ ਥੰਮ੍ਹ ਕਲਾਵੈ।
ਕਾਜ਼ੀ ਲੱਖ ਨਿਮਾਜ਼ਾਂ ਤੇ ਸੈ ਰੋਜ਼ੇ, ਜੋ ਕੋਈ ਬੰਦ ਛੁਡਾਵੈ। ੧੭੫।
ਕਾਜ਼ੀ ਆਖੇ ਸੂਰਤ ਸਿੰਘ ਨੂੰ, ਸਮਝ ਦੇਖ ਮਨ ਮਾਹੀਂ।
ਤੁਸਾਡਾ ਆਵਨ ਸਿਰ ਤੇ ਹੈ, ਕਦਮਾਂ ਪਰ ਦਸਤ ਲਗਾਹੀਂ।
ਜੇ ਸਿਰ ਮੰਗੋ ਤਾਂ ਹਾਜ਼ਰ ਹੈ, ਵੇਚੋ ਬਾਜ਼ਾਰ ਅਸਾਹੀਂ।
ਦੀਵਾਨ ਜੀ, ਵਿਚ ਸ਼ਰ੍ਹਾ ਦੇ ਰੱਖਣਾ ਪਉਂਦਾ,
ਹੁਕਮ ਭੀ ਫਿਰਦਾ ਨਾਹੀਂ। ੧੭੬।
ਸੂਰਤ ਸਿੰਘ ਕਾਜ਼ੀ ਨੂੰ ਆਖੇ, ਕਰ ਇਤਕਾਦ ਯਕੀਨਾ।
ਜੇ ਕਤਲ ਕਰੇ ਕੋਈ ਪੁੱਤਰ ਨੂੰ, ਫਿਰ ਫਟੀ ਕਲੇਜਾ ਸੀਨਾ।
ਏਸ ਵਿਛੋੜੇ ਯੂਸਫ਼ ਦੇ, ਹੋਇਆ ਯਾਕੂਬ ਨਬੀਨਾ[4]।
ਕਾਜ਼ੀ ਜ਼ਾਹਰ ਖ਼ੂਨ ਕਰੇਂ ਤੂੰ, ਦਿਲ ਵਿਚ ਸਾਹਿਬ ਹੀ ਪ੍ਰਬੀਨਾ। ੧੭੭।
ਕਾਜ਼ੀ ਆਖੇ ਸੂਰਤ ਸਿੰਘ ਨੂੰ, ਸੁਣ ਸ਼ਾਹੀ ਦੀਵਾਨਾ।
ਮੈਂ ਉਸ ਹੀ ਉੱਪਰ ਅਮਲ ਕਰਾਂ, ਜੋ ਲਿਖਿਆ ਵਿਚ ਕੁਰਾਨਾ।

1. ਮਨਾਓ।
2. ਅਰਬਾਬਿ-ਸ਼ਰ੍ਹਾ, ਸ਼ਰ੍ਹਾ ਵਾਲੇ ਮੁੱਲਾਂ ਕਾਜ਼ੀ ਆਦਿ।
3. ਸੁਖ ਅਨੰਦ।
4. ਅੰਨ੍ਹਾ।

ਜੇ ਫਿਕਾ[1] ਅੰਦਰ ਅਮਲ ਨਾ ਕਰਦੇ, ਨਹੀਂ ਮੁਸਲਮਾਨ, ਦਿਵਾਨਾ।
ਸਭਨਾਂ ਕਸਮ ਕੁਰਾਨ ਜੋ ਚੁੱਕੀ, ਕਿਉਂ ਹੋਈਐ ਬੇਈਮਾਨਾ। ੧੭੮।

ਅੱਠ ਦਿਹਾੜੇ ਜਬ ਗੁਜ਼ਰੇ, ਕਾਜ਼ੀ ਨੇ ਗਿਲਾ ਕਰਾਇਆ।
ਪੰਜ ਹਜ਼ਾਰ ਤੇ ਪੰਜ ਸੈ ਮੁੱਲਾਂ ਮੁਫ਼ਤੀ[2] ਕਾਜ਼ੀ ਲਿਆਇਆ।
ਆਇ ਕਚਹਿਰੀ ਸ਼ੋਰ ਕੀਤਿਓ ਨੇ, ਦਬ ਦਬਾਉ ਬਹੁ ਪਾਇਆ।
ਮੁਗਲਾ ਦੇਹ ਜਵਾਬ ਤੂੰ ਸ਼ਰ੍ਹਾ ਨਾ ਮੰਨੇਂ, ਸਭਨਾਂ ਮਰਨਾ ਆਇਆ। ੧੭੯।

ਖ਼ਾਨ ਬਹਾਦਰ ਕੰਬ ਗਿਆ, ਫਿਰ ਦਿਲ ਤੇ ਗੁੱਸਾ ਆਇਆ।
ਅਮੀਰ ਬੇਗ ਨੂੰ ਝਿੜਕ ਦਿੱਤੀ,
ਅਮੀਰਾਂ ਨੂੰ ਦੀਵਾਨਾਂ ਵੇਖ ਡਰਾਇਆ।
ਵਿਚ ਕਚਹਿਰੀ ਖ਼ੌਫ਼ ਪਿਆ, ਕੋਈ ਨੇੜੇ ਮੂਲ ਨਾ ਆਇਆ।
ਕਹੂ ਜੀ ਸੱਦ ਪਈ ਹਕੀਕਤ ਨੂੰ, ਫਿਰ ਮਾਰਨ ਨੂੰ ਮੰਗਵਾਇਆ। ੧੮੦।

ਚੋਬਦਾਰ ਦੇ ਚੇਲੇ ਦੌੜੇ, ਪਕੜ ਆਂਦੇ ਨੇ ਬਾਹੀਂ।
ਹੁਕਮ ਜੋ ਹੋਇਆ ਗਰਦਨ ਮਾਰੋ, ਢਿੱਲ ਕਰੋ ਭੀ ਨਾਹੀਂ।
ਚੇਲੇ ਪਕੜ ਲਿਆ ਫਿਰ ਗਰਦਨ ਥੀਂ, ਧੱਕੇ ਦੇਣ ਅਗਾਹੀਂ।
ਕਹੂ ਜੀ ਮਾਤਾ ਕੌਰਾਂ ਬੱਧਾ ਸੰਬਲਾ, ਪਿਤਾ ਜੋ ਮਾਰੇ ਧਾਹੀਂ। ੧੮੧।

ਪਕੜ ਲਿਆ ਬਾਹੋਂ ਚੇਲੇ ਨੇ, ਫਿਰ ਚੌਕ ਨਖਾਸ[3] ਭੀ ਆਏ।
ਹਿੰਦੂ ਮੁਸਲਮਾਨ ਸ਼ਹਿਰ ਦੇ, ਕਿਆ ਕੋਈ ਆਖ ਸੁਣਾਏ।
ਕੱਢ ਤਲਵਾਰੀ ਵਿਚ ਰਾਹ ਦੇ, ਚੇਲਾ ਚਮਕ ਡਰਾਏ।
ਲੜਕੇ ਹੁਕਮ ਸ਼ਰ੍ਹਾ ਦਾ ਕਰ ਕਬੂਲ, ਮੈਂ ਤੈਨੂੰ ਲਵਾਂ ਬਚਾਏ। ੧੮੨।

ਧਰਮੀ ਦਿਲ ਤੇ ਖ਼ੌਫ਼ ਨਾ ਰੱਖੇ, ਝਮਕੇ ਨਾਹੀਂ ਅੱਖੀਂ।
ਹਿੰਦੂ ਜੈ ਜੈ ਕਰਦੇ ਜਾਂਦੇ, ਲਾਜ ਧਰਮ ਦੀ ਰੱਖੀਂ।
ਦੁਨੀਆਂ ਦਾ ਜੀਵਣ ਝੂਠਾ ਈ, ਪਰ ਧਰਮ ਨਾ ਆਵੇ ਲੱਖੀਂ।
ਪਰ ਧਰਮ ਤੁੱਲ ਕੁਛ ਹੋਰ ਨਹੀਂ, ਕੁਛ ਦੇ ਲੈ ਆਪਣੀ ਹੱਥੀਂ। ੧੮੩।

ਹਕੀਕਤ ਰਾ ਮੁੱਖ ਬਚਨ ਜੋ ਕੀਤਾ, ਫਿਰਸੀ ਹੋਰ ਜ਼ਮਾਨਾ।
ਨਾ ਰਹੈ ਕਚਹਿਰੀ ਜ਼ਾਲਮ ਦੀ, ਨਾ ਰਹੇ ਅਮੀਰ ਦਿਵਾਨਾ।
ਕਾਜ਼ੀ ਮੁੱਲਾਂ ਕੋਈ ਨਾ ਰਹਿਸੀ, ਪੜ੍ਹ ਪੜ੍ਹਿ ਗਏ ਕੁਰਾਨਾ।
ਨਿਮਾਜ਼ ਵੀ ਰੋਜ਼ੇ ਕੋਈ ਨਾ ਰਖਸੀ, ਸਾਬਤ ਜਿਸ ਈਮਾਨਾ। ੧੮੪।

1. ਸ਼ਰ੍ਹਾ ਦੇ ਹੁਕਮ।
2. ਫ਼ਤਵਾ ਦੇਣ ਵਾਲਾ।
3. ਲਾਹੌਰ ਦਿੱਲੀ ਦਰਵਾਜ਼ੇ ਤੋ ਬਾਹਰ ਘੋੜਾ ਮੰਡੀ, ਜਿੱਥੇ ਹੁਣ ਸ਼ਹੀਦ ਗੰਜ ਗੁਰਦੁਆਰਾ ਹੈ।

ਸਤਿਰ ਬੀਬੀਆਂ ਸਭ ਛੱਡ ਜਾਸਨ, ਅਗਦ[1] ਭੀ ਨਾਲ ਗੁਲਾਮਾ।
ਹਕੀਕਤ ਕਹੇ ਖ਼ਾਲਸਾ ਹੋਇਆ, ਫਿਰ ਬੋਲਣ ਫਤਿਹ ਦਮਾਮਾ[2]। ੧੮੫।

ਮਾਤਾ ਕੌਰਾਂ ਆਹਿ ਜੁ ਮਾਰੀ, ਛੁੱਟੇ ਨੀਰ ਪਰਨਾਲੇ।
ਨਾ ਰਹਿਸੀ ਖ਼ਾਨ ਬਹਾਦਰ ਵੇ, ਨਾ ਰਹਿਣ ਅਦਾਲਤ ਵਾਲੇ।
ਕਾਜ਼ੀ ਮੁੱਲਾਂ ਦੋਜ਼ਖ ਪਊਸਨ, ਆਤਸ਼ ਪਿੰਡਾ ਜਾਲੇ[3]।
ਵੇ ਕੁਛ ਨਹੀਂ ਦੋਸ ਹਕੀਕਤ ਨੂੰ, ਮਰ ਜਾਸਨ ਮਾਰਨ ਵਾਲੇ। ੧੮੬।

ਚਾਲ ਚਲੇ ਮਸਤਾਨੀ ਅੱਗੇ, ਧਰਮ ਰੂਪ ਅਉਤਾਰੀ।
ਹੱਸ ਹਸ ਵੇਖੇ ਆਮ ਖ਼ਲਕ ਨੂੰ, ਕਰਦਾ ਬਹੁ ਦਿਲਦਾਰੀ।
ਮੈਨੂੰ ਤਲਬ ਹਜ਼ੂਰੋਂ ਆਈ ਹੈ ਭੇਜੀ ਗੁਰ ਅਵਤਾਰੀ[4]।
ਕਹੁ ਜੀ ਜੈ ਜੈ ਕਰਦੇ ਹਿੰਦੂ ਆਖਣ, ਸਦਕੇ ਸਤਿਗੁਰ ਵਾਰੀ[5]। ੧੮੭।

ਦੁਪਹਿਰ ਰੋਜ਼ ਦਾ ਗੁਜ਼ਰ ਗਿਆ, ਫਿਰ ਚੌਂਕ ਨਿਖਾਸ ਭੀ ਆਏ।
ਜਲ ਆਂਦਾ ਇਸ਼ਨਾਨ ਕਰਾਇਆ, ਮਸਤਕ ਪਰ ਤਿਲਕ ਚੜ੍ਹਾਏ।
ਜ਼ੇਵਰ ਬਸਤਰ ਸਭ ਉਤਰੇ, ਹੱਥੀਂ ਦਾਨ ਕਰਾਏ।
ਲੱਕ ਧੋਤੀ ਪੀਤੰਬਰ ਦੀ, ਸਤਿਗੁਰ ਵੱਲ ਧਿਆਨ ਲਗਾਏ। ੧੮੮।

ਚਾਰ ਘੜੀ ਫਿਰ ਸਤਿਗੁਰ ਸਿਮਰਿਆ[6],
ਸਿਰ ਪਰ ਚੀਰਾ ਧਰਿਆ।
ਅੱਖੀਂ ਲਾਲ ਗੁਲਾਲੇ ਹੋਈਆਂ, ਰੰਗ ਅਜਬ ਪ੍ਰੇਮ ਦਾ ਚੜ੍ਹਿਆ।
ਜੋ ਵੇਖੇ ਸੂਰਤ ਧਰਮੀ ਦੀ, ਅੰਦਰ ਆਹਿ ਦਾ ਭਰਿਆ।
ਕਹੁ ਜੀ ਲਿਸ਼ਕਨ ਤੇਗਾਂ ਤੇ ਤਲਵਾਰੀ, ਧਰਮੀ ਮੂਲ ਨਾ ਡਰਿਆ। ੧੮੯।

ਦੂਜਾ ਹੁਕਮ ਹਜ਼ੂਰੋਂ ਆਇਆ, ਚੋਬਦਾਰ ਫਿਰ ਆਇਆ।
ਆਇ ਕਿਹਾ ਚੇਲੇ ਦੇ ਤਾਈਂ, ਸੂਬੇ ਨੇ ਇਹ ਫ਼ੁਰਮਾਇਆ।
ਮਾਰ ਜਾਨ ਤੂੰ ਹਿੰਦੂ ਦੀ, ਤੂੰ ਇਤਨਾ ਕਿਉਂ ਚਿਰ ਲਾਇਆ।
ਚੇਲੇ ਖ਼ੌਫ ਰੱਬ ਦਾ ਦਿਲ ਵਿਚ ਕੀਤਾ, ਖੰਡਾ ਚਾਇ ਹਟਾਇਆ। ੧੯੦।

ਚੇਲਾ ਆਖੇ ਸ਼ਾਬਾਸ਼ੇ ਹਿੰਦੂ, ਜਿਸ ਮਾਤਾ ਤੂੰ ਜਾਇਆ।
ਤੂੰ ਜਾਨ ਪਿਆਰੀ ਨਾ ਕੀਤੀ, ਤੁਧ ਧਰਮ ਭੀ ਰੱਖ ਵਿਖਾਇਆ।

---

1. ਅਕਦ ਵਿਆਹ, ਨਿਕਾਹ ਵੇਲੇ ਕੀਤੇ ਕੌਲ ਇਕਰਾਰ।
2. ਖ਼ਾਲਸਾ ਜ਼ੋਰਾਂ ਤੇ ਹੋਵੇਗਾ, 'ਵਾਹਿਗੁਰੂ ਜੀ ਕੀ ਫ਼ਤਹ' ਗੱਜੇਗੀ ਤੇ ਸਿੰਘਾਂ ਦੇ ਨਗਾਰੇ ਵੱਜਣਗੇ।
3. ਮੁਸਲਮਾਨੀ ਅਕੀਦੇ ਅਨੁਸਾਰ ਗੁਨਾਹਗਾਰ ਲੋਕ ਦੋਜ਼ਖ ਦੀ ਅੱਗ ਵਿਚ ਸੜਦੇ ਹਨ।
4. ਈਸ਼ਵਰ ਦੇ ਅਵਤਾਰ ਰੂਪੀ ਗੁਰੂ ਨਾਨਕ-ਗੋਬਿੰਦ ਸਿੰਘ।
5. ਗੁਰੂਆਂ ਦੇ ਗੁਰੂ ਸਤਿਗੁਰੂ ਨਾਨਕ-ਗੋਬਿੰਦ ਸਿੰਘ।
6. ਗੁਰੂ ਮਹਾਰਾਜ ਦੀ ਬਾਣੀ ਦਾ ਪਾਠ ਕੀਤਾ।

ਇਸ ਤਲਵਾਰ ਦੀ ਆਂਚ ਨ ਝੇਲੀ, ਦਾਰਾ[1] ਨੱਸ ਸਿਧਾਇਆ।
ਲੜਕੇ ਸੋ ਤਲਵਾਰੀਂ ਤੈਨੂੰ ਅੱਖੀਂ ਦਿਸਣ,
ਖੌਫ਼ ਨਾ ਦਿਲ ਵਿਚ ਆਇਆ। ੧੯੧।
ਹਕੀਕਤ ਆਖੇ ਚੇਲੇ ਨੂੰ ਇਕ ਖ਼ੌਫ਼ ਰੱਬ ਦਾ ਕਰੀਏ।
ਜੇ ਸਾਹਿਬ ਜਾਨ ਲਏ ਤਲਵਾਰੀਂ, ਖੁਸ਼ੀ ਹੋਇ ਕੇ ਮਰੀਏ।
ਤਲਵਾਰ ਸਾਂਗ[2] ਤੁਪਕ ਬਹਾਨਾ, ਦੋਸ਼ ਕੀ ਰੱਬ ਨੂੰ ਧਰੀਏ।
ਚੇਲੇ, ਕਰੋ ਸ਼ਤਾਬ ਵੇਲਾ ਹੀ, ਗਰਦਨ ਤੇ ਸੀਸ ਉਤਰੀਏ। ੧੯੨।
ਕੰਬ ਗਿਆ ਦਿਲ ਵਿਚੋਂ ਚੇਲਾ, ਤੋਬਾ ਤੋਬ ਪੁਕਾਰੇ।
ਮੈਂ ਕਿਸ ਸ਼ਾਮਤ ਨੂੰ ਆਇਆ ਸਾਂ, ਹੁਣ ਭਉ ਸਾਹਿਬ ਦਾ ਮਾਰੇ।
ਇਹੁ ਲੜਕਾ ਕੋਈ ਕੁਦਰਤ ਹੈ, ਆਇਆ ਹੈ ਜਗਤ ਅਉਤਾਰੇ।
ਚੇਲੇ ਰੋ ਰੋ ਅੱਖੀਂ ਨੀਰ ਚਲਾਇਆ, ਤੇਗ ਮਿਆਨ ਵਿਚ ਡਾਰੇ। ੧੯੩।
ਤੀਜਾ ਹੁਕਮ ਹਜ਼ੂਰੋਂ ਆਇਆ, ਝਬਦੇ ਕਰੋ ਖ਼ਲਾਸੀ।
ਯਾ ਲੜਕੇ ਨੂੰ ਕਤਲ ਕਰੋ, ਯਾ ਤੁਰਤ ਦੇਹੁ ਫਿਰ ਫ਼ਾਂਸੀ।
ਚੇਲੇ ਦਾ ਮਨ ਕਾਹਲਿ ਆਇਆ, ਦਿਲ ਵਿਚ ਗੋਤੇ ਖਾਸੀ।
ਪਰ ਕਿਉਂ ਮਾਰਾਂ ਧਰਮੀ ਨੂੰ, ਵਿਚ ਹਰਿ ਯਕ ਭੌਰ ਉਦਾਸੀ। ੧੯੪।
ਹਕੀਕਤ ਆਖੇ ਚੇਲੇ ਨੂੰ, ਤੂੰ ਕਰ ਅਸਾਂ ਪਰ ਮੇਹਰਬਾਨੀ।
ਤਲਵਾਰ ਮਾਰ ਕੇ ਗਰਦਨ ਤੇ, ਤੁਮ ਮੁਸ਼ਕਲ ਕਰੋ ਅਸਾਨੀ।
ਤੂੰ ਬਹਿਸ਼ਤ ਵਿਚ ਦਾਖ਼ਲ ਹੋਂ, ਆਜਿਜ਼ ਦਾ ਕਿਹਾ ਮਾਨੀਂ।
ਚੇਲਾ, ਸਭਾ ਸਫ਼ਾ ਗਰਕ ਹੋ ਜਾਗੁ ਜ਼ੁਲਮ ਦੀ,
ਇਹ ਗੱਲ ਦਿਲ ਵਿਚ ਜਾਨੀਂ। ੧੯੫।
ਚੇਲੇ ਸੂਤ ਲਈ ਤਲਵਾਰ ਮਿਆਨ ਥੀਂ, ਦਸਤੀਂ ਪਕੜ ਵਗਾਈ।
ਮਾਰੀ ਧਰਮੀ ਦੀ ਗਰਦਨ ਨੂੰ, ਕਹੁ ਮੁੰਡੀ ਲਾਹਿ ਵਿਖਾਈ।
ਚਾਰ ਘੜੀ ਸਿਰ ਲੱਥਿਆਂ ਮੁੰਡੀ, ਰਾਮ ਰਾਮ ਕਰਿ ਧਿਆਈ।
ਅੱਗਰਾ ਸੁਰਗ ਲੋਕ ਨੂੰ ਚੱਲਿਆ ਧਰਮੀ, ਜੈ ਜੈ ਕਰੇ ਲੁਕਾਈ। ੧੯੬।
ਜਬ ਦਿੱਤੀ ਜਾਨ ਹਕੀਕਤ ਨੇ, ਤਬ ਹੋਇਆ ਧਰਮ ਸਹਾਈ।
ਵਿਚ ਲਾਹੌਰ ਦੇ ਮਾਤਮ ਹੋਇਆ, ਕਿਆ ਕੋਈ ਆਖ ਸੁਣਾਈ।
ਸੂਰਜ ਗ਼ਮ ਪਰ ਆਇਆ ਹੈ, ਮਹਿਲਾਂ ਪਰ ਫਿਰੀ ਸਿਆਹੀ।
ਕਹੁ ਜੀ ਧੌਲ ਧਰਮ ਦਾ ਕੰਬ ਗਿਆ, ਜਿਸ ਧਰਤੀ ਸਭ ਹਿਲਾਹੀ। ੧੯੭।
ਖ਼ਬਰਾਂ ਹੋਈਆਂ ਖ਼ਾਨ ਬਹਾਦਰ ਪਰ, ਇਹ ਗੱਲ ਉਥੇ ਹੋਈ।
ਰੰਗ ਜ਼ਰਦ ਹੋ ਗਿਆ ਉਥਾਈਂ, ਹੰਝੂ ਭਰ ਭਰ ਰੋਈ।

---

1. ਬਾਦਸ਼ਾਹ ਸ਼ਾਹ ਜਹਾਨ ਦਾ ਵੱਡਾ ਪੁੱਤ੍ਰ ਦਾਰਾ ਸ਼ਿਕੋਹ, ਜੋ ਔਰੰਗਜ਼ੇਬ ਦੇ ਮੋਹਰੇ ਭੱਜ ਨਿਕਲਿਆ ਸੀ।
2. ਇੱਕ ਪ੍ਰਕਾਰ ਦੀ ਬਰਛੀ, ਜੋ ਦਸ ਫੁੱਟ ਲੰਬੇ ਛੜ ਵਾਲੀ ਹੁੰਦੀ ਹੈ। ਸਾਰਾ ਛੜ ਲੋਹੇ ਨਾਲ ਮੜ੍ਹਿਆ ਹੁੰਦਾ ਹੈ ਤੇ ਨੋਕਦਾਰ ਫਲ ਚਾਰ ਫੁੱਟ ਲੰਮਾ ਹੁੰਦਾ ਹੈ।

ਬਦ ਦੁਆਇ ਦਿੱਤੀ ਹੈ ਲੜਕੇ ਨੇ, ਅੱਗੇ ਲਹੇ ਨਾ ਢੋਈ।
ਸਾਧਾਂ ਦਾ ਆਖਿਆ ਕਦੀ ਨਾ ਫਿਰਦਾ, ਪਰ ਜੋ ਹੋਣੀ ਸੋ ਹੋਈ। ੧੯੮।
ਪਛੋਤਾਣਾ ਖਾਨ ਬਹਾਦਰ, ਮੂੰਹ ਥੀਂ ਇਹ ਫ਼ੁਰਮਾਇਆ।
ਲਖਪਤ ਰਾ ਤੇ ਸੂਰਤ ਸਿੰਘ ਫਿਰ ਜਗਤ ਸਿੰਘ ਸਦਵਾਇਆ।
ਜਾਇ ਮਜ਼ਲਾ[1] ਕਰੋ ਤੁਮ ਧਰਮੀ ਦੀ ਚੰਦਨ ਦੇ ਨਾਲ ਸੜਾਇਆ।
ਦੀਵਾਨ ਜੀ, ਸ਼ਰ੍ਹਾ ਵਾਲਿਆਂ ਦੀ ਜੜ੍ਹ ਜਾਸੀ,
ਮੈਂ ਥੀਂ ਬੁਰਾ ਕਰਾਇਆ। ੧੯੯।
ਲੈ ਕੇ ਹੁਕਮ ਹਜ਼ੂਰੋਂ ਹਿੰਦੂ, ਸਭ ਜਮਾਂ ਹੋਏ ਆਏ।
ਸੀਸੇ ਲਏ ਗੁਲਾਬਾਂ ਦੇ, ਧਰਮੀ ਨੂੰ ਆਣ ਜੋ ਲਾਏ।
ਚੰਦਨ ਦਾ ਤਖ਼ਤਾ ਘੜਿਆ ਨੇ, ਚੰਦਨ ਦੇ ਕਿੱਲ ਲਵਾਏ।
ਕਹੁ ਜੀ ਧਰਮ ਰਾਇ ਬਬਾਣ ਭੇਜਿਆ, ਲੈਣ ਦੇਵਤੇ ਆਏ। ੨੦੦।
ਤਖ਼ਤਾ ਚੁੱਕਿਆ ਸਾਧਾਂ ਨੇ, ਫੁੱਲਾਂ ਦੇ ਸਿਹਰੇ ਪਾਏ।
ਜੰਵ ਚੜ੍ਹੀ ਫਿਰ ਲਾੜਾ ਸੁੱਤਾ, ਧਰਮ ਨਿਸ਼ਾਨ ਝੁਲਾਏ।
ਮੁਹਰਾਂ ਤੇ ਰੁਪੱਈਏ ਸੁੱਟਣ, ਆਮ ਖ਼ਲਕ ਲੈ ਜਾਏ।
ਕਹੁ ਜੀ ਹਜ਼ਾਰ ਔਰਤਾਂ ਘਰ ਛੱਡ ਕੇ ਭਗਵੇ ਵੇਸ ਵਟਾਏ। ੨੦੧।
ਹਿੰਦੂ ਮੁਸਲਮਾਨ ਸ਼ਹਿਰ ਦੇ ਸੱਭ ਦੇਖਣ ਨੂੰ ਆਏ।
ਸ਼ਬਦ[2] ਅਨਾਹਦ ਪੜ੍ਹਨ ਰਬਾਬੀ[3], ਇੰਦਰ ਛਾਂਵ ਕਰਾਏ।
ਮ੍ਰਿਦੰਗ ਕੈਸੀਆਂ ਘੰਟੇ ਵੱਜਣ, ਸੰਤਾਂ ਸੰਖ ਵਜਾਏ।
ਭੇਰੀ ਤੇ ਸਰਨਾਈਆਂ[4] ਵੱਜਣ ਮੋਰਛਲਾਂ ਰੰਗ ਲਾਏ। ੨੦੨।
ਹਕੀਕਤ ਰਾਇ ਦਾ ਮਹਾਤਮ ਹੋਇਆ, ਰੋ ਰੋ ਕੱਢਣ ਆਹੀਂ।
ਹਿੰਦੂ ਮੁਸਲਮਾਨ ਸ਼ਹਿਰ ਦੇ, ਪਿੱਟ ਪਿੱਟ ਮਾਰਨ ਧਾਹੀਂ।
ਵਿਚ ਸੱਤਰਾਂ ਦੇ ਰੋਵਣ ਬੇਗਮਾਂ, ਅੰਨ ਭੀ ਖਾਵਣ ਨਾਹੀਂ।
ਕਹੁ ਜੀ ਲਾਹੌਰ ਸੱਭ ਹਟਤਾਲਾਂ[5] ਹੋਈ,
ਸਭ ਗਏ ਨੀ ਨਾਲ ਤਿਥਾਈਂ। ੨੦੩।

---

1. ਸਫ਼ਰ, ਆਖ਼ਰੀ ਯਾਤਰਾ, ਅਖ਼ੀਰੀ ਪੜਾਉ, ਅੰਤਿਮ ਸੰਸਕਾਰ, ਮੁਰਦੇ ਨੂੰ ਜਲਾਉਣ ਜਾਂ ਦਬਾਉਣ ਦੀ ਰਸਮ।
2. ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬ ਦੇ ਅੰਕਤਿ ਸ਼ਬਦ।
3. ਕੀਰਤਨੀਏ।
4. ਰਬਾਬੀਆਂ ਦੇ ਸ਼ਬਦ ਪੜ੍ਹਨ ਤੇ ਸਾਧੂ ਸੰਤਾਂ ਦੇ ਸੰਖ ਭੇਰੀਆਂ ਆਦਿ ਵਜਾਉਣ ਤੋਂ ਪ੍ਰਤੀਤ ਹੁੰਦਾ ਹੈ ਕਿ ਹਕੀਕਤ ਰਾਇ ਦਾ ਅੰਤਿਮ ਸੰਸਕਾਰ ਸਿੱਖ ਰੀਤਿ ਅਨੁਸਾਰ ਕੀਤਾ ਗਿਆ ਸੀ। ਹਿੰਦੂਆਂ ਵਿਚ ਇਹ ਰਿਵਾਜ ਨਹੀਂ ਹੁੰਦਾ ਸੀ।
5. ਹਟ-ਤਾਲ=ਹੱਟਾਂ ਨੂੰ ਤਾਲੇ, ਦੁਕਾਨਾਂ ਦਾ ਵਪਾਰ ਬੰਦ। ਹਰ ਤਲ, ਹੜਤਾਲ ਇੱਕ ਪੀਲੇ ਰੰਗ ਦੀ ਦਵਾਈ ਦਾ ਨਾਂ ਹੈ ਜਿਸ ਨਾਲ ਲਿਖੇ ਹੋਏ ਅੱਖਰ ਬੁਝਾਏ ਜਾਇਆ ਕਰਦੇ ਹਨ।

ਤਖਤਾ ਧਰਿਆ ਰੇਤੀ ਤੇ, ਦਰਿਆਉ ਲਬਾ-ਲਬ ਵੱਗੇ।
ਚਿਖਾ ਬਣਾਈ ਚੰਦਨ ਦੀ, ਚੰਦਨ ਦੇ ਕਿੱਲੇ ਲੱਗੇ।
ਲਾਂਬੂ ਦਿੱਤਾ ਜੈ ਜੈ ਹੋਈ, ਧਰਮ ਨਗਾਰੇ ਵੱਜੇ।
ਕਹੁ ਜੀ ਸੰਤਾਂ ਦਾ ਪ੍ਰਭ ਆਪ ਸਹਾਈ, ਆਪੇ ਪੜਦੇ ਕੱਜੇ। ੨੦੪।
ਧਰਮੀ ਦਾ ਸਸਕਾਰ ਕੀਤੋ ਨੇ ਰਾਵੀ ਦੇ ਕਿਨਾਰੇ।
ਉਸ ਦਿਨ ਰਾਵੀ ਐਉਂ ਵਗੀ, ਸਮੁੰਦਰ ਲਹਿਰੀਆਂ ਮਾਰੇ।
ਤਿਣਕਾ ਤੋੜ ਸੁੱਟਿਓ ਨੇ ਪਿੱਛੇ, ਘਰ ਜਾਇ ਯਾਰ ਪਿਆਰੇ।
ਅੱਗਰਾ ਸੱਭ ਹਿੰਦੂਆਂ ਇਸ਼ਨਾਨ ਕੀਤਾ, ਪਰ ਮੁਖ ਬੋਲਣ ਜੈਕਾਰੇ। ੨੦੫।
ਵਿਦਿਆ ਕਰ ਕੇ ਧਰਮੀ ਨੂੰ, ਲਾਹੌਰ ਸ਼ਹਿਰ ਵਿਚ ਆਏ।
ਰੋ ਰੋ ਗਲ ਲੱਗਣ ਮਹਿਲਾਂ ਵਾਲੇ, ਅਕਸਰ ਘਰੀਂ ਸਿਧਾਏ।
ਹੱਟ ਪੱਟਣ¹ ਬਾਜ਼ਾਰਾਂ ਵਾਲੇ, ਨੈਣ ਤ੍ਰਿਮਕਦੇ ਆਏ।
ਕਹੁ ਜੀ ਕਲਜੁਗ ਦੇ ਹਿੰਦੂਆਂ ਦਾ, ਪ੍ਰਭ ਪੜਦਾ ਰੱਖ ਵਿਖਾਏ। ੨੦੬।
ਮਾਤਾ ਕੌਰਾਂ ਆਹਿ ਜੁ ਮਾਰੀ, ਕਿਉਂ ਭੈੜੀ ਮੈਂ ਜਾਇਆ।
ਦੁੱਖੀਂ ਪਿੱਪਲ ਪਾਲਿਆ ਸੀ, ਚੁਲੀਏਂ ਸੀ ਪਾਣੀ ਪਾਇਆ।
ਗੰਢੀਂ ਪਾਈਆਂ ਤੇ ਸਾਹੇ ਪੁੰਨੇ, ਕਿਤ ਮਉਤੇ ਲੱਗਣ ਗਿਣਾਇਆ।
ਵੇ ਲੋਕਾ, ਜਾਂਞੀ ਮਾਂਞੀ ਸਭ ਆਏ,
ਮੇਰਾ ਲਾੜਾ ਮੂਲ ਨਾ ਆਇਆ। ੨੦੭।
ਹਕੀਕਤ ਰਾ ਦੇ ਮਹਾਤਮ ਦੀ, ਪਰ ਗਈ ਲਾਹੌਰ ਗੁਬਾਰੀ।
ਸਰਾਫ਼ ਬਜਾਜ਼ ਤੇ ਸਭ ਰੋਂਦੇ, ਤੇ ਰੋਂਦੇ ਅਤਾਰ ਪਸਾਰੀ।
ਹਲਵਾਈ ਤੇ ਰੋਵਣ ਕਸੇਰੇ, ਮਾਛਣ ਭੱਖੀ ਵਾਰੀ।
ਕਹੁ ਵਿਚ ਸਤਰਾਂ ਦੇ ਰੋਵਣ ਬੇਗਮਾਂ, ਕਢਿ ਕਢਿ ਮੂੰਹ ਵਿਚ ਬਾਰੀ। ੨੦੮।
ਬਾਘ ਮੱਲ ਨੇ ਮਸਲਤ ਕੀਤੀ, ਮਾਤਾ ਕੌਰਾਂ ਤਾਈਂ।
ਲਈਏ ਫੁੱਲ ਧਰਮੀ ਦੇ, ਚਲੀਏ ਗੰਗਾ ਦੀ ਰਾਹੀਂ।
ਅੱਗੇ ਤੀਰਥ ਚੰਗੇ ਚੰਗੇਰੇ, ਆਵਣ ਸਾਡਾ ਨਾਹੀਂ।
ਕਹੁ ਜੀ ਔਰਤ ਭਰਤਾ ਤੁਰੇ ਨੀ ਦੋਵੇਂ, ਮਰਸਨ ਜਾਇ ਉਥਾਹੀਂ। ੨੦੯।
ਹਕੀਕਤ ਰਾਇ ਦੇ ਸਾਕੇ ਦੀ, ਪਰ ਖ਼ਬਰ ਹੋਈ ਜੱਗ ਸਾਰੇ।
ਜੇ ਕੋਈ ਸੁਣੇ ਕਰੇ ਬਹੁ ਉਪਮਾ, ਮੁੱਖ ਥੀਂ ਰਾਮ ਚਿਤਾਰੇ।
ਉਸ ਧਰਮ ਰੱਖ ਕੇ ਸਿਰ ਦਿੱਤਾ, ਪਰ ਸਭ ਹਿੰਦੂ ਸੁ ਤਾਰੇ।
ਕਹੁ ਜੀ ਕਲਜੁਗ ਦੇ ਵਿਚ ਖੜ੍ਹੋਟਾ ਹੋਇਆ, ਧਰਮ ਰੂਪ ਅਉਤਾਰੇ। ੨੧੦।
ਤੀਨ ਭਵਨ ਕਾ ਵਾਲੀ ਹੈਂ ਤੂੰ, ਸਾਹਿਬ ਅਪਰ ਅਪਾਰਾ।
ਜੀਅ ਜੰਤ ਸਭ ਤੇਰੇ ਕਾਰਨ, ਤੂੰ ਆਪ ਸੰਭਾਲਣ ਹਾਰਾ।

1. ਪੱਤਣ, ਸ਼ਹਿਰ, ਨਗਰ, ਘਰ ਬਾਰ ਵਾਲੇ.।

ਘਟ ਘਟ ਅੰਤਰ ਵਾਸ ਤੂੰਹੀ, ਪ੍ਰਭ ਹੈ ਭੀ ਅਲਖ ਅਪਾਰਾ।
ਝੂਠ ਸੱਚ ਮੈਂ ਕਿਹਾ ਜ਼ਬਾਨੋਂ, ਤੂੰ ਹੈਂ ਬਖਸ਼ਣਹਾਰਾ। ੨੧੧।
ਵਾਰ ਸੰਪੂਰਨ ਧਰਮੀ ਦੀ, ਪਰ ਜੇ ਕੋਈ ਸੁਣੇ ਸੁਣਾਵੇ।
ਸੁਣਨ ਵਾਲਿਆਂ ਨੂੰ ਧਰਮ ਸਹਾਈ, ਬੈਕੁੰਠ ਧਾਮ ਨੂੰ ਜਾਵੇ।
ਸੁਣਨੇ ਵਾਲੇ ਮੁਕਤੀ ਪਾਵਣਗੇ, ਅਪਨੀ ਕ੍ਰਿਪਾ ਜਨਾਵੇ।
ਇਕ ਅੱਗਰਾ ਸੇਠੀ ਆਜਿਜ਼ ਹੈ, ਪਰ ਧਰਮ ਚਰਨ ਚਿੱਤ ਲਾਵੇ। ੨੧੨।
ਵਾਰ ਹਕੀਕਤ ਰਾਇ ਕੀ ਲਿਖੀ ਅਪਰ ਅਪਾਰ।
ਸਤਿਗੁਰ ਮੈਨੂੰ ਬਖਸ਼ ਲੈ, ਹਮ ਪਾਪੀ ਵਡ ਗੁਨਾਹਗਾਰ।
ਧਰਮੀ ਦੀ ਵਾਰ ਸੰਪੂਰਨ ਭਈ।

ਫਤਿਹ-ਨਾਮਾ

ਕ੍ਰਿਤ

ਭਾਈ ਦਯਾਲ ਸਿੰਘ

ਇਸ ਫ਼ਤਿਹ-ਨਾਮੇ ਵਿਚ ਕਵੀ ਦਯਾਲ ਸਿੰਘ ਨੇ 22 ਵਸਾਖ ਸੰਮਤ 1854 ਬਿਕ੍ਰਮੀ, 30 ਅਪ੍ਰੈਲ ਸੰਨ 1797 ਈਸਵੀ, ਨੂੰ ਹੋਈ ਸਿੰਘਾਂ ਤੇ ਪਠਾਣਾਂ ਦੀ ਲੜਾਈ ਦਾ ਜ਼ਿਕਰ ਕੀਤਾ ਹੈ। ਇਸ ਵਿਚ ਕਾਬਲ ਦੇ ਦੁਰੱਨੀ ਬਾਦਸ਼ਾਹ ਜ਼ਮਾਨ ਸ਼ਾਹ ਦਾ ਇਕ ਬੜਾ ਜਰਨੈਲ ਸਰਦਾਰ ਅਹਿਮਦ ਖਾਨ ਸ਼ਾਹੰਚੀ-ਬਾਸ਼ੀ (ਜੋ ਸ਼ਾਹੰਚੀ ਯਾ ਸਾਹੰਚੀ ਖਾਨ ਕਰਕੇ ਭੀ ਪ੍ਰਸਿੱਧ ਹੈ) ਮਾਰਿਆ ਗਿਆ ਸੀ ਅਤੇ ਸਰਦਾਰ ਸਾਹਿਬ ਸਿੰਘ ਗੁਜਰਾਤੀਏ (ਸਪੁੱਤ੍ਰ ਸਰਦਾਰ ਗੁੱਜਰ ਸਿੰਘ ਭੰਗੀ) ਦੀ ਜੱਥੇਦਾਰੀ ਹੇਠਾਂ ਖਾਲਸੇ ਦੀ ਫ਼ਤਿਹ ਹੋਈ ਸੀ।

ਫ਼ਤਿਹ-ਨਾਮੇ ਦਾ ਲਿਖਾਰੀ ਭਾਈ ਦਯਾਲ ਸਿੰਘ ਹੈ। ਆਪਣੀ ਲਿਖਤ ਵਿਚ ਇਸ ਨੇ ਆਪਣਾ ਕੋਈ ਜ਼ਿਕਰ ਨਹੀ ਕੀਤਾ। ਹਾਂ, ਇਸ ਦੀ ਬੋਲੀ ਤੋਂ ਜੋ ਅੰਦਾਜ਼ਾ ਲਾਇਆ ਜਾ ਸਕਦਾ ਹੈ ਉਸ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਇਹ ਲਹਿੰਦੇ ਦੇ ਰਹਿਣ ਵਾਲਾ ਸੀ। ਸ਼ਬਦ 'ਜਿਣ' (ਬਾਜ਼ੀ ਸੋ ਜਿਣ ਜਾਏ ਜੀ ।੧।) 'ਜਿਤ' ਦੀ ਜਗਾ ਸੂਹਾਂ ਅਤੇ ਜੰਦਾਲ (ਜ਼ਿਲਾ ਅਟਕ) ਦੇ ਇਲਾਕਿਆਂ ਵਿਚ ਵਰਤਿਆ ਜਾਂਦਾ ਹੈ। 'ਤਾਇਆ' (ਸਤਾਇਆ), 'ਚਾਵਣ ਚਾਇਆ' (ਚਾਂਬਲ ਚੁੱਕਿਆ, ਖੱਪ ਪਾਈ), 'ਜਣੇ ਨੀ (ਜੰਮੇ ਨੇ)', ਹੋਵਸੀ (ਹੋਸੀ, ਹੋਏਗੀ) ਆਦਿ ਧਨੀ ਤੇ ਪੋਠੋਹਾਰ ਵਿਚ ਬੋਲੇ ਜਾਂਦੇ ਹਨ। ਰਾਇਜ਼ਾਦੇ ਲਈ ਸ਼ਬਦ 'ਰਜ਼ਾਦੇ' ਭੀ ਓਧਰ ਹੀ ਬੋਲਿਆ ਜਾਂਦਾ ਹੈ।

ਜਿਨ੍ਹਾਂ ਉਪਮਾ-ਭਰੇ ਸ਼ਬਦਾਂ ਨਾਲ ਭਾਈ ਦਯਾਲ ਸਿੰਘ ਸਰਦਾ ਗੁੱਜਰ ਸਿੰਘ ਭੰਗੀ ਅਤੇ ਉਨ੍ਹਾਂ ਦੇ ਸਪੁੱਤਰ ਸਰਦਾਰ ਸਾਹਿਬ ਸਿੰਘ ਭੰਗੀ ਗੁਜਰਾਤ ਵਾਲੇ 'ਬੇਟਾ ਗੁੱਜਰ ਸਿੰਘ ਅਵਤਾਰੀ' ਦਾ ਜ਼ਿਕਰ ਕਰਦਾ ਹੈ ਉਸ ਤੋਂ ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਉਹ ਉਨ੍ਹਾਂ ਦਾ ਕੋਈ ਨਿਕਟ-ਵਰਤੀ ਸੀ। ਹੋ ਸਕਦਾ ਹੈ ਉਸ ਨੇ ਇਸ ਯੁੱਧ ਵਿਚ ਸਰਦਾਰ ਸਾਹਿਬ ਸਿੰਘ ਦੀ ਸੂਰਮਗਤੀ ਦੇਖ ਕੇ ਹੀ ਇਹ ਉਪਮਾ ਕੀਤੀ ਹੋਵੇ।

ਜਿੱਥੋਂ ਤੱਕ ਅਨੁਮਾਨ ਕੰਮ ਕਰਦਾ ਹੈ ਇਹ ਫ਼ਤਿਹ-ਨਾਮਾ ਇਸ ਯੁੱਧ ਤੋਂ ਛੇਤੀ ਹੀ ਬਾਅਦ ਲਿਖਿਆ ਗਿਆ ਹੈ। ਅੰਤ ਵਿਚ ਇਸ ਯੁੱਧ ਦੀ ਤਾਰੀਖ 22 ਵਸਾਖ ਸੰਮਤ 1854 ਬਿਕ੍ਰਮੀ ਦਿੰਦਾ ਹੋਇਆ ਦਿਨ ਐਤਵਾਰ ਦੱਸਦਾ ਹੈ। ਦਿਨ ਤੱਕ ਦਾ ਦੱਸਣਾ ਕਿਸੇ ਚੰਗੇ ਜਾਣੂ ਤੇ ਸਮਕਾਲੀ ਦਾ ਕੰਮ ਹੀ ਹੋ ਸਕਦਾ ਹੈ। ਇਸ ਤਾਰੀਖ ਦੀ ਪੁਸ਼ਟੀ ਮੁਨਸ਼ੀ ਗਣੇਸ਼ ਦਾਸ ਵਡੇਹਰਾ ਕਾਨੂੰਗੋ ਗੁਜਰਾਤ ਨੇ ਆਪਣੀ ਫ਼ਾਰਸੀ ਪੁਸਤਕ 'ਰਿਸਾਲਾ' ਸਾਹਿਬ-ਨੁਮਾ 'ਚਹਾਰ ਬਾਗ਼ਿ ਪੰਜਾਬ' ਵਿਚ ਕੀਤੀ ਹੈ। ਇਹ ਜ਼ਮਾਨ ਸ਼ਾਹ ਦੇ ਤੀਸਰੇ ਹੱਲੇ ਤੋਂ ਬਾਅਦ ਦੀ ਗੱਲ ਹੈ ਜਦ ਕਿ ਓਹ ਪਹਿਲੀ ਵਾਰੀ ਲਾਹੌਰ

ਤੱਕ ਪਹੁੰਚ ਕੇ ਕਬਜ਼ਾ ਕਰਨ ਪਿੱਛੋਂ ਅਫ਼ਗਾਨਿਸਤਾਨ ਵਿਚ ਖੱਪ ਪੈ ਜਾਣ ਕਰਕੇ ਵਾਪਸ ਮੁੜ ਗਿਆ ਸੀ ਅਤੇ ਜਾਂਦੀ ਵਾਰ ਆਪਣੇ ਜਰਨੈਲ ਸ਼ਾਹੰਚੀ ਖਾਨ ਨੂੰ ਸਿੱਖਾਂ ਨੂੰ ਸੋਧਣ ਲਈ ਛੱਡ ਗਿਆ ਸੀ।

ਜ਼ਮਾਨ ਸ਼ਾਨ ਨੇ ਹਿੰਦੋਸਤਾਨ ਉੱਤੇ ਚਾਰ ਹੱਲੇ ਕੀਤੇ।

ਪਹਿਲਾ ਹੱਲਾ ਦਸੰਬਰ 1793 ਵਿਚ, ਜਦ ਕਿ ਓਹ ਹਸਨ-ਅਬਦਾਲ ਪੰਜਾ ਸਾਹਿਬ ਤੱਕ ਬੇਰੋਕ-ਟੋਕ ਪੁੱਜ ਗਿਆ। ਆਪਣੇ ਜਰਨੈਲ ਅਹਿਮਦ ਖ਼ਾਨ ਸ਼ਾਹੰਚੀ-ਬਾਸ਼ੀ (ਸ਼ਾਹੰਚੀ ਖਾਨ) ਤੇ ਬਹਾਦੁਰ ਖਾਨ ਨੂੰ ਫ਼ੌਜ ਦੇ ਕੇ ਚੱਜ ਦੁਆਬ ਫ਼ਤਿਹ ਕਰਨ ਲਈ ਭੇਜਿਆ, ਪਰ ਹਰਾਤ ਵਿਚ ਜ਼ਮਾਨ ਸ਼ਾਹ ਦੇ ਭਾਈ ਮਹਿਮੂਦ ਨੇ ਖੱਪ ਪਾ ਦਿੱਤੀ, ਇਸ ਲਈ ਸ਼ਾਹ ਨੂੰ ਮੁੜ ਜਾਣਾ ਪਿਆ ਅਤੇ ਸਿੰਘਾਂ ਨੇ ਸ਼ਾਹੰਚੀ ਖਾਨ ਨੂੰ ਭਜਾ ਦਿੱਤਾ।

ਦੂਸਰਾ ਹੱਲਾ ਸੰਨ 1795 ਦੇ ਆਖੀਰ ਵਿਚ। ਹਸਨ ਅਬਦਾਲ ਪੁੱਜ ਕੇ ਸ਼ਾਹੰਚੀ ਖਾਨ ਨੂੰ ਰੋਹਤਾਸ ਉੱਤੇ ਕਬਜ਼ਾ ਕਰਨ ਲਈ ਭੇਜਿਆ। ਇਸ ਵਾਰੀ ਖਾਨ ਕਾਮਯਾਬ ਹੋ ਗਿਆ ਤੇ ਰੋਹਤਾਸ ਪਠਾਣਾਂ ਦੇ ਹੱਥ ਆ ਗਿਆ। ਇਰਦ ਗਿਰਦ ਦੇ ਮੁਸਲਮਾਨ ਗੱਖੜ, ਜੱਟ ਤੇ ਹੋਰ ਮੁਲਖੱਈਆ ਸ਼ਾਹੰਚੀ ਨਾਲ ਰਲ ਗਿਆ। ਸਿੰਘ ਹਰਨ ਹੋ ਗਏ ਤੇ ਪਹਾੜੀਂ ਜਾ ਚੜ੍ਹੇ ਜ਼ਮਾਨ ਸ਼ਾਹ ਨੂੰ ਹਸਨ ਅਬਦਾਲ ਡੇਰਾ ਪਾਏ ਨੂੰ ਇਕ ਸਾਤਾ ਹੀ ਹੋਇਆ ਸੀ ਕਿ ਈਰਾਨ ਦੇ ਬਾਦਸ਼ਾਹ ਆਗ਼ਾ ਮੁਹਿਮਦ ਖਾਨ ਕਾਜਾਰ ਵੱਲੋਂ ਲਹਿੰਦੇ ਖ਼ੁਰਾਸਾਨ ਉੱਤੇ ਕੀਤੇ ਗਏ ਹੱਲੇ ਦੀ ਖਬਰ ਆ ਪੁੱਜੀ। ਸ਼ਾਹ ਜ਼ਮਾਨ ਪੰਜਾਬ ਛੱਡ ਕੇ ਆਪਣੇ ਦੇਸ਼ ਨੂੰ ਮੁੜ ਪਿਆ ਤੇ ਜਨਵਰੀ 1896 ਨੂੰ ਪਿਸ਼ਾਵਰ ਜਾ ਪੁੱਜਾ।

ਤੀਸਰਾ ਹੱਲਾ—ਇਸੇ ਸਾਲ 1896 ਦੇ ਆਖੀਰ ਜ਼ਮਾਨ ਸ਼ਾਹ ਫਿਰ ਚੜ੍ਹ ਆਇਆ। ਇਸ ਵਾਰੀ ਅੰਗਰੇਜ਼ਾਂ ਵੱਲੋਂ ਤੰਗ ਆਏ ਹੋਏ ਗ਼ੁਲਾਮ ਮੁਹਿਮਦ ਰੁਹੇਲੇ ਅਤੇ ਵਜ਼ੀਰ ਅਵੱਧ ਨਵਾਬ ਆਸਿਫ਼ੁੱਦੌਲਾ ਵੱਲੋਂ ਭੀ ਉਸ ਨੂੰ ਸੱਦੇ ਪੁੱਜੇ ਅਤੇ ਹਿੰਦੁਸਤਾਨ ਦੇ ਮੁਸਲਮਾਨਾਂ ਦੇ ਉਸ ਨਾਲ ਰਲ ਜਾਣ ਦਾ ਭਰੋਸਾ ਮਿਲਿਆ। ਸਿੰਘ ਪਹਾੜੀਂ ਜਾ ਚੜ੍ਹੇ ਅਤੇ ਜ਼ਮਾਨ ਸ਼ਾਹ ਲਾਹੌਰ ਆ ਪੁੱਜਾ। ਨਿਜ਼ਾਮੁੱਦੀਨ ਕਸੂਰੀਆ, ਜਲਾਲ ਖਾਨ ਭੱਟੀ ਅਤੇ ਹੋਰ ਸਿਰ-ਕੱਢ ਮੁਸਲਮਾਨ ਸ਼ਾਹ ਨੂੰ ਆ ਮਿਲੇ। ਸਿੰਘਾਂ ਵਿਰੁੱਧ ਫ਼ੌਜਾਂ ਚੜ੍ਹ ਪਈਆਂ ਅਤੇ ਉਨ੍ਹਾਂ ਦੇ ਕਈ ਕਿਲ੍ਹੇ ਮਾਰ ਲਏ, ਉਨ੍ਹਾਂ ਦੀਆਂ ਫ਼ਸਲਾਂ ਤਬਾਹ ਕਰ ਦਿੱਤੀਆਂ ਅਤੇ ਡੰਗਰ ਵੱਛਾ ਹਿੱਕ ਕੇ ਲੈ ਗਏ। ਤੀਹਾਂ ਬਤੀਆਂ ਵਰ੍ਹਿਆਂ ਪਿੱਛੋਂ ਸਿੰਘਾਂ ਨੂੰ ਇਕ ਵਾਰੀ ਫਿਰ ਭਾਜੜ ਪੈ ਗਈ। ਕਈ ਸਿੰਘ ਮਾਰੇ ਗਏ ਅਤੇ ਉਨ੍ਹਾਂ ਦੇ ਸਿਰ ਸ਼ਾਹ ਦੇ ਪੇਸ਼ ਹੋਏ। ਇਸ ਵੇਲੇ ਦਿੱਲੀ ਦੇ ਇਕ ਭਗੋਲ ਸ਼ਹਿਜ਼ਾਦੇ, ਟੀਪੂ ਸੁਲਤਾਨ ਅਤੇ ਸਿੰਧੀਆ ਵੱਲੋਂ ਭੀ ਸਹਾਇਤਾ ਦੇ ਭਰੋਸੇ ਆ ਰਹੇ ਸਨ। ਹੁਣ ਅੰਗਰੇਜ਼ਾਂ ਨੂੰ ਭੀ ਖ਼ਤਰਾ ਪੈ ਗਿਆ ਤੇ ਉਨ੍ਹਾਂ ਨੇ ਵੀ ਫ਼ੌਜੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ। ਮਾਲੂਮ ਹੁੰਦਾ ਹੈ ਲਾਹੌਰ ਨੂੰ ਜਾਂਦਾ ਹੋਇਆ ਜ਼ਮਾਨ ਸ਼ਾਹ ਜੇਹਲਮ ਅਤੇ ਗੁਜਰਾਤ ਦੇ ਇਲਾਕਿਆਂ ਨੂੰ ਸੋਧਣ ਲਈ ਸ਼ਾਹੰਚੀ ਖਾਨ ਨੂੰ ਉੱਥੇ ਛੱਡ ਆਇਆ ਸੀ।

ਸ਼ਾਹੰਚੀ ਨੇ ਇਸ ਵੇਲੇ ਅੱਤ ਚੁੱਕ ਲਈ ਅਤੇ ਲੱਗਾ ਲੋਕਾਂ ਨੂੰ ਤੰਗ ਕਰਨ ਅਤੇ ਖ਼ਾਸ ਕਰਕੇ ਹਿੰਦੂਆਂ ਨੂੰ ਜਿਨ੍ਹਾਂ ਦੀਆਂ ਧੀਆਂ ਭੈਣਾਂ ਸ਼ਾਹੰਚੀ ਦੇ ਆਦਮੀ ਜ਼ੋਰੀਂ ਫੜ ਕੇ ਲੈ ਜਾਂਦੇ। ਖ਼ੁਦ ਸ਼ਾਹੰਚੀ ਨੇ ਹਰਨਪੁਰ-ਸੋਢੀਆਂ ਦੀ ਇਕ ਬਰਾਹਮਣੀ ਆਪਣੇ ਪਾਸ ਰੱਖ ਲਈ। ਬਰਾਹਮਣਾਂ ਦੀ ਪੁਕਾਰ ਸੁਣ ਕੇ ਕੋਟਲੀ ਬਾਬਾ ਫ਼ਕੀਰ ਚੰਦ ਵਾਲੇ ਬਾਬਾ ਫ਼ਕੀਰ ਚੰਦ ਦੇ ਪੁੱਤਰ ਬਾਬਾ ਰਾਮ ਸਿੰਘ ਬੇਦੀ ਨੇ

ਸਿੰਘਾਂ ਦਾ ਇਕ ਜੱਥਾ ਲੈ ਕੇ ਆ ਯੁੱਧ ਮਚਾਇਆ। 17 ਮਾਘ ਸੰਮਤ 1853 ਦੀ ਚੌਦਸ ਦਿਨ ਵੀਰਵਾਰ (26 ਜਨਵਰੀ ਸੰਨ 1797) ਨੂੰ ਪਿੰਡ ਪੜੋਪੀ ਦੀ ਜੂਹ ਵਿਚ ਯੁੱਧ ਹੋਇਆ, ਜਿਸ ਵਿਚ ਬੇਦੀ ਰਾਮ ਸਿੰਘ ਆਪਣੇ ਖਾਸ ਸ਼ਰਧਾਲੂਆਂ ਭਾਈ ਗੰਡਾ ਸਿੰਘ, ਦੇਸਾ ਸਿੰਘ, ਬਹਾਦੁਰ ਸਿੰਘ, ਭਾਗ ਸਿੰਘ ਤੇ ਨੱਥਾ ਸਿੰਘ ਅਤੇ ਦਿਆਲ ਸਿੰਘ ਆਦਿ ਕਈ ਸਿੰਘਾਂ ਸਮੇਤ ਸ਼ਹੀਦ ਹੋ ਗਏ। ਸ਼ਾਹੰਚੀ ਨੇ ਬੇਦੀ ਰਾਮ ਸਿੰਘ ਦਾ ਸਿਰ ਕੱਟ ਕੇ ਤੋਬਰੇ ਵਿਚ ਬੰਦ ਕਰਕੇ ਲਾਹੌਰ ਭੇਜ ਦਿੱਤਾ, ਜਿੱਥੇ ਕਿ ਇਕ ਸਿੱਖ ਨੇ ਚੋਖੀ ਰਕਮ ਦੇ ਕੇ ਲੈ ਲਿਆ ਅਤੇ ਮਸਤੀ ਦਰਵਾਜ਼ੇ ਦੇ ਬਾਹਰ ਸੰਸਕਾਰ ਕੀਤਾ ਜਿੱਥੇ ਕਿ ਯਾਦਗਾਰੀ ਗੁਰਦੁਆਰਾ ਮੌਜੂਦ ਹੈ।

ਜ਼ਮਾਨ ਸ਼ਾਹ ਹਿੰਦੋਸਤਾਨ ਨੂੰ ਸਰ ਕਰਨ ਲਈ ਤਿਆਰ ਹੋ ਹੀ ਰਿਹਾ ਸੀ ਕਿ ਹਰਾਤ ਵਿਚ ਉਸ ਦੇ ਭਾਈ ਮਹਿਮੂਦ ਦੀ ਬਗ਼ਾਵਤ ਦੀ ਖ਼ਬਰ ਆ ਪੁੱਜੀ। ਹੁਣ ਸ਼ਾਹ ਲਈ ਅਫ਼ਗਾਨਿਸਤਾਨ ਨੂੰ ਮੁੜ ਜਾਣਾ ਜ਼ਰੂਰੀ ਹੋ ਗਿਆ। ਪਹਿਲੀ ਸ਼ਾਬਾਨ ਸੰਨ 1211 ਹਿਜਰੀ (30 ਜਨਵਰੀ ਸੰਨ 1797) ਨੂੰ ਸ਼ਾਹ ਲਾਹੌਰੋਂ ਤੁਰ ਗਿਆ ਅਤੇ 2 ਰਮਜ਼ਾਨ (ਪਹਿਲੀ ਮਾਰਚ) ਨੂੰ ਕਾਬੁਲ ਜਾ ਪੁੱਜਾ।

ਮੁੜਦੀ ਵਾਰੀ ਜੇਹਲਮ ਦਰਿਆ ਦੇ ਪਾਰਲੇ ਕੰਢੇ ਡੇਰਾ ਕੀਤਾ ਅਤੇ ਅਹਿਮਦ ਖ਼ਾਨ ਸ਼ਾਹੰਚੀ-ਬਾਸ਼ੀ ਨੂੰ ਦੁਆਬਾ ਸਿੰਧ-ਸਾਗਰ ਦਾ ਹਾਕਮ ਬਣਾ ਗਿਆ ਅਤੇ ਬਹਾਦੁਰ ਖ਼ਾਨ ਮੋਹਮੰਦਜ਼ਈ, ਬੋਸਤਾਨ ਖ਼ਾਨ ਦੁਰੱਾਨੀ, ਨੂਰੁੱਲਾ ਖ਼ਾਨ ਅਤੇ ਹਸਨ ਖ਼ਾਨ ਆਦਿ ਸਰਦਾਰਾਂ ਨੂੰ ਉਸ ਦੀ ਸਹਾਇਤਾ ਲਈ ਛੱਡ ਗਿਆ। ਇਸੇ ਕਰਕੇ ਲੇਖਕ ਨੇ ਉਸ ਦਾ ਮੁੜ ਕੇ ਆਉਣਾ ਲਿਖਿਆ ਹੈ।

ਸ਼ਾਹ ਜ਼ਮਾਨ ਦੇ ਮੁੜ ਜਾਣ ਦੀ ਖ਼ਬਰ ਹੁੰਦੇ ਸਾਰ ਸਿੰਘ ਪਹਾੜਾਂ ਤੋਂ ਉਤਰ ਆਏ ਅਤੇ ਮੁੜ ਆਪੋ ਆਪਣੀ ਦੇਸੀਂ ਆ ਕਬਜ਼ਾ ਕੀਤਾ। ਸ਼ਾਹ ਜ਼ਮਾਨ ਦੇ ਆਉਣ ਵੇਲੇ ਗ਼ੁਲਾਮ ਮੁਹੰਮਦ ਚੱਠੇ ਦੇ ਪੁੱਤਰ ਜਾਨ ਮੁਹੰਮਦ ਨੇ ਸਰਦਾਰ ਰਣਜੀਤ ਸਿੰਘ ਸ਼ੁੱਕਰਚੱਕੀਏ ਦੇ ਕਿਲ੍ਹੇ ਰਾਮਨਗਰ ਉੱਤੇ ਕਬਜ਼ਾ ਕਰ ਲਿਆ ਸੀ। ਸਰਦਾਰ ਰਣਜੀਤ ਸਿੰਘ ਨੇ ਚੱਠੇ ਪਾਸੋਂ ਰਾਮ ਨਗਰ ਛੁਡਾ ਲਿਆ। ਜੰਗ ਵਿਚ ਜਾਨ ਮੁਹੰਮਦ ਦੇ ਮਾਰੇ ਜਾਣ ਪਿੱਛੋਂ ਉਸ ਦੇ ਮਾਮੇ ਅਜ਼ੀਮ ਖ਼ਾਨ ਨੇ ਲੜਾਈ ਜਾਰੀ ਰੱਖੀ। ਇਤਨੇ ਨੂੰ ਖ਼ਬਰ ਆਈ ਕਿ ਸ਼ਾਹੰਚੀ ਸਿੰਘਾਂ ਦੇ ਵਿਰੁੱਧ ਚੜ੍ਹ ਪਿਆ ਹੈ। ਸਰਦਾਰ ਰਣਜੀਤ ਸਿੰਘ ਨੇ ਦੱਲ ਸਿੰਘ ਨੂੰ ਤਾਂ ਰਾਮਨਗਰ ਦੇ ਮੋਰਚੀਂ ਰੱਖਿਆ ਅਤੇ ਲੱਖਾ ਸਿੰਘ ਠਾਣੇਦਾਰ ਰਾਵਲਪਿੰਡੀ ਤੇ ਬਾਘ ਸਿੰਘ ਮੁਰਾਲੇ ਵਾਲੇ ਨੂੰ ਫ਼ੌਜ ਦੇ ਕੇ ਝਨਾਂ ਦਰਿਆ ਦੇ ਮੱਥੇ ਨੂੰ ਤੋਰਿਆ। ਓਧਰ ਸਰਦਾਰ ਸਾਹਿਬ ਸਿੰਘ ਭੰਗੀ ਗੁਜਰਾਤੀਏ ਨੇ ਸ਼ਾਹੰਚੀ ਦਾ ਪਤਾ ਕਰਨ ਲਈ ਹਲਕਾਰੇ ਭੇਜੇ। ਇਸ ਵੇਲੇ ਸ਼ਾਹੰਚੀ ਜੇਹਲਮੋਂ ਪਾਰ ਹੋ ਕੇ ਡਿੰਗੀਂ ਹੁੰਦਾ ਹੋਇਆ ਦਰਿਆ ਦੀ ਕੰਨੀ-ਕੰਨੀ ਗੁਜਰਾਤ ਦੇ ਲਾਗੇ ਆ ਪੁੱਜਾ ਤੇ ਸੂਕੇ ਡੇਰਾ ਲਾ ਦਿੱਤਾ। ਸਿੰਘਾਂ ਨੂੰ ਖ਼ਤਰਾ ਭਾਸਿਆ, ਪਰ ਫ਼ਤਿਹ-ਨਾਮੇ ਦੇ ਲੇਖਕ ਅਨੁਸਾਰ ਸਰਦਾਰ ਸਾਹਿਬ ਸਿੰਘ ਨੇ ਉਨ੍ਹਾਂ ਨੂੰ ਹੱਲਾ-ਸ਼ੇਰੀ ਦਿੱਤੀ। ਸਿੰਘਾਂ ਕਮਰ-ਕਸੇ ਕਰ ਲਏ ਤੇ ਰਣ-ਭੂਮੀ ਵਿਚ ਕੁੱਦ ਪਏ।

ਲੜਾਈ ਦਾ ਜ਼ੋਰ ਪੈਂਦਾ ਦੇਖ ਕੇ ਪਠਾਣਾਂ ਜੰਬੂਰੇ ਆ ਫੇਏ, ਜਿਸ ਨਾਲ ਸਿੰਘਾਂ ਦੇ ਪੈਰ ਜ਼ਰਾ ਪਿੱਛੇ ਹਟਣ ਲੱਗ ਪਏ। ਪਰ ਉਹ ਛੇਤੀ ਹੀ ਸੰਭਲ ਗਏ। ਜਦ ਪਠਾਣਾਂ ਨੇ ਤੀਸਰਾ ਹੱਲਾ ਕੀਤਾ ਤਾਂ ਅੱਗੋਂ ਸਿੰਘ ਭੀ ਕਿਲਕਾਰਾਂ ਮਾਰਦੇ ਅਤੇ ਸਤਿ ਸ੍ਰੀ ਅਕਾਲ ਗਜਾਉਂਦੇ ਟੁੱਟ ਪਏ। ਇਸ ਵੇਲੇ ਸ਼ਾਹੰਚੀ ਮਾਰਿਆ ਗਿਆ ਤੇ ਉਸ ਦੀ ਫ਼ੌਜ ਭੱਜ ਨਿਕਲੀ। ਸਿੰਘਾਂ ਦੀ ਫ਼ਤਿਹ ਹੋਈ, ਪਠਾਣਾਂ ਦਾ ਡੇਰਾ ਲੁੱਟ ਵਿਚ ਸਿੰਘਾਂ ਦੇ ਹੱਥ ਆਇਆ। ਇਹ ਗੱਲ 22 ਵਸਾਖ ਸੰਮਤ 1854 ਦਿਨ ਐਤਵਾਰ

ਮੁਤਾਬਿਕ 30 ਅਪ੍ਰੈਲ ਸੰਨ 1797 ਦੀ ਹੈ। ਇਸ ਨਾਲ ਭਾਈ ਦਯਾਲ ਕ੍ਰਿਤ ਫ਼ਤਿਹ-ਨਾਮਾ ਖ਼ਤਮ ਹੋ ਜਾਂਦਾ ਹੈ।

ਚੌਥਾ ਹੱਲਾ—ਸਤੰਬਰ ਵਿਚ ਕਾਬਲੋਂ ਚਲ ਕੇ ਜ਼ਮਾਨ ਸ਼ਾਹ ਅੱਧ ਅਕਤੂਬਰ ਸੰਨ 1798 ਨੂੰ ਪਿਸ਼ਾਵਰੋਂ ਤੁਰਿਆ। ਪਰ ਹੁਣ ਸਿੰਘ ਤਕੜੇ ਹੋ ਗਏ ਸਨ। ਭਾਵੇਂ ਉਹ ਵੇਲਾ ਟਪਾਉਣ ਲਈ ਕਈ ਥਾਂ ਖਾਲੀ ਕਰਕੇ ਲਾਂਭੇ ਭੀ ਹੋ ਗਏ ਸਨ, ਪਰ ਉਨ੍ਹਾਂ ਦੇ ਅੱਗਿਉਂ ਪਿੱਛਿਉਂ ਤੇ ਪਾਸਿਆਂ ਤੋਂ ਛਾਪਿਆਂ ਨੇ ਸ਼ਾਹ ਦੇ ਪੈਰ ਨਾ ਲੱਗਣ ਦਿੱਤੇ ਅਤੇ ਨਾ ਹੀ ਉਹ ਲਾਹੌਰੋਂ ਦਿੱਲੀ ਵੱਲ ਨੂੰ ਵੱਧਣ ਦਾ ਹੌਸਲਾ ਕਰ ਸਕਿਆ। ਇਸ ਵੇਲੇ ਸਰਦਾਰ ਰਣਜੀਤ ਸਿੰਘ ਸ਼ੁੱਕਰਚੱਕੀਆ ਤੇ ਸਰਦਾਰ ਸਾਹਿਬ ਸਿੰਘ ਭੰਗੀ ਕਾਫ਼ੀ ਜ਼ੋਰਾਂ ਵਿਚ ਸਨ। ਇਸ ਵੇਲੇ ਅੰਗਰੇਜ਼ਾਂ ਨੇ ਇਕ ਪਾਸੇ ਤਾਂ ਸ਼ਹਿਜ਼ਾਦਾ ਮਹਿਮੂਦ ਨੂੰ ਸ਼ਹਿ ਦੇ ਕੇ ਅਫ਼ਗਾਨਿਸਤਾਨ ਵਿਚ ਬਗ਼ਾਵਤ ਕਰਵਾ ਦਿੱਤੀ ਅਤੇ ਦੂਸਰੇ ਪਾਸੇ ਈਰਾਨ ਦੇ ਬਾਦਸ਼ਾਹ ਫ਼ਤਿਹ ਅਲੀ ਸ਼ਾਹ ਨੂੰ ਚੁੱਕ ਕੇ ਖ਼ੁਰਾਸਾਨ ਉੱਤੇ ਹੱਲਾ ਕਰਵਾ ਦਿੱਤਾ ਤਾਂਕਿ ਹਿੰਦੁਸਤਾਨ ਵਿਚ ਬਣਾਈ ਹੋਈ ਅੰਗਰੇਜ਼ੀ ਹਕੂਮਤ ਨੂੰ ਜ਼ਮਾਨ ਸ਼ਾਹ ਵੱਲੋਂ ਕੋਈ ਖਤਰਾ ਪੈਦਾ ਨਾ ਹੋਵੇ।

ਆਖ਼ਰ 4 ਜਨਵਰੀ 1899 ਦੀ ਸਵੇਰ ਨੂੰ ਜ਼ਮਾਨ ਸ਼ਾਹ ਲਾਹੌਰੋਂ ਕਾਬਲ ਨੂੰ ਤੁਰ ਗਿਆ। ਸ਼ਾਹ ਜ਼ਮਾਨ ਦੇ ਰਾਵੀਉਂ ਪਾਰ ਹੋਣ ਦੀ ਦੇਰ ਸੀ ਕਿ ਉਸੇ ਦਿਨ ਹੀ ਸਿੰਘਾਂ ਨੇ ਮੁੜ ਲਾਹੌਰ ਆ ਮੱਲਿਆ ਅਤੇ ਥਾਉਂ ਥਾਈਂ ਆਪਣੇ ਇਲਾਕਿਆਂ ਨੂੰ ਮੁੜ ਪਏ ਤੇ ਪਹਿਲੇ ਵਾਂਙ ਕਬਜ਼ੇ ਕਰ ਲਏ। ਸਿੰਘਾਂ ਨੇ ਇਸ ਵਾਰੀ ਕੇਵਲ ਪੰਜਾਬ ਨੂੰ ਹੀ ਜ਼ਮਾਨਸ਼ਾਹੀ ਤੋਂ ਨੀ ਬਚਾ ਲਿਆ ਬਲਕਿ ਹਿੰਦੁਸਤਾਨ ਨੂੰ ਭੀ ਤੱਤੀ ਵਾਉ ਨਾ ਲੱਗਣ ਦਿੱਤੀ। ਇਸੇ ਸਾਲ ਸ਼ਹਿਰ ਲਾਹੌਰ ਦੇ ਪ੍ਰਤਿਨਿਧਾਂ ਦੀ ਬੇਨਤੀ ਪ੍ਰਵਾਨ ਕਰ ਕੇ ਹਾੜ੍ਹ ਸੁਦੀ 5 ਸੰਮਤ 1856 ਬਿਕ੍ਰਮੀ, 3 ਸਫ਼ਰ, 1214 ਹਿਜਰੀ, 7 ਜੁਲਾਈ 1799 ਈਸਵੀ ਨੂੰ ਸਰਦਾਰ ਰਣਜੀਤ ਸਿੰਘ ਸ਼ੁੱਕਰਚੱਕੀਏ ਨੇ ਲਾਹੌਰ ਉੱਤੇ ਕਬਜ਼ਾ ਕਰ ਲਿਆ ਅਤੇ ਸਿੱਖ ਬਾਦਸ਼ਾਹਤ ਕਾਇਮ ਕਰ ਦਿੱਤੀ।

ਫ਼ਤਿਹ-ਨਾਮਾ

ਅੱਥ ਫ਼ਤਿਹ-ਨਾਮਾ ਲਿਖ਼ਯਤੇ, ਕ੍ਰਿਤ ਭਾਈ ਦਯਾਲ ਸਿੰਘ ਜੀ ਦੀ।

ਪਉੜੀ

ਅੱਬਲ ਸਿਫ਼ਤਿ ਰਬਾਣੀ ਕਰੀਏ, ਜੇਹੜਾ ਖੇਲ ਬਣਾਏ ਜੀ।
ਤੇ ਹਿੰਦੂ ਤੁਰਕ ਦੂਹਾਂ ਨੂੰ ਰੱਸੇ, ਪੈਰ ਮਜ਼ਹਬ ਦੇ ਪਾਏ ਜੀ।
ਤੇ ਬਣਿ ਕੇ ਆਪੁ ਖਿਲਾਰੀ ਬੈਠਾ, ਲੇਖੇ ਦੋਵੈਂ ਲਾਏ ਜੀ।
ਤੇ ਜਿਸ ਦੇ ਵਲ ਹੋਵੈ ਉਹ ਆਪੇ, ਬਾਜ਼ੀ ਸੋ ਜਿਣਾ[1] ਜਾਏ ਜੀ। ੧।
ਤੇ ਪਹਿਲਾ ਗਿਲਜਾ[2] ਚੜ੍ਹਿ ਕੈ ਆਇਆ, ਸਿੰਘਾਂ ਪੈਰ ਹਟਾਇਆ ਜੀ।
ਤੇ ਵਿਚਿ ਪੰਜਾਬੋਂ ਨੱਠੇ ਸੱਭੇ, ਪਹਾੜੇਂ ਡੇਰਾ ਲਾਇਆ ਜੀ।
ਤੇ ਸਤਿਗੁਰ ਪੂਰਾ ਵੇਖੇ ਕਉਤਕ, ਭਾਣਾ ਜਿਸੁ ਵਰਤਾਇਆ ਜੀ।
ਤੇ ਆਪੇ ਢਾਹਿ ਉਸਾਰੇ ਆਪੇ, ਆਪੇ ਖੇਲੁ ਰਚਾਇਆ ਜੀ। ੨।
ਤੇ ਗਿਲਜਾ ਲੰਘੁ ਝਨਾਓ ਸਿੱਧਾ, ਵਿਚ ਲਾਹੌਰੇ ਆਇਆ ਜੀ।
ਤੇ ਕਰਕੇ ਜੋਰ ਹੁਕਮ ਦਾ ਸੂਰੇ, ਲੋਕਾਂ ਨੂੰ ਉਸ ਤਾਇਆ[3] ਜੀ।
ਤੇ ਸਾਹਿਬ ਦੇ ਦਿਲ ਗ਼ੈਰਤ ਗਈ, ਆ ਭੇਡਾਂ ਵਾਂਗ ਨਸਾਇਆ ਜੀ।
ਤੇ ਬੇੜਾ ਫੇਰ ਧਰਮ ਦਾ ਬੰਨੇ, ਆਪੇ ਸਾਹਿਬ ਲਾਇਆ ਜੀ। ੩।
ਤੇ ਆਏ ਸਿੰਘ ਪਹਾੜੋਂ ਮੁੜਕੇ, ਆਪੋ ਆਪਣੀ ਦੇਸੀਂ ਜੀ।[4]
ਤੇ ਮੈਲੇ ਵੇਸ ਧੁਵਾਂਵਣ ਬਸਤਰ, ਮਲੁ ਮਲੁ ਨ੍ਹਾਵਨ ਕੇਸੀਂ ਜੀ।
ਤੇ ਮਾਰੇ ਖੌਫ਼ ਰਜ਼ਾਦੇ ਆਹੇ, ਡੂਗੱਰ ਮੈਲੀ ਵੇਸੀਂ ਜੀ[5]।

---

1. ਸੂਹਾਂ ਤੇ ਜੰਦਾਲ (ਅਟਕ ਦੇ ਜ਼ਿਲ੍ਹੇ) ਦੇ ਇਲਾਕਿਆਂ ਵਿਚ ਲਫ਼ਜ਼ 'ਜਿਤ' ਨੂੰ 'ਜਿਣ' ਆਖਦੇ ਹਨ।
2. ਜ਼ਮਾਨ ਸ਼ਾਹ, ਅਫ਼ਗਾਨਿਸਤਾਨ ਦਾ ਬਾਦਸ਼ਾਹ, ਅਹਿਮਦਸ਼ਾਹ ਦੁਰੌਨੀ ਦਾ ਪੋਤਾ। ਪੁਰਾਤਨ ਸਿੱਖ ਸਾਹਿਤਯ ਵਿਚ ਕਾਬਲੀ ਪਠਾਣਾਂ ਨੂੰ ਗਿਲਜ਼ਈ ਯਾ ਗਿਲਜੇ ਕਰਕੇ ਲਿਖਿਆ ਹੋਇਆ ਹੈ।
3. ਸਤਾਇਆ, ਤੰਗ ਕੀਤਾ, ਤਬਾਹ ਤੇ ਬਰਬਾਦ ਕੀਤਾ।
4. ਇਲਾਕਿਆਂ ਵਿਚ।
5. ਪਾਠ-ਭੇਦ—'ਤੇ ਮਾਰੇ ਖੌਫ਼ ਰਜ਼ਾ ਦੇ ਆਹੇ ਡੂਗਰ ਮੈਲੀ ਵੇਸੀਂ ਜੀ'। ਸੂਹਾਂ, ਜੰਦਾਲ ਅਤੇ ਧੰਨੀ ਪੋਠੋਹਾਰ ਵਿਚ 'ਰਾਇ ਜ਼ਾਦਿਆਂ' ਨੂੰ 'ਰਜ਼ਾਦੇ' ਕਰਕੇ ਬੁਲਾਉਂਦੇ ਹਨ।

   ਇਸ ਦੇ ਦੋ ਅਰਥ ਹੋ ਸਕਦੇ ਹਨ। ਇੱਕ ਤਾਂ ਇਹ ਕਿ ਰਾਇਜ਼ਾਦੇ (ਸਫ਼ੈਦ-ਪੋਸ਼, ਚਿਟ-ਕਪੜੀਏ) ਡਰਦੇ ਮਾਰੇ ਡੋਗਰਿਆਂ (ਡੂੰਗਰਾਂ) ਵਾਂਙੂ ਮੈਲੇ ਕੱਪੜਿਆਂ ਵਾਲੇ ਹੋ ਗਏ ਸਨ, ਦੂਸਰੇ ਇਹ ਕਿ ਰਜ਼ਾ (ਰਬ ਦੀ ਮਰਜ਼ੀ) ਦੇ ਡਰ ਦੇ ਮਾਰੇ ਡੋਗਰਿਆਂ ਦੇ ਪਹਾੜੀ ਇਲਾਕੇ ਜਾ ਛੁਪਣ ਕਰਕੇ ਡੂੰਗਰਾਂ (ਡੋਗਰਿਆਂ) ਦੀ ਤਰ੍ਹਾਂ ਮੈਲੇ ਵੇਸ ਵਿਚ ਰਹਿਣ ਵਾਲੇ ਹੋ ਗਏ ਸਨ।

ਤੇ ਵਾਵਿਗੁਰੂ ਦੇ ਵਾਰੇ[1] ਜੀ, ਮੁੜ ਕੀਤੇ ਚਿੱਟੀ ਭੇਜੀਂ ਜੀ। ੪।
ਤੇ ਹੋਣੀ[2] ਫੇਰ ਲਿਆਈ ਗਿਲਜੇ[3], ਮੁੜਕੇ ਪਿੰਡੋਂ ਆਇਆ ਜੀ[4]।
ਤੇ ਜੱਟ ਜਲਾਲੀ[5] ਚੱਠੇ ਗੁੱਜਰ, ਚਾਵਣਾਂ ਰਲ ਕੇ ਚਾਇਆ ਜੀ।
ਤੇ ਗਿਲਜਾ ਆਇਉ ਲੱਥਾ ਡਿੰਗੀਂ[6], ਸਿੰਘਾਂ ਨੇ ਸੁਣ ਪਾਇਆ ਜੀ।
ਤੇ ਦੇਖੋ ਹੋਣੀ ਹਾਰ ਨਾ ਰਹਿੰਦੀ, ਫੜ ਕੇ ਕਾਲ[7] ਲਿਆਇਆ ਜੀ। ੫।
ਤੇ ਬੇਟਾ ਗੁੱਜਰ ਸਿੰਘ ਅਵਤਾਰੀ,[8] ਉਸ ਨੇ ਦਿਲ ਵਿਚ ਏਹਾ ਧਾਰੀ।
ਆਖ਼ਰ ਮਰਨਾ ਹੈ ਇਕ ਵਾਰੀ, ਹੋਵਗੁ ਸਾ ਜੋ ਗੁਰੂ ਚਿਤਾਰੀ।
ਲੜੀਏ ਦੀਨ ਤੇ।
ਸਾਹਿਬ ਸਿੰਘੁ ਹਲਕਾਰੇ[9] ਘੱਲੇ, ਦੇ ਕੇ ਖਰਚ ਉਨ੍ਹਾਂ ਦੇ ਪੱਲੇ।
ਤੁਸੀਂ ਖਬਰ ਲਿਆਵਹੁ ਕੱਲ੍ਹੇ[10], ਕਰਮੀ ਸਾਹਿਬ ਕੰਮ ਸੁਵੱਲੇ।
ਖ਼ਤਰਾ ਕੁਝ ਨਹੀਂ। ੬।
ਅੱਗੋਂ ਮੁੜ ਆਏ ਹਲਕਾਰੇ। ਖਬਰਾਂ ਆਈਆਂ ਚੜ੍ਹਦੇ ਤਾਰੇ।
ਫ਼ੌਜਾਂ ਦਿੱਸਣ ਬੱਦਲ ਕਾਲੇ। ਸੁਣਿਆਂ ਸਿੰਘਾਂ ਨੇ ਸਭ ਸਾਰੇ।
ਗੁਰੂ ਚਿਤਾਰਦੇ।
ਕੰਨੀ ਲਾ ਗੁਜਰਾਤੇ ਆਇਆ। ਸੂਕੇ ਆ ਉਸ ਡੇਰਾ ਪਾਇਆ।
ਸਿੰਘਾਂ ਸੁਣ ਕੇ ਖਤਰਾ ਖਾਇਆ।.....................।
ਕੀਕੂੰ ਹੋਵਸੀ। ੭।
ਦੂਲਾ ਸਾਹਿਬ ਸਿੰਘ ਸਰਦਾਰ। ਉਸ ਨੇ ਸਿਰ ਤੇ ਬੱਧਾ ਭਾਰ।
ਸਿੰਘੋ ਲੜਨਾ ਅੱਕਾ ਕਾਰ, ਕਮਰਾਂ ਕੱਸੋ ਹੋਹੁ ਤਯਾਰ।
ਮਾਰਾਂ ਤੁਰਕ ਨੂੰ।
ਸਿੰਘਾਂ ਸਭਨਾਂ ਕਮਰਾਂ ਲਾਈਆਂ। ਨਿੱਕਲ ਬਾਹਰ ਫ਼ੌਜਾਂ ਆਈਆਂ।

---

1. ਸਦਕੇ ਜਾਈਏ, ਕੁਰਬਾਨ ਜਾਈਏ।
2. ਹੋਣਾ ਰੱਬ ਦੀ ਰਜ਼ਾ ਦਾ, ਭਾਣਾ, ਕਾਲ, ਮੌਤ।
3. ਇੱਥੇ ਗਿਲਜੇ ਤੋਂ ਮੁਰਾਦ ਜ਼ਮਾਨ ਸ਼ਾਹ ਦੇ ਜਰਨੈਲ ਅਹਿਮਦ ਖਾਨ ਬਾਰਕਜ਼ਈ ਸ਼ਾਹੰਚੀ-ਬਾਸ਼ੀ ਤੋਂ ਹੈ ਜਿਸ ਨੂੰ ਸ਼ਾਹ ਵਾਪਸ ਮੁੜਨ ਵੇਲੇ ਇੱਥੇ ਛੱਡ ਗਿਆ ਸੀ। ਹੋਰ ਦੇਖੋ ਅਗਲਾ ਫ਼ੁਟ-ਨੋਟ।
4. ਜ਼ਮਾਨ ਸ਼ਾਹ ਦੇ ਮੁੜਨ ਵੇਲੇ ਮਾਲੂਮ ਹੁੰਦਾ ਹੈ ਸ਼ਾਹੰਚੀ ਉਸ ਦੇ ਨਾਲ ਹੀ ਮੁੜ ਪਿਆ ਸੀ, ਪਰ ਜਿਵੇਂ ਮੁੱਢ ਵਿਚ ਦੱਸਿਆ ਗਿਆ ਹੈ, ਜੇਹਲਮੋਂ ਪਾਰ ਹੋ ਕੇ ਸ਼ਾਹ ਨੇ ਉਸ ਨੂੰ ਦੁਆਬ ਸਿੰਧ-ਸਾਗਰ ਦਾ ਹਾਕਮ ਬਣਾ ਕੇ ਇੱਥੇ ਛੱਡ ਦਿੱਤਾ ਤਾਂ ਕਿ ਸਿੰਘਾਂ ਨੂੰ ਮੁੜ ਆਪਣੇ-ਆਪਣੇ ਸਾਂਭੇ ਹੋਏ ਇਲਾਕਿਆਂ ਉੱਤੇ ਕਬਜ਼ਾ ਨਾ ਕਰਨ ਦੇਵੇ।
5. ਜਲਾਲ ਖਾਨ ਭੱਟੀ ਦੇ ਸਾਥੀ ਸੰਗੀ।
6. ਡਿੰਗਾ, ਜ਼ਿਲ੍ਹਾ ਗੁਜਰਾਤ, ਪੰਜਾਬ।
7. ਮੌਤ।
8. ਸਰਦਾਰ ਗੁੱਜਰ ਸਿੰਘ ਭੰਗੀ ਦਾ ਪੁੱਤਰ ਸਰਦਾਰ ਸਾਹਿਬ ਸਿੰਘ ਗੁਜਰਾਤ ਵਾਲਾ।
9. ਹਰਕਾਰੇ, ਖ਼ਬਰਾਂ ਲਿਆਵਨ ਤੇ ਪਹੁੰਚਾਵਨ ਵਾਲੇ।
10. ਕੱਲ੍ਹ ਹੀ, ਭਲਕੇ ਹੀ, ਅਗਲੇ ਦਿਨ ਹੀ।

ਦਿੱਸਨ ਤੇਗਾਂ ਤੇ ਹਵਾਈਆਂ। ਰਲ ਮਿਲ ਹੱਸਨ ਵਾਂਗੂ ਭਾਈਆਂ।
ਜਪਦੇ ਜਾਪਾਂ[1] ਨੂੰ। ੮।
ਅੱਗੋਂ ਗਿਲਜਾ ਚੜ੍ਹ ਕੇ ਆਇਆ, ਸਿੰਘਾ ਡਿੱਠਾ ਉੱਪਰ-ਵਾਇਆ[2]।
ਗਿਲਜੇ ਤਾਣਾ ਕੋਹੁ ਵਿਚਿ ਲਾਇਆ, ਫੌਜਾਂ ਆ ਉਸ ਫੇਰਾ ਪਾਇਆ।
ਜਾ ਫੌਜਾਂ ਆਮ੍ਹੋਂ ਸਾਹਮਣੇ ਆਈਆਂ, ਤੁਰਕਾਂ ਤੇਗਾਂ ਆਇ ਚਲਾਈਆਂ।
ਸਿੰਘਾਂ ਸਨਮੁਖ ਹੋ ਕੇ ਖਾਈਆਂ, ਬੇਟੇ ਧੰਨ ਜਣੇ ਨੀਂ ਮਾਈਆਂ।
ਸੋਹਣੇ ਸੂਰਮੇ। ੯।
ਤੁਰਕਾਂ ਆਣ ਜੰਬੂਰੇ[3] ਢੋਏ। ਹੱਥੀਂ ਆਵਣ ਨੂੰ ਉੱਠ ਹੋਏ।
ਮਾਰੋ ਮਾਰ ਪਈ ਵਲ ਦੋਏ। ਬੈਠਾ ਵਿਚ ਮੁਹੰਮਦ ਰੋਏ।
ਬੂਹੇ ਰੱਬ ਦੇ[4]।
ਆਹਾ ਰੱਬ ਨੂੰ ਬਹੁਤ ਪਿਆਰਾ। ਪਰ ਕੁਝ ਚੱਲਸ ਨਾਹੀਂ ਚਾਰਾ।
ਸਤਿਗੁਰੂ ਬੈਠਾ ਪਾਸ ਕਰਾਰਾ। ਜੰਞੂ ਟਿੱਕੇ ਦਾ ਰਖਵਾਰਾ।
ਧੱਜਾ ਧਰਮ ਦੀ। ੧੦।
ਤਾਂ ਆ ਕੇ ਤੁਰਕਾਂ ਜ਼ੋਰਾ ਪਾਇਆ। ਸਿੰਘਾਂ ਪਿਛੇ ਪੈਰੁ ਹਟਾਇਆ।
ਕਲਗੀਵਾਲਾ ਚੜ੍ਹ ਕੇ ਆਇਆ।[5] ਉਸ ਨੇ ਪਿੱਛਾ ਆਨੁ ਦਬਾਇਆ।
ਪੜਦਾ ਕੱਜਿਆ।
ਜਾਂ ਤੁਰਕਾਂ ਕੀਤਾ ਤੀਜਾ ਹੱਲਾ। ਅੱਗੋਂ ਮੁਹੋ ਪਾਇਓ ਨੇ ਖੱਲਾ[6]।
ਝੰਡਾ ਢੱਠਾ ਲਸ਼ਕਰ ਚੱਲਾ[7]। ਕੀਤਾ ਸਾਹਿਬੁ ਕੰਮ ਸੁਵੱਲਾ।
ਫੜ ਕੇ ਤੇਗ ਨੂੰ। ੧੧।
ਨਾਲੇ ਵਾਹਰ ਕੀਤੀ ਸ਼ਾਹ ਦੌਲਾ। ਉਸ ਨੂੰ ਹੁਕਮ ਕੀਤਾ ਮੌਲ਼ਾ।
ਤੁਰਕ ਨੂੰ ਮਾਰੇ ਫੜ ਕੇ ਪੌਲਾ। ਕੀਹੇ ਤੁਰਕਾਂ ਦਾ ਕੰਮ ਹੌਲਾ।
ਛੇਵੇਂ ਗੁਰ ਕਹਿਆ।
ਦੌਲੇ ਮੰਨ ਲਿਆ ਗੁਰ ਭਾਣਾਂ। ਲੈ ਕੇ ਪੌਲਾ ਦੌਲਾ ਧਾਣਾਂ।
ਅੱਗੋਂ ਤੁਰਕਾਂ ਦਾ ਭੱਜ ਜਾਣਾਂ। ਸੁੱਕੇ ਪੱਤਾਂ ਵਾਂਗੁ ਉਡਾਣਾਂ।
ਲਸ਼ਕਰ ਤੁਰਕ ਦਾ। ੧੨।

---

1. ਜਾਪ ਸਾਹਿਬ ਆਦਿ ਗੁਰਬਾਣੀਆਂ ਪੜ੍ਹਦੇ, ਸਿਮਰਨ ਕਰਦੇ।
2. ਅਚਾਨਕ ਹੀ।
3. ਛੋਟੀਆਂ ਤੋਪਾਂ, ਜੋ ਊਠਾਂ ਪਰ ਲੱਦੀਆਂ ਜਾਣ ਕਰਕੇ ਸ਼ੁਤਰੀ ਤੋਪਾਂ ਭੀ ਅਖਵਾਉਂਦੀਆਂ ਹਨ।
4. ਇਸ ਪ੍ਰਕਾਰ ਦੇ ਸ਼ਬਦ ਓਪਰਿਆਂ ਲਈ ਵਰਤਣੇ ਅਠ੍ਹਾਰਵੀਂ ਸਦੀ ਦੇ ਆਪਸ ਵਿਚ ਦੇ ਵੈਰ ਦੇ ਲਖਾਇਕ ਹਨ। ਇਹਨੀਂ ਦਿਨੀਂ ਮੁਸਲਮਾਨਾਂ ਦੀਆਂ ਲਿਖਤਾਂ ਵਿਚ ਇਸ ਪ੍ਰਕਾਰ ਦੂਸਰੇ ਪਾਸੇ ਵਾਲਿਆਂ ਲਈ ਸਬਦ ਵਰਤਣੇ ਇੱਕ ਆਮ ਗੱਲ ਸੀ। ਦੇਖੋ ਕਾਜ਼ੀ ਨੂਰ ਮੁਹੰਮਦ ਦਾ 'ਜੰਗਨਾਮਾ'। ਸਿੱਖਾਂ ਵਿਚ ਗਿਆਨੀ ਗਿਆਨ ਸਿੰਘ ਨੇ ਭੀ ਕਿਤੇ-ਕਿਤੇ ਇਸ ਪ੍ਰਕਾਰ ਦੀ ਹੋਲੀ ਬੋਲੀ ਵਰਤੀ ਹੈ। ਦੇਖੋ 'ਪੰਥ-ਪ੍ਰਕਾਸ਼'।
5. ਗੁਰੂ ਗੋਬਿੰਦ ਸਿੰਘ ਵੱਲੋਂ ਸਿੰਘਾਂ ਦੀ ਗੈਬੀ ਸਹਾਇਤਾ ਹੋਈ।
6. ਜੁੱਤੀ, ਛਿੱਤਰ, ਲਿੱਤਰ, ਪੌਲਾ।
7. ਸ਼ਾਹੰਚੀ ਨੂੰ ਗੋਲੀ ਵੱਜਣ ਪਰ ਪਠਾਣੀ ਝੰਡਾ ਡਿੱਗਦੇ ਸਾਰ ਫੌਜ ਭੱਜ ਨਿਕਲੀ।

ਫਿਰ ਸਭ ਸਿੰਘ ਪਏ ਕਿਲਕਾਰ। ਨੱਠੇ ਤੁਰਕ ਨਾ ਆਵੈ ਵਾਰ।
ਵੱਗਨ ਤੇਗਾਂ ਸਾਵਣੁ ਧਾਰ। ਛੁੱਟਣ ਲੋਹੂ ਦੇ ਭਭਕਾਰ।
ਭੱਭਰ ਭੱਭ ਕੇ।
ਅਗੋਂ ਆਇ ਗਈ ਵਿਚਿ ਰਾਤ। ਸਿੰਘ ਜੁੜ ਮੁੜ ਲੱਥੇ ਗੁਜਰਾਤ।
ਵਣ ਤ੍ਰਿਣ ਸਤਿਗੁਰ ਦਾ ਪਰਤਾਪੁ।......................।
ਦਿੱਸੇ ਖਾਲਸਾ। ੧੩।
ਗਿਲਜੇ ਵੱਗੀ ਰੱਬ ਦੀ ਮਾਰ। ਪਿੜ ਵਿਚ ਮਾਰੇ ਚਾਰੇ ਯਾਰ।
ਕੀਤੇ ਕਰਮ ਸੁ ਆਏ ਕਾਰ। ਨੱਠਾ ਕਾਬਲ ਤੇ ਕੰਧਾਰ।
ਆਇਆ ਖ਼ਾਲਸਾ।
ਖ਼ਬਰਾਂ ਗਈਆਂ ਧੁਰ ਪਾਤਸ਼ਾਹ। ਮਾਰੀ ਟੋਪੀ ਭੋਇੰ ਤੇ ਲਾਹਿ।
ਰੱਬਾ ਕੀ ਕੁਝ ਕੀਤੋ ਆਹਿ। ਸਾਡਾ ਦਿੱਤੋ ਫ਼ਿਰਕਾ ਢਾਹਿ।
ਵਿਚ ਪੰਜਾਬ ਦੇ। ੧੪।
ਏਵੈਂ ਦਿਯਾਲ ਸਿੰਘ ਰੱਬ ਭਾਣੀ। ਕੇਹੜਾ ਮੇਟੇ ਕਲਮ ਰਬਾਣੀ।
ਅਰਸ਼ੋਂ ਵੱਗੀ ਤੇਗ ਪਠਾਣੀ। ਅਗੋਂ ਪਿੱਛੋਂ ਗਏ ਰੰਵਾਣੀ।
ਭੁੱਲੇ ਰੱਬ ਥੀਂ।
ਜੇ ਕੋ ਕਰਮੀ ਸਾਹਿਬੁ ਯਾਦ। ਉਹੋ ਰਹਸੀ ਆਖਰ ਆਦ।
ਝੂਠੀ ਦੁਨੀਆਂ ਹੋਗ ਖ਼ਿਬਾਦ। ਇਸ ਵਿਚ ਕਤਰਾ ਨਾਹੀ ਸਾਦ।
ਡਿੱਠੀ ਢੂੰਢ ਕੇ। ੧੫।

ਸ੍ਵੈਯਾ

ਜੱਧੁ ਠਟਾ ਹਰਿ ਜੂ ਪ੍ਰਿਥਵੀ ਪਰ ਦੇਵਨ ਦਾਨਵ ਕੋ ਅਤਿ ਭਾਰੀ।
ਦਾਨਵ ਹਾਰ ਚਲੇ ਰਣ ਮੇ ਜੈਸੇ ਜੂਪ ਕੇ ਹਾਰ ਚਲੇ ਜੁ ਜੁਆਰੀ। ੧੬।
ਜੁਧੁ ਮੈਂ ਸੁੱਧੁ ਨਾ ਕਾਇ ਰਹੀ ਦੁਹੂ ਓਰਨ ਬੀਰ ਲਰੇ ਬਸ ਸੋਂ।
ਭੁਜ ਮੈਂ ਭੁਜ ਕੋ ਗਹਿ ਆਪਸ ਮੇ ਦੁਹੂੰ ਓਰਨ ਮਾਰ ਕਰੀ ਕਰ ਸੋਂ।
ਜਬ ਚੰਡ ਜੀ ਕੋ ਰਿਸ ਆਏ ਗਈ ਇਹ ਭਾਂਤਨ ਮਾਰ ਦਈ ਅਰ ਸੋਂ।
ਜੈਸੇ ਪੰਖ ਬਿਹੀਨ ਫਿਰੈ ਪੰਖੀਆ ਇਹ ਭਾਂਤਨ ਗੇਰ ਦੇਰ ਧਰ ਸੋਂ। ੧੭।

ਦੋਹਰਾ

ਦੈਤ ਹਾਰ ਘਰ ਕੋ ਚਲੇ ਭਾਜੇ ਬਚੇ ਸੁ ਤੇਵ।
ਨਰ ਨਾਰੀ ਮੰਗਲੁ ਕਰੈ ਜੈ ਚੰਡੀ ਬਰ ਦੇਵ। ੧੮।

ਦੋਹਰਾ

ਸੰਮਤ ਠਾਰਾਂ ਸੌ ਬਰਖ ਬੀਤੇ ਪੰਜਾਹ ਚਾਰ।
ਵੈਸਾਖ ਦਿਵਸ ਬਾਵੀ ਗਏ ਐਤਵਾਰ ਥਿਤ ਵਾਰ। ੧੯।

ਇਤਿ ਸ੍ਰੀ ਫ਼ਤਿਹ-ਨਾਮਾ ਸੰਪੂਰਨੰ।

ਜੰਗ-ਨਾਮਾ ਸਰਦਾਰ ਹਰੀ ਸਿੰਘ

ਕ੍ਰਿਤ

ਰਾਮ ਦਿਆਲ ਅਨਦ

ਇਹ ਜੰਗ-ਨਾਮਾ ਰਾਮ ਦਿਆਲ ਨਾਮੀ ਅਨਦ ਖੱਤਰੀ ਦਾ ਲਿਖਿਆ ਹੋਇਆ ਹੈ। ਉਸ ਸੰਬੰਧੀ ਕੋਈ ਹਾਲ ਪਤਾ ਨਹੀਂ ਲੱਗ ਸਕਿਆ। ਬੋਲੀ ਤੋਂ ਲਹਿੰਦੇ ਦਾ ਰਹਿਣ ਵਾਲਾ ਪ੍ਰਤੀਤ ਹੁੰਦਾ ਹੈ। ਪੱਕਾ ਬ੍ਰਾਹਮਣੀ-ਹਿੰਦੂ ਖ਼ਿਆਲ ਦਾ ਹੈ ਅਤੇ ਹਰ ਇਕ ਗੱਲ ਨੂੰ ਹਿੰਦੂ ਪੈਰਾਏ ਵਿਚ ਪੇਸ਼ ਕਰਦਾ ਤੇ ਹਿੰਦੂ ਰੰਗਣ ਵਿਚ ਰੰਗਦਾ ਹੈ। ਮੰਗਲਾਚਰਣ ਵਿਚ ਹਿੰਦੂ ਦੇਵੀ ਦੇਵਤਿਆਂ ਤੇ ਮਹਾਂਪੁਰਖਾਂ ਦਾ ਹੀ ਬਹੁਤਾ ਜ਼ਿਕਰ ਕਰਦਾ ਹੈ।

ਇਤਿਹਾਸਿਕ ਨੁਕਤਾ-ਨਿਗਾਹ ਨਾਲ ਭਾਵੇਂ ਇਹ ਜੰਗ-ਨਾਮਾ ਕੋਈ ਬਹੁਤ ਵਧੀਆ ਚੀਜ਼ ਨਹੀਂ ਕਿਹਾ ਜਾ ਸਕਦਾ, ਪਰ ਪੰਜਾਬੀ ਵਾਰ ਦਾ ਇਕ ਪ੍ਰਕਾਰ ਦਾ ਨਮੂਨਾ ਹੋਣ ਕਰਕੇ ਇੱਥੇ ਦਿੱਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਇਸ ਵਿਚੋਂ ਉਸ ਜ਼ਮਾਨੇ ਦੀ ਆਮ ਜ਼ਿੰਦਗੀ ਅਤੇ ਕੁੱਝ ਰਸਮਾਂ ਰਿਵਾਜਾਂ ਦਾ ਪਤਾ ਚਲਦਾ ਹੈ ਅਤੇ ਦਿੱਸਦਾ ਹੈ ਕਿ ਕਿਵੇਂ ਸਿੰਘਾਂ ਦੀ ਜ਼ਿੰਦਗੀ ਉੱਤੇ ਹਿੰਦੂ ਧਾਰਮਿਕ ਤੇ ਭਾਈਚਾਰਕ ਅਸਰ ਪਿਆ ਹੋਇਆ ਸੀ।

ਮੰਗਲਾਚਰਣ ਵਿਚ ਹਿੰਦੂ ਜਿਨ੍ਹਾਂ ਪੁਰਾਣਕ ਦੇਵਤਿਆਂ, ਸੂਰਬੀਰਾਂ ਤੇ ਮਹਾਂਪੁਰਖਾਂ ਅਤੇ ਹੋਰ ਭਗਤਾਂ ਦਾ ਜ਼ਿਕਰ ਆਇਆ ਹੈ, ਉਨ੍ਹਾਂ ਦਾ ਇਸ਼ਾਰੇ ਮਾਤਰ ਜ਼ਿਕਰ ਇੱਥੇ ਕਰ ਦੇਣਾ ਜ਼ਰੂਰੀ ਭਾਸਦਾ ਹੈ ਤਾਂਕਿ ਪਾਠਕਾਂ ਨੂੰ ਉਨ੍ਹਾਂ ਸੰਬੰਧੀ ਕੁੱਝ ਕੁ ਵਾਕਫ਼ੀਅਤ ਹੋ ਜਾਵੇ।

ਇੰਦਰ : ਪੁਰਾਣਾਂ ਅਨੁਸਾਰ ਬਰਖਾ ਦਾ ਦੇਵਤਾ ਹੈ, ਜਿਸ ਦੇ ਸੁਰਗ ਲੋਕ ਦੇ ਅਖਾੜੇ ਵਿਚ ਅਣਗਿਣਤ ਅਪੱਛਰਾਂ ਰਹਿੰਦੀਆਂ ਹਨ।

ਸੁਦਾਮਾ : ਇਕ ਗਰੀਬ ਬ੍ਰਾਹਮਣ ਸੀ ਜੋ ਸ੍ਰੀ ਕਰਿਸ਼ਨ ਦਾ ਜਮਾਤੀ ਤੇ ਮਿੱਤਰ ਸੀ। ਇਹ ਆਪਣਾ ਦਰਿਦਰ ਦੂਰ ਕਰਨ ਲਈ ਆਪਣੀ ਇਸਤਰੀ ਦੇ ਕਹਿਣ ਉੱਤੇ ਜਦ ਕਰਿਸਨ ਮਹਾਰਾਜ ਪਾਸ ਮਿਲਣ ਗਿਆ ਤਾਂ ਸੱਤੂ ਭੇਟ ਲੈ ਗਿਆ। ਕਰਿਸ਼ਨ ਜੀ ਇਸ ਨੂੰ ਮਿਲ ਕੇ ਬਹੁਤ ਪ੍ਰਸੰਨ ਹੋਏ। ਭਾਗਵਤ ਵਿਚ ਇਸ ਦਾ ਨਾਮ 'ਸ੍ਰੀ ਦਾਮਾ' ਭੀ ਲਿਖਿਆ ਹੋਇਆ ਹੈ।

ਸਰਥ : ਇਕ ਚੰਦਰਬੰਸੀ ਰਾਜਾ ਜੋ ਦੁਰਗਾ ਦਾ ਪਰਮ ਭਗਤ ਸੀ। ਇਸ ਦੀ ਕਥਾ ਮਾਰਕੰਡੇ ਪੁਰਾਣ ਵਿਚ ਆਉਂਦੀ ਹੈ। ਇਹ ਇਕ ਪ੍ਰਸਿੱਧ ਰਿਖੀ ਮੁਨੀ ਮੰਨਿਆ ਗਿਆ ਹੈ।

ਗਣੇਸ਼ : ਪਾਰਬਤੀ ਦਾ ਪੁੱਤਰ।

ਗੋਪੀਚੰਦ : ਬੰਗਾਲ ਦੇਸ਼ ਵਿਚ ਰੰਗਪੁਰ (ਰੰਗਵਤੀ) ਦਾ ਰਾਜਾ ਜੋ ਭਰਥਰੀ ਦੀ ਭੈਣ

ਮੈਨਾਵਤੀ ਦਾ ਪੁੱਤਰ ਅਤੇ ਪਾਟਮ ਦੇਵੀ ਦਾ ਪਤੀ ਸੀ। ਇਹ ਵੈਰਾਗ ਦੇ ਕਾਰਣ ਰਾਜ ਤਿਆਗ ਕੇ ਜਾਲੰਧਰ ਨਾਥ ਜੋਗੀ ਦਾ ਚੇਲਾ ਬਣ ਗਿਆ।

ਗੋਰਖਨਾਥ : ਜੋਗੀਆਂ ਦਾ ਵਡਿੱਕਾ, ਜੋ ਗੋਰਖਪੁਰ ਨਗਰ ਵਿਚ ਪੈਦਾ ਹੋਇਆ। ਕਈਆਂ ਨੇ ਇਸ ਨੂੰ ਮਛਿੰਦਰ ਨਾਥ ਦਾ ਚੇਲਾ ਤੇ ਪੁੱਤਰ ਲਿਖਿਆ ਹੈ। ਕਨਫਟੇ ਜੋਗੀਆਂ ਦਾ ਪੰਥ ਇਸ ਤੋਂ ਚਲਿਆ ਹੈ। ਇਹ ਨੌਂ ਨਾਥਾਂ ਵਿਚੋਂ ਇਕ ਗਿਣਿਆ ਜਾਂਦਾ ਹੈ।

ਚੰਦਰਹਾਸ : ਦੱਖਣ ਦਾ ਇਕ ਰਾਜਾ। ਮਹਾਭਾਰਤ ਦੀ ਇਕ ਕਥਾ ਅਨੁਸਾਰ ਇਸਦੇ ਮਾਤਾ ਪਿਤਾ ਛੋਟੀ ਉਮਰ ਵਿਚ ਮਰ ਗਏ ਤੇ ਇਸ ਦਾ ਰਾਜ ਧਰਿਸ਼ਟ-ਬੁਧਿ ਨਾਮੀ ਵਜ਼ੀਰ ਨੇ ਸਾਂਭ ਲਿਆ। ਇਕ ਜੋਤਸ਼ੀ ਪਾਸੋਂ ਇਹ ਸੁਣ ਕੇ ਕਿ ਚੰਦਰਹਾਸ ਚੱਕਰਵਰਤੀ ਰਾਜਾ ਹੋਵੇਗਾ, ਵਜ਼ੀਰ ਨੇ ਇਸ ਨੂੰ ਮਾਰਨ ਦੇ ਕਈ ਨਿਸਫਲ ਯਤਨ ਕੀਤੇ। ਅੰਤ ਉਸ ਨੂੰ ਆਪਣੇ ਪੁੱਤਰ ਮਦਨ ਪਾਸ ਇਕ ਚਿੱਠੀ ਦੇ ਕੇ ਭੇਜਿਆ ਕਿ ਇਸ ਨੂੰ ਵਿਸ਼ (ਵਿਖ, ਜ਼ਹਿਰ) ਦੇ ਦੇਣਾ। ਚੰਦਰਹਾਸ ਥੱਕਾ ਹੋਇਆ ਹੋਣ ਕਰ ਕੇ ਉੱਥੇ ਪੁੱਜ ਕੇ ਮਦਨ ਦੇ ਬਾਗ ਵਿਚ ਸੌਂ ਗਿਆ, ਜਿੱਥੇ ਮਦਨ ਦੀ ਭੈਣ ਵਿਸ਼ਿਆ ਉਸ ਨੂੰ ਦੇਖ ਕੇ ਮੋਹਤ ਹੋ ਗਈ ਅਤੇ ਵਿਆਹ ਕਰਨ ਦਾ ਸੰਕਲਪ ਧਾਰ ਲਿਆ। ਸੁੱਤੇ ਪਏ ਦੇ ਪੱਲੇ ਬੱਧੀ ਚਿੱਠੀ ਜਦ ਖੋਹਲ ਕੇ ਦੇਖੀ ਤਾਂ ਬੜੀ ਦੁਖੀ ਹੋਈ, ਪਰ ਉਸ ਨੇ ਆਪਣੀਆਂ ਅੱਖਾਂ ਦੇ ਕੱਜਲ ਨਾਲ ਚਿੱਠੀ ਵਿਚ ਲਿਖੇ ਅੱਖਰ 'ਵਿਸ਼' ਨੂੰ 'ਵਿਸ਼ਿਆ' (ਆਪਣਾ ਨਾਮ) ਬਣਾ ਦਿੱਤਾ ਤੇ ਚੁਪ ਚਾਪ ਚਲੀ ਗਈ। ਜਦ ਚੰਦਰਹਾਸ ਉੱਥੋਂ ਉੱਠ ਕੇ ਮਦਨ ਪਾਸ ਗਿਆ ਤੇ ਉਸ ਨੂੰ ਮਿਲਿਆ ਤਾਂ ਮਦਨ ਨੇ ਉਸ ਦਾ ਬੜਾ ਸਤਿਕਾਰ ਕੀਤਾ ਅਤੇ ਆਪਣੀ ਭੈਣ ਵਿਸ਼ਿਆ ਨਾਲ ਉਸ ਦਾ ਵਿਆਹ ਕਰ ਦਿੱਤਾ।

ਇਹ ਸੁਣ ਕੇ ਧਰਿਸਟ-ਬੁਧਿ ਨੂੰ ਬਹੁਤ ਰੋਹ ਚੜ੍ਹਿਆ। ਉਸ ਨੇ ਚੰਡਾਲਾਂ ਨੂੰ ਧਨ ਦੇ ਕੇ ਇਹ ਵਿਉਂਤ ਕੀਤੀ ਕਿ ਸਵੇਰੇ ਦੇਵ-ਮੰਦਰ ਵਿਚ ਪੂਜਾ ਲਈ ਗਏ ਚੰਦਰਹਾਸ ਦਾ ਸਿਰ ਵੱਢ ਦੇਣ। ਪਰ ਭਾਣਾ ਕਰਤਾਰ ਦਾ ਕੀ ਬੀਤਿਆ ਕਿ ਉਸ ਸਵੇਰ ਚੰਦਰਹਾਸ ਨਾਲੋਂ ਪਹਿਲਾਂ ਮਦਨ ਦੇਵ-ਮੰਦਰ ਵਿਚ ਚਲਾ ਗਿਆ ਤੇ ਮਾਰਿਆ ਗਿਆ।

ਦਸਰਥ : ਅਜੁੱਧਿਆ ਦਾ ਰਾਜਾ, ਰਘੂ-ਬੰਸ ਦੇ ਰਾਜਾ ਅੱਜ ਦਾ ਪੁੱਤਰ ਅਤੇ ਰਾਮ ਚੰਦਰ ਜੀ ਦਾ ਪਿਤਾ। ਇਸ ਦਾ ਰਥ ਦਸੋਂ ਦਿਸਾਂ ਵਿਚ ਬਿਨ ਰੋਕ ਦੇ ਫਿਰਦਾ ਸੀ।

ਦੱਤਾ ਤਰੇ : ਹਿੰਦੂ ਖਿਆਲ ਅਨੁਸਾਰ ਸ਼ਿਵਜੀ ਦੇ ਅਵਤਾਰਾਂ ਵਿਚੋਂ ਇਕ (ਦੱਤ), ਜੋ ਅੱਤਰੇ ਰਿਖੀ ਦਾ ਅਨੁਸੂਯਾ ਦੇ ਉਦਰ ਤੋਂ ਪੁੱਤਰ ਸੀ। ਮਾਰਕੰਡੇ ਪੁਰਾਣ ਵਿਚ ਲਿਖਿਆ ਹੈ ਕਿ ਅਨੁਸੂਯਾ ਦੇ ਵਰ ਮੰਗਣ ਪਰ ਉਸ ਦੇ ਗਰਭ ਤੇ ਬ੍ਰਹਮਾ 'ਸੋਮ' ਰੂਪ ਹੋ ਕੇ, ਵਿਸ਼ਨੂੰ 'ਦੱਤ' ਹੋ ਕੇ ਅਤੇ ਸ਼ਿਵ 'ਦੁਰਵਾਸਾ' ਹੋ ਕੇ ਜਨਮੇ।

ਜਨਕ : ਮਿਥਲਾ ਪੁਰੀ ਦਾ ਰਾਜਾ, ਸ੍ਰੀ ਰਾਮ ਚੰਦਰ ਦੀ ਇਸਤਰੀ ਸੀਤਾ ਦਾ ਪਿਤਾ। ਇਹ ਰਾਜ ਕਰਦਾ ਹੋਇਆ ਭੀ ਸੰਨਿਆਸੀ ਚਿਤ ਸੀ। ਬਾਲਮੀਕੀ ਰਾਮਾਯਣ ਕਾਂਡ 1, ਅ : 71 ਅਨੁਸਾਰ ਮਿਥਲਾ ਦਾ ਪਹਿਲਾ ਰਾਜਾ ਨਿਮਿ ਹੋਇਆ ਹੈ, ਉਸ ਦਾ ਪੁੱਤਰ ਮਿਥਿ ਤੇ ਮਿਥਿ ਦਾ ਜਨਕ, ਜਿਸ ਤੋਂ ਖ਼ਾਨਦਾਨ ਦਾ ਨਾਮ ਹੀ 'ਜਨਕ' ਹੋ ਗਿਆ। ਜਨਕ ਦਾ ਪੁੱਤਰ ਉਦਾਵਸੁ, ਉਸ ਦਾ ਨੰਦਿਵਰਧਨ, ਉਸ ਦਾ ਸੁਕੇਤ, ਤੇ ਉਸ ਦਾ ਦੇਵਰਾਤ ਹੋਇਆ। ਇਸੇ ਦੇਵਰਾਤ-ਜਨਕ ਪਾਸ ਸ਼ਿਵਜੀ ਮਹਾਰਾਜ ਨੇ ਧਨੁਖ ਅਮਾਨਤ ਰੱਖਿਆ ਹੋਇਆ ਜੋ ਸੀਤਾ ਦੇ ਸੁਅੰਬਰ ਵੇਲੇ ਰਾਮ ਚੰਦਰ ਨੇ ਤੋੜਿਆ ਸੀ।

ਧਰਮ ਰਾਜਾ : ਪੰਜਾਂ ਪਾਂਡਵਾਂ ਵਿਚ ਸਭ ਤੋਂ ਵੱਡਾ ਯੁਧਿਸ਼ਟਰ, ਅਰਜਨ ਦਾ ਭਾਈ, ਜੋ ਹਿੰਦੂਆਂ ਵਿਚ ਧਰਮ ਦਾ ਆਦਰਸ਼ ਗਿਣਿਆ ਜਾਂਦਾ ਹੈ।

ਧਰੂ ਭਗਤ : ਭਾਗਵਤ ਅਤੇ ਵਿਸ਼ਨੂੰ ਪੁਰਾਣ ਅਨੁਸਾਰ ਰਾਜਾ ਉੱਤਾਨਪਾਦ ਦਾ ਪੁੱਤਰ। ਜਦ ਇਕ ਵਾਰੀ ਇਸ ਦੀ ਮਤਰੇਈ ਮਾਂ ਸੁਰੁਚੀ ਨੇ ਇਸ ਨੂੰ ਪਿਤਾ ਦੀ ਗੋਦ ਵਿਚ ਬੈਠਣੋਂ ਰੋਕ ਦਿੱਤਾ ਤਾਂ ਇਸ ਨੇ ਆਪਣੀ ਮਾਤਾ ਸੁਨੀਤੀ ਪਾਸ ਸ਼ਿਕਾਇਤ ਕੀਤੀ। ਸੁਨੀਤੀ ਨੇ ਕਿਹਾ ਕਿ ਰਾਜਾ ਤੇਰੀ ਮਤਰੇਈ ਦੇ ਪੁੱਤਰ ਉੱਤਮ ਨੂੰ ਚਾਹੁੰਦਾ ਹੈ, ਇਸ ਲਈ ਤੈਨੂੰ ਉਸ ਪਾਸੋਂ ਕੋਈ ਆਸ ਨਹੀਂ ਰੱਖਣੀ ਚਾਹੀਦੀ। ਜੇ ਤੂੰ ਉੱਚ ਪਦਵੀ ਚਾਹੁੰਦਾ ਹੈ ਤਾਂ ਈਸ਼ਵਰ ਦੀ ਭਗਤੀ ਕਰ। ਇਹ ਤਪੱਸਿਆ ਲਈ ਜੰਗਲ ਵਿਚ ਚਲਾ ਗਿਆ, ਜਿੱਥੇ ਸੱਤ ਰਿਖੀਆਂ ਨੇ ਕਿਰਪਾ ਕਰਕੇ ਇਸ ਨੂੰ ਉਪਦੇਸ਼ ਦਿੱਤਾ ਅਤੇ ਇਹ ਇਕ ਬੜਾ ਭਾਰੀ ਭਗਤ ਹੋਇਆ। ਵਾਪਸ ਆਵਣ ਪਰ ਪਿਤਾ ਨੇ ਇਸ ਨੂੰ ਰਾਜ-ਸਿੰਘਾਸਨ ਦਿੱਤਾ। ਉੱਤਮ ਸ਼ਿਕਾਰ ਗਿਆ ਹੋਇਆ ਯਕਸ਼ਾਂ ਦੇ ਹੱਥੋਂ ਮਾਰਿਆ ਗਿਆ।

ਧੰਨਾ ਭਗਤ : ਜੱਟ ਬੰਸ ਵਿਚੋਂ ਹੋਇਆ ਇਕ ਪ੍ਰਸਿੱਧ ਭਗਤ। ਟਾਂਕ ਦੇ ਇਲਾਕੇ ਦੇਉਲੀ ਤੋਂ 20 ਮੀਲ ਦੇ ਫ਼ਾਸਲੇ ਉੱਤੇ ਪਿੰਡ ਧੁਆਨ ਵਿਚ ਸੰਮਤ 1473 ਬਿ: ਨੂੰ ਜੱਟਾਂ ਦੇ ਘਰ ਇਸ ਦਾ ਜਨਮ ਹੋਇਆ। ਕਾਂਸ਼ੀ ਜਾ ਕੇ ਇਹ ਰਾਮਾਨੰਦ ਦਾ ਚੇਲਾ ਹੋਇਆ। ਪਹਿਲੀ ਉਮਰੇ ਇਹ ਮੂਰਤੀ ਪੂਜਕ ਸੀ, ਪਿੱਛੋਂ ਗਿਆਨ ਵਧਣ ਨਾਲ ਨਿਰਾਕਾਰ ਈਸ਼ਵਰ ਦਾ ਉਪਾਸਕ ਹੋ ਕੇ ਪਰਮ-ਪਦ ਦਾ ਅਧਿਕਾਰੀ ਹੋਇਆ। ਇਸ ਦੇ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ।

ਨਾਨਕ, ਗੁਰੂ : ਸਿੱਖ ਧਰਮ ਦਾ ਸੰਚਾਲਕ। ਆਪ ਦਾ ਜਨਮ ਸੰਮਤ 1526 ਬਿ. ਨੂੰ ਮਹਿਤਾ ਕਾਲੂ ਦੇ ਘਰ ਮਾਤਾ ਤ੍ਰਿਪਤਾ ਦੀ ਕੁਖੋਂ ਤਲਵੰਡੀ ਰਾਇ ਭੋਇ (ਨਨਕਾਣਾ ਸਾਹਿਬ) ਵਿਚ ਹੋਇਆ। ਆਪ ਦੇ ਨੌਂ ਜਾ-ਨਸ਼ੀਨ ਹੋਏ, ਜਿਨ੍ਹਾਂ ਨੇ ਆਪ ਦੇ ਚਲਾਏ ਧਰਮ ਨੂੰ ਪ੍ਰਫੁੱਲਿਤ ਕੀਤਾ। ਆਖਰੀ ਗੁਰੂ ਗੋਬਿੰਦ ਸਿੰਘ ਨੇ ਅੰਮ੍ਰਿਤ ਛਕਾ ਕੇ ਸਿੱਖਾਂ ਨੂੰ ਸਿੰਘ ਸਜਾ ਦਿੱਤਾ ਅਤੇ ਸਮੂਹ ਪੰਥ ਨੂੰ 'ਖਾਲਸਾ' (ਵਾਹਿਗੁਰੂ ਤੇ ਗੁਰੂ ਦਾ ਆਪਣਾ, ਨਿਜ-ਰੂਪ ਪੰਥ) ਨਾਮ ਦਿੱਤਾ।

ਪਰਸ ਰਾਮ : ਪੁਰਾਣਾਂ ਅਨੁਸਾਰ ਵਿਸ਼ਨੂੰ ਅਵਤਾਰ, ਜੋ ਜਮਦਗਨਿ ਬ੍ਰਾਹਮਣ ਅਤੇ ਰੇਣੁਕਾ ਦਾ ਪੰਜਵਾਂ ਪੁੱਤਰ ਸੀ ਅਤੇ ਮਾਤਾ ਦੇ ਕੁਸ਼ਿਕ ਬੰਸ ਕਰਕੇ ਕੌਸ਼ਿਕ ਕਹਾਇਆ। ਤਰੇਤਾ ਜੁਗ ਦੇ ਆਰੰਭ ਵਿਚ ਇਸ ਨੇ ਕੁਹਾੜਾ ਫੜ ਕੇ ਖੱਤਰੀਆਂ ਦਾ ਨਾਸ਼ ਕੀਤਾ। ਇਕ ਕਥਾ ਇਸ ਤਰ੍ਹਾਂ ਹੈ ਕਿ ਪਰਸ ਰਾਮ ਸ਼ਿਵਜੀ ਦਾ ਚੇਲਾ ਸੀ ਤੇ ਉਨ੍ਹਾਂ ਇਸ ਨੂੰ ਸ਼ਸਤਰ-ਅਸਤਰ ਵਿੱਦਿਆ ਸਿਖਾਈ ਸੀ। ਜਦ ਪਰਸ ਰਾਮ ਨੂੰ ਪਤਾ ਲੱਗਾ ਕਿ ਰਾਮ ਚੰਦਰ ਨੇ ਮਿਥਲਾਪੁਰੀ ਵਿਚ ਅਮਾਨਤ ਰੱਖੇ ਸ਼ਿਵਜੀ ਦੇ ਧਨੁਖ ਤੋੜ ਕੇ ਬੜਾ ਜਸ ਪ੍ਰਾਪਤ ਕੀਤਾ ਹੈ ਤਾਂ ਉਸ ਨੂੰ ਬੜਾ ਗੁੱਸਾ ਲੱਗਾ ਅਤੇ ਆ ਕੇ ਉਸ ਨੇ ਆਪਣਾ ਵਿਸ਼ਨੂੰ-ਧਨੁਖ ਦੇ ਕੇ ਚਿੱਲਾ ਚੜ੍ਹਾਉਣ ਲਈ ਕਿਹਾ। ਰਾਮ ਚੰਦਰ ਨੇ ਓਹ ਭੀ ਚੜ੍ਹਾ ਦਿੱਤਾ। ਵਾਰ ਖਾਲੀ ਨਾ ਜਾਣ ਦੇਣਾ ਖ਼ਿਆਲ ਕਰਕੇ ਪਰਸ ਰਾਮ ਦੀ ਅਕਾਸ਼-ਗਤੀ ਉਸ ਨਾਲ ਨਾਸ ਕਰ ਦਿੱਤੀ। ਪਰਸ ਰਾਮ ਨੂੰ ਬੜੀ ਨਮੋਸ਼ੀ ਆਈ। ਇਸ ਤੋਂ ਇਲਾਵਾ ਚੂੰਕਿ ਹੈਹਯਵੰਸ਼ ਦੇ ਰਾਜਾ ਅਰਜਨ (ਸਹਸੱਰ ਬਾਹੂ) ਨੇ ਪਰਸ ਰਾਮ ਦੇ ਪਿਤਾ ਨੂੰ ਮਾਰ ਦਿੱਤਾ ਸੀ ਇਸ ਲਈ ਉਹ ਖੱਤਰੀਆਂ ਦਾ ਵੈਰੀ ਹੋ ਗਿਆ, ਅਤੇ ਆਖਿਆ ਜਾਂਦਾ ਹੈ ਕਿ ਇਸ ਨੇ ਖੱਤਰੀਆਂ ਨਾਲ ਘੋਰ ਜੁੱਧ ਕੀਤੇ ਅਤੇ ਇੱਕੀ ਵਾਰੀ ਖੱਤਰੀਆਂ ਦਾ ਸਰਬ-ਨਾਸ ਕੀਤਾ।

ਮਹਾਭਾਰਤ ਦੀ ਇਕ ਕਥਾ ਅਨੁਸਾਰ ਇਸ ਨੇ ਆਪਣੇ ਪਿਤਾ ਦੀ ਆਗਿਆ ਅਨੁਸਾਰ ਆਪਣੀ ਮਾਤਾ ਰੇਣੁਕਾ ਦਾ ਸਿਰ ਵੱਢ ਦਿੱਤਾ ਸੀ।

ਫ਼ਰੀਦ, ਸ਼ੇਖ਼ : ਇਕ ਕਰਨੀਵਾਲਾ ਮੁਸਲਮਾਨ ਸੰਤ, ਜਿਸ ਦਾ ਜਨਮ ਸੰਨ 1173 ਨੂੰ ਪਿੰਡ ਕੋਠੀਵਾਲ (ਚਾਵਲੀ ਮੁਸ਼ਾਇਖ਼) ਵਿਚ ਜਲਾਲੁਦੀਨ ਸੁਲੇਮਾਨ ਦੇ ਘਰ ਮਰੀਅਮ ਦੀ ਕੁੱਖੋਂ ਹੋਇਆ। ਆਪ ਖ਼ੁਆਜਾ ਬਖ਼ਤਿਆਰ-ਕਾਕੀ ਦੇ ਮੁਰੀਦ ਸਨ। ਆਪ ਬੜੇ ਵਿਦਵਾਨ, ਤਿਆਗੀ, ਤਪੱਸੀ ਅਤੇ ਰੱਬ ਦੇ ਪਿਆਰੇ ਭਗਤ ਸਨ। ਆਪ ਨੇ ਅਜੋਧਣ (ਪਾਕ ਪੱਤਣ, ਪਾਕ ਪਟਣ) ਵਿਚ ਰਿਹੈਸ਼ ਰੱਖੀ ਜਿੱਥੇ ਸੰਨ 1226 ਨੂੰ ਆਪ ਦਾ ਦੇਹਾਂਤ ਹੋਇਆ। ਇੱਥੇ ਹੀ ਆਪ ਦੀ ਗੱਦੀ ਹੈ। ਆਪ ਤੋਂ ਬਾਅਦ ਨੌਵੇਂ ਗੱਦੀ-ਨਸ਼ੀਨ ਸ਼ੇਖ਼ ਇਬਰਾਹੀਮ (ਸ਼ੇਖ਼ ਬ੍ਰਹਮ, ਫ਼ਰੀਦ ਸਾਨੀ) ਨਾਲ ਗੁਰੂ ਨਾਨਕ ਦੀ ਮੁਲਾਕਾਤ ਹੋਈ ਸੀ। ਇਸੇ ਫ਼ਰੀਦ ਸਾਨੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ।

ਬ੍ਰਹਮਾ : ਪੁਰਾਣਾਂ ਅਨੁਸਾਰ ਜਗਤ ਰਚਣ ਵਾਲਾ ਦੇਵਤਾ।

ਬਸਿਸ਼ਟ : ਇਹ ਵੈਦਿਕ ਜ਼ਮਾਨੇ ਦਾ ਇਕ ਰਿਖੀ ਸੀ ਜੋ ਰਿਗਵੇਦ ਦੇ ਕਈ ਮੰਤਰਾਂ ਦਾ ਕਰਤਾ ਹੈ। ਇਕ ਪੁਰਾਣਕ ਕਥਾ ਅਨੁਸਾਰ ਉਰਵਸੀ ਅੱਪਸਰਾਂ ਨੂੰ ਦੇਖ ਕੇ ਮਿੱਤਰਾਵਰਣ ਦਾ ਵੀਰਜ-ਪਾਤ ਹੋਣ ਪਰ ਪ੍ਰਿਥਵੀ ਤੋਂ ਇਸ ਦੀ ਉਤਪੱਤੀ ਲਿਖੀ ਹੈ। ਇਸ ਨੇ ਆਪਣੇ ਇੰਦਰੇ ਅਤਿਅੰਤ ਬੱਸ ਕਰ ਲਏ ਸਨ। ਇਹ ਨਿਮਿ ਰਾਜਾ ਦਾ ਪਰੋਹਤ, ਰਾਮ ਚੰਦਰ ਦਾ ਗੁਰੂ, ਵੇਦਾਂਤ ਦਾ ਵੱਡਾ ਪ੍ਰਚਾਰਕ ਅਤੇ ਖੱਤਰੀ ਤੋਂ ਬ੍ਰਾਹਮਣ ਪਦਵੀ ਨੂੰ ਪ੍ਰਾਪਤ ਕਰਨ ਵਾਲੇ ਵਿਸ਼ਵਾਮਿੱਤਰ ਦਾ ਬੜਾ ਵਿਰੋਧੀ ਸੀ।

ਭਰਥਰੀ : ਉਜੈਨ ਦੇ ਰਾਜਾ ਵਿਕਰਮਾਦਿੱਤ ਦਾ ਭਾਈ ਜੋ ਧਾਰਾ ਨਗਰੀ ਦਾ ਰਾਜਾ ਸੀ। ਬੰਸਾਵਲੀ ਅਨੁਸਾਰ ਇਹ ਦਾਸੀ ਦੇ ਪੇਟੋਂ ਗੰਧਰਵ ਸੇਨ ਦਾ ਪੁੱਤਰ ਸੀ। ਭਰਥਰੀ ਆਪਣੀ ਇਸਤਰੀ ਦਾ ਵਿਭਚਾਰ ਵੇਖ ਕੇ ਐਸਾ ਉਪਰਾਮ ਹੋਇਆ ਕਿ ਸੰਸਾਰ ਤਿਆਗ ਕੇ ਜੋਗੀ ਬਣ ਗਿਆ। ਇਹ ਸੰਸਕ੍ਰਿਤ ਦਾ ਵਿਦਵਾਨ ਪੰਡਤ ਹੋਇਆ ਹੈ ਅਤੇ ਇਸ ਦੇ ਰਚੇ ਸ਼ਿੰਗਾਰ-ਸ਼ਤਕ, ਨੀਤੀ ਸ਼ਤਕ ਅਤੇ ਵੈਰਾਗ-ਸ਼ਤਕ ਬੜੇ ਉੱਤਮ ਪੁਸਤਕ ਹਨ।

ਰਾਵਣ : ਲੰਕਾ ਦਾ ਬ੍ਰਾਹਮਣ ਰਾਜਾ, ਕੈਕਸੀ (ਕੇਸ਼ਿਨੀ ਅਥਵਾ ਨਿਕਸ਼ਾ) ਦੇ ਉਦਰ ਤੋਂ ਜਨਮਿਆ ਵਿਸਰਵਾ ਦਾ ਪੁੱਤਰ। ਕੁੰਭ ਕਰਨ ਤੇ ਭੀਖਣ ਇਸ ਦੇ ਭਾਈ ਅਤੇ ਸਰੂਪ ਨਖਾ ਇਸ ਦੀ ਭੈਣ ਸੀ। ਵਰ ਦੀ ਇੱਛਾ ਨਾਲ ਰਾਮ ਚੰਦਰ ਦੇ ਬਣਬਾਸ ਸਮੇਂ ਲਛਮਨ ਪਾਸ ਆਈ ਸਰੂਪ ਨਖਾ ਦਾ ਨੱਕ ਵੱਢ ਦੇਣ ਕਰ ਕੇ ਰਾਵਣ ਗੁੱਸਾ ਖਾ ਕੇ ਸੀਤਾ ਨੂੰ ਚੁੱਕ ਕੇ ਲੈ ਗਿਆ, ਜਿਸ ਦੇ ਕਾਰਣ ਹੋਏ ਜੁਧ ਵਿਚ ਰਾਵਣ ਮਾਰਿਆ ਗਿਆ।

ਇਹ ਚਾਰ ਵੇਦਾਂ ਅਤੇ ਛੇ ਸ਼ਾਸਤਰਾਂ ਦਾ ਗਿਆਤਾ ਬੜਾ ਵਿਦਵਾਨ ਪੰਡਤ ਸੀ ਇਸ ਲਈ ਇਸ ਨੂੰ ਦਸ ਮੂੰਹਾਂ ਵਾਲਾ ਦੱਸਿਆ ਜਾਂਦਾ ਹੈ ਪਰ ਸੀਤਾ ਨੂੰ ਹਰ ਲੈ ਜਾਣ ਦੇ ਕਾਰਣ ਖੱਤਰੀਆਂ ਨੇ ਇਸ ਦੀ ਮੂਰਤੀ ਵਿਚ ਉੱਪਰ ਮੂਰਖਤਾ ਦੇ ਲਖਾਇਕ ਖੋਤੇ ਦਾ ਸਿਰ ਲਗਾ ਦਿੱਤਾ ਹੋਇਆ ਹੈ।

ਲਛਮਣ : ਅਜੁਧਿਆ ਦੇ ਰਾਜਾ ਦਸਰਥ ਦਾ ਪੁੱਤਰ ਅਤੇ ਸ੍ਰੀ ਰਾਮ ਚੰਦਰ ਦਾ ਭਾਈ, ਜੋ ਬਣਬਾਸ ਵਿਚ ਉਸ ਦੇ ਨਾਲ ਰਿਹਾ ਸੀ।

ਵਿਸ਼ਨੂੰ : ਸੰਸਾਰ ਨੂੰ ਪਾਲਣ ਵਾਲਾ ਦੇਵਤਾ ਮਹੇਸ਼ਰ, ਵੱਡਾ ਦੇਵਤਾ।

ਜੰਗ-ਨਾਮਾ ਸਰਦਾਰ ਹਰੀ ਸਿੰਘ

ਜੰਗ-ਨਾਮਾ ਸਰਦਾਰ ਹਰੀ ਸਿੰਘ ਕਾ ਲਿਖਯਤੇ।

ਪ੍ਰਿਥਮੇ ਤੋਂ ਸਿਮਰੀਏ ਠਾਕਰਾਂ ਕੋ,
ਫਿਰ ਗਣਪਤਿ ਆਦਿ ਧਿਆਇਆ ਹੈ।
ਆਦਿ ਕੁਵਾਰੀ ਭੀ ਦੇਵੀ ਸਿਮਰੋ,
ਮੈਂ ਜਿਸ ਤੇ ਇਹ ਵਰ ਪਾਇਆ ਹੈ।
ਬ੍ਰਹਮਾ ਜੀ ਬਿਸ਼ਨ ਮਹੇਸ਼ਰ ਸਿਮਰੋ,
ਬਹੁਤ ਸਿਮਰੀਏ ਜਸਰਥ ਰਾਇਆ ਹੈ।
ਰਾਮ ਦਿਆਲ ਅਨੰਦ ਦਾ ਸ਼ਰਮ ਤੈਨੂੰ,
ਉਹ ਤਾਂ ਸਰਨਿ ਤੁਸਾਡੜੀ ਆਇਆ ਹੈ। ੧।
ਹੋ ਹੋਰ ਮੈਂ ਦੇਵਤੇ ਸਭ ਸਿਮਰੋ,
ਜਿਨ੍ਹਾਂ ਇਹ ਸੰਸਾਰ ਠਹਿਰਾਇਆ ਈ।
ਧਰੂਹ ਭਗਤ ਕੰਬੀਰ ਤੇ ਹੋਰ ਸਾਰੇ,
ਇੰਦਰ ਦੇਵਤੇ ਅੰਤ ਨਾ ਪਾਇਆ ਈ।
ਬਾਬੇ ਨਾਨਕ ਜੈਸੇ ਪੂਰੇ ਭਗਤ ਹੋਏ,
ਜਿਨ੍ਹਾਂ ਰੱਬ ਦਾ ਨਾਮ ਜਪਾਇਆ ਈ।
ਰਾਜਾ ਜਨਕ ਤੇ ਅਰਜਨ ਤੇ ਧਰਮ ਰਾਜਾ,
ਜਿਨ੍ਹਾਂ ਕ੍ਰਿਸ਼ਨ ਦਾ ਨਾਮ ਜਪਾਇਆ ਈ। ੨।
ਬੇ ਬਹੁਤ ਬੀ ਦੇਵਤੇ ਸਿਮਰੀਏ ਜੀ,
ਜੇਹੜੇ ਰੱਬ ਨੂੰ ਖੂਬ ਪ੍ਰਸੰਨ ਕਰਦੇ।
ਗੋਰਖ ਨਾਥ ਤੇ ਭਰਥਰੀ ਭਗਤ ਕੀਤੀ,
ਗੋਪੀ ਚੰਦ ਮੰਗਲ ਹੱਛੀ ਭਗਤ ਕਰਦੇ।
ਦਤਾਤ੍ਰੇਵ ਸੁਦਾਮੇ ਨੇ ਭਗਤ ਕੀਤੀ,
ਜੇਹੜੇ ਸੰਤੂਆਂ ਨਾਲ ਪ੍ਰਸੰਨ ਕਰਦੇ।
ਰਾਮ ਦਿਆਲ ਬੈਠਾ ਜੱਸ ਗਾਂਵਦਾ ਈ,
ਉਹ ਤਾਂ ਆਪਣੀ ਮਿਹਰ ਦੀ ਨਜ਼ਰ ਧਰਦੇ। ੩।
ਆਪੋ ਆਪਣੀ ਜਾਈਂ ਦੇ ਦੇਵਤੇ ਨੀ,
ਜਿਨ੍ਹਾਂ ਰੱਬ ਦਾ ਨਾਮ ਜਪਾਇਆ ਈ।

ਪਰਸ ਰਾਮ ਤੇ ਕ੍ਰਿਸ਼ਨ ਅਵਤਾਰ ਹੋਏ,
ਸਿਰੀ ਰਾਮ ਨੇ ਜੱਸ ਵਧਾਇਆ ਈ।
ਲਛਮਣ ਖ਼ੂਬ ਭਗਵਾਨ ਦੀ ਭਗਤ ਕੀਤੀ,
ਵਸਿਸ਼ਟ ਨੇ ਗਿਆਨ ਦ੍ਰਿੜ੍ਹਾਇਆ ਈ।
ਰਾਮ ਚੰਦ ਨੇ ਰੱਜ ਕੇ ਖੇਲ ਕੀਤੇ,
ਰਾਵਣ ਮਾਰ ਕੇ ਸੀਤਾ ਨੂੰ ਲਿਆਇਆ ਈ। ੪।
ਹੇ ਹੋਰ ਬੀ ਦੇਵਤੇ ਖ਼ੂਬ ਚੰਗੇ,
ਦਿਨੇ ਰਾਤ ਤੇਰਾ ਜੱਸ ਗਾਂਵਦੇ ਨੀ।
ਨਾਲੇ ਸ਼ੇਖ ਫਰੀਦ ਭੀ ਭਗਤਿ ਕੀਤੀ,
ਰਾਜਾ ਵਿਕ੍ਰਮਾਜੀਤ ਕਹਾਂਵਦੇ ਨੀ।
ਨਾਲੇ ਭਗਤ ਚੰਦ੍ਰ ਹਾਂਸ ਭੀ ਬਹੁਤ ਚੰਗਾ,
ਸੁਰਥ ਸੁ ਧੰਨਾ ਕਹਾਂਵਦੇ ਨੀ।
ਰਾਮ ਦਿਆਲ ਤਾਂ ਸਾਈਂ ਦੀ ਭਗਤ ਚੰਗੀ,
ਤੈਂਤੀਸ ਕਰੋੜੀ ਪਏ ਗਾਂਵਦੇ ਨੀ। ੫।
ਬੇ ਬਹੁਤ ਦੇਵੀ ਤੇਰਾ ਨਾਮ ਚੰਗਾ,
ਭਗਤ ਆਪਣੇ ਦੇ ਉੱਤੇ ਮਿਹਰ ਕਰਦੀ।
ਜੇ ਕੋਈ ਬੈਠ ਕਰਕੇ ਤੇਰਾ ਧਿਆਨ ਲਵੇ,
ਉਸ ਦੇ ਆਇ ਕੇ ਕੰਮ ਜ਼ਰੂਰ ਕਰਦੀ।
ਕਰੇ ਰੱਛਿਆ ਸੰਤਾਂ ਦੀ ਤੁਰਤ ਦੇਵੀ,
ਕਰੇ ਮਿਹਰ, ਭੰਡਾਰ ਭਰਪੂਰ ਕਰਦੀ।
ਰਾਮ ਦਿਆਲ ਜਦੋਂ ਤੈਨੂੰ ਯਾਦ ਕਰਦਾ,
ਓਸੇ ਵਖਤ ਤਾਂ ਕੰਮ ਜ਼ਰੂਰ ਕਰਦੀ। ੬।
ਅਲਫ਼ ਆਇ ਹਰੀ ਸਿੰਘ ਬਹੁਤ ਸੋਹਣਾ,
ਜੇਹੜਾ ਕਰੇ ਤਲਵਾਰ ਚਪੌਲ[1] ਭਾਰਾ।
ਚੜ੍ਹੇ ਭੇਰੀਆਂ ਦੁੰਦਭ ਬਜਾਇ ਕੇ ਜੀ,
ਪਿਆ ਕੰਬੇ ਦੁਰੌਨੀ ਤੇ ਮੁਗ਼ਲ ਸਾਰਾ।
ਜਿੱਥੇ ਜਾਇ ਪੈਂਦਾ ਉਥੇ ਕਤਲ ਕਰਦਾ,
ਹਰੀ ਸਿੰਘ ਸਰਦਾਰ ਦਾ ਦੱਬ ਭਾਰਾ।
ਹਰੀ ਸਿੰਘ ਜੇਹੜੇ ਪਾਸੇ ਆਪ ਚੜ੍ਹਦਾ,
ਹੋਣ ਭਾਜੜਾ ਕੰਬਦਾ ਲੋਕ ਸਾਰਾ। ੭।

1. ਚਪਾਵਲ (ਫ਼ਾਰਸੀ), ਹੱਲਾ, ਧਾਵਾ।

ਬੇ ਬਹੁਤ ਦੁਰੱਾਨੀਆਂ ਜ਼ੋਰ ਪਾਇਆ,
ਡੇਰਾ ਵਿਚ ਪਸ਼ੌਰ ਦੇ ਲਾਂਵਦੇ ਨੀ।
ਫ਼ੌਜਾਂ ਆਪਣੀਆਂ ਸੱਭ ਸਦਾਇ ਲੈਂਦੇ,
ਸੰਗਰ ਤੋਪਾਂ ਦੇ ਤੁਰਤ ਬੰਨ੍ਹਾਂਵਦੇ ਨੀ।
ਰਾਜ ਆਪਣਾ ਸਭ ਬਣਾਇ ਲੈਂਦੇ,
ਦਿਲ ਉਰੇ ਤੇ ਚਾਇ ਵਧਾਂਵਦੇ ਨੀ।
ਖ਼ਬਰ ਤੁਰਤ ਸਰਕਾਰ ਨੂੰ ਜਾਇ ਪਹੁੰਚੀ,
ਰਾਮ ਦਿਆਲ ਦੁਰੌਨੀ ਹੁਣ ਆਂਵਦੇ ਨੀ। ੮।
ਤੇ ਤਾਵਲਾ ਕੰਮ ਸਰਕਾਰ ਕਰਦੀ,
ਬੀੜਾ ਪਕੜ ਮੈਦਾਨ ਤੇ ਚਾਇ ਪਾਂਦਾ।
ਸਿੰਘ ਸੂਰਮੇ ਸਭ ਪਏ ਵੇਖਦੇ ਨੀ,
ਕੋਈ ਪਕੜ ਕੇ ਸਿਰੇ ਤੇ ਨਾਹਿ ਚਾਂਦਾ।
ਮੁਹਿੰਮ ਬਹੁਤ ਹੈ ਕੱਟਣੀ ਖਰੀ ਔਖੀ,
ਕੋਈ ਨਾਹਿ ਸੂਬਾ ਅੱਗੇ ਦਿਲ ਪਾਂਦਾ।
ਸਰਕਾਰ ਭੀ ਦੇਖ ਕੇ ਚੁੱਪ ਕਰਦੀ,
ਬੀੜਾ ਕੋਈ ਸਰਦਾਰ ਭੀ ਨਾਹਿੰ ਚਾਂਦਾ। ੯।
ਦੂਲਾ ਸਿੰਘ ਹਰੀ ਸਿੰਘ ਤੁਰਤ ਉਠਦਾ,
ਬੀੜਾ ਚਾਇ ਕੇ ਮੱਥੇ ਦੇ ਨਾਲ ਲਾਂਦਾ।
ਸਰਕਾਰ ਨੂੰ ਜਾਇ ਕੇ ਅਰਜ਼ ਕਰਦਾ,
ਹੁਕਮ ਕਰੇ ਸਰਕਾਰ, ਗ਼ੁਲਾਮ ਜਾਂਦਾ।
ਸਰਕਾਰ ਨੇ ਰੱਜ ਕੇ ਮਿਹਰ ਕੀਤੀ,
ਬਹੁਤ ਫ਼ੌਜ ਸਰਦਾਰ ਦੇ ਨਾਲ ਲਾਂਦਾ।
ਰਾਮ ਦਿਆਲ ਹਰੀ ਸਿੰਘ ਬਹੁਤ ਦੂਲਾ,
ਕੰਮ ਸਭ ਪਸ਼ੌਰ ਦਾ ਗਲ ਪਾਂਦਾ। ੧੦
ਹੋ ਹੋਰ ਸਲਾਹ ਸਰਦਾਰ ਕਰਦਾ,
ਆਪਣੇ ਰੰਗ-ਮਹੱਲਾਂ[1] ਵਿਚ ਜਾਇ ਵੜਦਾ।
ਉਥੇ ਜਾਇ ਸਰਕਾਰਾਂ[2] ਦੇ ਕੋਲ ਬਹਿੰਦਾ,
ਸੁਖਨ ਛੇਕੜਾ ਅੰਤ ਦੇ ਜਾਇ ਕਰਦਾ।
ਮਹਿਲ ਮਾੜੀਆਂ ਛੱਡ ਕੇ ਉੱਠ ਚਲਿਆ,
ਮਾਈ ਆਪਣੀ ਨੂੰ ਨਿਮਸਕਾਰ ਕਰਦਾ।

1. ਜਨਾਨ-ਖਾਨਾ, ਮਕਾਨ ਦਾ ਉਹ ਹਿੱਸਾ ਜਿਹੜਾ ਇਸਤਰੀਆਂ ਲਈ ਨਿਯਤ ਹੋਵੇ।
2. ਘਰ ਵਾਲੀ, ਇਸਤਰੀ, ਸਰਦਾਰਨੀ।

ਰਾਮ ਦਿਆਲ ਪਰਭਾਤ ਦੇ ਸਮੇਂ ਉਠਦਾ,
ਘੋੜਾ ਸ਼ਉਕ ਦਾ ਪੀੜ ਕੇ ਤੁਰਤ ਚੜ੍ਹਦਾ। ੧੧।
ਹੋ ਹੁਕਮ ਸਰਕਾਰ ਦਾ ਮੰਨਣੇ ਨੂੰ,
ਤੁਧ ਫਤਹਿ ਬੁਲਾਈਆ ਆਇਕੇ ਜੀ।
ਘਿਨ ਫੌਜਾਂ ਤੇ ਉਠ ਪਜ਼ੋਰ ਚਲਿਆ,
ਨਾਲ ਭੇਰੀਆਂ ਦੁੰਦਭ ਵਜਾਇਕੇ ਜੀ।
ਨਾਲ ਸੰਖਾਂ ਦੇ ਜੋ ਧੁੰਦੂਕਾਰ ਹੋਏ,
ਤੋਪਾਂ ਚੱਲੀਆਂ ਨੀ ਕੜਕਾਇਕੇ ਜੀ।
ਬੀੜਾ ਚੁੱਕ ਸਰਕਾਰ ਦਾ ਉੱਠ ਚੱਲਿਆ,
ਲੈ ਚੱਲਿਆ ਫੌਜ ਬਣਾਇਕੇ ਜੀ। ੧੨।
ਖੈ ਖ਼ੂਬ ਸੁਹਾਂਵਦੀ ਫੌਜ ਸੋਹਣੀ,
ਜਿਉਂ ਕਰਿ ਹੰਸਾਂ ਦੀ ਚਾਲ ਚਲਾਂਵਦੇ ਨੀ।
ਜਿਉਂਕਰਿ ਵਿਚਿ ਬਹਾਰਾ ਦੇ ਫੁੱਲ ਖਿੜਦੇ,
ਸੋਹਣੇ ਹੱਸਦੇ ਖੇਡਦੇ ਗਾਂਵਦੇ ਨੀ।
ਜਾਇ ਵਿਚ ਅਕਾਸ ਪਤੰਗ ਚੜ੍ਹਦਾ,
ਤਿਉਂ ਘੋੜਿਆਂ ਨੂੰ ਤਰਪਾਂਵਦੇ ਨੀ।
ਰਾਮ ਦਿਆਲ ਸਰਦਾਰ ਅਸਵਾਰ ਹੋਂਦਾ,
ਮੰਜਲੋ ਮਜਲੀ ਚੱਲ ਕੇ ਆਂਵਦੇ ਨੀ। ੧੩।
ਦਾਲ ਦਿਲ ਦੇ ਨਾਲ ਸਲਾਹ ਕਰ ਕੇ,
ਡੇਰਾਂ ਵਿਚ ਰੋਤਾਸ[1] ਲਗਾਂਵਦਾ ਈ।
ਜਮੀਤ ਸਿੰਘ ਮੁਹਾਰ ਭੀ ਨਾਲ ਆਇਆ,
ਹੁਕਮ ਮੰਨਿ ਸਰਕਾਰ ਦਾ ਆਂਵਦਾ ਈ।
ਕਰਨੈਲ ਸਰਦਾਰ ਦੇ ਨਾਲ ਆਇਆ,
ਫੌਜ ਆਪਣੀ ਨਾਲ ਸੁਹਾਂਵਦਾ ਈ।
ਰਾਮ ਦਿਆਲ ਡੇਰਾ ਉਥੋਂ ਕੂਚ ਕਰਦਾ,
ਰਾਹ ਖੇਡਦਾ ਹੱਸਦਾ ਆਂਵਦਾ ਈ। ੧੪।
ਖੈ ਖ਼ੂਬ ਸਰਦਾਰ ਦੀ ਫੌਜ ਚੰਗੀ,
ਨਾਲ ਤੁਪਕਾਂ[2] ਦਾ ਕੜਕਾਰ ਕਰਦਾ।
ਹਰੀ ਸਿੰਘ ਫੌਜਾਂ ਵਿਚ ਖ਼ੂਬ ਸੋਂਹਦਾ,
ਜਿਉਂ ਕਰਿ ਤਾਰਿਆਂ ਦੇ ਵਿਚ ਚੰਨ ਚੜ੍ਹਦਾ।

1. ਰੋਹਤਾਸ, ਜਿਲ੍ਹਾ ਜੇਹਲਮ।
2. ਬੰਦੂਕਾਂ, ਛੋਟੀਆਂ ਤੋਪਾਂ।

ਸਿੰਘ ਕਾਲੇ ਦੀ ਜਾਇ ਸਰਾਇ[1] ਪਹੁਤਾ,
ਮਹਾਂ ਸਿੰਘ ਸਰਦਾਰ ਭੀ ਆਨਿ ਮਿਲਦਾ।
ਰਾਮ ਦਿਆਲ ਮਹਾਂ ਸਿਘ ਪ੍ਰਸੰਨ ਹੋਂਦਾ,
ਜਿਉਂਕਰਿ ਫੁਲਾਂ ਦੇ ਵਿਚ ਗੁਲਾਬ ਖਿੜਦਾ। ੧੫।
ਤੇ ਤਰਾ ਖ਼ੂਬੀ ਤੇਰੀ ਬਹੁਤ ਚੰਗੀ,
ਮਾਰੇਂ ਛੱਤਿਆ ਕਰੇਂ ਤੂੰ ਪੁੰਨ ਭਾਰਾ।
ਚੜੇ ਖ਼ਾਲਸਾ ਛੱਤਿਆ ਬਹੁਤ ਬਲੀ,
ਕੀਤਾ ਤੋਪ ਨੇ ਬਹੁਤ ਕੜਕਾਰ ਭਾਰਾ।
ਮਹਾਂ ਸਿੰਘ ਸਰਦਾਰ ਦੇ ਕੋਲ ਸੋਹਵੇ,
ਜਿਉਂਕਰਿ ਚੰਦ ਦੇ ਕੋਲ ਆਕਾਸ਼ ਤਾਰਾ।
ਹਰੀ ਸਿੰਘ ਸਰਦਾਰ ਪ੍ਰਸੰਨ ਹੋਇਆ,
ਮਹਾਂ ਸਿੰਘ ਨੂੰ ਬਖਸ਼ਦਾ ਮੁਲਕ ਸਾਰਾ। ੧੬।
ਟੁਰੀ ਫ਼ੌਜ ਸਰਦਾਰ ਨੇ ਕੂਚ ਕੀਤਾ,
ਡੇਰਾ ਹਜ਼ਰੋ ਵਿਚ ਮੈਦਾਨ ਲਾਇਆ।
ਸੁਣਿਆ ਹਜ਼ਰੋ ਸ਼ਹਿਰ ਦਿਆਂ ਖਤ੍ਰੀਆਂ ਨੇ,
ਘਿਨ ਮਿਸਰੀ ਮਿਲਣ ਸਮਿਆਨ ਲਾਇਆ।
ਰਲ ਮਿਲ ਕੇ ਖੱਤਰੀ ਸਭ ਸਾਰੇ,
ਆਇ ਸਿੰਘ ਤੇ ਚਰਨਾਂ ਤੇ ਸੀਸ ਲਾਇਆ।
ਰਾਮ ਦਿਆਲ ਰਲ ਕੇ ਉਥੇ ਅਰਜ਼ ਕਰਦੇ,
ਫਤੇ ਖਾਨ ਨੇ ਮੁਲਖ ਤੇ ਡੰਡ[2] ਲਾਇਆ। ੧੭।
ਹਰੀ ਸਿੰਘ ਸਰਦਾਰ ਨੇ ਕੜਕ ਕਰਕੇ,
ਡੇਰਾ ਪੱਤਣ ਬਜ਼ਾਰਾਂ ਦੇ ਜਾਇ ਕਰਦਾ।
ਦਿਨ ਰਾਤ ਨਾਹੀਂ ਕੁਝ ਤੱਕਦਾ ਈ,
ਫ਼ੌਜ ਸੌਂਭ ਸਰਦਾਰਾਂ ਨੂੰ ਹੁਕਮ ਕਰਦਾ।
ਸਿੰਘੀ ਖਿਚ ਤਲਵਾਰੀਆਂ ਪਾਅਰੂ ਚੜ੍ਹੀਐ,
ਨਜ਼ਰ ਵਿਚ ਪੰਜ ਤਾਰਾਂ[3] ਤੇ ਜਾਇ ਕਰਦਾ।
ਰਾਮ ਦਿਆਲ ਸਰਦਾਰ ਨ ਢਿੱਲ ਕੀਤੀ,
ਖੰਡ ਪਾਇਕੇ[4] ਨਦੀ ਦੇ ਵਿਚ ਵੜਦਾ। ੧੮।

---

1. ਸਰਾਏ ਕਾਲਾ, ਜ਼ਿਲ੍ਹਾ ਰਾਵਲਪਿੰਡੀ, ਟੈਕਸਲੇ ਦੇ ਨਜ਼ਦੀਕ।
2. ਫ਼ਤਿਹ ਖਾਨ ਪਠਾਣ ਨੇ ਵਾਧੂ ਚੱਟੀ ਲਾਈ ਹੋਈ ਹੈ।
3. ਪਠਾਣਾਂ ਦਾ ਇਲਾਕਾ।
4. ਖ੍ਵਾਜਾ ਖਿਜ਼ਰ ਨੂੰ ਮੰਨਣ ਦੀ ਇੱਕ ਰਸਮ, ਜੋ ਮਲਾਹ ਲੋਕ ਕਰਦੇ ਸਨ ਜੈਸਾ ਕਿ ਦਰਿਆ ਵਿਚ ਬੇੜੀਆਂ ਪਾਉਣ ਵੇਲੇ ਖੰਡ ਭੇਟ ਕਰਦੇ ਸਨ।

ਫੌਜ ਸਭ ਸਰਦਾਰ ਨੂੰ ਅਰਜ਼ ਕਰਦੀ,
ਬੇੜੀ ਬਿਨਾਂ ਕਿਉਂ ਪਾਰ ਲੰਘਾਵਨਾ ਹੈ।
ਫਤੇ ਖ਼ਾਨ ਪਠਾਣ ਤਾਂ ਦੂਰ ਹੈ ਜੀ,
ਸਾਨੂੰ ਸਿੰਧ ਦੇ ਵਿਚ ਰੁੜ੍ਹਾਵਨਾ ਹੈ।
ਦੇ ਕਰਿ ਕੜੇ ਸਰਦਾਰਾਂ ਨੂੰ ਹੁਕਮ ਕਰਦਾ,
ਅਸਾਂ ਵਿਚ ਪੰਜ ਤਾਰ ਦੇ ਜਾਵਨਾ ਹੈ।
ਹੱਥ ਜੋੜ ਕੇ ਨਦੀ ਤੋਂ ਪਾਰ ਚੜ੍ਹਿਆ,
ਸਾਨੂੰ ਗੁਰਾਂ ਨੇ ਪਾਰ ਲੰਘਾਵਨਾ ਹੈ। ੧੯।
ਹੇ ਹੁਕਮਾ ਸਿੰਘ ਨੇ ਅਰਜ਼ ਕੀਤੀ,
ਜੁਆਹਿਰ ਸਿੰਘ ਸਰਦਾਰ ਦੇ ਕੋਲ ਰਹਿੰਦਾ।
ਜਿਸ ਵਕਤ ਸਰਦਾਰ ਚਪੌਲ ਕੀਤਾ,
ਜੁਆਹਿਰ ਸਿੰਘ ਤਾਂ ਜਾਇ ਕੇ ਬਚਨ ਕਹਿੰਦਾ।
ਹੁਕਮ ਹੋਵੇ ਸਰਦਾਰ ਦਾ ਤੁਰਤ ਚੜ੍ਹੀਏ,
ਹਿੱਕੀ[1] ਦਿਨ ਪੰਜ ਤਾਰ ਨੂੰ ਮਾਰ ਲੈਂਦਾ।
ਰਾਮ ਦਿਆਲ ਪੰਜ ਤਾਰ ਨੂੰ ਮਾਰ ਮੁੜਿਆ,
ਈਸਬਜ਼ੌਈਆਂ[2] ਨੂੰ ਆਇਕੇ ਘੇਰ ਲੈਂਦਾ। ੨੦।
ਵਿਚ ਆਇ ਕੇ ਸਭ ਪਠਾਣ ਘੇਰੇ,
ਤੰਬੂ ਲਾਇ ਕੇ ਤੇ ਘੇਰਾ ਪਾਇਓ ਨੇ।
ਰਲ ਮਿਲ ਕੇ ਸਭ ਪਠਾਣ ਸਾਰੇ,
ਦੇ ਕਰਿ ਘੋੜਾ ਤੇ ਸੀਸ ਨਿਵਾਓ ਨੇ।
ਰਾਮ ਦਿਆਲ ਸਾਰੇ ਟਕੇ ਘਿੰਨ ਕਰਕੇ,
ਡੇਰਾ ਲੁੰਡੀ[3] ਦੇ ਢਾਹੇ ਪਾਇਓ ਨੇ। ੨੧।
ਸ਼ੇਰ ਸਿੰਘ ਸਜ਼ਾਏ ਨੇ ਕੂਚ ਕੀਤਾ,
ਡੇਰਾ ਮੋੜ ਕੇ ਪਿੱਛੇ ਨੂੰ ਆਂਵਦੇ ਨੀ।
ਤੇਜਾ ਸਿੰਘ[4] ਸਜ਼ਾਏ ਦੇ ਨਾਲ ਮੁੜਿਆ,
ਹਰੀ ਸਿੰਘ ਨੂੰ ਪਾਰ ਲੰਘਾਂਵਦੇ ਨੀ।
ਬੀੜਾ ਚੁਕ ਸਰਕਾਰ ਦਾ ਆਇਆ ਹੈ,
ਪਏ ਕਾਲ ਦੀ ਪੰਡ ਬੰਨ੍ਹਾਂਵਦੇ ਨੀ।

1. ਇੱਕੋ ਦਿਨ ਵਿਚ।
2. ਯੂਸਫ਼-ਜ਼ਈ ਕਬੀਲੇ ਦੇ ਲੋਕ।
3. ਕਾਬਲ ਦਰਿਆ ਦਾ ਨਾਮ, ਜਿਸ ਨੂੰ ਲੁੰਡੀ ਯਾ ਲੁੰਡਾ ਭੀ ਆਖਦੇ ਹਨ।
4. ਮਿਸਰ ਤੇਜਾ ਸਿੰਘ।

ਹਰੀ ਸਿੰਘ ਡੇਰਾ ਉਥੋਂ ਕੂਚ ਕਰਦਾ,
ਝੰਡਾ ਵਿਚ ਪਸ਼ੌਰ ਲਗਾਂਵਦੇ ਨੀ। ੨੨।
ਮਹਾਂ ਸਿੰਘ ਸਰਦਾਰ ਦੇ ਕੋਲ ਖਹਿੰਦਾ,
ਅੱਠੇ ਪਹਿਰ ਈ ਓਸ ਦੀ ਟਹਿਲ ਕਰਦਾ।
ਜਸ ਵਲ ਸਰਦਾਰ ਨਿਗਾਹ ਕਰਦਾ,
ਉਥੇ ਜਾਇ ਕੇ ਆਪਣਾ ਸੀਸ ਧਰਦਾ।
ਸੀਸ ਆਪਣਾ ਸਿੰਘ ਨੂੰ ਬਖਸ਼ ਦੇਂਦਾ,
ਨਹੀਂ ਆਪਣੀ ਵਲੋਂ ਭੀ ਫਰਕ ਕਰਦਾ।
ਰਾਮ ਦਿਆਲ ਸਰਦਾਰ ਚਪੋਲ ਕੀਤਾ,
ਸ਼ਹਿਰ ਵਿਚ ਜਮਰੌਜ ਦੇ ਜਾਇ ਵੜਦਾ। ੨੩।
ਚੜ੍ਹੇ ਰੋਜ਼ ਸੁਆਰੀ ਤੇ ਸੈਲ ਕਰਦੀ,
ਉਥੇ ਕਿਲ੍ਹੇ ਦਾ ਜਾਇ ਸਮਿਆਨ ਕਰਦਾ।
ਖ਼ੂਬ ਦੇਖ ਮੈਦਾਨ ਪਸਿੰਦ ਕੀਤਾ,
ਤੁਰਤ ਕਿਲ੍ਹੇ ਦੀ ਜਾਇ ਕੇ ਇੱਟ ਧਰਦਾ।
ਆਪ ਫੇਰ ਪਸ਼ੌਰ ਨੂੰ ਚੱਲਿਆ ਈ,
ਮਹਾਂ ਸਿੰਘ ਨੂੰ ਬਹੁਤ ਅਖ਼ਤਿਆਰ ਕਰਦਾ।
ਰਾਮ ਦਿਆਲ ਸਰਦਾਰ ਨੇ ਫੇਰ ਕੀਤਾ,
ਡੇਰਾ ਵਿਚ ਪਸ਼ੌਰ ਦੇ ਆਇ ਕਰਦਾ। ੨੪।
ਹਰੀ ਸਿੰਘ ਸਰਦਾਰ ਪਸ਼ੌਰ ਬੈਠਾ,
ਮਹਾਂ ਸਿੰਘ ਨੇ ਕਿਲ੍ਹਾ ਤਿਆਰ ਕੀਤਾ।
ਜਬ ਕਿਲ੍ਹੇ ਦਾ ਕੰਮ ਸਬੂਤ ਹੋਇਆ,
ਤਬ ਆਣ ਦੁਰੱਾਨੀ ਨੇ ਜ਼ੋਰ ਕੀਤਾ।
ਮਹਾਂ ਸਿੰਘ ਸਰਦਾਰ ਨੇ ਖਿੱਚ ਲਈ,
ਵਿਚ ਜਾਇ ਪਠਾਣਾਂ ਦੇ ਜੰਗ ਕੀਤਾ।
ਰਾਮ ਦਿਆਲ ਸਰਦਾਰ ਨੇ ਹੱਦ ਕੀਤੀ,
ਮਾਰ ਸੱਤਰੂ ਕੰਮ ਜ਼ਰੂਰ ਕੀਤਾ। ੨੫।
ਫੇ ਫੇਰ ਦੁਰੱਾਨੀਆਂ ਫੇਰ ਕੀਤਾ,
ਵਿਚ ਆਇਕੇ ਤੇ ਘੇਰਾ ਪਾਂਵਦੇ ਨੀ।
ਸਮਾਂ ਰਾਤ ਦਾ ਦੇਖਕੇ ਸੁਰੰਘ ਲਾਂਦੇ,
ਕੁੱਪਾ ਦਾਰੂ ਦਾ ਤੁਰਤ ਦਬਾਂਵਦੇ ਨੀ।
ਬਾਹੀ ਕਿਲ੍ਹੇ ਦੀ ਤੁਰਤ ਗਿਰਾਇ ਦੇਂਦੇ,
ਸੰਘਰਾ[1] ਟਪ ਕੇ ਜੁੱਧ ਮਚਾਂਵਦੇ ਨੀ।

1. ਝਾੜਿਆਂ ਯਾ ਛਾਪੇ ਲਕੜਾਂ ਦਾ ਬਣਾਇਆ ਹੋਇਆ ਦੁਰਗ, ਕਿਲਾ, ਯਾ ਕੰਧ ਵਰਗੀ ਰੋਕ।

ਰਾਮ ਦਿਆਲ ਦੁਰੱਾਨੀਆਂ ਜ਼ੋਰ ਕੀਤਾ,
ਸਾਰੀ ਫ਼ੌਜ ਨੂੰ ਅਕਾਂਵਦੇ ਨੀ। ੨੬।
ਨੇਜ਼ਾ ਪਕੜ ਸਰਦਾਰ ਵੀ ਉੱਠ ਪੈਂਦਾ,
ਜਾਇ ਵਿਚ ਪਠਾਣਾਂ ਦੇ ਜੁੱਧ ਕਰਦਾ।
ਮਾਰ ਕੁੱਟ ਦੁਰੱਾਨੀ ਨਸਾਇ ਦਿੱਤੇ,
ਅਕਲ ਆਪਣੇ ਦੇ ਨਾਲ ਬੁੱਧ ਕਰਦਾ।
ਕੰਮ ਸਭ ਸਰਕਾਰ ਦਾ ਕਰੇ ਪੂਰਾ,
ਨਾਲ ਜੁੱਧ ਦੇ ਕੰਮ ਨੂੰ ਸੁੱਧ ਕਰਦਾ।
ਕਿਲ੍ਹੇ ਆਇ ਕੇ ਬੈਠ ਸਲਾਹ ਕਰ ਕੇ,
ਹੱਥ ਪਕੜ ਖੰਡਾ ਫੇਰ ਜੁੱਧ ਕਰਦਾ। ੨੭।
ਖ਼ਬਰ ਜਾਇ ਪਹੁੰਚੀ ਹਰੀ ਸਿੰਘ ਤਾਈਂ,
ਘੇਰਾ ਘਾਣ ਦੁਰੱਾਨੀਆਂ ਪਾਇਆ ਈ।
ਸਦ ਭੱਈਏ[1] ਦੀ ਫ਼ੌਜ ਨੂੰ ਤੁਰਤ ਕਹਿੰਦਾ,
ਸੀਸ ਦੇਵਣਾ ਖ਼ਾਲਸਾ ਆਇਆ ਈ।
ਸਵਾ ਲੱਖ ਰੁਪਈਆ ਲੈ ਪੁੰਨ ਕਰਦਾ,
ਦਿਨ ਕਾਦਸੀ[2] ਚੱਲ ਕੇ ਧਾਇਆ ਈ।
ਰਾਮ ਦਿਆਲ ਸਰਦਾਰ ਸਲਾਹ ਕਰਦਾ,
ਧੌਂਸਾ ਕੂਚ ਦਾ ਚਾਇ ਵਜਾਇਆ ਈ। ੨੮।
ਖੇ ਬਹੁਤ ਸਰਦਾਰ ਨੇ ਦੌਬੁ ਕੀਤੀ,
ਤੁਰਤ ਜਾਇ ਜਮਰੋਜ ਚਪੋਲ ਕਰਦਾ।
ਮਹਾਂ ਸਿੰਘ ਨੇ ਦੇਖ ਕੇ ਕਰੀ ਧਾਈ,
ਸੀਸ ਸਿੰਘ ਦੇ ਚਰਨਾਂ ਤੇ ਜਾਇ ਧਰਦਾ।
ਅੱਜੁ ਬੈਠੀਏ ਸਿੰਘ ਸਰਦਾਰ ਸਾਹਿਬ,
ਜੁੱਧ ਕਲ੍ਹ ਦੀ ਬੈਠ ਸਲਾਹ ਕਰਦਾ।
ਮਹਾਂ ਸਿੰਘ ਨੂੰ ਛਾਤੀ ਦੇ ਨਾਲ ਲਾਂਦਾ,
ਗੱਲਾਂ ਪੁੱਛ ਕੇ ਹੋਰ ਜਬਾਬ ਕਰਦਾ। ੨੯।
ਤੇਰਾ ਅਸਾਂ ਦਾ ਇਤਨਾ ਸੰਗ ਹੋਇਆ,
ਹੁਣ ਅਸਾਂ ਨੂੰ ਕਾਲ[3] ਲੈ ਆਇਆ ਈ।

1. ਪੂਰਬੀਏ।
2. ਗਿਆਰਵਾਂ।
3. ਮੌਤ।

ਹੁਕਮ ਸਭ ਸਾਰਾ ਤੈਨੂੰ ਬਖ਼ਸ ਦਿੱਤਾ,
ਸਾਨੂੰ ਰੱਬ ਦਾ ਸੱਦੜਾ ਆਇਆ ਈ।
ਤੇਰੇ ਵਾਸਤੇ ਅਸਾਂ ਨੇ ਸੀਸ ਦੇਣਾ,
ਹੁਣ ਚੱਲਣਾ ਹੀ ਬਣਿ ਆਇਆ ਈ।
ਮਹਾਂ ਸ਼ਿੰਘ ਸਰਦਾਰ ਦਾ ਨੀਰ ਚੱਲਿਆ,
ਜਬ੍ਹ ਇਹੁ ਜਵਾਬ ਸੁਣਾਇਆ ਈ। ੩੦।
ਮਹਾਂ ਸਿੰਘ ਸਰਦਾਰ ਨੇ ਅਰਜ਼ ਕੀਤੀ,
ਹੁਣ ਇਹ ਕੀ ਗੱਲ ਸੁਣਾਂਵਦੇ ਹੋ ?
ਅਸਾਂ ਤੁਸਾਂ ਦੇ ਸਿਰੇ ਤੇ ਰਾਜ ਕੀਤਾ,
ਹੁਣ ਇਹ ਕੀ ਗੱਲ ਬਣਾਂਵਦੇ ਹੋ ?
ਆਪ ਜੀਊਂਦਿਆਂ ਅਸਾਂ ਨੂੰ ਰਾਜ ਦਿੱਤਾ,
ਖੁਸ਼ੀ ਅਸਾਂ ਦੀ ਫੇਰ ਕਿਉਂ ਢਾਹਵਦੇ ਹੋ ?
ਮਹਾਂ ਸਿੰਘ ਸਰਦਾਰ ਵੈਰਾਗ ਕਰਦਾ,
ਪੀਂਘ ਚਾੜ੍ਹ ਕੇ ਲੜ ਕਪਾਂਵਦੇ ਹੋ ! ੩੧।
ਹਰੀ ਸਿੰਘ ਸਰਦਾਰ ਜਵਾਬ ਕਰਦਾ,
ਅਸਾਂ ਕੰਮ ਸਰਕਾਰ ਦਾ ਚਾਇਆ ਈ।
ਸਾਰੀ ਉਮਰ ਗੁਜ਼ਰੀ ਰਾਮ ਕਰਦਿਆਂ ਨੂੰ,
ਨਿਮਕ ਬਹੁਤ ਸਰਕਾਰ ਦਾ ਖਾਇਆ ਈ।
ਜ਼ੋਰ ਬਹੁਤ ਦੁਰੱਨੀਆਂ ਆਣ ਪਾਇਆ,
ਹੁਣ ਚੱਲਣਾ ਹੀ ਬਣਿ ਆਇਆ ਈ।
ਰਾਮ ਦਿਆਲ ਸਰਦਾਰ ਨੇ ਹੁਕਮ ਕੀਤਾ,
ਫ਼ੌਜ ਚਾੜ੍ਹ ਕੇ ਤੁਰਮ ਵਜਾਇਆ ਈ। ੩੨।
ਖੋ ਬਹੁਤ ਜਹਾਨ ਮੈਂ ਢੂੰਡ ਰਹਿਆ,
ਨਹੀ ਏਸ ਸਰਦਾਰ ਦਾ ਹੋਰ ਸਾਨੀ।
ਵਾਜ ਤੋਪ ਦਾ ਸੁਣ ਕੇ ਤੁਰਤ ਚੜ੍ਹਦਾ,
ਜਾਇ ਪਿਆ ਤੇ ਮਾਰਿਆ ਸਭ ਦੁਰੱਨੀ।
ਹੱਥ ਪਕੜ ਖੰਡਾ ਜਾਇ ਵਿਚ ਵੜਿਆ,
ਸਿੰਘੋ ਦੁਨੀਆਂ ਅੱਜ ਮਕਾਮ ਫ਼ਾਨੀ।
ਰਾਮ ਦਿਆਲ ਤੋਪਾਂ ਛੱਰੇ ਬਹੁਤ ਛੁੜਕੇ,
ਧਣੂ ਛਿਕਿਆਂ ਛੁਟੀਆਂ ਸਭ ਕਾਨੀ[1]। ੩੩।

---

[1] ਕਮਾਨਾਂ ਖਿੱਚੀਆਂ ਤੇ ਤੀਰ ਛੁੱਟੇ।

ਜਬ ਸਿੰਘਾਂ ਨੇ ਆਣ ਕੇ ਜ਼ੋਰ ਕੀਤਾ,
ਰਣ ਵਿਚ ਤਲਵਾਰ ਚਲਾਂਵਦੇ ਨੀ।
ਕਤਲ ਕੀਤੇ ਨੇ ਸਭ ਪਠਾਣ ਸਾਰੇ,
ਕੋਹਾਂ ਚਹੁੰਆਂ ਤੇ ਜਾਇ ਪੁਚਾਂਵਦੇ ਨੀ।
ਸਿੰਘ ਮੁੜੇ ਨੀ ਮਾਰ ਦੁਰੱਨੀਆਂ ਨੂੰ,
ਛਿਨ ਤਪਕਾਂ ਘਿਨ ਕੇ ਆਂਵਦੇ ਨੀ।
ਰਾਮ ਦਿਆਲ ਫਿਰੰਙਣਾਂ ਨੂੰ ਕਤਲ ਕਰਦੇ,
ਨਾਲੇ ਲੋਟੀਆਂ[2] ਨੂੰ ਹੱਥ ਪਾਂਵਦੇ ਨੀ। ੩੪।
ਤਬ ਆਣ ਦੁਰੱਨੀਆਂ ਫੇਰ ਕੀਤਾ,
ਜਾਇ ਰਣ ਦੇ ਵਿਚ ਤਲਵਾਰ ਕਰਦੇ।
ਜਿਵੇਂ ਮੱਕੜੀ ਵਾਂਗ ਘਸਮਾਣ ਹੋਇਆ,
ਸਿੰਘ ਸੂਰਮੇ ਹਟ ਕੇ ਆਣ ਵੜਦੇ।
ਹਰੀ ਸਿੰਘ ਤਾਂ ਦੇਖ ਕੇ ਛਿੱਕ ਲੈਂਦਾ,
ਚੜ੍ਹ ਘੋੜੇ ਤੇ ਛੱਰਿਆਂ ਦਾ ਜ਼ੋਰ ਕਰਦੇ।
ਰਾਮ ਦਿਆਲ ਸਰਦਾਰ ਅਸਵਾਰ ਹੋਂਦਾ,
ਨਾਲ ਹੁਕਮਾ ਸਿੰਘ ਜੀ ਮੋਹਰ ਕਰਦੇ। ੩੫।
ਖ਼ੇ ਖ਼ੂਬ ਚੰਗੀ ਤੇਰੀ ਫ਼ੌਜ ਸੋਹਣੀ,
ਨਾਲ ਹੁਕਮਾ ਸਿੰਘ ਸੁਹਾਂਵਦਾ ਈ।
ਜਦੋਂ ਮੁਸਲਿਆਂ ਆਣ ਕੇ ਜ਼ੋਰ ਪਾਇਆ,
ਝੰਡਾ ਵਿਚ ਮੈਦਾਨ ਲਗਾਂਵਦਾ ਈ।
ਜੁੱਧ ਦੀਨ ਤੇ ਮਜ਼ੁਬ ਦਾ ਆਣ ਬਣਿਆ,
ਸੀਸ ਦੇਵਣਾ ਹੀ ਬਣ ਆਂਵਦਾ ਈ।
ਕਹੇ ਹੁਕਮਾ ਸਿੰਘ ਸਰਦਾਰ ਤਾਈਂ,
ਹੱਥ ਜੋੜ ਕੇ ਨਿਮਕ ਬਖਸ਼ਾਂਵਦਾ ਈ। ੩੬।
ਹੋਇ ਘੋੜੇ ਤੇ ਸਿੰਘ ਸੁਵਾਰ ਚੱਲਿਆ,
ਜੁਆਹਰ ਸਿੰਘ ਨੂੰ ਆਖ ਸੁਣਾਂਵਦਾ ਈ।
ਤੋਪਾਂ ਛੱਡ ਕੇ ਤੁਸਾਂ ਨਹੀਂ ਆਵਣਾ ਨੇ,
ਬਚਨ ਆਖ ਕੇ ਜੁੱਧ ਮਚਾਂਵਦਾ ਈ।
ਜੁਆਹਰ ਸਿੰਘ ਨੇ ਤੋਪਾਂ ਤੇ ਸੀਸ ਦਿੱਤਾ,
ਖ਼ੂਬ ਚੰਗੀ ਤਲਵਾਰ ਚਲਾਂਵਦਾ ਈ।

---

1. ਇਹ ਕਿਸ ਫਿਰੰਗਣ (ਯੂਰਪੀਨ ਜ਼ਨਾਨੀ) ਵੱਲ ਇਸ਼ਾਰਾ ਹੈ, ਪਤਾ ਨਹੀਂ ਚਲ ਸਕਿਆ। ਇਸ ਦਾ ਹੋਰ ਕਿਧਰੇ ਜ਼ਿਕਰ ਨਹੀਂ ਮਿਲਿਆ।
2. ਲੁੱਟ ਦਾ ਮਾਲ।

ਬਹੁਤ ਗੋਲੀਆਂ ਆਣ ਕੇ ਜ਼ੋਰ ਪਾਇਆ,
ਵੱਖੀ ਵਿਚ ਸਰਦਾਰ ਦੀ ਲਾਂਵਦਾ ਈ। ੩੭।
ਹਰੀ ਸਿੰਘ ਸਰਦਾਰ ਨੇ ਜੁੱਧ ਕੀਤਾ,
ਜਿਉਂ ਕਰ ਪਾਂਡਵਾਂ ਕੈਰਵਾਂ ਅੰਤ ਕੀਤਾ।
ਬਹੁਤ ਜੋਗਣਾਂ ਆਣ ਕੇ ਲਹੂ ਪੀਤਾ,
ਨਾਲੇ ਸੰਤਾਂ ਨੇ ਆਇ ਜੈਕਾਰ ਕੀਤਾ[1]।
ਬਰਖਾ ਫੁੱਲਾਂ ਦੀ ਦੇਵਤਿਆਂ ਬਹੁਤ ਕੀਤੀ,
ਚੜ੍ਹਿ ਆਇ ਬਿਬਾਣਾਂ ਤੇ ਫੇਰ ਕੀਤਾ।
ਦੇਖ ਜੁੱਧ ਸਰਦਾਰ ਦਾ ਖੁਸੀ ਹੋਦੇ,
ਇਸ ਵਾਸ ਬੈਕੁੰਠ ਤੇ ਆਇ ਲੀਤਾ। ੩੮।

ਕਬਿਤ

ਰਾਜਨ ਕੋ ਰਾਜ ਹਰੀ ਸਿਘ ਸਿਰਤਾਜ ਜਾਇ,
ਪਇਓ ਬੀਚ ਕਾਰ ਖੂਬ ਕੀਨੀ ਤਲਵਾਰ ਕੋ।
ਸਿੰਘ ਅਸਵਾਰੀ ਕਤਲਾਮ ਕੀਨੀ ਭਾਰੀ,
ਜੁੱਧ ਮਹਾਂ ਭੈਕਾਰੀ ਵਾਸ ਲੀਨੋ ਹੈ ਬੈਕੁੰਠ ਕੋ।
ਐਸੇ ਹੀ ਭਿਆਨ ਜੁੱਧ ਕੀਨੋਂ ਸੰਗਰਾਮ,
ਹਰੀ ਸਿੰਘ ਬਲਵਾਨ ਬਹੁ ਬੁਧ ਕੇ ਪ੍ਰਬੀਨ ਕੋ।
ਏਹੀ ਬੀਚਾਰ ਰਾਮ ਦਿਆਲ ਕੇ ਆਧਾਰ,
ਸ੍ਰੀ ਕ੍ਰਿਸਨ ਮੁਰਾਰ ਜਸ ਕੀਨੋ ਹਰੀ ਸਿੰਘ ਕੋ। ੩੯।

ਕਬਿਤ

ਕੱਢ ਸ਼ਮਸ਼ੇਰ ਸਿੰਘਾਂ ਕੀਤਾ ਮੁੜ ਫੇਰ,
ਲੜੇ ਮਾਰਿ ਘੇਰ ਘੇਰਿ ਖੂਬ ਦੂੰਦਭੀ ਬਜਾਇ ਕੈ।
ਇਹੀ ਸਿੰਘ ਸਰਦਾਰ ਸੈਨਾ ਮਹਾ ਭੈਕਾਰ
ਕੈਸੀ ਪਈ ਤਲਵਾਰ ਲੜੇ ਤੋਪਾਂ ਈ ਬਜਾਇ ਕੈ।
ਪੜੀ ਧੁੰਦਕਾਰ ਧੂੜ ਚੜ੍ਹੀ ਬੇਸ਼ੁਮਾਰ,
ਮਾਨੋ ਭਈ ਕਾਰ ਰੱਥ ਛਪਿਓ ਸੂਰ ਭਾਨ ਕੈ।
ਸੈਨਾ ਭਈ ਚੂਰ, ਕੈਸੀ ਜੁੱਧ ਕੀ ਗਰੂਰ,
ਜੋਧੇ ਹੈਨ ਬਲ ਪੂਰ ਲੜੇ ਸੂਰ ਧਾਇ ਧਾਇ ਕੈ। ੪੦।
ਤੋਪ ਤਲਵਾਰ ਪਈ ਮਹਾਂ ਅੰਧਕਾਰ,
ਛੁਟਨ ਤੀਰ ਤੇ ਬੰਦੂਕ ਮਾਨੋ ਜੁੱਧ ਦੇਵ ਦਾਨ ਕੋ।

---

1. ਭੂਤਾਂ ਚੁੜੇਲਾਂ ਅਤੇ ਹੋਰ ਗੈਬੀ ਬੰਦਿਆਂ ਵੱਲ ਇਸ਼ਾਰਾ ਹੈ ਜੋ ਹਿੰਦੂ ਖਿਆਲ ਅਨੁਸਾਰ ਯੁੱਧ ਵੇਲੇ ਲਹੂ ਪੀਂਦੇ ਅਤੇ ਪ੍ਰਸੰਨ ਹੁੰਦੇ ਹਨ।

ਬਾਜੇ ਬਜਾਇ ਸੀਸ ਦੇਵੀ ਕੋ ਨਿਵਾਇ,
ਚੜ੍ਹੇ ਘੋੜਿਆਂ ਤੇ ਪਾਇ ਸੂਰੇ ਉਠ ਧਾਏ ਜੁੱਧ ਕੋ ।
ਚਲੇ ਲਹੂ ਪਰਵਾਹਿ ਸੀਸ ਕਾਟਿ ਕਾਟਿ ਲਾਹੇ,
ਪਈ ਮਹਾ ਅੰਧ ਆਇ ਜੈਸੇ ਲੰਕਾ ਪਤਿ ਰਾਜ ਕੋ ।
ਕਹੈ ਰਾਮ ਦਿਆਲ ਤੁਰਤ ਉਠੀ ਹਾਲ ਹਾਲ,
ਜਦੋਂ ਲੱਗੀ ਆ ਬੰਦੂਕ ਉਥੇ ਸਿੰਘ ਸਿਰਤਾਜ ਕੋ । ੪੧ ।
ਐਸਾ ਹਮੈ ਜੁੱਧ ਕਬੂ ਦੇਖਿਆ ਦਿਖਾਇ ਨਾਹੀਂ,
ਜੈਸਾ ਸਰਦਾਰ ਹਰੀ ਸਿੰਘ ਕਰਵਾਇਆ ਹੈ ।
ਜੈਸਾ ਕੁੰਭ ਕਾਨ ਹਨੂਮਾਨ ਬਲਵਾਨ,
ਬੀਚ ਲੰਕਾ ਦੇ ਮੈਦਾਨ ਰਾਮ ਚੰਦ ਕਰਵਾਇਆ ਹੈ ।
ਤੈਸਾ ਅਰਜਨ ਨੇ ਜੁੱਧ ਨਾਲ ਕੈਰਵਾਂ ਦੇ ਖੂਬ ਕੀਤਾ,
ਧੰਨੇਸੁਰਥਾ[1] ਅੰਤ ਦੁਆਪੁਰ ਲਗਾਇਆ ਹੈ ।
ਕਹੈ ਰਾਮ ਦਿਆਲ ਐਸਾ ਸਿੰਘ ਸਰਦਾਰ,
ਕਟਕ ਭਇਆ ਬੇਸੁਮਾਰ ਜੁੱਧ ਭਾਰਾ ਕਰਵਾਇਆ ਹੈ । ੪੨ ।

ਦੋਹਰਾ

ਹਰੀ ਸਿੰਘ ਸਰਦਾਰ ਕੋ ਗੋਲੀ ਲੱਗੀ ਆਪਾਰ ।
ਮਹਾਂ ਸਿੰਘ ਸਰਦਾਰ ਨੇ ਮਨ ਮੈ ਕਰੀ ਬਿਚਾਰ । ੪੩ ।

ਨਦੀ ਲਹੂ ਸੰਦੀ ਓਥੇ ਵੱਗ ਗਈ,
ਸਰਦਾਰ ਨੂੰ ਲੱਗੀ ਆ ਸੱਟ ਭਾਰੀ ।
ਹਥ ਪਕੜ ਖੰਡਾ ਜਾਇ ਵਿਚ ਵੜਦਾ,
ਤੁਰਤ ਆਣ ਦੁਰੌਨੀਆਂ ਸੱਟ ਮਾਰੀ ।
ਹਰੀ ਸਿੰਘ ਸਰਦਾਰ ਨੂੰ ਲੱਗ ਗਈ,
ਜਾਇ ਲੱਗੀ ਕਲੇਜੇ ਦੇ ਵਿਚ ਕਾਰੀ ।
ਪਰਿ ਫੇਰ ਤਲਵਾਰ ਵਗਾਂਵਦਾ ਈ,
ਨਹੀਂ ਹਟਦਾ ਕੀਤੀ ਸੂ ਕਤਲ ਭਾਰੀ । ੪੪ ।
ਮਹਾਂ ਸਿੰਘ ਸਰਦਾਰ ਤਾਂ ਦੌੜ ਪਹੁੰਚਾ,
ਹੱਥ ਜੋੜ ਸਰਦਾਰ ਨੂੰ ਅਰਜ ਕਰਦਾ ।
ਘੋੜਾ ਚੰਬਾ ਸਰਦਾਰ ਦਾ ਬਹੁਤ ਚੰਗਾ,
ਵਾਗ ਪਕੜਿ ਕੇ ਕਿਲ੍ਹੇ ਨੂੰ ਆਇ ਵੜਦਾ ।

1. ਥਾਨੇਸਰ, ਕੁਰਖੇਤਰ ਦੇ ਅਸਥਾਨ ਉੱਤੇ ।

ਸਿਰੋਂ ਕਲਗੀ ਸਿੰਘ ਦੀ ਡਿਗ ਪਉਂਦੀ,
ਤਾਰਾ ਜਾਇ ਅਕਾਸ਼ ਦੇ ਵਿਚ ਵੜਦਾ।
ਮਹਾਂ ਸਿੰਘ ਜੋੜੀ ਹੱਥੋਂ ਕੰਗਣਾਂ ਦੀ,
ਹੱਥੋਂ ਸਿੰਘ ਸਰਦਾਰ ਵਿਊਂ ਪੁੰਨ ਕਰਦਾ। ੪੫।
ਹਰੀ ਸਿੰਘ ਸਰਦਾਰ ਨੇ ਹੁਕਮ ਕੀਤਾ,
ਮਹਾਂ ਸਿੰਘ ਨੂੰ ਆਪ ਸੁਣਾਇਆ ਈ।
ਇਨ੍ਹਾਂ ਬਾਮ੍ਹਣਾਂ ਨਾਲ ਸੰਕਲਪ ਕੀਤਾ,
ਤੋਸਾ ਅੱਗੇ ਦਾ ਰੱਬ ਪਹੁੰਚਾਇਆ ਈ।
ਸਾਡਾ ਤੁਸਾਂ ਦਾ ਪੁੰਨ ਚੁਕਾਵਣਾਂ ਹੈ,
ਇਹੁ ਭਾਰ ਤੇਰੇ ਉਤੇ ਪਾਇਆ ਈ।
ਮਹਾਂ ਸਿੰਘ ਸਰਦਾਰ ਦੇ ਬੈਠਿਆ ਈ,
ਬੈਕੁੰਠ ਦੇ ਵਿਚ ਚਲਾਇਆ ਈ। ੪੬।
ਹਰੀ ਸਿੰਘ ਨੇ ਤੁਰਤ ਪਰਾਣ ਦਿੱਤੇ,
ਮਹਾਂ ਸਿੰਘ ਸਰਦਾਰ ਨੇ ਆਹਿ ਮਾਰੀ।
ਸੁੱਖਾਂ ਵਿਚ ਗੁਜ਼ਰੀ ਅੱਗੇ ਉਮਰ ਮੇਰੀ,
ਹੁਣ ਦੁੱਖਾਂ ਦੀ ਆਈ ਆ ਘਣੀ ਸਾਰੀ।
ਹਰੀ ਸਿੰਘ ਸਰਦਾਰ ਦੀ ਮੌਤ ਸੁਣ ਕੇ,
ਪਈ ਰੋਂਦੀ ਆ ਬੈਠ ਕੇ ਰੱਈਅਤ ਸਾਰੀ।
ਰਾਮ ਦਿਆਲੁ ਮਹਾਂ ਸਿੰਘ ਨੂੰ ਦੁੱਖ ਲਗੇ,
ਛੇਕੜ ਲਗੀ ਸਰਦਾਰ ਦੀ ਸੱਟ ਭਾਰੀ। ੪੭।
ਲਿਖ ਚੈਲੀਆਂ ਤੁਰਤ ਭਿਜਾਂਵਦੇ ਨੀ,
ਕਾਸਦ ਚੱਲ ਸਰਕਾਰ ਤੇ ਆਇਆ ਈ।
ਖਬਰ ਜਾਇ ਸਰਕਾਰ ਨੂੰ ਤੁਰਤ ਪਹੁੰਚੀ,
ਹਰੀ ਸਿੰਘ ਨੇ ਜੁੱਧ ਮਚਾਇਆ ਈ।
ਸੁਣ ਮੌਤ ਦਾ ਸਿੰਘ ਨੇ ਚੁੱਪ ਕੀਤੀ,
ਕੇਹਾ ਗ਼ੈਬ ਦਾ ਤੀਰ ਚਲਾਇਆ ਈ।
ਹਰੀ ਸਿੰਘ ਸਰਦਾਰ ਦੀ ਮੌਤ ਸੁਣ ਕੇ,
ਸਰਕਾਰ ਨੇ ਸੀਸ ਹਿਲਾਇਆ ਈ। ੪੮।
ਜ਼ਾਲ ਜ਼ਰਾ ਸਰਕਾਰ ਨਾ ਢਿੱਲ ਕੀਤੀ,
ਫ਼ੌਜਾਂ ਆਪਣੀਆਂ ਤੁਰਤ ਵਗਾਈਆਂ ਨੀ।
ਹਰੀ ਸਿੰਘ ਸਰਦਾਰ ਨੂੰ ਤੁਰਤ ਲਿਆਓ,
ਜਿਸ ਦੀਆਂ ਕਾਨੀਆਂ ਨੇ ਧੁੰਮਾਂ ਪਾਈਆਂ ਨੀ।

ਡਾਢਾ ਮਹਿਲਾਂ ਦੇ ਵਿਚ ਝੀਂਗਾਰ ਆਵੇ,
ਸੱਭੇ ਰੋਂਦੀਆਂ ਤੇ ਕੁਰਲਾਂਦੀਆਂ ਨੀ।
ਰਾਮ ਦਿਆਲ ਕਟਾਰੀਆਂ ਖਿਚ ਲਈਆਂ,
ਸੱਭੇ ਮਰਦੀਆਂ ਢਿੱਲ ਨਾ ਲਾਂਦੀਆਂ ਨੀ। ੪੯।
ਦਾਲ ਬਹੁਤ ਦਿਲਗੀਰ ਸਰਕਾਰ ਹੋਈ,
ਸ਼ਜ਼ਾਦੇ[1] ਨੂੰ ਤੁਰੰਤ ਬੁਲਾਂਵਦਾ ਈ।
ਅੱਗੋਂ ਬਾਬਾ ਤੇ ਬਾਬਾ ਪੁਕਾਰਦਾ ਸੀ,
ਅੱਜ ਬਾਬੇ ਨੂੰ ਪਹੁੰਚਣਾ ਆਂਵਦਾ ਈ।
ਇਹ ਖਬਰ ਸਜ਼ਾਦੇ ਨੇ ਸੁਣ ਕਰਕੇ,
ਆਹੀਂ ਮਾਰ ਕੇ ਸੀਸ ਹਲਾਂਵਦਾ ਈ।
ਰਾਮ ਦਿਆਲ ਸਰਕਾਰ ਥੋਂ ਵਿਦਿਆ ਹੋਂਦਾ,
ਦਿਨ ਪੰਜਵੇਂ ਪਹੁੰਚਣਾ ਆਂਵਦਾ ਈ। ੫੦।
ਜ਼ੁਆਦ ਜ਼ਰਾ ਸਜ਼ਾਦੇ ਨਾ ਢਿੱਲ ਕੀਤੀ,
ਗੱਲ ਸੁਣਦਿਆਂ ਈ ਉਠ ਧਾਇਆ ਈ।
ਪਾਇ ਕਾਠੀਆਂ ਘੋੜਿਆਂ ਤੁਰਤ ਚੜ੍ਹਿਆ,
ਸਾਰੀ ਫ਼ੌਜ ਨੂੰ ਆਖ ਸੁਣਾਇਆ ਈ।
ਮਾਰੋ ਮਾਰ ਕਰ ਖਾਲਸਾ ਚੱਲਣਾਂ ਜੇ,
ਇਹੁ ਹੁਕਮ ਸਰਕਾਰ ਫ਼ੁਰਮਾਇਆ ਈ।
ਰਾਮ ਦਿਆਲ ਡੇਰਾ ਜਾਇ ਅਟਕ ਪਹੁਤਾ,
ਬਿਨਾ ਪੁਲ ਦੇ ਪਾਰ ਲੰਘਾਇਆ ਈ। ੫੧।
ਰੇ ਰੰਗ ਤਮਾਸ਼ੜੇ ਦੇਖ ਕਰਕੇ,
ਅਸਾਂ ਤੋੜ ਜਮਰੋਜ ਨੂੰ ਜਾਵਣਾ ਈ।
ਹੋਰ ਖਾਵਣਾ ਪੀਵਣਾ ਤਰਕ ਸਾਨੂੰ,
ਘਿੰਨ ਬਦਲਾ ਅੰਨ ਨੂੰ ਪਾਵਣਾ ਈ।
ਹਰੀ ਸਿਘ ਜਹੇ ਸੂਰਮੇ ਉੱਠ ਗਏ,
ਅਸਾਂ ਰਹਿੰਦਿਆਂ ਕੀ ਖੱਟ ਜਾਵਣਾ ਈ।
ਰਾਮ ਦਿਆਲ ਤਾਂ ਬਦਲਾ ਤੁਰਤ ਲਈਏ,
ਘਾਤ ਬਾਮ੍ਹਣਾਂ ਸਾਨੂੰ ਅਕਾਵਣਾ ਈ। ੫੨।
ਜ਼ਾਲ ਜ਼ਰਾ ਸਜ਼ਾਦੇ ਨਾ ਢਿੱਲ ਕੀਤੀ,
ਹੁਕਮ ਕੀਤਾ ਸੂ ਸਿੰਘਾਂ ਨੂੰ ਪਾਓ ਗੋਲੀ।

1. ਸਰਦਾਰ ਹਰੀ ਸਿੰਘ ਦਾ ਸਪੁੱਤਰ ਸਰਦਾਰ ਜਵਾਹਰ ਸਿੰਘ ਨਲਵਾ।

ਸਿੰਘ ਚੜ੍ਹੇ ਨੀ ਜਾਇ ਚਮਕੰਨੀਆਂ ਤੇ,
ਵਿਚ ਸ਼ਹਿਰ ਦੇ ਜਾਇ ਬੰਦੂਕ ਬੋਲੀ।
ਕਮਰ ਕੱਸ ਤਲਵਾਰੀਆਂ ਖਿੱਚ ਲਈਆਂ,
ਮਾਰ ਸੱਟੇ ਤੇ ਫ਼ਤਿਹਾ ਬਹੁਤ ਬੋਲੀ।
ਸਰਕਾਰ ਨਿੱਕਾ ਵੱਡਾ ਕਤਲ ਕੀਤਾ,
ਜਿਹਨੂੰ ਦੇਂਦੀ ਸੀ ਬੈਠ ਕੇ ਮਾਉਂ ਲੋਰੀ। ੫੩।
ਸੀਨ ਸਾਬਤੀ ਨਾਲ ਕੜਾਹ ਕਰ ਕੇ,
ਹਰੀ ਸਿੰਘ ਦੇ ਨਾਉਂ ਵਰਤਾਂਵਦਾ ਈ।
ਜ਼ਾਰ ਜ਼ਾਰ ਰੋਵੇ ਵਿਚ ਮਜਲਸਾਂ ਦੇ,
ਚਲੇ ਪਾਣੀ ਜਿਉਂ ਮੇਘ ਵਰਸਾਂਵਦਾ ਈ।
ਨਾਉਂ ਘਿਨਦਿਆਂ ਆਹੀਆਂ ਬਹੁਤ ਮਾਰੇ,
ਹੋਰ ਦਿਲ ਤੇ ਕੁਝ ਨਾ ਲਿਆਂਵਦਾ ਈ।
ਰਾਮ ਦਿਆਲ ਸ਼ਜ਼ਾਦਾ ਪਈ ਕਹਿਰ ਕਰਦਾ,
ਹਰੀ ਸਿੰਘ ਦਾ ਨਾਉਂ ਧਿਆਂਵਦਾ ਈ। ੫੪।
ਬੇ ਬਹੁਤ ਪਕਿਆਰ ਮਹਾਂ ਸਿੰਘ ਕੀਤਾ,
ਜਿਸ ਪੰਥ ਦੀ ਲਜਿਆ ਰੱਖ ਲੀਤੀ।
ਦਿਨ ਨੌਂ ਗੁਜ਼ਰੇ ਸਿੰਘਾਂ ਚੱਲਿਆਂ ਨੂੰ,
ਦੂਜੇ ਕੰਨ ਨਾਹੀ ਉਸ ਕੋੜ ਕੀਤੀ।
ਸਰਕਾਰ ਵੱਡੀ ਮੇਹਰਬਾਨ ਹੋਈ,
ਮਹਾਂ ਸਿੰਘ ਨੇ ਫ਼ਤਿਹਾ ਬਹੁਤ ਕੀਤੀ।
ਰਾਮ ਦਿਆਲ ਫ਼ੌਜਾਂ ਜਾਇ ਪਹੁਚੀਆਂ ਨੀ,
ਤਬ ਆਣ ਸ਼ਜ਼ਾਦੇ ਨੂੰ ਖ਼ਬਰ ਕੀਤੀ। ੫੫।
ਇਹ ਖਬਰ ਸਰਕਾਰ ਨੂੰ ਜਾਇ ਪਹੁੰਚੀ,
ਮਹਾਂ ਸਿੰਘ ਸਰਦਾਰ ਨੇ ਜੁੱਧ ਕੀਤਾ।
ਸਵਾ ਲੱਖ ਦੁੱਰਾਨੀ ਦੇ ਨਾਲ ਲੜ੍ਹਿਆ,
ਤੁਪਕ ਸੁੱਟ ਖੰਡਾ ਹੱਥ ਵਿਚ ਲੀਤਾ।
ਨਦੀ ਵਾਹਿ ਦਿੱਤੀ ਓਥੇ ਲਹੂਦੇ ਦੀ,
ਮਾਰ ਸਤਰੂ ਕੰਮ ਨੂੰ ਤੁਰਤ ਕੀਤਾ।
ਪਿੱਛੇ ਜਾਇ ਫ਼ੌਜਾਂ ਤੁਰਤ ਪਹੁੰਚੀਆਂ ਨੀ,
ਖੈਬਰ ਜਾਇ ਪਠਾਣਾਂ ਨੇ ਸਾਹੁ ਲੀਤਾ। ੫੬।

ਪਿਸ਼ੌਰੋ ਚੜ੍ਹਦੀ ਵੱਲ ਪੰਜ ਕੁ ਮੀਲ ਦੀ ਵਿੱਥ ਤੇ ਚਮਕੰਨੀ ਨਾਮੀ ਪਿੰਡ।

ਸੀਨ ਸਾਬਤੀ ਹੈ ਹਰੀ ਸਿੰਘ ਦੀ ਜੀ,
ਜਿਸ ਬਹੁਤ ਭਿਆਨਕੀ ਜੁੱਧ ਕੀਤਾ।
ਮਹਾਂ ਸਿੰਘ ਸਰਦਾਰ ਭੀ ਨਾਲ ਲੜਿਆ,
ਜੇਹਦੀ ਖੂਬ ਤਲਵਾਰ ਨੇ ਕਤਲ ਕੀਤਾ।
ਹਰੀ ਸਿੰਘ ਨੂੰ ਚਾਇ ਕੇ ਪਲਕੰਾਂ ਤੇ,
ਵਿਚ ਤੰਬੂ ਦੇ ਆਣਿ ਮਸ਼ਹੂਰ ਕੀਤਾ।
ਰਾਮ ਦਿਆਲ ਮਹਾਂ ਸਿੰਘ ਨੇ ਹੱਦ ਕੀਤੀ,
ਹਰੀ ਸਿੰਘ ਦਾ ਨਿਮਕ ਪਛਾਣ ਲੀਤਾ। ੫੭।
ਤੇ ਤਾਬ ਨਾਹੀਂ ਅਸਾਂ ਆਵਣਾ ਈ,
ਇਸ ਦੁੱਖ ਤੇ ਸੂਲ ਥੀਂ ਮੌਤ ਚੰਗੀ।
ਜਿਸ ਨਾਲ ਸਾਡੀ ਮੁਲਾਕਾਤ ਆਹੀ,
ਸੋ ਤਾਂ ਉੱਠ ਚੱਲਿਆ ਸਾਡਾ ਯਾਰ ਸੰਗੀ।
ਜੀਂਦੇ ਹੌਂਵਦੇ ਨੂੰ ਮੌਜਾਂ ਮਾਣਦੇ ਸਾਂ,
ਹੁਣ ਬਣਦੀ ਹੈ ਅਸਾਂ ਨੂੰ ਮੌਤ ਚੰਗੀ।
ਰਾਮ ਦਿਆਲ ਮਹਾਂ ਸਿੰਘ ਤਾਂ ਕਰੇ ਹਾਕੇ,
ਹੁਣ ਜੀਵਣਾ ਗੱਲ ਹੈ ਬਹੁਤ ਮੰਦੀ। ੫੮।
ਜੁਆਦ ਜਾਨ ਮੇਰੀ ਕੋਈ ਉਜ਼ਰ ਨਹੀ,
ਹਰੀ ਸਿੰਘ ਸਰਦਾਰ ਤੋਂ ਵਾਰ ਜਾਵਾਂ।
ਮੇਰਾ ਘਰ ਤੇ ਮਾਲ ਤੇ ਜਾਨ ਸਾਰੀ,
ਇਸ ਦੀ ਜਾਨ ਤੋਂ ਵਾਰ ਕੇ ਪੁੰਨ ਲਾਵਾਂ।
ਜੇਕਰ ਜਾਨ ਮੇਰੀ ਇਸ ਦੇ ਥਾਉਂ ਲੱਗੇ,
ਮਹਾਂ ਸਿੰਘ ਸਰਦਾਰ ਤਾਂ ਤੇ ਕਹਾਵਾਂ।
ਇਕ ਵਾਰ ਸਰਦਾਰ ਦੀਦਾਰ ਦੇਵੇ,
ਬਿਨ ਪਰਾਂ ਦੇ ਬਾਝ ਮੈਂ ਉੱਡ ਜਾਵਾਂ। ੫੯।
ਤੌਇ ਤੈਨੂੰ ਪੁਕਾਰਦੀ ਘਰ ਮਾਈ,
ਕਿਉਂ ਪੂਤ ਇਹੁ ਤੀਰ ਚਲਾਇਆ ਈ।
ਹੋਰ ਸਭ ਸਰਦਾਰ ਪਏ ਰਾਜ ਕਰਦੇ,
ਤੇਰਾ ਕਾਲ ਕਿਧਰੋਂ ਚੱਲ ਆਇਆ ਈ।
ਤੇਰੀਆਂ ਰਾਣੀਆਂ ਰਾਹੇ ਨੂੰ ਤੱਕਦੀਆਂ ਨੀ,
ਜੈਨੂੰ ਫੇਰ ਲਾਵਾਂ ਪਰਨਾਇਆ ਈ।
ਰਾਮ ਦਿਆਲ ਸਰਕਾਰ ਨੂੰ ਜਾਇ ਫੜਸਾਂ,
ਜੇਹਨੇ ਪੂਤ ਮੇਰਾ ਮਰਵਾਇਆ ਈ। ੬੦।

ਜ਼ੁਆਦ ਜ਼ੋਰ ਸਰਦਾਰ ਦੇ ਪੂਤ ਕੀਤਾ,
ਤੁਰਤ ਚੱਲ ਸਰਕਾਰ ਤੇ ਆਂਵਦਾ ਈ।
ਹੱਥ ਜੋੜ ਸਰਕਾਰ ਦੇ ਕੋਲ ਬੈਠਾ,
ਤੁਰਤ ਆਪਣਾ ਹਾਲ ਸੁਣਾਂਵਦਾ ਈ।
ਹੁਕਮ ਕਰੋ ਜੀ ਅਸਾਂ ਨੂੰ ਕੀ ਕਰੀਏ,
ਜੁਆਹਰਿ ਸਿੰਘ ਇਹੁ ਆਖ ਸੁਣਾਂਵਦਾ ਈ।
ਰਾਮ ਦਿਆਲ ਸਰਕਾਰ ਨੇ ਮੇਹਰ ਕੀਤੀ,
ਜੁਆਹਰਿ ਸਿੰਘ ਨੂੰ ਪਾਸ ਬਹਾਂਵਦਾ ਈ। ੬੧।
ਐਨ ਆਇ ਸਰਕਾਰ ਨੂੰ ਅਰਜ਼ ਕੀਤੀ,
ਹੁਕਮ ਕਰੋ ਜੀ ਬਦਲਾ ਲੀਜੀਏ ਜੀ।
ਧਰਮ ਛੱਤਰੀ ਦਾ ਇਹੁ ਬਦ ਕਹਿੰਦੇ,
ਮਾਰੂ ਸੱਤਰੂ ਕੰਮ ਨੂੰ ਕੀਜੀਏ ਜੀ।
ਹੁਕਮ ਕਰੋ ਸਰਕਾਰ ਜੋ ਉੱਠ ਚਲੀਏ,
ਜਾਇ ਪਿਤਾ ਦਾ ਬਦਲਾ ਲੀਜੀਏ ਜੀ।
ਰਾਮ ਦਿਆਲ ਜੀਵਨ ਸਾਡਾ ਨਾਹਿ ਬਣਦਾ,
ਸੀਸ ਪਿਤਾ ਦੇ ਨਾਮ ਤੇ ਦੀਜੀਏ ਜੀ। ੬੨।
ਗੈਨ ਗਰਜ ਕੇ ਉੱਠਿਆ ਸ਼ੇਰ ਵਾਂਗੂ,
ਘਿਨ ਫੌਜ ਤੇ ਤੁਰਤ ਤਿਆਰ ਹੋਇਆ।
ਸਿਰੋਪਾਉ ਖ਼ਾਸਾ ਸਰਕਾਰ ਦਿੱਤਾ,
ਨਾਲ ਤੁਪਕਾਂ ਦਾ ਕੜਕਾਰ ਹੋਇਆ।
ਫ਼ੌਜ ਚੜ੍ਹੀ ਆ ਤੁਰਕੀਆਂ ਤਾਜ਼ੀਆਂ[1] ਤੇ,
ਆਪ ਹਾਥੀਏ ਦਾ ਅਸਵਾਰ ਹੋਇਆ।
ਰਾਮ ਦਿਆਲ ਡੇਰਾ ਜਾਇ ਤੋੜ ਪਹੁੰਚਾ,
ਆਪ ਜੁੱਧ ਨੂੰ ਤੁਰਤ ਤਿਆਰ ਹੋਇਆ। ੬੩।
ਫੇ ਫੇਰ ਡੇਰਾ ਜਾਇ ਪਹੁੰਚਿਆ ਈ,
ਮਹਾਂ ਸਿੰਘ ਸਜ਼ਾਦੇ ਦੇ ਪਾਸ ਆਇਆ।
ਆਇ ਹਾਲ ਹਵਾਲ ਸਰਬੱਤ ਸਾਰਾ,
ਜੁਆਹਰਿ ਸਿੰਘ ਨੂੰ ਆਖ ਕੇ ਤਾਂ ਸੁਣਾਇਆ।
ਸਾਡੇ ਵਾਸਤੇ ਸਿੰਘ ਨੇ ਸੀਸ ਦਿੱਤਾ,
ਰਣੇ ਵਿਚ ਦੁੱਰਾਨੀਆਂ ਘੇਰ ਪਾਇਆ।

1. ਅਰਬੀ ਤੁਰਕੀ ਨਸਲ ਦੇ ਘੋੜੇ।

ਰਾਮ ਦਿਆਲ ਇਹੁ ਵਰਤੀ ਹੈ ਭਾਇ ਸਾਡੇ,
ਹੁਣ ਰਿਜ਼ਕ ਅਸਾਡੇ ਨੂੰ ਹਾਣ ਆਇਆ । ੬੪ ।
ਕਾਫ ਕੰਮ ਸ਼ਜ਼ਾਦੇ ਨੇ ਹੁਕਮ ਕੀਤਾ,
ਤੁਸੀ ਬਾਪ ਤੇ ਅਸੀ ਹਾਂ ਪੂਤ ਤੇਰੇ ।
ਪਿਤਾ ਅਸਾਂ ਦਾ ਜਾਇ ਬੈਕੁੰਠ ਬੈਠਾ,
ਪਿੱਛੇ ਰੱਖਿਆ ਕੀਤੀ ਆ ਰੱਬ ਮੇਰੇ ।
ਅਸਾਂ ਤੁਸਾਂ ਦੀ ਰੱਖਿਆ ਕਰੇ ਸਾਈਂ,
ਉਹਨੇ ਮੱਲੇ ਨੀ ਜਾਇ ਬੈਕੁੰਠ ਡੇਰੇ ।
ਲੈ ਚੱਲੇ ਨੀ ਫ਼ੌਜ ਤਿਆਰ ਕਰ ਕੇ,
ਵਿਚ ਰਣ ਦੇ ਜਾਇ ਪਠਾਣ ਘੇਰੇ । ੬੫ ।
ਲੈ ਕੇ ਸਭ ਸੁਆਰੀ ਤੇ ਫ਼ੌਜ ਸਾਰੀ,
ਜੁਆਹਿਰ ਸਿੰਘ ਸ਼ਜ਼ਾਦੇ ਨੇ ਜੁੱਧ ਕੀਤਾ ।
ਤੁਰਤ ਜਾਇ ਪਠਾਣਾਂ ਦੇ ਵਿਚ ਪੈਂਦਾ,
ਘਿੰਨ ਘੋੜੇ ਤੇ ਕੰਮ ਨੂੰ ਸੁੱਧ ਕੀਤਾ ।
ਦੋ ਸੈ ਪੰਜ ਦੁੱਰਾਨੀ ਨੂੰ ਮਾਰ ਲੈਂਦਾ,
ਘਿੰਨ ਪਿਤਾ ਦਾ ਬਦਲਾ ਸਾਹੂ ਲੀਤਾ ।
ਰਾਮ ਦਿਆਲ ਸਾਰੀ ਗੱਲ ਜੁੱਧ ਵਾਲੀ,
ਮਹਾਂ ਸਿੰਘ ਨੇ ਪੁਛ ਕੇ ਕੰਮ ਕੀਤਾ । ੬੬ ।
ਐਨ ਅੱਗੇ ਦਾ ਹਾਲ ਹਵਾਲ ਸਾਰਾ,
ਸਾਨੂੰ ਮੇਹਰ ਦੇ ਨਾਲ ਸੁਣਾਈਏ ਜੀ ।
ਬਾਪੂ ਖਿੱਚ ਤਲਵਾਰੀਆਂ ਜ਼ਾਇ ਲੜਿਆ,
ਜਿਉਂ ਕਰ ਗੁਰਾਂ ਨੇ ਬਣਤ ਬਣਾਈ ਏ ਜੀ ।
ਹੋਈ ਹੋਣੀ ਨ ਟੱਲਦੀ ਕਿਸੇ ਕੋਲੋਂ,
ਝੱਡੇ ਸ਼ਾਹ ਫ਼ਕੀਰ ਅੰਬੀਰੀਏ ਜੀ ।
ਰਾਮ ਦਿਆਲ ਜੇਹੜੀ ਤਰਾਂ ਜੁੱਧ ਹੋਇਆ,
ਸੋਈ ਸਗਲ ਬ੍ਰਿਤੰਤ ਸੁਣਾਈਏ ਜੀ । ੬੭ ।
ਹੱਥ ਜੋੜ ਮਹਾਂ ਸਿੰਘ ਨੇ ਅਰਜ਼ ਕੀਤੀ,
ਜੋ ਕੁਛ ਜੁੱਧ ਦੀ ਗੱਲ ਸੋ ਕਰਿ ਸੁਣਾਈ ।
ਚੱਲੂ ਆਇਆ ਪਠਾਣ ਦਾ ਪੂਤ ਸੋਹਣਾ,
ਲੱਗਾ ਪੁੱਛਣ ਜੇ ਕੌਣ ਸਰਦਾਰ ਭਾਈ ।
ਹਰੀ ਸਿੰਘ ਸਰਦਾਰ ਨੇ ਖਿੱਚ ਲਈ,
ਜਾਇ ਸਿਰ ਪਠਾਣ ਦੇ ਚੋਟ ਲਾਈ ।

ਰਾਮ ਦਿਆਲ ਪਠਾਣ ਨੂੰ ਮਾਰ ਮੁੜਿਆ,
ਲੱਗੀ ਤੁਪਕ ਤੇ ਵੱਖੀਓਂ ਪਾਰ ਜਾਈ । ੬੮ ।
ਡਿੱਗਾ ਘੋੜੇ ਤੋਂ ਫੇਰ ਅਸਵਾਰ ਹੋਇਆ,
ਰਣ ਵਿਚ ਤਲਵਾਰ ਚਲਾਂਵਦਾ ਈ ।
ਹਰੀ ਸਿੰਘ ਜੇਹੇ ਸਰਦਾਰ ਦੂਲੇ,
ਜੱਗ ਢੂੰਡਿਆਂ ਹੱਥ ਨਹੀਂ ਆਂਵਦਾ ਈ ।
ਮੁਲਖ ਸੱਭ ਸਰਕਾਰ ਨੂੰ ਸਾਧ ਦਿੱਤੇ,
ਦਾਈਆ ਖੈਬਰੋ ਅੱਗੇ ਦਾ ਚਾਂਵਦਾ ਈ ।
ਰਾਮ ਦਿਆਲ ਇਹ ਜੁੱਧ ਦੀ ਗੱਲ ਸਾਰੀ,
ਮਹਾਂ ਸਿੰਘ ਤਾਂ ਆਖ ਸੁਣਾਂਵਦਾ ਈ । ੬੯ ।
ਸਿਰੋ ਪਾਉ ਖਾਸਾ ਅਤੇ ਖੂਬ ਘੋੜਾ,
ਮਹਾਂ ਸਿੰਘ ਸਰਦਾਰ ਨੂੰ ਆਇਆ ਈ ।
ਸਰਕਾਰ ਵੱਡੀ ਮੇਹਰਬਾਨ ਹੋਈ,
ਸਾਰੀ ਫ਼ੌਜ ਦਾ ਹੁਕਮ ਦਿਵਾਇਆ ਈ ।
ਹੱਛੀ ਖੂਬ ਪੁਸ਼ਾਕ ਤੇ ਨਾਲ ਸੋਹਣੀ,
ਕੁਛ ਰੋਕ ਭੀ ਨਾਲ ਪਹੁੰਚਾਇਆ ਈ ।
ਰਾਮ ਦਿਆਲ ਸਰਕਾਰ ਨੇ ਮੇਹਰ ਕੀਤੀ,
ਸਰਦਾਰ ਨੂੰ ਬਹੁਤ ਵਧਾਇਆ ਈ । ੭੦ ।
ਰਾਮ ਦਿਆਲ ਨੇ ਬੈਠ ਕੇ ਅਰਜ਼ ਕੀਤੀ,
ਹਰੀ ਸਿੰਘ ਸਰਦਾਰ ਦਾ ਜਸ ਗਾਇਆ ।
ਮਹਾਂ ਸਿੰਘ ਸਰਦਾਰ ਦਾ ਰਾਜ ਚੰਗਾ,
ਜਿਥੇ ਰੱਜ ਕੇ ਰਈਅਤ ਨੇ ਸੁਖ ਪਾਇਆ ।
ਬਹੁਤ ਚੰਗਾ ਤੇ ਰਈਅਤ ਨੂੰ ਸੁਖ ਦੇਵੇ,
ਕਦੇ ਕਿਸੇ ਨੂੰ ਉਸ ਨਾਹੀਂ ਦੁਖਾਇਆ ।
ਹਰੀ ਸਿੰਘ ਸਰਦਾਰ ਦਾ ਜਸ ਕੀਤਾ,
ਵਿਚ ਸ਼ਹਿਰ ਸਣ ਕਾਰੀ ਦੇ ਲਿਖ ਪਾਇਆ । ੭੧ ।
ਇਹ ਕੰਮ ਸਰਦਾਰ ਮਹਾਂ ਸਿੰਘ ਕੀਤਾ,
ਚੀਜ਼ ਘਿੰਨ ਸ਼ਜ਼ਾਦੇ ਦੇ ਪਾਸ ਆਇਆ ।
ਕੱਢ ਚੀਜ਼ ਕਰਨੈਲ ਦੀ ਨਜ਼ਰ ਰੱਖਦਾ,
ਹੋਰ ਜਿਤਨਾ ਹਾਲ ਸੁ ਕਹਿ ਸੁਣਾਇਆ ।
ਇਹ ਸਭ ਪੁਸ਼ਾਕ ਸਰਕਾਰ ਦਿੱਤੀ,
ਨਜ਼ਰ ਤੁਸਾਂ ਦੀ ਰੱਖ ਮੈਂ ਸੁਖ ਪਾਇਆ ।

ਰਾਮ ਦਿਆਲ ਮਹਾਂ ਸਿੰਘ ਨੇ ਅਰਜ ਕੀਤੀ,
ਅਸਾਂ ਨੌਕਰੀ ਦਾਵਾ ਹੈ ਬੰਨ੍ਹ ਚਾਇਆ। ੭੨।
ਅਲਫ ਆਹਿ ਸਲਾਹਿ ਸਰਕਾਰ ਦੀ ਜੀ,
ਮਹਾਂ ਸਿੰਘ ਨੂੰ ਸੂਬਾ ਬਣਾਈਏ ਜੀ।
ਮੁਲਖ ਸੌਭ ਹਜ਼ਾਰੇ ਦਾ ਬਖਸ਼ ਦੇਈਏ,
ਕੋਈ ਹੋਰ ਭੀ ਸਹਿ[illegible]ਾਈਏ ਜੀ।
ਸਿਰੋਪਾਉ ਖ਼ਾਸਾ ਅਤੇ ਖ਼ੂਬ ਘੋੜਾ[illegible]
ਹੱਥ ਸੋਨੇ ਦੇ ਕੜੇ [illegible]ਈਏ ਜੀ।
ਰਾਮ ਦਿਆਲ ਸਰਕਾਰ ਸਲਾਹ ਕਰਦੀ,
ਇਸ ਕੰਮ ਨੂੰ ਢਿੱਲ ਨਾ [illegible] ਜੀ। ੭੩।
ਮਹਾਂ ਸਿੰਘ ਸਰਦਾਰ ਤਦਬੀਰ ਕੀਤੀ,
ਢੋਲ ਚਾਇ ਝੂਫ਼ਾਨ ਦੇ ਵਿਚ ਪਾਂਦਾ।
ਵਿਚ ਪਾਲਕੀ ਦੇ ਸਰਕਾਰ ਬੈਠੀ,
ਨਾਲ ਘੋੜਿਆਂ ਦੇ ਅਸਵਾਰ ਲਾਂਦਾ।
ਚੰਬਾ ਘੋੜਾ ਸਰਦਾਰ ਦਾ ਬਹੁਤ ਚੰਗਾ,
ਰਣ ਵਿਚ ਤਲਵਾਰੀਆਂ ਜਾਇ ਖਾਂਦਾ।
ਮਹਾਂ ਸਿੰਘ ਹਥਿਆਰ ਸਰਦਾਰ ਦੇ ਜੀ,
ਚਾਇ ਘੋੜੇ ਦੇ ਹੰਨੇ ਦੇ ਨਾਲ ਲਾਂਦਾ। ੭੪।
ਮੋਹਰੇ ਚਾਇ ਝੂਫ਼ਾਨ ਤੇ ਨਾਲ ਘੋੜਾ,
ਪਿੱਛੇ ਪਾਲਕੀ ਵਿਚ ਸਰਕਾਰ ਪਾਈ।
ਟੁਰ ਪਏ ਜਮਰੌਜ ਦੇ ਸ਼ਹਿਰ ਵਿਚੋਂ,
ਅੱਗੋ ਵਿਚ ਪਿਸ਼ੌਰ ਦੇ ਧੁੰਮ ਪਾਈ।
ਡੇਰਾ ਤੁਰਤ ਪਸ਼ੌਰ ਤੋਂ ਕੂਚ ਕੀਤਾ,
ਵਿਚ ਅਟਕਾਂ ਸ਼ਹਿਰ ਦੇ ਰਾਤ ਆਈ।
ਰਾਮ ਦਿਆਲ ਮੁਲਖੈਉ ਤੇ ਧੁੰਮ ਪਾਈ,
ਬਾਰ ਬਾਰ ਅਰਮਾਨ ਸਰਦਾਰ ਦਾ ਈ। ੭੫।
ਤੰਬੂ ਜਾਇ ਲੱਗੇ ਵਿਚ ਹਜ਼ਰੇ ਦੇ,
ਸੁਣ ਸ਼ਹਿਰ ਦੇ ਖੱਤਰੀ ਸਭ ਧਾਇਆ।
ਢੋਲ ਦੱਸੀਏ ਇਸ ਸਰਦਾਰ ਦੇ ਜੀ,
ਉਨ੍ਹਾਂ ਰੱਬ ਦਾ ਵਾਸਤਾ ਚਾਇ ਪਾਇਆ।
ਏਹੁ ਦੇਵਤਾ ਸੀ ਸਰਦਾਰ ਚੰਗਾ,
ਵੇਖ ਢੋਲ ਤੇ ਬਹੁਤ ਹੀ ਦੁੱਖ ਪਾਇਆ।

ਜਬ ਗਾਜ਼ੀਆਂ ਹਜ਼ਰੋ ਆਣ ਮਾਰੀ,
ਉਨ ਹਸਨੋਂ[1] ਤੁਰਤ ਚਪੌਲ ਲਾਇਆ। ੭੬।
ਉਨ ਹਜ਼ਰੋ, ਸ਼ਹਿਰ ਤੋਂ ਕੂਚ ਕੀਤਾ,
ਡੇਰਾ ਕਾਲੇ ਦੀ ਜਾਇ ਸਰਾਂਇ ਲਾਇਆ।
ਖ਼ੁਸ਼ ਬਹੁਤ ਸਰਦਾਰ ਦੀ ਫ਼ੌਜ ਚੰਗੀ,
ਵਿਚ ਸ਼ਹਿਰ ਦੇ ਜਾਇ ਕੇ ਰੰਗ ਲਾਇਆ।
ਸੱਭ ਲੋਕ ਪੰਜ-ਕੱਠੇ ਦਾ ਜਿਤਨਾ ਸੀ,
ਦੇਖ ਘੜਾ ਸਰਦਾਰ ਦਾ ਦੁੱਖ ਪਾਇਆ।
ਰਾਮ ਦਿਆਲ ਡੇਰਾ ਉਥੋਂ ਕੂਚ ਕੀਤਾ,
ਵਿਚ ਪਿੰਡੀ[2] ਦੇ ਜਾਇ ਬਜ਼ਾਰ ਲਾਇਆ। ੭੭।
ਜਿਸ ਵਕਤ ਸਰਦਾਰ ਦੇ ਢੁੱਲ ਪਹੁੰਚੇ,
ਸਾਰੀ ਪਿੰਡੀ ਦੇ ਵਿਚ ਸ਼ੀਂਗਾਰ ਹੋਇਆ।
ਸਭ ਖੱਤਰੀਆਂ ਆਇ ਕੇ ਆਹਿ ਮਾਰੀ,
ਰੱਬਾ ਇਹ ਕੀ ਗ਼ੈਬ ਹਨੇਰ ਹੋਇਆ।
ਸਾਰੇ ਆਖਦੇ ਘਰ ਸਰਦਾਰ ਦੇ ਜੀ,
ਅੱਜ ਰੋਵਣੇ ਦਾ ਕੜਕਾਰ ਹੋਇਆ।
ਰਾਮ ਦਿਆਲ ਡੇਰਾ ਉਥੋਂ ਕੂਚ ਕਰਦੇ,
ਫੇਰ ਜਾਏ ਰਹੁਤਾਸ ਵਿਚਕਾਰ ਹੋਇਆ। ੭੮।
ਢੁੱਲ ਜਾਇ ਸਰਕਾਰ ਦੇ ਕੋਲ ਪਹੁੰਚੇ,
ਸਿੰਘ ਉੱਠ ਕੇ ਨਿਮਸਕਾਰ ਕਰਦਾ।
ਆਪ ਚੁੱਪ ਸਰਕਾਰ ਨੇ ਬਹੁਤ ਕੀਤੀ,
ਨਹੀਂ ਕਿਸੇ ਦੇ ਨਾਲ ਸਲਾਹਿ ਕਰਦਾ।
ਦਿਲੇ ਵਿਚ ਕਲੀਲੀਆਂ ਗਾਲਦਾ ਈ,
ਖਰਚੀ ਗਿਣ ਕੇ ਹੋਰ ਸਲਾਹਿ ਕਰਦਾ।
ਢੁੱਲ ਕੁਝਰਾਂ ਵਾਲੇ[3] ਨੂੰ ਭੇਜ ਦੇਂਦਾ,
ਆਪ ਨਾਲ ਸਰਦਾਰਾਂ ਦੇ ਗੱਲ ਕਰਦਾ। ੭੯।
ਢੁੱਲ ਆਪਣੇ ਰੰਗ ਮਹੱਲ ਪਹੁੰਚੇ,
ਉਥੇ ਰਾਣੀਆਂ ਬਹੁਤ ਸ਼ੀਂਗਾਰ ਲਾਇਆ।
ਕੌਣ ਕਰੇਗਾ ਬੈਠ ਕੇ ਰਾਜ ਤੇਰਾ,
ਸਾਨੂੰ ਛੋਕੜਾਂ ਵਾਰ ਕਿਉਂ ਵਖਤ ਪਾਇਆ।

1. ਹਸਨ ਅਬਦਾਲ, ਪੰਜਾ ਸਾਹਿਬ।
2. ਰਾਵਲ ਪਿੰਡੀ।
3. ਗੁੱਜਰਾਂਵਾਲਾ।

ਮਹਿਲ ਮਾੜੀਆਂ ਅਸਾਂ ਨੂੰ ਖਾਂਦੀਆਂ ਨੀ,
ਜਿਨ੍ਹਾਂ ਵਿਚ ਤਾਂ ਬੈਠ ਕੇ ਬੋਲ ਚਾਇਆ।
ਰਾਮ ਦਿਆਲ ਉਰੇ ਸਾਰਾ ਸ਼ਹਿਰ ਜੁੜਿਆ,
ਜੇਹੜਾ ਸੁਣੇ ਸੋ ਉੱਠ ਕੇ ਚੱਲ ਆਇਆ। ੮੦।

ਹੋ ਹੋਰ ਤਿਆਰੀ ਸਲਾਹ ਕਰਕੇ,
ਫੁੱਲ ਗੰਗਾ ਜੀ ਟੋਰ ਚਲਾਂਵਦੇ ਨੀ।
ਸਵਾ ਲੱਖ ਰੁਪਈਆ ਤਾਂ ਖਰਚ ਪਾਂਦੇ,
ਨਾਲ ਹੋਰ ਸਲਾਹਿ ਠਹਿਰਾਂਵਦੇ ਨੀ।
ਇਕ ਨਾਲ ਸਜ਼ਾਦਾ ਤਿਆਰ ਹੋਂਦਾ,
ਨਾਲ ਬਾਮ੍ਹਣਾਂ ਟੋਲੀਆਂ ਲਾਂਵਦੇ ਨੀ।
ਰਾਮ ਦਿਆਲ ਡੇਰਾ ਘਰੋਂ ਨਿਕਲ ਪਊਂਦਾ,
ਰਾਹੁ ਰਸਤੇ ਚੱਲ ਕੇ ਜਾਂਵਦੇ ਨੀ। ੮੧।

ਫਿਰ ਜਾਇ ਡੇਰਾ ਅੰਮਰਸਰ ਪਹੁਤਾ,
ਬ੍ਰਾਹਮਣ ਸ਼ਹਿਰ ਦੇ ਸਭ ਸਦਾਂਵਦੇ ਨੀ।
ਜਾਏ ਬੈਠ ਕੇ ਵਿਚ ਮੈਦਾਨ ਤਾਈਂ,
ਹੱਥ ਜੋੜ ਕੇ ਪੁੰਨ ਕਰਾਂਵਦੇ ਨੀ।
ਜਿੱਥੇ ਜਾਂਵਦੇ ਨੀ ਉਥੇ ਪੁੰਨ ਕਰਦੇ,
ਸਾਰੇ ਮੁਲਖਾਂ ਤੇ ਧੁੰਮਾਂ ਪੁਆਂਵਦੇ ਨੀ।
ਰਾਮ ਦਿਆਲ ਡੇਰਾ ਜਾਇ ਪਹੁਚਿਆ ਈ,
ਸਦਾ ਵਰਤ ਤਾਂ ਬਹੁਤ ਲੁਆਂਵਦੇ ਨੀ। ੮੨।

ਫੁੱਲ ਜਾਇ ਕੇ ਗੰਗਾ ਦੇ ਘਾਟ ਪਹੁੰਚੇ,
ਵਿਚ ਗੰਗਾ ਦੇ ਜਾਇ ਪਰਵਾਹਿਓ ਨੇ।
ਕੁੱਲ ਬਾਮ੍ਹਣਾਂ ਨੂੰ ਸਦਵਾਇ ਲੈਂਦੇ,
ਪੁੰਨ ਬਹੁਤ ਭਾਰਾ ਕਰਵਾਇਓ ਨੇ।
ਤੁਰਤ ਬਾਮ੍ਹਣਾਂ ਜਾਇ ਜੈਕਾਰੁ ਕੀਤਾ,
ਧੰਨ ਧੰਨ ਆ ਬਹੁਤ ਕਰਾਇਓ ਨੇ।
ਰਾਮ ਦਿਆਲ ਉਥੇ ਸਦਾ ਵਰਤ ਲਾਂਦੇ,
ਸਾਰੀ ਕੁੱਲ ਨੂੰ ਚਾਇ ਤਰਾਇਓ ਨੇ। ੮੩।

ਦੋਹਿਰਾ

ਗੰਗਾ ਕੇ ਤਟਿ ਫੂੱਲ ਪਰੇ, ਪਹੁੰਚੇ ਹਰਿ ਕੇ ਦੁਆਰ।
ਵਾਸਾ ਤੇ ਬੈਕੁੰਠ ਮੈਂ, ਜਾਇ ਉੱਧਰਿ ਓਪਾਰ। ੮੪।

ਦੋਹਿਰਾ

ਸੰਤਨ ਕੇ ਚਰਨਨ ਬਿਖੇ, ਹਮੈ ਲਗਾਇਓ ਸੀਸ।
ਦੇਵੀ ਕੀ ਕ੍ਰਿਪਾ ਭਈ, ਦੀਨੀ ਬੁਧ ਅਸੀਮ। ੮੫।

ਸਤਿਗੁਰੂ ਨੇ ਇਹੁ ਬਣਾਓ ਕੀਤਾ;
ਇਕ ਆਂਵਦੇ ਨੀ ਇਕ ਜਾਂਵਦੇ ਨੀ।
ਇਕ ਰੱਬ ਨੂੰ ਆਣ ਕੇ ਯਾਦ ਕਰਦੇ,
ਇਕ ਬੈਠ ਕੇ ਬੁਰਾ ਕਮਾਂਵਦੇ ਨੀ।
ਸਤ ਰੱਬ ਨੂੰ ਖੂਬ ਪ੍ਰਸੰਨ ਕਰਦੇ,
ਦਿਨ ਰਾਤ ਬੈਠੇ ਜਸ ਗਾਂਵਦੇ ਨੀ।
ਰਾਮ ਦਿਆਲ ਲਾਦੀ ਸਭ ਲਦਿ ਲੈਂਦੇ,
ਇਹ ਰਹਿੰਦੜੇ ਭੀ ਲਦਿ ਜਾਂਵਦੇ ਨੀ। ੮੬।

ਬੇ ਬਹੁਤ ਜਹਾਨ ਸੰਸਾਰ ਸਾਰਾ,
ਇਸ ਵੇਲੜੇ ਕੰਮ ਵਿਗਾੜਿਆ ਈ।
ਉਥੇ ਸਾਈਂ ਦੇ ਨਾਲ ਕਰਾਰ ਕੀਤਾ,
ਇਥੇ ਆਇ ਕੇ ਕੰਮ ਵਿਸਾਰਿਆ ਈ[1]।
ਜਿਨ੍ਹਾਂ ਮਾੜੀਆਂ ਮਹਿਲ ਉਸਾਰਿਆਂ ਨੀ,
ਕਾਲ ਤਿੰਨ੍ਹਾਂ ਭੀ ਆਣ ਕੇ ਮਾਰਿਆ ਈ।
ਰਾਮ ਦਿਆਲ ਜਿਨ੍ਹਾਂ ਇਕੋ ਨਾਮ ਲੀਤਾ,
ਉਨ੍ਹਾਂ ਅਗਲਾ ਰਾਹ ਸੁਵਾਰਿਆ ਈ। ੮੭।

ਖੇ ਖੂਬ ਸਾਈਂ ਵਾਲਾ ਰਾਹੁ ਚੰਗਾ,
ਜਿਸ ਲੀਤਿਆਂ ਜਾਂਵਦੇ ਪਾਪ ਮੇਰੇ।
ਇਸ ਵੇਲੜੇ ਨੂੰ ਪੱਛੋਤਾਵਣਾ ਈਂ,
ਜਿਸ ਵੇਲੜੇ ਲੱਗੇ ਨੀ ਦੁੱਖ ਭਾਰੇ।
ਤੇਰੇ ਕੰਮ ਨਾਹੀਂ ਕਿਸੇ ਆਂਵਣਾ ਈਂ,
ਜੇਹੜੇ ਦੇਖਨੈਂ ਯਾਰ ਕੁਟੰਬ ਸਾਰੇ।
ਛੱਡ ਸਾਈਂ ਨੂੰ ਹੋਰ ਕਮਾਮ[2] ਕਰਨੈਂ,
ਤੇਰੇ ਚਲਦੇ ਜਾਂਵਦੇ ਯਾਰ ਸਾਰੇ। ੮੮।

---

1. ਇੱਕ ਪੁਰਾਤਨ ਖਿਆਲ ਵੱਲ ਇਸ਼ਾਰਾ ਹੈ ਜਿਸ ਅਨੁਸਾਰ ਕਿਹਾ ਜਾਂਦਾ ਹੈ ਕਿ ਮਾਤਾ ਦੇ ਗਰਭ ਵਿਚੋਂ ਛੁਟਕਾਰਾ ਪਾਉਣ ਲਈ ਬੰਦਾ ਇਕਰਾਰ ਕਰਦਾ ਹੈ ਕਿ ਸੰਸਾਰ ਵਿਚ ਜਾ ਕੇ ਉਹ ਰੱਬ ਦੀ ਬੰਦਗੀ ਕਰੇਗਾ, ਪਰ ਇੱਥੇ ਆ ਕੇ ਭੁੱਲ ਜਾਂਦਾ ਹੈ।
2. ਕੰਮ ਧੰਦੇ।

ਸੋ ਸਮਝ ਕੇ ਕਿਰਤ ਕਮਾਓ ਬੰਦੇ,
ਕਿਉਂ ਅਉਧਾਂ ਨੂੰ ਪਿਆ ਗਵਾਵਨਾਂ ਹੈਂ।
ਬਿਨਾਂ ਰੱਬ ਦੇ ਕੋਈ ਨਾ ਕੰਮ ਆਵੀ,
ਪਿਆ ਪਾਪ ਦੀ ਪੰਡ ਬਨ੍ਹਾਵਨਾਂ ਹੈਂ।
ਜਿਸ ਅੰਤ ਨੂੰ ਕੰਮ ਸਵਾਰਨਾ ਈ,
ਛੱਡ ਤਿਸ ਨੂੰ ਕੰਮ ਗਵਾਵਨਾਂ ਹੈਂ।
ਰਾਮ ਦਿਆਲ ਨੂੰ ਆਸਰਾ ਰੱਬ ਵਾਲਾ,
ਜਿਸ ਅੰਤ ਨੂੰ ਜਾਇ ਛੁਡਾਵਣਾਂ ਹੈਂ। ੮੯।

ਦੋਹਰਾ

ਮੈਂ ਅਧੀਨ ਕੀ ਅਰਜ਼ ਹੈ, ਭੂਲ ਚੁਕ ਹੋਵੇ ਮਾਫ਼।
ਦੂਖ ਰੋਗ ਸਗਲੇ ਮਿਟੇ, ਉਤਰੈ ਸਗਲੇ ਤਾਪ। ੯੦।
ਰਾਮ ਦਿਆਲ ਤੋ ਨਾਮ ਹੈ, ਖਤ੍ਰੀ ਅਨੰਦ ਅਰ ਜਾਤ।
ਵਾਸੀ ਤੋ ਨਵੇ ਸਹਿਰ ਕੀ, ਜਪੈ ਕ੍ਰਿਸਨ ਕੋ ਜਾਪ। ੯੧।

ਜੰਗ-ਨਾਮਾ ਸੰਪੂਰਨੰ।

1. ਉਮਰ, ਆਰਜਾ।

ਵਾਰ ਸਰਦਾਰ ਹਰੀ ਸਿੰਘ

ਕ੍ਰਿਤ

ਕਵੀ ਕਾਦਰ ਯਾਰ

ਇਸ ਕਿੱਸੇ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਉੱਘੇ ਜਰਨੈਲ ਸਰਦਾਰ ਹਰੀ ਸਿੰਘ ਨਲਵੇ ਦੀ ਪਠਾਣਾਂ ਨਾਲ ਜਮਰੌਦ ਦੇ ਮੈਦਾਨ ਵਿਚ 30 ਅਪ੍ਰੈਲ ਸੰਨ 1837 ਈ. ਨੂੰ ਹੋਈ ਲੜਾਈ ਦਾ ਜ਼ਿਕਰ ਹੈ ਜਿਸ ਵਿਚ ਕਿ ਸਰਦਾਰ ਮਾਰਿਆ ਗਿਆ ਸੀ।

ਇਹ ਕਿੱਸਾ ਕਵੀ ਕਾਦਰਯਾਰ ਦਾ ਲਿਖਿਆ ਹੋਇਆ ਹੈ ਜੋ ਸਿੱਖ ਰਾਜ ਵੇਲੇ ਪੰਜਾਬ ਦਾ ਇਕ ਪ੍ਰਸਿੱਧ ਕਵੀ ਸੀ। ਇਹ ਜਾਤ ਦਾ ਸੰਧੂ ਜੱਟ ਪਿੰਡ ਮਾਛੀ-ਕੇ ਜ਼ਿਲ੍ਹਾ ਸ਼ੇਖੂਪੁਰਾ ਦਾ ਰਹਿਣ ਵਾਲਾ ਸੀ। ਕੰਮ ਖੇਤੀ ਬਾੜੀ ਦਾ ਕਰਦਾ ਸੀ। ਆਪਣੀ ਇਕ ਲਿਖਤ ਵਿਚ ਆਪਣੇ ਸੰਬੰਧੀ ਕਹਿੰਦਾ ਹੈ ਕਿ :

ਮੈਂ ਦਹਿਕਾਨ ਬੇਇਲਮ ਵਿਚਾਰਾ
ਦੋਸ਼ ਨਾ ਚਾਹੀਏ ਧਰਿਆ।

ਵਿੱਦਿਆ ਭਾਵੇਂ ਮਾਮੂਲੀ ਸੀ ਪਰ ਕੁਸ਼ਤਾ ਸਾਹਿਬ ਦੇ ਖ਼ਿਆਲ ਅਨੁਸਾਰ ਇਸ ਦੀ 'ਕਵਿਤਾ ਸਾਫ਼, ਦਿਲ-ਖਿੱਚਵੀਂ ਤੇ ਪੁਰ-ਜੋਸ਼ ਹੈ ਅਤੇ ਪਿੰਗਲ ਅਨੁਸਾਰ ਭੀ ਠੀਕ ਹੈ।' ਇਸ ਦੀਆਂ ਲਿਖੀਆਂ ਹੋਈਆਂ ਹੇਠ ਲਿਖੀਆਂ ਸੱਤ ਪੁਸਤਕਾਂ ਬੜੀਆਂ ਉੱਘੀਆਂ ਹਨ :

1. ਪੂਰਨ ਭਗਤ
2. ਸੋਹਣੀ ਮਹੀਂਵਾਲ
3. ਰਾਜਾ ਰਸਾਲੂ
4. ਮਹਿਰਾਜ-ਨਾਮਾ
5. ਰੋਜ਼ਾ-ਨਾਮਾ
6. ਵਾਰ ਸਰਦਾਰ ਹਰੀ ਸਿੰਘ ਨਲਵਾ
7. ਪੂਰਨ ਭਗਤ ਦੀ ਵਾਰ।

'ਵਾਰ ਸਰਦਾਰ ਹਰੀ ਸਿੰਘ ਨਲਵਾ' ਜੋ ਇੱਥੇ ਦਿੱਤੀ ਜਾ ਰਹੀ ਹੈ, ਸੰਖੇਪ ਹੈ। ਇਸ ਦੀ ਇਕ ਮੁਕੰਮਲ ਲਿਖਤ ਬਾਬਾ ਪ੍ਰੇਮ ਸਿੰਘ ਹੋਤੀ ਵਾਲਿਆਂ ਪਾਸ ਹੈ ਜਿਸ ਦਾ ਜ਼ਿਕਰ ਆਪ ਨੇ ਆਪਣੀ ਪੁਸਤਕ 'ਜੀਵਨ ਇਤਿਹਾਸ ਸਰਦਾਰ ਹਰੀ ਸਿੰਘ ਜੀ ਨਲੂਆ' ਵਿਚ ਕੀਤਾ ਹੈ। ਇਹ ਲਿਖਤ ਆਪ ਦੇ ਸੰਚੇ ਵਿਚ ਕਿਧਰੇ ਔਟਲ ਗਈ ਹੈ ਅਤੇ ਪ੍ਰਾਪਤ ਨਹੀਂ ਹੋ ਸਕੀ। ਇਸ ਦੇ ਦੋ ਬੰਦ ਜੋ ਬਾਬਾ ਜੀ ਦੀ ਉੱਪਰ ਦੱਸੀ ਪੁਸਤਕ (ਪੰ. 270) ਵਿਚ ਦਿੱਤੇ ਹੋਏ ਹਨ ਖ਼ਾਸ ਦਿਲ-ਖਿੱਚਵੇਂ ਹੋਣ ਕਰਕੇ ਹੇਠਾਂ ਦਿੱਤੇ ਜਾ ਰਹੇ ਹਨ। ਕਾਦਰ ਯਾਰ ਨੇ ਇਨ੍ਹਾਂ ਬੰਦਾਂ ਵਿਚ ਸਰਦਾਰ ਹਰੀ ਸਿੰਘ ਦੇ ਜ਼ਖ਼ਮੀ ਹੋ

ਜਾਣ ਪਰ ਪਿੱਛੇ ਹਟਣ ਵੇਲੇ ਘੋੜੇ ਨੂੰ ਪੁਚਕਾਰਨ ਤੇ ਉਸ ਦੇ ਨਿਕਲ ਜਾਣ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ :

ਨੂਨ ਨਿਕਲ ਚਲ ਘੋੜਿਆ ਕਿਲੇ ਦੀ ਵਲ,
ਅਸਾਂ ਪਾਵਣਾ ਨਹੀਂ ਦੂਜੀ ਵਾਰ ਫੇਰਾ।
ਗੋਲੀ ਲੱਗੀ ਹੈ ਕਹਿਰ ਕਲੇਰ ਵਾਲੀ,
ਘਾਇਲ ਹੋਇਆ ਏ ਅੱਜ ਅਸਵਾਰ ਤੇਰਾ।
ਮੇਰੇ ਬਾਂਕਿਆ ਛੈਲ ਛਬੀਲਿਆ ਓ,
ਹੈ ਤੂੰ ਸੈਆਂ ਮੈਦਾਨਾਂ ਦਾ ਯਾਰ ਮੇਰਾ।
ਕਾਦਰ ਯਾਰ ਜੇ ਲੈ ਚਲੋਂ ਅੱਜ ਡੇਰੇ,
ਤੇਰਾ ਕਦੀ ਨਾ ਭੁਲਸੀ ਪਿਆਰ ਸ਼ੇਰਾ।
ਵਾਹ ਵਗਿਆ ਹਵਾ ਦੇ ਵਾਂਗ ਘੋੜਾ,
ਜਿਵੇਂ ਨਿਕਲਦਾ ਤੀਰ ਕਮਾਨ ਵਿਚੋਂ।
ਮਾਰ ਚੁੰਗੀਆਂ ਹਰਨ ਦੇ ਵਾਂਗ ਯਾਰੋ,
ਉੱਡ ਗਿਆ ਸੀ ਉਹ ਮੈਦਾਨ ਵਿਚੋਂ।
ਫ਼ੌਜਾਂ ਸਿੰਘਾਂ ਦੀਆਂ ਵਿਚੋਂ ਗੁਜ਼ਰ ਗਿਆ,
ਲੰਘ ਗਿਆ ਸੀ ਲਸ਼ਕਰ ਪਠਾਣ ਵਿਚੋਂ।
ਕਾਦਰ ਯਾਰ ਹਠ ਨਾਲ ਸਰਦਾਰ ਬੈਠਾ,
ਹੈ ਪਰ ਨਿਕਲਦੀ ਸੀ ਪਈ ਜਾਨ ਵਿਚੋਂ।

ਜਦ ਭੀ ਇਸ ਵਾਰ ਦੀ ਵੱਡੀ ਸੰਚੀ ਪ੍ਰਾਪਤ ਹੋ ਗਈ, ਪ੍ਰਕਾਸ਼ਿਤ ਕਰ ਦਿੱਤੀ ਜਾਏਗੀ।

ਅਬ ਕਿੱਸਾ ਸਰਦਾਰ ਹਰੀ ਸਿੰਘ ਲਿਖਯਤੇ

ਅਲਫ਼ ਆਫ਼ਰੀ ਜੀਮਣਾ ਕਹਿਣ ਸਾਰੇ,
ਹਰੀ ਸਿੰਘ ਦੂਲੋ ਸਰਦਾਰ ਤਾਈ।
ਜਮਾਦਾਰ[1] ਖੇਲੀ ਰਾਜੇ ਸਾਹਿਬ[2] ਕੋਲੋਂ,
ਕੱਦ ਉਚਾ ਬੁਲੰਦ ਸਰਦਾਰ ਤਾਈਂ।
ਧਨੀ ਤੇਗ ਦਾ ਮਰਦ ਨਸੀਬ ਵਾਲਾ,
ਸਾਯਾ ਉਸ ਦਾ ਕੁੱਲ ਸੰਸਾਰ ਤਾਈ।
ਕਾਦਰ ਯਾਰ ਪਹਾੜਾਂ ਨੂੰ ਸੋਧਿਓ ਸੂ,
ਕਾਬਲ ਕੰਬਿਆ ਖ਼ੌਫ਼ ਕੰਧਾਰ ਤਾਈਂ। ੧।
ਖੇ ਬਹੁਤ ਹੋਇਆ ਹਰੀ ਸਿੰਘ ਦੂਲੋ,
ਜਿਹਦਾ ਨਾਮ ਰੌਸ਼ਨ ਦੂਰ ਦੂਰ ਸਾਰੇ।
ਦਿੱਲੀ ਦੱਖਣ ਤੇ ਚੀਨ ਮਾਚੀਨ ਤਾਈਂ,
ਬਾਦਸ਼ਹਾਂ ਨੂੰ ਖੌਫ਼ ਜ਼ਰੂਰ ਸਾਰੇ।
ਰਾਜਾ ਕਰਣ[3] ਤੇ ਬਿੱਕ੍ਰਮਾਜੀਤ[4] ਵਾਂਗੂ
ਹਾਤਮ ਤਾਈਂ[5] ਵਾਂਗੂ ਮਸ਼ਹੂਰ ਸਾਰੇ।

---

1. ਜਮਾਦਾਰ ਖੁਸ਼ਾਲ ਸਿੰਘ।
2. ਰਾਜਾ ਧਿਆਨ ਸਿੰਘ ਡੋਗਰਾ।
3. ਭੋਜ ਰਾਜਾ ਦੀ ਕੁਆਰੀ ਪੁੱਤਰੀ ਕੁੰਤੀ ਦੇ ਉਦਰ ਤੋਂ ਸੂਰਜ ਦਾ ਪੁੱਤਰ ਜਿਸ ਨੂੰ ਲੋਕ-ਲਾਜ ਤੋਂ ਡਰੀ ਕੁੰਤੀ ਨੇ ਤੁਲਹੇ ਵਿਚ ਰੱਖ ਕੇ ਅਸ਼ਵ ਨਦੀ ਵਿਚ ਵਹਾ ਦਿੱਤਾ ਸੀ। ਅਧਿਰਥ ਸੂਤ ਨੇ ਇਸ ਨੂੰ ਨਦੀ ਵਿਚੋਂ ਕੱਢ ਕੇ ਆਪਣੀ ਇਸਤਰੀ ਰਾਧਾ ਨੂੰ ਪਾਲਣ ਲਈ ਦਿੱਤਾ। ਇਸ ਨੇ ਦਰੋਣਾਚਾਰਯ ਤੋਂ ਸ਼ਸਤਰ ਵਿੱਦਿਆ ਸਿੱਖੀ ਸੀ ਤੇ ਇੱਕ ਬੜਾ ਜੋਧਾ ਹੋਇਆ। ਮਹਾਂਭਾਰਤ ਯੁੱਧ ਵਿਚ ਇਹ ਦੁਰਯੋਧਨ ਦਾ ਸਾਥੀ ਤੇ ਪਾਂਡਵਾਂ ਦਾ ਵੈਰੀ ਸੀ ਅਤੇ ਅਰਜੁਨ ਦੇ ਹੱਥੋਂ ਮਾਰਿਆ ਗਿਆ ਸੀ।
4. ਵਿਕ੍ਰਮਾਜੀਤ ਨਾਮ ਦੇ ਕਈ ਰਾਜੇ ਹੋਏ ਹਨ, ਖਾਸ ਕਰਕੇ ਪਰਤਾਪੀ ਰਾਜਿਆਂ ਦੀ ਪਦਵੀ ਹੋ ਗਈ ਸੀ। ਸਭ ਤੋਂ ਪ੍ਰਸਿੱਧ ਗਰਦਭਿਲ ਰਾਜੇ ਦਾ ਪੁੱਤਰ ਵਿਕ੍ਰਮਾਜੀਤ ਉੱਜੈਨ ਦਾ ਰਾਜਾ ਜਿਸ ਨੇ ਹਜ਼ਰਤ ਈਸਾ ਦੇ ਸੰਨ ਤੋਂ 57 ਸਾਲ ਪਹਿਲਾਂ ਆਪਣਾ ਸੰਮਤ ਵਿਕ੍ਰਮਾਜੀਤੀ (ਬਿਕ੍ਰਮਾਜੀਤੀ) ਚਲਾਇਆ ਸੀ। ਇਸ ਨੇ ਸ਼ਕ ਜਾਤਿ ਨੂੰ ਬੜੀ ਭਾਰੀ ਹਾਰ ਦਿੱਤੀ, ਜਿਸ ਕਰ ਕੇ ਪੁਰਾਤਨ ਸੰਸਕ੍ਰਿਤ ਗ੍ਰੰਥਾਂ ਵਿਚ ਇਸ ਨੂੰ 'ਸ਼ਕਾਰੀ' (ਸ਼ਕ + ਅਰੀ = ਸ਼ਕਾਰੀ, ਸ਼ਕ ਲੋਕਾਂ ਦਾ ਵੈਰੀ) ਕਰ ਕੇ ਲਿਖਿਆ ਹੈ।
5. ਤਾਈ ਖ਼ਾਨਦਾਨ ਦਾ ਇੱਕ ਅਰਬੀ ਸਰਦਾਰ ਜੋ ਆਪਣੀ ਨੀਤੀ-ਨਿਪੁਣਤਾ, ਧਾਰਮਿਕ ਬਿਰਤੀ ਅਤੇ ਦਾਨ ਕਰ ਕੇ ਸੰਸਾਰ-ਪ੍ਰਸਿੱਧ ਹੈ। ਇਹ ਹਜ਼ਰਤ ਮੁਹੰਮਦ ਤੋਂ ਪਹਿਲਾਂ ਹੋਇਆ ਹੈ।

ਕਾਦਰ ਯਾਰ ਜਹਾਨ ਤੇ ਨਹੀਂ ਹੋਣੇ,
ਸਖੀ ਓਹ ਬਲੰਦ ਹਜ਼ੂਰ ਸਾਰੇ। ੨।
ਤੇ ਤੇਗ ਮੈਦਾਨ ਮੇਂ ਬਹੁਤ ਚੱਲੇ,
ਨਾਲ ਤੇਗ ਦੇ ਰਾਜ ਕਮਾਂਵਦਾ ਏ।
ਖੜ੍ਹਤਲ ਸ਼ੇਰ ਦੀ ਚੜ੍ਹੇ ਮੈਦਾਨ ਅੰਦਰ,
ਕਿਲੇ ਮਾਰ ਲੈਂਦਾ ਫ਼ਤੇ ਪਾਂਵਦਾ ਏ।
ਉਦੋਂ ਭਾਜ ਪੈਂਦੀ ਵੱਡੇ ਪੇਹਖਰਾਂ ਨੂੰ,
ਜਦੋਂ ਧਮਕ ਪਸ਼ੌਰ ਨੂੰ ਲਾਂਵਦਾ ਏ।
ਕਾਦਰ ਯਾਰ ਕੰਧਾਰੀਆ ਦੋਸਤ ਮੁਹੰਮਦ,
ਡਰਦਾ ਕਾਬਲੋਂ ਉਰ੍ਹਾਂ ਨਾ ਆਂਵਦਾ ਏ। ੩।
ਸੇ ਸਾਬਤੀ ਦੇ ਨਾਲ ਕਾਲ ਪੁੰਨਾ,
ਹਰੀ ਸਿੰਘ ਦਾ ਏਸ ਜਹਾਨ ਵਿਚੋਂ।
ਚੜ੍ਹੇ ਮਾਹਿ ਵਿਸਾਖ ਦੇ ਦੋਸਤ ਮੁਹੰਮਦ,
ਫ਼ੌਜਾਂ ਸੱਟ ਲਾਈਆਂ ਖ਼ੁਰਾਸਾਨ ਵਿਚੋਂ।
ਹਰੀ ਸਿੰਘ ਸਰਦਾਰ ਵਲ ਲਿਖੀ ਅਰਜ਼ੀ,
ਢੁੱਕੇ ਆਣ ਮੁਦੱਈ ਈਰਾਨ ਵਿਚੋਂ।
ਕਾਦਰ ਯਾਰ ਗ਼ੁਲਾਮ ਦੀ ਖਬਰ ਲੈਣਾ,
ਲਸ਼ਕਰ ਭੇਜਣਾ ਸ਼ਹਿਰ ਮੈਦਾਨ ਵਿਚੋਂ। ੪।
ਜੀਮ ਜੰਗ ਦੀ ਥੈਲੀ ਨਾਂ ਤੋੜ ਪਹੁੰਚੀ,
ਭਾਵੀ ਰੱਬ ਦੀ ਨੂੰ ਲਿਖਿਆ ਕੌਣ ਮੋੜੇ।
ਚੜ੍ਹੇ ਲੱਖ ਜੁਆਨ ਦੁਰੌਨੀਆ ਦੇ,
ਜਿਨ੍ਹਾਂ ਮੋਰਚੇ ਜਾਇ ਜਮਰੌਤ[1] ਜੋੜੇ।
ਮਹਾਂ ਸਿੰਘ ਪੁਤਰੇਲੇ ਨੂੰ ਘੇਰਿਆ ਨੇ,
ਮਾਰੇ ਤੋਪਾਂ ਦੇ ਕੀਤੇ ਨੇ ਬੁਰਜ ਖੋਰੇ।
ਕਾਦਰ ਯਾਰ ਲਸ਼ਕਰ ਤੇ ਕਾਇਮ ਰਹਿਣਾ,
ਬਾਹਰ ਬਹੁਤ ਲਸ਼ਕਰ ਅੰਦਰ ਹੈਨ ਥੋੜੇ। ੫।
ਹੇ ਹੁਕਮ ਕੀਤਾ ਹਰੀ ਸਿੰਘ ਦੂਲੇ,
ਘੋੜੇ ਕਾਠੀਆਂ ਜ਼ੀਨਾਂ ਸ਼ਤਾਬ ਪਾਵੇ।
ਕਿਲਾ ਕਾਇਮ ਕਰ ਕੇ ਬਾਲੇ-ਸਾਰ[2] ਵਾਲਾ,
ਅੰਦਰ ਉਸ ਦੇ ਚੁੱਕ ਅਸਬਾਬ ਪਾਵੇ।

---

1. ਦੱਰਾ ਖ਼ੈਬਰ ਦੇ ਮੂੰਹ ਉੱਤੇ ਜਮਰੌਦ ਦਾ ਕਿਲਾ।
2. ਪਿਸ਼ਾਵਰ ਦੇ ਕਿਲੇ ਦਾ ਨਾਮ 'ਬਾਲਾ ਹਿਸਾਰ'। ਇਸ ਨਾਮ ਦਾ ਕਿਲਾ ਕਾਬੁਲ ਵਿਚ ਭੀ ਹੈ।

ਚਲੋ ਤਰਫ਼ ਜਮਰੌਦ ਦੀ ਜੰਗ ਕਰੀਏ,
ਲੜ ਮਰੋ ਸ਼ਹੀਦੀ ਸਵਾਬ ਪਾਵੇ।
ਕਾਦਰ ਯਾਰ ਮੈਂ ਬਖਸ਼ਾਂਗਾ ਕੈਨਿਆਂ ਦੇ,
ਏਥੇ ਲੋੜ ਤੇ ਤੌਰ ਖ਼ਤਾਬ ਪਾਵੇ। ੬।
ਖ਼ੇ ਖ਼ੁਸ਼ੀ ਦੇ ਨਾਲ ਤੰਬੂਰ ਵੱਜਾ
ਧੌਂਸਾ ਮਾਰ ਸਰਦਾਰ ਤਿਆਰ ਹੋਇਆ।
ਬਾਹਰ ਬੰਨ੍ਹ ਕੇ ਪੜਤਲ ਦਰਵੇਸ਼ੀਆਂ ਦੀ,
ਅੰਦਰ ਲੈ ਫ਼ੌਜਾਂ ਨਮੂਦਾਰ ਹੋਇਆ।
ਝੱਟ ਫ਼ੌਜ ਤਿਆਰ ਕਰ ਲਈ ਸਾਰੀ,
ਜਦੋਂ ਜੰਗ ਦਾ ਆ ਗ਼ੁਬਾਰ ਹੋਇਆ।
ਕਾਦਰ ਯਾਰ ਸਰਦਾਰ ਦੇ ਨਾਲ ਉਥੇ,
ਕਾਇਮ ਆਦਮੀ ਅੱਠ ਹਜ਼ਾਰ ਹੋਇਆ। ੭।
ਦਾਲ ਦੇਸ ਹੈਰਾਨ ਹੋ ਗਿਆ ਕਾਬੁਲ,
ਸੈਆਂ ਲਸ਼ਕਰਾਂ ਦੇ ਜਿਥੇ ਆਣ ਲੱਥੇ।
ਵਾਲੀ ਆਪ ਹੈ ਥੇੜਿਆਂ ਬਹੁਤਿਆਂ ਦਾ,
ਤੇਗਾਂ ਪਕੜ ਮੈਦਾਨ ਜਵਾਨ ਲੱਥੇ।
ਹਰੀ ਸਿੰਘ ਸਰਦਾਰ ਦੀ ਫ਼ਤੇ ਪਹਿਲੀ,
ਓਥੇ ਸੈਆਂ ਪਠਾਣਾਂ ਦੇ ਘਾਣ ਲੱਥੇ।
ਕਾਦਰਯਾਰ ਹਥਿਆਰਾਂ ਦੀ ਵਾਰ ਦੂਜੀ,
ਭੁੱਖੇ ਬਾਜ ਸ਼ਿਕਾਰ ਨੂੰ ਖਾਣ ਲੱਥੇ। ੮।
ਜ਼ਾਲ ਜ਼ਰਾ ਨਾ ਡੋਲਿਆ ਕੋਈ ਪਾਸਾ,
ਤਿੰਨ ਪਹਿਰ ਗੁਜ਼ਰੇ ਉਨ੍ਹਾਂ ਲੜਦਿਆਂ ਨੂੰ।
ਚੌਥੇ ਪਹਿਰ ਦੁੱਰਾਨੀਆਂ ਫ਼ਤੇ ਪਾਈ,
ਬੰਨ੍ਹਾ ਪਾਇਆ ਮੁਦੱਈਆਂ ਦੇ ਮਰਦਿਆਂ ਨੂੰ।
ਸੇਧੇ ਡਾਹ ਕੇ ਜੇਹਲ ਦਾ ਤੋਪਖਾਨਾ,
ਭੁੰਨ ਸੁੱਟਿਆ ਨੇ ਸਿਰ-ਕਰਦਿਆਂ ਨੂੰ।
ਕਾਦਰ ਯਾਰ ਪਰ ਪੜਤਲ ਨਜੀਬਾਂ ਵਾਲੀ,
ਮਾਰੀ ਗਈ ਸਰਦਾਰ ਦੇ ਚੜ੍ਹਦਿਆਂ ਨੂੰ। ੯।
ਰੇ ਰੰਗ ਤਗ਼ੱਯਰ ਹੋ ਗਿਆ ਨੇ ਜੀ,
ਪੈਰ ਛੱਡ ਚਲੇ ਦਿਲੋਂ ਹਾਰ ਕੇ ਜੀ।
ਪਿੱਛੇ ਰਹੇ ਸਰਦਾਰ ਦੇ ਚਾਰ ਘੋੜੇ,
ਮੁੜ ਆਇਆ ਜੇ ਫ਼ੌਜਾਂ ਵੰਗਾਰ ਕੇ ਜੀ।

ਕਿੱਥੇ ਜਾਓਗੇ ਨਹੀਂ ਲਾਹੌਰ ਨੇੜੇ,
ਏਥੇ ਸਾਸ ਦੇਣੇ ਦਿਲੋਂ ਧਾਰ ਕੇ ਜੀ।
ਕਾਦਰ ਯਾਰ ਜਹਾਨ ਤੇ ਨਹੀ ਰਹਿਣਾ,
ਸਿੰਘੋ ਮੁੜੋ ਮੁਦੱਈਆਂ ਨੂੰ ਮਾਰ ਕੇ ਜੀ। ੧੦।
ਜੇ ਜ਼ੋਰ ਕਰ ਪਰਤੀਆਂ ਫੇਰ ਫ਼ੌਜਾਂ,
ਓਥੇ ਫੇਰ ਵੱਡੇ ਹਥਿਆਰ ਹੋਏ।
ਸੋਹਧੇ ਡਾਹਿ ਕੇ ਜੇਵਲ ਤੇ ਤੋਪਖਾਨਾ,
ਸਿੰਘ ਜਾ ਜ਼ਖਮੀ ਦੂਜੀ ਵਾਰ ਹੋਏ।
ਜਦੋਂ ਆਪ ਸਰਦਾਰ ਤਿਆਰ ਹੋਇਆ,
ਸੱਭੇ ਨਾਲ ਇਸ ਦੇ ਨਮੂਦਾਰ ਹੋਏ।
ਕਾਦਰ ਯਾਰ ਸਰਕਾਰ ਵਲ ਲਿਖੇ ਅਰਜ਼ੀ,
ਅਸੀਂ ਬਹੁਤ ਹੀ ਆ ਲਾਚਾਰ ਹੋਏ। ੧੧।
ਸੀਨ ਸੀਨੇ ਸਰਦਾਰ ਦੇ ਜ਼ਖਮ ਲੱਗਾ,
ਭੰਨ ਗਿਆ ਸੁ ਤੀਰ ਸਰੀਰ ਸਾਰਾ।
ਲੱਕ ਬੰਨ੍ਹ ਕੇ ਘੋੜੇ ਤੇ ਚੀਸ ਵੱਟੀ,
ਅੱਖੀਂ ਚੱਲ ਪਿਆ ਜਦੋਂ ਨੀਰ ਸਾਰਾ।
ਘਰ ਬਾਰ ਧੀਆਂ ਪੁੱਤਰ ਯਾਦ ਆਏ,
ਲੱਗਾ ਸੱਲ ਵਿਛੋੜੇ ਦਾ ਤੀਰ ਭਾਰਾ।
ਕਾਦਰ ਯਾਰ ਜਾਇ ਕੇ ਕਿਲੇ ਬੈਠਾਲਿਓ ਨੇ,
ਸੁਣ ਹੋ ਗਿਆ ਪੰਥ ਦਲਗੀਰ ਸਾਰਾ। ੧੨।
ਸ਼ੀਨ ਸ਼ੱਪ ਪਹੁੰਚੇ ਖ਼ਿਦਮਤਗਾਰ ਸਾਰੇ,
ਜਾ ਕੇ ਵੇਖ ਸਰਦਾਰ ਦਾ ਦਿਲ ਮਾਂਦਾ।
ਖ਼ਿਦਮਤਗਾਰ ਨੂੰ ਪਾਸ ਬਹਾਲਿਆ ਨੇ,
ਦੀਵਾ ਵੱਟੀ ਦਾ ਵਕਤ ਵਿਹਾ ਜਾਂਦਾ।
ਕੋਈ ਲਿਆਓ ਗਊ ਮਨਸਾਓ ਮੈਥੋਂ,
ਇਨ੍ਹਾਂ ਸਾਸਾਂ ਦਾ ਕੀ ਵਿਸਾਹ ਜਾਂਦਾ।
ਕਾਦਰਯਾਰ ਨਾ ਮੋਜਾਂ ਦਾ ਨਾਂ ਲੈਣਾ,
ਮਤਾ ਦੋਸਤ ਮੁਹੰਮਦ ਆ ਲੁੱਟ ਪਾਂਦਾ। ੧੩।

---

1. ਉੱਪਰਲੇ ਦੋ ਬੰਦਾਂ (ਨੰ. 12, 13) ਸੰਬੰਧੀ 'ਬੰਬੀਹਾ ਬੋਲ', (ਪਹਿਲੀ ਵਾਰ, ਸੰਨ 1925 ਈ.) ਪੰ. 168-9 ਵਿਚ ਬਾਵਾ ਬਰੁੰਧ ਸਿੰਘ ਨੇ ਲਿਖਿਆ ਹੈ ਕਿ :

"ਕਵੀ ਨੇ ਜਦ ਹਰੀ ਸਿੰਘ ਨਲਵੇ ਦਾ ਜ਼ਖਮੀ ਹੋਣਾ ਦੱਸਿਆ ਤਾਂ ਸਰਦਾਰ ਦੇ ਮਨ ਦਾ ਘਰ ਵੱਲ ਦੌੜ ਜਾਣਾ ਅਰ ਬੇਚੈਨ ਹੋਣਾ ਲਿਖਿਆ ਹੈ, ਜੋ ਇੱਕ ਹਰੀ ਸਿੰਘ ਜਿਹੇ ਭਾਰੇ ਜਰਨੈਲ ਲਈ ਜੁੱਧ ਦੇ ਮੈਦਾਨ ਵਿਚ ਅਜਿਹਾ ਹੌਸਲਾ ਛੱਡਣਾ ਫ਼ੌਜ ਲਈ ਹਾਨੀਕਾਰਕ ਸੀ। ਇਹ ਗੱਲ ਕੇਵਲ ਕਵੀ ਦੇ ਮਨ ਦੀ ਕਲਪਣਾ ਹੈ। ਉਸ ਨੂੰ ਕੀ ਪਤਾ ਕਿ ਜੋਧਿਆਂ ਦੀ ਮੌਤ ਕੀਕਨ ਹੁੰਦੀ ਹੈ। ਉਸ ਨੇ ਸ਼ਹਿਰੀਆਂ ਦੀ ਮੌਤ ਦਾ ਈ ਨਕਸ਼ਾ ਖਿੱਚਿਆ ਹੈ।"

ਸੁਾਦ ਸਾਹਿਬ ਬਾਝੋਂ ਨਹੀਂ ਜੇ ਕੋਈ ਬੋਲੀ,
ਏਥੇ ਕੰਮ ਹੈ ਬਹੁਤ ਦਲੇਰੀਆਂ ਦੇ।
ਹਰੀ ਸਿੰਘ ਸਰਦਾਰ ਹੋ ਗਿਆ ਰੁਖ਼ਸਤ,
ਮੰਨ ਵਕਤ ਹਕੀਕਤਾਂ ਮੇਰੀਆਂ ਦੇ।
ਤੂੰ ਤਾਂ ਖ਼ੁਸ਼ੀ ਮਾਣੇ ਵਿਚ ਲਾਹੌਰ ਦੇ ਜੀ,
ਏਥੇ ਘਾਣ ਲੱਥੇ ਫ਼ੌਜਾਂ ਤੇਰੀਆਂ ਦੇ।
ਕਾਦਰ ਯਾਰ ਮੁਦੱਈ ਪਰ ਆਣ ਢੁੱਕੇ,
ਮੱਲ ਖੜੇ ਸਾਂ ਆਸਰੇ ਦੇਰੀਆਂ ਦੇ। ੧੪।
ਜ਼ੁਾਦ ਜ਼ੋਰ ਨਾ ਰੱਬ ਦੇ ਨਾਲ ਚੱਲੇ,
ਝੱਲੇ ਦਰਦ ਸਰਦਾਰ ਨੇ ਸੁਾਸ ਛੱਡੇ।
ਟਹਿਲ ਵਾਲਿਆਂ ਮਾਰ ਕੇ ਗੁੱਝੀ ਹਾਂਈ,
ਪਿੱਟ ਪਿੱਟ ਕੇ ਆਪਣੇ ਸਾਸ ਛੱਡੇ।
ਆਈ ਅੰਧ ਗ਼ੁਬਾਰ ਦੀ ਰਾਤ ਯਾਰਾਂ,
ਸੱਭੋ ਨਾਲ ਉਸ ਨੇ ਆਪਣੇ ਦਾਸ ਛੱਡੇ।
ਕਾਦਰ ਯਾਰ ਸਰਦਾਰ ਨੇ ਆਪ ਓਥੇ,
ਪੜਦੇ ਨਾਲ ਫ਼ਰਜ਼ੰਦ ਸਮਝਾਇ ਛੱਡੇ। ੧੫।
ਤੋਏ ਤੁਰਤ ਸਰਕਾਰ ਵਲ ਖ਼ਤ ਲਿਖਿਆ,
ਝੱਬ ਬਹੁਤ ਆ ਕੇ ਬਾਲਾ-ਸਾਰ ਅੰਦਰ।
ਹਰੀ ਸਿੰਘ ਸਰਦਾਰ ਹੋ ਗਿਆ ਰੁਖ਼ਸਤ,
ਅਜੇ ਨਹੀਂ ਕੀਤਾ ਸਸਕਾਰ ਅੰਦਰ।
ਮਾਲਕ ਹੈਂ ਤਾਂ ਝੱਬ ਤੂੰ ਬਹੁੜ ਏਥੇ,
ਨਹੀਂ ਤਾਂ ਲੁੱਟ ਪੈਂਦੀ ਬਾਲਾ-ਸਾਰ ਅੰਦਰ।
ਕਾਦਰ ਯਾਰ ਅਜੇ ਖ਼ੌਫ਼ ਜੀਵਦੇ ਦਾ,
ਨਹੀਂ ਮੋਏ ਦੀ ਖ਼ਬਰ ਕੰਧਾਰ ਅੰਦਰ। ੧੬।
ਜ਼ੋਇ ਜ਼ਾਹਰ ਸਰਕਾਰ ਵਲ ਲਿਖੀ ਅਰਜ਼ੀ,
ਚਿੱਠੀ ਮਿਲੀ ਗੁਜਰਾਤ ਦੇ ਆਣ ਡੇਰੇ।
ਮੁਨਸ਼ੀ ਹਾਲ ਹਕੀਕਤ ਸੁਣਾਇ ਦਿੱਤੀ,
ਲਿਖਿਆ ਆਇਆ ਈ ਬਾਦਸ਼ਾਹ ਪਾਸ ਤੇਰੇ।
ਆਪ ਬੈਠਾ ਦੀਵਾਨ ਲਗਾਇ ਕੇ ਤੂੰ,
ਉਠ ਗਿਆ ਈ ਪਾਸੋਂ ਵਜ਼ੀਰ ਤੇਰੇ।
ਕਾਦਰ ਯਾਰ ਸਰਕਾਰ ਨੇ ਆਪ ਕਹਿਆ,
ਸੱਭੋ ਨਾਲ ਹੋਣਾ ਨਮੂਦਾਰ ਮੇਰੇ। ੧੭।

ਐਨ ਐਨ ਸਰਕਾਰ ਨੇ ਗੱਲ ਸਮਝੀ,
ਰੋ ਰੋ ਕੇ ਤਦੋਂ ਰਵਾਨ ਹੋਇਆ।
ਚੱਲੇ ਦਰਦ ਨਾ ਠੱਲਿਆਂ ਰਹਿਣ ਹੰਝੂ,
ਅੱਜ ਸਾਹ ਤੇ ਬੜਾ ਤੂਫਾਨ ਹੋਇਆ।
ਘਰ ਬੈਠਿਆਂ ਮੈਂ ਖ਼ਬਰ ਪੁੱਛਦਾ ਸਾਂ,
ਕੁਝ ਨਹੀਂ ਮੇਰਾ ਨੁਕਸਾਨ ਹੋਇਆ।
ਕਾਦਰ ਯਾਰ ਤਕਦੀਰ ਦੀ ਕੇਹੀ ਵਰਤੀ,
ਓਥੇ ਇਕ ਮੇਰਾ ਲੈ ਜਵਾਨ ਕੋਹਿਆ। ੧੮।
ਗ਼ੈਨ ਗ਼ਮ ਆ ਏਸ ਦੇ ਨਾਲ ਚੱਲਿਆ,
ਬਾਦਸ਼ਾਹ ਨਾ ਰੋ ਜ਼ਾਰੋ ਜ਼ਾਰ ਚੜ੍ਹਨਾ।
ਬਿਗਲ ਵੱਜਾ ਹੈ ਸ਼ਹਿਰ ਪੰਜਾਬ ਅੰਦਰ,
ਦਿਨੇ ਰਾਤ ਨਾ ਕਿਤੇ ਮੁਕਾਮ ਕਰਨਾ।
ਸੈਆਂ ਕੋਹਾਂ ਦੀ ਵਾਟ ਨੂੰ ਚੀਰ ਕੇ ਤੇ,
ਬੀੜਾ ਈਨ ਦਾ ਵਿਚ ਮੈਦਾਨ ਧਰਨਾ।
ਕਾਦਰ ਯਾਰ ਸਰਕਾਰ ਨੇ ਆਪ ਕਿਹਾ,
ਉਹੋ ਹਟ ਜਾਵਨ ਤੁਸਾਂ ਨਹੀਂ ਮੂਲ ਹਟਨਾ। ੧੯।
ਫ਼ੇ ਫ਼ੌਜ ਤਮਾਮ ਪਸ਼ੌਰ ਪਹੁੰਚੀ,
ਜਦ ਮੋਇਆ ਸੁਣ ਲਿਆ ਸਰਦਾਰ ਉਨ੍ਹਾਂ।
ਬਾਹਾਂ ਵੱਢ ਪਠਾਣ ਜੋ ਖਾਣ ਲੱਗੇ,
ਹੱਥੋਂ ਸੁੱਟ ਘੱਤੇ ਹਥਿਆਰ ਉਨ੍ਹਾਂ।
ਸਾਨੂੰ ਖੌਫ਼ ਰਹਿਆ ਇਸ ਦੇ ਜੀਵਣੇਂ ਦਾ,
ਜ਼ਰਾ ਭੇਤ ਨਾ ਕੱਢਿਆ ਬਾਹਰ ਉਨ੍ਹਾਂ।
ਕਾਦਰ ਯਾਰ ਜੇ ਮੋਏ ਦੀ ਖ਼ਬਰ ਹੁੰਦੀ,
ਬੰਨ੍ਹਾਂ ਪਾ ਦੇਂਦੇ ਅਟਕੋਂ ਪਾਰ ਉਨ੍ਹਾਂ। ੨੦।
ਕਾਫ਼ ਕੁਦਰਤ ਰੱਬ ਦੀ ਵੇਖ ਭਾਈ,
ਅਟਕ ਅਟਕੀ ਨਾ ਜਜ਼ਰਾ ਸਰਕਾਰ ਅੱਗੇ।
ਖ੍ਵਾਜਾ ਖਿਜ਼ਰ ਦਾ ਨਾਮ ਧਿਆਇ ਕੇ ਜੀ,
ਘੋੜਾ ਠੇਲਿਆ ਸੀ ਵਿਚ ਸਰਕਾਰ ਅੱਗੇ।
ਗੋਡੇ ਗੋਡੇ ਦਰਯਾ ਸਭ ਹੋਇਆ ਸੀ,
ਜਬ ਫ਼ੌਜ ਗਈ ਉਰਵਾਰ ਅੱਗੇ।
ਕਾਦਰ ਯਾਰ ਸਰਕਾਰ ਭੀ ਪਾਰ ਲੰਘੀ,
ਚੜ੍ਹਿਆ ਅਟਕ ਸੀ ਬੇ-ਸ਼ੁਮਾਰ ਅੱਗੇ। ੨੧।

ਕਾਫ਼ ਕੋਈ ਜਹਾਨ ਤੇ ਨਹੀਂ ਹੋਣਾ,
ਹਰੀ ਸਿੰਘ ਜਿਹਾ ਕੋਈ ਓਟ ਵਾਲਾ।
ਪਹਿਲਾ ਹੱਥ ਸਰਕਾਰ ਨੂੰ ਦੱਸਿਆ ਸੂ,
ਕਿਲਾ ਫਤੇ ਕੀਤਾ ਸਿਆਲਕੋਟ ਵਾਲਾ।
ਦੂਜਾ ਹੱਥ ਸਰਕਾਰ ਨੂੰ ਦੱਸਿਆ ਸੂ,
ਕਿਲਾ ਮਾਰ ਮੋਇਆ ਜਮਰੌਦ ਵਾਲਾ।
ਕਾਦਰ ਯਾਰ ਜਹਾਨ ਤੇ ਨਹੀਂ ਹੋਣੇ,
ਲਸ਼ਕਰ ਮਿਲ ਗਿਆ ਜੋ ਮਮਰੋਟ ਵਾਲਾ। ੨੨।
ਲਾਮ ਲਿਆ ਸੀ ਘੇਰ ਦਲੇਰ ਭਾਈ,
ਹਰੀ ਸਿੰਘ ਸਰਦਾਰ ਦੁਰੱਾਨੀਆਂ ਨੇ।
ਕਰਦਾ ਕੀ ਜੋ ਫ਼ੌਜ ਨੇ ਹਾਰ ਦਿੱਤੀ,
ਮਾਰੇ ਜਾਣ ਦੀਆਂ ਏਹ ਨਿਸ਼ਾਨੀਆਂ ਨੇ।
ਉਪਰ ਕਿਲੇ ਜਮਰੌਦ ਦੇ ਮਾਰਿਆ ਸੀ,
ਹਰੀ ਸਿੰਘ ਨੂੰ ਜ਼ੁਲਮ ਦੇ ਬਾਨੀਆਂ ਨੇ।
ਕਾਦਰ ਯਾਰ ਮੀਆਂ ਹਰੀ ਸਿੰਘ ਦੀਆਂ,
ਰਹੀਆਂ ਜੱਗ ਦੇ ਵਿਚ ਨਿਸ਼ਾਨੀਆਂ ਨੇ। ੨੩।
ਮੀਮ ਮੁਸ਼ਕਲਾਂ ਉਸ਼ਕਲਾਂ ਨਾਲ ਉਹਨਾਂ,
ਹਰੀ ਸਿੰਘ ਸਰਦਾਰ ਨੂੰ ਮਾਰਿਆ ਸੀ।
ਨਹੀਂ ਤਾਂ ਕਈ ਹਜ਼ਾਰ ਦੁਰੱਾਨੀਆਂ ਨੂੰ,
ਘੇਰ ਘਾਰ ਕੇ ਉਨ੍ਹਾਂ ਪਛਾੜਿਆ ਸੀ।
ਜੋ ਕੋਈ ਹੋਇਆ ਮੁਕਾਬਲੇ ਓਸ ਦੇ ਸੀ,
ਓੜਕ ਵਿਚ ਮੈਦਾਨ ਦੇ ਹਾਰਿਆ ਸੀ।
ਕਾਦਰ ਯਾਰ ਸਰਦਾਰ ਨੂੰ ਖ਼ਬਰ ਹੋਈ,
ਜਦੋਂ ਅਜਲ ਨੇ ਆਣ ਪੁਕਾਰਿਆ ਸੀ।
ਨੂੰਨ ਨਾਮ ਸੁਣ ਓਸ ਦੇ ਕਾਲ ਸੰਦਾ,
ਸਰਕਾਰ ਗ਼ਮਗੀਨ ਨਿਢਾਲ ਹੋਈ।
ਕਹਿੰਦਾ ਐਸੇ ਸਰਦਾਰ ਦਲੇਰ ਵਾਲੀ,
ਲੋਥ ਖਾਕ ਦੇ ਵਿਚ ਪਾਮਾਲ ਹੋਈ।
ਓਸੇ ਵਕਤ ਸਰਕਾਰ ਤਿਆਰ ਹੋ ਕੇ,
ਦਾਖਲ ਕਿਲੇ ਉੱਤੇ ਚਾਲੋ ਚਾਲ ਹੋਈ।
ਕਾਦਰ ਯਾਰ ਮੀਆਂ ਵੇਖ ਉਸ ਨੂੰ ਜੀ,
ਗ਼ਮ ਖਾਇ ਕੇ ਬਹੁਤ ਬਿਹਾਲ ਹੋਈ। ੨੪।

ਵਾਹੁ ਵਿਚ ਸਭ ਫ਼ੌਜ ਦੇ ਓਸ ਵੇਲੇ,
ਮਹਾਰਾਜ ਨੇ ਕੀਤਾ ਫ਼ਰਮਾਨ ਲੋਕੋ।
ਕਮਰਾਂ ਖੋਲ ਬੇਫ਼ਿਕਰ ਹੋ ਜਾਓ ਸਾਰੇ,
ਕਰੋ ਜੰਗ ਦਾ ਨਾ ਸਾਮਾਨ ਲੋਕੋ।
ਦਿੱਤੇ ਭੇਜ ਵਕੀਲ ਅਸੀਲ ਸੱਭੇ,
ਕਾਰਣ ਰੋਕਣੇ ਮਿਲੇ ਪ੍ਰਤਾਣ ਲੋਕੋ।
ਕਾਦਰ ਯਾਰ ਸਭ ਸੁਲਾ ਤੇ ਹੋਏ ਰਾਜ਼ੀ,
ਓਸੇ ਗੱਲ ਤੇ ਅਮਲ ਕਮਾਨ ਲੋਕੋ। ੨੬।
ਹੋ ਹੋਯਾ ਸੀ ਕੌਲ ਕਰਾਰ ਏਹੋ,
ਕਰੇ ਹੁਕਮ ਸਰਕਾਰ ਪਸ਼ੌਰ ਅੰਦਰ।
ਅਤੇ ਦੋਸਤ ਮੁਹੰਮਦ ਰਹੇ ਕਾਇਮ,
ਸਦਾ ਆਪਣੀ ਰੱਈਅਤ ਦੀ ਗੌਰ ਅੰਦਰ।
ਗਜ਼ਨੀ ਚੀਨ ਮਚੀਨ ਤੇ ਅਰਬ ਕਾਬਲ,
ਭਾਵੇਂ ਰਹੇ ਕੰਧਾਰ ਦੀ ਠੌਰ ਅੰਦਰ।
ਕਾਦਰ ਯਾਰ ਸਰਕਾਰ ਦੇ ਰਹਿਣ ਸੰਦੀ,
ਜਗਾ ਚੰਗੀ ਹੈ ਸ਼ਹਿਰ ਲਾਹੌਰ ਅੰਦਰ। ੨੭।
ਲਾਮ ਲੋਕਾਂ ਪਠਾਣਾਂ ਨੂੰ ਖਬਰ ਨਾ ਸੀ,
ਹਰੀ ਸਿੰਘ ਮਦਾਨ ਵਿਚ ਮਰ ਗਿਆ।
ਏਸੇ ਵਾਸਤੇ ਦੋਸਤ ਮੁਹੰਮਦ ਜੇਹਾ,
ਸੁਲਾ ਨਾਲ ਵਕੀਲਾਂ ਸੀ ਕਰ ਗਿਆ।
ਹਰੀ ਸਿੰਘ ਸਰਦਾਰ ਦੀ ਧਮਕ ਭਾਰੀ,
ਓਸੇ ਜੰਗ ਤੋਂ ਤੰਗ ਹੋ ਡਰ ਗਿਆ।
ਕਾਦਰ ਯਾਰ ਮੀਆਂ ਜਾਣੇ ਖਲਕ ਸਾਰੀ,
ਹਰੀ ਸਿੰਘ ਪਸ਼ੌਰ ਵਿਚ ਲੜ ਗਿਆ। ੨੮।
ਅਲਫ਼ ਆਪਣੇ ਕੌਲ ਤੇ ਰਹਿਣ ਸਾਬਤ,
ਜਿਨ੍ਹਾਂ ਲੋਕਾਂ ਨੂੰ ਰੱਬ ਵਡਿਆਂਵਦਾ ਈ।
ਉਧਰ ਦੋਸਤ ਮੁਹੰਮਦ ਵੀ ਪਰਤ ਆਇਆ,
ਤੇ ਰਣਜੀਤ ਸਿੰਘ ਕਿਲੇ ਵਿਚ ਜਾਂਵਦਾ ਈ।
ਅਤੇ ਚੰਦਨ ਚਿਖਾ ਬਣਾਇ ਕੇ ਜੀ,
ਹਰੀ ਸਿੰਘ ਸਸਕਾਰ ਕਰਾਂਵਦਾ ਈ।
ਕਾਦਰ ਯਾਰ ਬਨਾ ਕੇ ਬਹੁਤ ਦੌਲਤ,
ਵੱਡੀ ਉੱਚੀ ਸਮਾਧ ਬਣਾਂਵਦਾਈ। ੨੯।

ਜੇ ਯਾਦ ਕਰ ਕੇ ਗੁਰੂ ਆਪਣੇ ਨੂੰ,
ਸਰਕਾਰ ਮੁੜ ਪਰਤ ਕੇ ਆਂਵਦੀ ਏ।
ਉਪਰ ਕਿਲੇ ਜਮਰੌਦ ਦੇ ਖੂਬ ਪਹਿਰਾ,
ਹੱਥੀਂ ਆਪਣੀ ਚਾ ਬਹਾਂਵਦੀ ਏ।
ਅਤੇ ਆਪ ਪਸ਼ੌਰ ਵਿਚ ਜਾਇ ਕੇ ਜੀ,
ਆਪਣਾ ਤਖ਼ਤ ਤਸੱਲਤ ਬਹਾਂਵਦੀ ਏ।
ਕਾਦਰ ਯਾਰ ਮੀਆਂ ਹਰੀ ਸਿੰਘ ਸੰਦਾ,
ਸਾਰੀ ਖ਼ਲਕ ਪਈ ਗੁਣ ਗਾਂਵਦੀਏ। ੩੦।

ਖ਼ਤਮ ਹੋਈ ਵਾਰ ਹਰੀ ਸਿੰਘ।

ਬੈਂਤਾਂ ਸ਼ੇਰ ਸਿੰਘ ਕੀਆਂ

ਕ੍ਰਿਤ

ਕਵੀ ਨਿਹਾਲ ਸਿੰਘ

'ਬੈਂਤਾਂ ਸ਼ੇਰ ਸਿੰਘ ਕੀਆਂ' ਵਿਚ ਸੰਮਤ 1900 ਦੇ ਅੱਸੂ ਦੀ ਸੰਗਰਾਂਦ ਮੁਤਾਬਕ 15 ਸਤੰਬਰ ਸੰਨ 1843 ਈਸਵੀ ਨੂੰ ਸ਼ੁਕਰਵਾਰ ਦੇ ਦਿਨ ਸਰਦਾਰ ਅਜੀਤ ਸਿੰਘ ਤੇ ਲਹਿਣਾ ਸਿੰਘ ਸੰਧਾਵਾਲੀਆਂ ਦੇ ਹੱਥੋਂ ਮਹਾਰਾਜਾ ਸ਼ੇਰ ਸਿੰਘ, ਤੇ ਕੰਵਰ ਪ੍ਰਤਾਪ ਸਿੰਘ ਅਤੇ ਵਜ਼ੀਰ ਧਿਆਨ ਸਿੰਘ ਡੋਗਰੇ ਅਤੇ ਪਿੱਛੋਂ ਧਿਆਨ ਸਿੰਘ ਦੇ ਪੁੱਤਰ ਹੀਰਾ ਸਿੰਘ ਦੇ ਹਮਾਇਤੀਆਂ ਦੇ ਹੱਥੋਂ ਸਰਦਾਰ ਅਜੀਤ ਸਿੰਘ ਤੇ ਲਹਿਣਾ ਸਿੰਘ ਸੰਧਾਵਾਲੀਆਂ ਦੇ ਕਤਲ ਦੇ ਹਾਲ ਹਨ।

ਇਨ੍ਹਾਂ ਬੈਂਤਾਂ ਦਾ ਲਿਖਣ ਵਾਲਾ ਕੋਈ ਨਿਹਾਲ ਸਿੰਘ ਹੈ ਜਿਸ ਨੇ ਕਿ ਸਾਕੇ ਦੇ ਦਿਨਾਂ ਵਿਚ ਹੀ ਇਹ ਲਿਖੇ ਜਾਪਦੇ ਹਨ ਕਿਉਂਕਿ ਬਾਅਦ ਦੇ ਕਿਸੇ ਵਾਕੇ ਵੱਲ ਓਹ ਇਸ਼ਾਰਾ ਤੱਕ ਭੀ ਨਹੀਂ ਕਰਦਾ। ਕੇਵਲ ਮਹਾਰਾਜਾ ਦਲੀਪ ਸਿੰਘ ਦੇ ਤਖ਼ਤ ਪਰ ਬਿਠਾਏ ਜਾਣ ਦਾ ਜ਼ਿਕਰ ਕਰਦਾ ਹੈ, ਜੋ 3 ਅੱਸੂ ਮੁਤਾਬਕ 17 ਸਤੰਬਰ ਦਿਨ ਐਤਵਾਰ ਦੀ ਗੱਲ ਹੈ।

34ਵੇਂ ਬੈਂਤ ਦੀ ਆਖ਼ਰੀ ਸਤਰ ਤੋਂ ਭੀ ਇਹੋ ਹੀ ਪ੍ਰਤੀਤ ਹੁੰਦਾ ਹੈ ਕਿ ਇਸ ਖ਼ੂਨੀ ਸਾਕੇ ਨੂੰ ਦੇਖ ਸੁਣ ਕੇ ਕਵੀ ਦੇ ਦਿਲ ਵਿਚ ਵਲਵਲਾ ਉੱਠਿਆ ਤੇ ਓਸੇ ਵੇਲੇ ਇਹ ਬੈਂਤ ਰਚੇ ਗਏ, ਜਿਵੇਂ ਕਿ ਲਿਖਿਆ ਹੈ 'ਨਿਹਾਲ ਸਿੰਘ ਤੇ ਮਾਤਾ ਦਿਆਲ ਹੋਈ, ਬੈਂਤ ਸਭ ਕੀਤੇ ਚੌਤੀ ਵਖਤ ਓਸੇ'। ਖ਼ੈਰ ਜੇ ਇਨ੍ਹਾਂ ਦਿਨਾਂ ਤੋਂ ਕੁੱਝ ਚਿਰ ਪਿੱਛੋਂ ਭੀ ਲਿਖੇ ਗਏ ਹੋਣ ਤਾਂ ਭੀ 9 ਪੋਹ ਸੰਮਤ 1901 ਮੁਤਾਬਕ 21 ਦਸੰਬਰ ਸੰਨ 1844 ਤੋਂ ਪਹਿਲੇ ਦੇ ਲਿਖੇ ਹੋਏ ਹਨ ਜਿਸ ਦਿਨ ਕਿ ਹੀਰਾ ਸਿੰਘ ਤੇ ਉਸ ਦਾ ਯਾਰ ਪੰਡਤ ਜਲ੍ਹਾ ਲਾਹੌਰੋਂ ਭੱਜ ਨਿਕਲਣ ਵੇਲੇ ਖ਼ਾਲਸਾ ਫ਼ੌਜਾਂ ਦੇ ਹੱਥੋਂ ਮਾਰੇ ਗਏ ਸਨ, ਕਿਉਂਕਿ ਕਵੀ ਆਖ਼ਰੀ ਬੈਂਤਾਂ ਨੂੰ ਹੀਰਾ ਸਿੰਘ ਦੀ ਫ਼ਤਿਹ ਤੇ ਸੰਧਾਵਾਲੀਆਂ ਦੇ ਮਾਰੇ ਜਾਣ ਦੇ ਜ਼ਿਕਰ ਨਾਲ ਖ਼ਤਮ ਕਰਦਾ ਹੈ।

ਕਵਿਤਾ ਦੇ ਨੁਕਤਾ-ਨਿਗਾਹ ਤੋਂ ਤਾਂ ਇਹ ਬੈਂਤ ਭਾਵੇਂ ਕੋਈ ਇਤਨੇ ਉੱਚੇ ਪਾਏ ਦੇ ਨਹੀਂ ਤੇ ਕਈ ਥਾਈਂ ਵਜ਼ਨ ਆਦਿ ਦੀਆਂ ਗ਼ਲਤੀਆਂ ਭੀ ਹਨ, ਪਰ ਇਤਿਹਾਸਕ ਨੁਕਤੇ ਤੋਂ ਇਹ ਵੇਲੇ ਦੀ ਗਵਾਹੀ ਹੋਣ ਕਰ ਕੇ ਖ਼ਾਸ ਅਹਿਮੀਅਤ ਰੱਖਦੇ ਹਨ।

ਕਵੀ ਲਿਖਦਾ ਹੈ ਕਿ ਮੈਂ 34 ਬੈਂਤ ਲਿਖੇ ਹਨ, ਪਰ ਗਿਣਤੀ ਕੀਤਿਆਂ ਇਹ 33 ਬਣਦੇ ਹਨ। ਮਾਲੂਮ ਹੁੰਦਾ ਹੈ ਕਿ ਚੂੰਕਿ ਉਸ ਨੇ ਬੈਂਤਾਂ ਦੇ ਪਿੱਛੇ ਗਿਣਤੀ ਦੇ ਅੰਕ ਨਾਲੋਂ ਨਾਲ ਨਹੀਂ ਲਿਖੇ ਹੋਏ, ਇਸ ਲਈ ਯਾ ਤਾਂ ਉਹ ਗਿਣਨ ਵੇਲੇ ਭੁਲੇਖਾ ਖਾ ਗਿਆ ਹੈ, ਜਾਂ ਬੈਂਤਾਂ ਦੇ ਸ਼ੁਰੂ ਅਤੇ ਅਖ਼ੀਰ ਵਿਚ ਲਿਖੇ ਹੋਏ ਦੋਨੋਂ ਦੋਹਰਿਆਂ ਨੂੰ ਮਿਲਾ ਕੇ ਜਾਂ ਇਨ੍ਹਾਂ ਵਿਚੋਂ ਕਿਸੇ ਇਕ ਨੂੰ ਇਕ ਬੈਂਤ ਦੀ ਜਗ੍ਹਾ

ਗਿਣਿਆ ਹੈ। ਬੈਂਤਾਂ ਨੂੰ ਪ੍ਰਕਾਸ਼ਿਤ ਕਰਨ ਵੇਲੇ ਅੱਖਰਾਂ ਵਿਚ ਕਿਸੇ ਪ੍ਰਕਾਰ ਦਾ ਕੋਈ ਵਾਧਾ ਘਾਟਾ ਨਹੀਂ ਕੀਤਾ ਗਿਆ ਅਤੇ ਜੋੜ ਭੀ ਓਸੇ ਤਰ੍ਹਾਂ ਹੀ ਰਹਿਣ ਦਿੱਤੇ ਗਏ ਹਨ, ਕੇਵਲ ਗਿਣਤੀ ਦੇ ਅੰਕ ਹਰ ਇਕ ਬੈਂਤ ਪਿੱਛੇ ਲਗਾਏ ਹਨ। ਓਥੇ ਲੇਖਕ ਦੀ ਗਿਣਤੀ ਨੂੰ ਪੂਰਾ ਰੱਖਣ ਲਈ ਅੰਕ ਪਹਿਲੇ ਦੋਹਰੇ ਤੋਂ ਸ਼ੁਰੂ ਕੀਤੇ ਗਏ ਹਨ। 24ਵੇਂ ਬੈਂਤ ਵਿਚ ਸਿਰਫ਼ ਛੇ ਸਤਰਾਂ ਹੀ ਹਨ। ਅਸਲ ਵਿਚ ਭੀ ਏਸੇ ਤਰ੍ਹਾਂ ਹੀ ਹੈ ਤੇ ਪਿਛਲੀਆਂ ਦੋ ਸਤਰਾਂ ਲਈ ਥਾਂ ਖਾਲੀ ਛੱਡੀ ਹੋਈ ਹੈ।

ਇਨ੍ਹਾਂ ਬੈਂਤਾਂ ਵਿਚ ਦਿੱਤੇ ਗਏ ਮਹਾਰਾਜਾ ਸ਼ੇਰ ਸਿੰਘ, ਕੰਵਰ ਪ੍ਰਤਾਪ ਸਿੰਘ ਤੇ ਧਿਆਨ ਸਿੰਘ ਦੇ ਕਤਲਾਂ ਦੇ ਹਾਲਾਤ ਪਾਠਕਾਂ ਦੇ ਸਮਝ ਸਕਣ ਲਈ ਮੈਂ ਇਹ ਜ਼ਰੂਰੀ ਸਮਝਦਾ ਹਾਂ ਕਿ ਉਸ ਵੇਲੇ ਦੇ ਪੌਲਿਟਿਕਸ ਦਾ ਸੰਖੇਪ ਜਿਹਾ ਜ਼ਿਕਰ ਕਰ ਦੇਵਾਂ।

ਡੋਗਰਾ ਪੌਲਿਸੀ : ਮਹਾਰਾਜਾ ਰਣਜੀਤ ਸਿੰਘ ਦੇ ਮਰਦੇ ਸਾਰ ਹੀ ਡੋਗਰਿਆਂ ਦੀ ਅੰਦਰੂਨੀ ਪੌਲਿਸੀ ਨੇ ਲਾਹੌਰ ਦਰਬਾਰ ਦੇ ਪੌਲਿਟਿਕਸ ਨੂੰ ਬੜਾ ਡੂੰਘਾ ਤੇ ਗੁੰਝਲਦਾਰ ਬਣਾ ਦਿੱਤਾ ਸੀ। ਮਹਾਰਾਜਾ ਰਣਜੀਤ ਸਿੰਘ ਦੇ ਜੀਉਂਦੇ ਹੀ ਰਾਜਾ ਧਿਆਨ ਸਿੰਘ ਤੇ ਗੁਲਾਬ ਸਿੰਘ ਨੇ ਲੁਕਵੇਂ ਢੰਗਾਂ ਨਾਲ ਕੰਵਰ ਖੜਕ ਸਿੰਘ ਦੀਆਂ ਮੁਹਿੰਮਾਂ ਫ਼ੇਹਲ ਕਰ ਕੇ ਉਸ ਨੂੰ ਨਾਲਾਇਕ ਸਾਬਤ ਕਰਨ ਤੇ ਮਹਾਰਾਜੇ ਦੀਆਂ ਨਜ਼ਰਾਂ ਵਿਚ ਨੀਵਾਂ ਕਰਨ ਦੇ ਯਤਨ ਆਰੰਭ ਦਿੱਤੇ ਸਨ। ਅਖੀਰਲੇ ਦਿਨਾਂ ਵਿਚ ਮਹਾਰਾਜਾ ਇਨ੍ਹਾਂ ਦੀ ਚਾਲ ਨੂੰ ਤਾੜ ਗਿਆ ਜਾਪਦਾ ਹੈ, ਪਰ ਛੇਤੀ ਹੀ ਚਲਾਣਾ ਕਰ ਜਾਣ ਕਰ ਕੇ ਗੁਲਾਬ ਸਿੰਘ ਜੰਮੂ ਤੋਂ ਨਾ ਉੱਖੜਿਆ। ਮਹਾਰਾਜੇ ਦੀ ਮੌਤ ਪਿੱਛੋਂ ਗੁਲਾਬ ਸਿੰਘ ਤਾਂ ਜੰਮੂ ਕਸ਼ਮੀਰ ਵਿਚ ਆਪਣਾ ਸੁਤੰਤਰ ਰਾਜ ਕਾਇਮ ਕਰਨ ਦੇ ਆਹਰ ਵਿਚ ਲੱਗ ਗਿਆ ਅਤੇ ਧਿਆਨ ਸਿੰਘ ਆਪਣੇ ਭਰਾਵਾਂ ਦੀ ਮੱਦਦ ਨਾਲ ਜਾਂ ਇਕੱਲਾ ਆਪਣੀ ਚਤੁਰਤਾ ਨਾਲ ਆਪਣੇ ਪੁੱਤਰ ਹੀਰਾ ਸਿੰਘ ਨੂੰ ਸਿੱਖ ਰਾਜ ਦੀ ਗੱਦੀ ਤੇ ਬਠੌਣ ਦੇ ਸੁਫਨੇ ਵੇਖਣ ਲੱਗ ਪਿਆ। ਪਰ ਇਹ ਦੋਨੋਂ ਗੱਲਾਂ ਉਤਨੀ ਦੇਰ ਤੱਕ ਨਹੀਂ ਸਨ ਸਿਰੇ ਚੜ੍ਹ ਸਕਦੀਆਂ ਜਦ ਤੱਕ ਕਿ ਮਹਾਰਾਜਾ ਰਣਜੀਤ ਸਿੰਘ ਦੀ ਔਲਾਦ ਮੌਜੂਦ ਸੀ। ਇਸ ਲਈ ਸਿੱਖ ਰਾਜ-ਘਰਾਣੇ ਨੂੰ ਖਤਮ ਕਰਨ ਲਈ ਗੋਂਦਾਂ ਗੁੰਦੀਆਂ ਜਾਣੀਆਂ ਸ਼ੁਰੂ ਹੋਈਆਂ।

ਮਹਾਰਾਜਾ ਖੜਕ ਸਿੰਘ ਦੀ ਮੌਤ : ਮਹਾਰਾਜਾ ਖੜਕ ਸਿੰਘ ਨੂੰ ਪਤਾ ਸੀ ਕਿ ਧਿਆਨ ਸਿੰਘ ਨੇ ਸ਼ਾਹੀ ਮਹੱਲਾਂ ਵਿਚ ਬਹੁਤਾ ਸਾਰਾ ਜਾਲ ਵਿਛਾਇਆ ਹੋਇਆ ਹੈ ਤੇ ਬਹੁਤ ਸਾਰੇ ਗੁੱਝੇ ਸ਼ਾਹੀ ਭੇਤ ਓਥੋਂ ਹੀ ਕੱਢਦਾ ਹੈ, ਇਸ ਲਈ ਉਨ੍ਹਾਂ ਉਸ ਦੀ ਮਹੱਲਾਂ ਵਿਚ ਖੁੱਲ੍ਹੀ ਆਵਾਜਾਈ ਬੰਦ ਕਰ ਦਿੱਤੀ ਅਤੇ ਉਸ ਨੂੰ ਇਕੱਲੇ ਬੁਲਾ ਕੇ ਸਮਝਾਇਆ ਕਿ ਇਸ ਨਾਲ ਉਨ੍ਹਾਂ ਦਾ ਮਤਲਬ ਉਸ ਦੀ ਵਜ਼ੀਰੀ ਤਾਕਤ ਨੂੰ ਘੱਟ ਕਰਨ ਦਾ ਨਹੀਂ ਬਲਕਿ ਇਹ ਕਿ ਉਹ ਇਸ ਖੁੱਲ੍ਹ ਦੀ ਹੁਣ ਕੋਈ ਖ਼ਾਸ ਲੋੜ ਨਹੀਂ ਸਮਝਦੇ। ਧਿਆਨ ਸਿੰਘ ਤਾਂ ਅੱਗੇ ਹੀ ਕਿਸੇ ਬਹਾਨੇ ਦੀ ਢੂੰਡ ਵਿਚ ਸੀ। ਉਸ ਨੇ ਉੱਤਰ ਵਿਚ ਕਿਹਾ ਕਿ ਉਹ ਇਸ ਖੁੱਲ੍ਹ ਤੋਂ ਬਗੈਰ ਆਪਣਾ ਵਜ਼ੀਰੀ ਕੰਮ ਅੱਛੀ ਤਰ੍ਹਾਂ ਨਹੀਂ ਨਿਭਾ ਸਕਦਾ। ਇਸ ਵੇਲੇ ਕੰਵਰ ਨੌਂ-ਨਿਹਾਲ ਸਿੰਘ ਪਿਸ਼ਾਵਰ ਸੀ। ਧਿਆਨ ਸਿੰਘ ਨੇ ਓਥੇ ਆਪਣੇ ਭਰਾ ਗੁਲਾਬ ਸਿੰਘ ਨੂੰ ਖੁਫੀਆ ਚਿੱਠੀ ਲਿਖੀ। ਗੁਲਾਬ ਸਿੰਘ ਨੇ ਪਿਸ਼ਾਵਰ ਅਤੇ ਰਸਤੇ ਵਿਚ ਮਨ-ਘੜਤ ਗੱਲਾਂ ਸੁਣਾ-ਸੁਣਾ ਕੇ ਕੰਵਰ ਨੂੰ ਇਤਨਾ ਚਕਰਾ ਦਿੱਤਾ ਕਿ ਉਹ ਝੂਠ ਸੱਚ ਵਿਚ ਪਰਖ ਨਾ ਕਰ ਸਕਿਆ। ਲਾਹੌਰ ਪੁੱਜ ਕੇ ਕੰਵਰ ਨੂੰ ਧਿਆਨ ਸਿੰਘ ਤੇ ਉਸ ਦੇ ਸਾਥੀਆਂ ਪਾਸੋਂ ਗੁਲਾਬ ਸਿੰਘ ਦੀਆਂ ਗੱਲਾਂ ਦੀ

ਗਵਾਹੀ ਮਿਲ ਗਈ, ਜਿਸ ਨੇ ਉਸ ਨੂੰ ਹੋਰ ਪੱਕਾ ਕਰ ਦਿੱਤਾ। ਸਭ ਤੋਂ ਪਹਿਲਾਂ ਡੋਗਰਿਆਂ ਨੇ ਕੰਵਰ ਨੌ-ਨਿਹਾਲ ਸਿੰਘ ਨੂੰ ਆਪਣੇ ਨਾਲ ਲਪੇਟ ਕੇ ਮਹਾਰਾਜਾ ਖੜਕ ਸਿੰਘ ਦੇ ਮਿੱਤਰ ਸਰਦਾਰ ਚੇਤ ਸਿੰਘ ਨੂੰ ਮਰਵਾਇਆ ਤੇ ਫੇਰ ਖ਼ੁਦ ਮਹਾਰਾਜਾ ਨੂੰ ਨਜ਼ਰ-ਬੰਦ ਕਰਵਾ ਦਿੱਤਾ। ਨਜ਼ਰ-ਬੰਦੀ ਵਿਚ ਮਹਾਰਾਜਾ ਬੀਮਾਰ ਹੋ ਗਿਆ ਜਦ ਕਿ ਹਕੀਮਾਂ ਦੀ ਰਾਹੀਂ ਉਸ ਨੂੰ ਸਫ਼ੈਦ ਕਸਕਰੀ (white lead or the acetate of lead) ਅਤੇ ਰਸ ਕਪੂਰ (corrosive sublimate or the native muriate of mercury) ਆਦਿ ਜ਼ਹਿਰ ਥੋੜ੍ਹੀ-ਥੋੜ੍ਹੀ ਦੇਣੀ ਸ਼ੁਰੂ ਕਰ ਦਿੱਤੀ, ਜਿਸ ਦੇ ਹੌਲੀ-ਹੌਲੀ ਹੋ ਰਹੇ ਅਸਰ ਨਾਲ 5 ਨਵੰਬਰ 1840 ਨੂੰ ਮਹਾਰਾਜਾ ਖੜਕ ਸਿੰਘ ਸੁਰਗਬਾਸ ਹੋ ਗਏ ਅਤੇ ਕਈ ਵਾਰ ਮਹਾਰਾਜੇ ਦੇ ਖ਼ਾਹਿਸ਼ ਪ੍ਰਗਟ ਕਰਨ ਦੇ ਬਾਵਜੂਦ ਭੀ ਡੋਗਰਿਆਂ ਨੇ ਪਿਤਾ ਪੁੱਤਰ ਦੀ ਮੁਲਾਕਾਤ ਨਾ ਹੋਣ ਦਿੱਤੀ।

ਕੰਵਰ ਨੌ-ਨਿਹਾਲ ਸਿੰਘ ਦੀ ਮੌਤ : 5 ਨਵੰਬਰ ਦੇ ਲੌਢੇ ਵੇਲੇ ਮਹਾਰਾਜਾ ਖੜਕ ਸਿੰਘ ਦਾ ਸਸਕਾਰ ਸੀ। ਜਦ ਮਹਾਰਾਜਾ ਦੀ ਚਿਖਾ ਨੂੰ ਲੰਬੂ ਲਾਉਣ ਤੋਂ ਥੋੜ੍ਹੀ ਦੇਰ ਪਿੱਛੋਂ ਤਲਾਉ ਤੇ ਅਸ਼ਨਾਨ ਕਰ ਕੇ ਮੁੜਦਾ ਹੋਇਆ ਕੰਵਰ ਨੌ-ਨਿਹਾਲ ਸਿੰਘ ਡੋਊੜ੍ਹੀ ਹੇਠਾਂ ਦੀ ਗੁਜ਼ਰਿਆ, ਤਾਂ ਪਹਿਲਾਂ ਕੀਤੇ ਗਏ ਪ੍ਰਬੰਧ ਅਨੁਸਾਰ ਛੱਜਾ ਢਹਿ ਕੇ ਉਸ ਉੱਤੇ ਆ ਡਿੱਗਿਆ। ਇਸ ਵੇਲੇ ਕੰਵਰ ਨੇ ਗੁਲਾਬ ਸਿੰਘ ਦੇ ਪੁੱਤਰ ਮੀਆਂ ਊਧਮ ਸਿੰਘ ਨੂੰ ਭੀ ਨਾਲ ਲੈ ਲਿਆ ਸੀ। ਉਹ ਤਾਂ ਓਥੇ ਹੀ ਮਰ ਗਿਆ, ਪਰ ਕੰਵਰ ਨੂੰ ਥੋੜ੍ਹੀ ਹੀ ਸੱਟ ਲੱਗੀ ਸੀ। ਉਸ ਨੂੰ ਉਠਵਾ ਕੇ ਧਿਆਨ ਸਿੰਘ ਕਿਲ੍ਹੇ ਦੇ ਅੰਦਰ ਲੈ ਗਿਆ ਤੇ ਉਸ ਦੇ ਸਾਥੀਆਂ ਨੇ ਓਥੇ ਉਸ ਦੀ ਖੋਪਰੀ ਤੋੜ ਦਿੱਤੀ। ਮਾਈ ਚੰਦ ਕੌਰ, ਸਰਦਾਰ ਲਹਿਣਾ ਸਿੰਘ ਮਜੀਠੀਆ ਤੇ ਹੋਰ ਕਿਸੇ ਸਰਦਾਰ ਨੂੰ ਲਾਗੇ ਤੱਕ ਨਾ ਢੁੱਕਣ ਦਿੱਤਾ। ਤਿੰਨ ਦਿਨ ਤੱਕ ਕੰਵਰ ਦੀ ਮੌਤ ਖੁਫ਼ੀਆ ਰੱਖੀ ਗਈ ਅਤੇ ਮੁਕੇਰੀਆਂ ਤੋਂ ਕੰਵਰ ਸ਼ੇਰ ਸਿੰਘ ਨੂੰ ਬੁਲਾ ਭੇਜਿਆ। ਇਸ ਸੰਬੰਧੀ ਵੇਰਵੇ ਸਹਿਤ ਹਾਲਾਤ ਮੈਂ 'ਫੁਲਵਾੜੀ' ਤੇ 'ਇਤਿਹਾਸ ਨੰਬਰ', ਦਸੰਬਰ 1930-ਜਨਵਰੀ 1931 ਦੇ ਪਰਚੇ ਵਿਚ ਲਿਖੇ ਸਨ।

ਮਹਾਰਾਣੀ ਚੰਦ ਕੌਰ ਦਾ ਕਤਲ : ਸ਼ੇਰ ਸਿੰਘ ਦੇ ਲਾਹੌਰ ਪੁੱਜਣ ਪਰ ਧਿਆਨ ਸਿੰਘ ਦਾ ਵੱਡਾ ਭਰਾ ਗੁਲਾਬ ਸਿੰਘ ਦੇ ਪੁੱਤਰ ਹੀਰਾ ਸਿੰਘ ਤਾਂ ਮਹਾਰਾਣੀ ਮਾਈ ਚੰਦ ਕੌਰ (ਮਹਾਰਾਜਾ ਖੜਕ ਸਿੰਘ ਦੀ ਮਹਾਰਾਣੀ ਤੇ ਨੌ-ਨਿਹਾਲ ਸਿੰਘ ਦੀ ਮਾਤਾ) ਦੇ ਹਮਾਇਤੀ ਬਣ ਬੈਠੇ ਤੇ ਖ਼ੁਦ ਧਿਆਨ ਸਿੰਘ ਤੇ ਤੀਸਰਾ ਭਰਾ ਸੁਚੇਤ ਸਿੰਘ ਸ਼ੇਰ ਸਿੰਘ ਦੇ। ਇਸ ਤਰ੍ਹਾਂ ਸ਼ੇਰ ਸਿੰਘ ਤੇ ਮਹਾਰਾਣੀ ਚੰਦ ਕੌਰ ਵਿਚ ਲੜਾਈ ਦੇ ਸਾਮਾਨ ਪੈਦਾ ਕਰ ਦਿੱਤੇ। ਕੁੱਝ ਚਿਰ ਬਟਾਲੇ ਨੂੰ ਮੁੜ ਜਾਣ ਪਿੱਛੋਂ ਸ਼ੇਰ ਸਿੰਘ ਫੇਰ ਦੋਬਾਰਾ ਲਾਹੌਰ ਆਇਆ ਤੇ 18 ਜਨਵਰੀ, 1841 ਨੂੰ ਰਾਜ-ਗੱਦੀ ਪਰ ਬੈਠਾ, ਤੇ ਧਿਆਨ ਸਿੰਘ ਵਜ਼ੀਰ ਬਣ ਗਿਆ। ਮਹਾਰਾਜਾ ਸ਼ੇਰ ਸਿੰਘ ਚਾਹੁੰਦਾ ਸੀ ਕਿ ਆਪਣੀ ਭਰਜਾਈ ਮਹਾਰਾਣੀ ਚੰਦ ਕੌਰ ਨਾਲ ਵਿਆਹ ਕਰ ਕੇ ਘਰ ਵਿਚ ਪਈ ਹੋਈ ਫੁੱਟ ਨੂੰ ਸਦਾ ਲਈ ਕੱਢ ਛੱਡੇ, ਪਰ ਗੁਲਾਬ ਸਿੰਘ ਨੇ ਮਹਾਰਾਣੀ ਨੂੰ ਉਲਟੀ ਪੱਟੀ ਪੜ੍ਹਾ ਦਿੱਤੀ ਕਿ ਸ਼ੇਰ ਸਿੰਘ ਦਾ ਅਸਲ ਮਤਲਬ ਉਸ (ਚੰਦ ਕੌਰ) ਨੂੰ ਤਬਾਹ ਕਰਨ ਦਾ ਹੈ। ਭੋਲੀ ਰਾਣੀ ਪੇਚ ਵਿਚ ਆ ਗਈ ਤੇ ਕਿਲੇ ਤੋਂ ਨਿਕਲ ਕੇ ਸ਼ਹਿਰ ਵਿਚ ਰਹਿਣ ਲੱਗ ਪਈ। ਓਧਰ ਧਿਆਨ ਸਿੰਘ ਨੇ ਮਹਾਰਾਜਾ ਸ਼ੇਰ ਸਿੰਘ ਨੂੰ ਸਿਖਾ ਦਿੱਤਾ ਕਿ ਮਹਾਰਾਣੀ ਤੁਹਾਨੂੰ ਮਹਾਰਾਜਾ ਰਣਜੀਤ ਸਿੰਘ ਦਾ ਅਸਲ ਪੁੱਤਰ ਨਹੀਂ ਸਮਝਦੀ ਤੇ ਆਪ ਸਰਦਾਰ ਜੈਮਲ

ਸਿੰਘ ਕਨ੍ਹਈਆ ਦੀ ਧੀ ਹੋਣ ਪਰ ਗਰੂਰ ਕਰਦੀ ਹੈ। ਇਸ ਗੱਲ ਨੇ ਸ਼ੇਰ ਸਿੰਘ ਦਾ ਦਿਲ ਖੱਟਾ ਕਰ ਦਿੱਤਾ ਤੇ ਦੋਹਾਂ ਦਾ ਆਨੰਦ ਕਾਰਜ ਨਾ ਹੋ ਸਕਿਆ। ਹੁਣ ਮਹਾਰਾਣੀ ਦਾ ਕੰਡਾ ਸਦਾ ਲਈ ਕੱਢ ਦੇਣ ਦੀਆਂ ਵਿਧਾਂ ਸੋਚੀਆਂ ਜਾਣ ਲੱਗ ਪਈਆਂ ਅਤੇ ਜੂਨ 1842 ਵਿਚ ਜਦ ਮਹਾਰਾਜਾ ਸ਼ੇਰ ਸਿੰਘ ਲਾਹੌਰੋਂ ਬਾਹਰ ਸ਼ਿਕਾਰ ਤੇ ਗਿਆ ਹੋਇਆ ਸੀ ਤਾਂ ਮਹਾਰਾਣੀ ਦੀਆਂ ਬਾਂਦੀਆਂ ਨੂੰ ਲਾਲਚ ਦੇ ਕੇ ਓਸ ਨੂੰ ਜ਼ਹਿਰ ਦਿਵਾ ਦਿੱਤਾ ਅਤੇ ਜਦ ਉਹ ਬੇਹੋਸ਼ ਹੋ ਗਈ ਤਾਂ ਉਨ੍ਹਾਂ ਨੇ ਪੱਥਰ ਮਾਰ-ਮਾਰ ਕੇ ਉਸ ਦੀ ਖੋਪਰੀ ਤੋੜ ਛੱਡੀ। ਇਹ ਗੱਲ ਬੁਧ-ਵੀਰ 28-29 ਜੇਠ ਸੰਮਤ 1899 ਬਿਕ੍ਰਮੀ ਮੁਤਾਬਕ 8-9 ਜੂਨ 1842 ਈਸਵੀ ਦੀ ਰਾਤ ਦੀ ਹੈ। ਤਿੰਨ ਦਿਨ ਚੰਦ ਕੌਰ ਬਿਸਤਰੇ ਤੇ ਪਈ ਸਿਸਕਦੀ ਰਹੀ ਤੇ ਅੰਤ 32 ਜੇਠ ਮੁਤਾਬਿਕ 12 ਜੂਨ ਨੂੰ ਚੜ੍ਹਾਈ ਕਰ ਗਈ।

ਸੰਧਾਵਾਲੀਏ ਸਰਦਾਰ : ਸੰਧਾਵਾਲੀਏ ਸਰਦਾਰ ਰਿਸ਼ਤੇ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਭਰਾ ਭਾਈ ਲੱਗਦੇ ਸਨ ਤੇ ਇਨ੍ਹਾਂ ਦੀ ਪੀੜ੍ਹੀ ਨਕੜਦਾਦੇ ਸਰਦਾਰ ਬੁੱਢਾ ਸਿੰਘ ਤੋਂ ਸਾਂਝੀ ਸੀ। ਸਰਦਾਰ ਬੁੱਢਾ ਸਿੰਘ ਦੇ ਦੋ ਪੁੱਤਰ ਸਨ, ਨੌਧ ਸਿੰਘ ਤੇ ਚੰਦਾ ਸਿੰਘ। ਨੌਧ ਸਿੰਘ ਤੋਂ ਮਹਾਰਾਜੇ ਦੀ ਪੀੜ੍ਹੀ ਚਲੀ ਤੇ ਚੰਦਾ ਸਿੰਘ ਤੋਂ ਸੰਧਾਵਾਲੀਆਂ ਦੀ। ਸਰਦਾਰ ਨੌਧ ਸਿੰਘ ਦਾ ਪੁੱਤਰ ਚੜ੍ਹਤ ਸਿੰਘ, ਚੜ੍ਹਤ ਸਿੰਘ ਦਾ ਮਹਾਂ ਸਿੰਘ, ਤੇ ਮਹਾਂ ਸਿੰਘ ਦਾ ਮਹਾਰਾਜਾ ਰਣਜੀਤ ਸਿੰਘ ਸੀ। ਦੂਸਰੇ ਪਾਸੇ ਚੰਦਾ ਸਿੰਘ ਦਾ ਪੁੱਤਰ ਦੀਦਾਰ ਸਿੰਘ, ਦੀਦਾਰ ਸਿੰਘ ਦਾ ਅਮੀਰ ਸਿੰਘ, ਅਮੀਰ ਸਿੰਘ ਦਿਆਂ ਵਿਚੋਂ ਸਰਦਾਰ ਲਹਿਣਾ ਸਿੰਘ ਸੰਧਾਵਾਲੀਆ ਸੀ, ਸਰਦਾਰ ਲਹਿਣਾ ਸਿੰਘ ਦੇ ਭਰਾ ਵਸਾਵਾ ਸਿੰਘ ਦਾ ਪੁੱਤਰ ਸਰਦਾਰ ਅਜੀਤ ਸਿੰਘ ਸੰਧਾਵਾਲੀਆ ਸੀ। ਇਸ ਤਰ੍ਹਾਂ ਸਰਦਾਰ ਲਹਿਣਾ ਸਿੰਘ ਮਹਾਰਾਜਾ ਰਣਜੀਤ ਸਿੰਘ ਦਾ ਭਰਾ ਲੱਗਦਾ ਸੀ ਤੇ ਅਜੀਤ ਸਿੰਘ ਮਹਾਰਾਜਾ ਸ਼ੇਰ ਸਿੰਘ ਦਾ। ਸਰਦਾਰ ਲਹਿਣਾ ਸਿੰਘ ਮਹਾਰਾਜਾ ਸ਼ੇਰ ਸਿੰਘ ਦਾ ਚਾਚਾ ਲਗਣ ਕਰਕੇ ਉਸ ਦੇ ਪੁੱਤਰ ਕੰਵਰ ਪਰਤਾਪ ਸਿੰਘ ਦਾ ਬਾਬਾ ਲੱਗਦਾ ਸੀ, ਇਸ ਕਰਕੇ 8ਵੇਂ ਬੈਂਤ ਵਿਚ ਮਹਾਰਾਜਾ ਸ਼ੇਰ ਸਿੰਘ ਨੇ ਸਰਦਾਰ ਅਜੀਤ ਸਿੰਘ ਨੂੰ 'ਭਾਈਆ ਜੀ' ਤੇ ਕੰਵਰ ਪਰਤਾਪ ਸਿੰਘ ਨੇ 10ਵੇਂ ਬੈਂਤ ਵਿਚ ਸਰਦਾਰ ਲਹਿਣਾ ਸਿੰਘ ਨੂੰ 'ਬਾਬਾ' ਕਹਿ ਕੇ ਬੁਲਾਇਆ ਹੈ।

ਮਹਾਰਾਜਾ ਖੜਕ ਸਿੰਘ ਤੇ ਕੰਵਰ ਨੌ-ਨਿਹਾਲ ਦੀ ਮੌਤ ਪਿੱਛੋਂ ਸੰਧਾਵਾਲੀਏ ਚਾਹੁੰਦੇ ਸਨ ਕਿ ਰਾਜ-ਗੱਦੀ ਖੜਕ ਸਿੰਘ ਦੀ ਮਹਾਰਾਣੀ ਤੇ ਕੰਵਰ ਨੌ-ਨਿਹਾਲ ਸਿੰਘ ਦੀ ਮਾਤਾ ਮਾਈ ਚੰਦ ਕੌਰ ਨੂੰ ਦਿੱਤੀ ਜਾਵੇ, ਇਸ ਲਈ ਧਿਆਨ ਸਿੰਘ ਦੇ ਸੱਦੇ ਪਰ ਜਿਸ ਵੇਲੇ ਸ਼ੇਰ ਸਿੰਘ ਲਾਹੌਰ ਆਇਆ ਤਾਂ ਗੁਲਾਬ ਸਿੰਘ ਅਤੇ ਹੀਰਾ ਸਿੰਘ ਡੋਗਰਿਆਂ (ਧਿਆਨ ਸਿੰਘ ਦੇ ਵੱਡੇ ਭਰਾ ਤੇ ਪੁੱਤਰ) ਦੇ ਨਾਲ ਹੋ ਕੇ ਸੰਧਾਵਾਲੀਆ ਨੇ ਸ਼ੇਰ ਸਿੰਘ ਦਾ ਮੁਕਾਬਲਾ ਕੀਤਾ। ਸ਼ੇਰ ਸਿੰਘ ਦੇ ਮਹਾਰਾਜਾ ਬਣ ਜਾਣ ਪਿੱਛੋਂ ਸਰਦਾਰ ਲਹਿਣਾ ਸਿੰਘ ਨੂੰ ਕੁੱਲੂ ਤੋਂ ਮੰਗਵਾ ਕੇ, ਕਿ ਜਿੱਥੇ ਉਹ ਆਪਣੀ ਨੌਕਰੀ ਤੇ ਚਲਾ ਗਿਆ ਸੀ, ਕੈਦ ਕਰ ਦਿੱਤਾ ਗਿਆ ਅਤੇ ਸਰਦਾਰ ਸ਼ਮਸ਼ੇਰ ਸਿੰਘ ਤੋਂ ਬਗੈਰ ਦੂਸਰੇ ਸੰਧਾਵਾਲੀਏ ਸਰਦਾਰ ਸਤਲੁਜੋਂ ਪਾਰ ਅੰਗਰੇਜ਼ੀ ਇਲਾਕੇ ਵਿਚ ਥਾਨੇਸਰ ਜਾ ਰਹੇ। ਪਰ ਇਨ੍ਹਾਂ ਦਾ ਇਸ ਤਰ੍ਹਾਂ ਬਾਹਰ ਚਲਾ ਜਾਣਾ ਮਹਾਰਾਜਾ ਸ਼ੇਰ ਸਿੰਘ ਲਈ ਚੰਗਾ ਨਹੀਂ ਦਿੱਸਦਾ ਸੀ, ਇਸ ਲਈ ਮਹਾਰਾਜਾ ਨੇ ਭਾਈ ਰਾਮ ਸਿੰਘ ਦੀ ਸਲਾਹ ਮੰਨ ਕੇ ਸਰਦਾਰ ਲਹਿਣਾ ਸਿੰਘ ਨੂੰ, ਜੋ ਕੁੱਝ ਚਿਰ ਪਿੱਛੋਂ ਕੈਦੋਂ ਛੱਡ ਦਿੱਤੇ ਜਾਣ ਪਰ ਪਾਰ ਚਲਾ ਗਿਆ ਸੀ, ਅਤੇ ਸਰਦਾਰ ਅਜੀਤ ਸਿੰਘ ਆਦਿ ਨੂੰ ਲਾਹੌਰ ਬੁਲਾ ਕੇ ਉਨ੍ਹਾਂ ਦੀਆਂ

ਜਾਗੀਰਾਂ ਉਨ੍ਹਾਂ ਨੂੰ ਦੇ ਦਿੱਤੀਆਂ।

ਹੁਣ ਸੰਧਾਵਾਲੀਏ ਸਰਦਾਰ ਤੇ ਮਹਾਰਾਜਾ ਸ਼ੇਰ ਸਿੰਘ ਇਕ-ਮਿਕ ਹੁੰਦੇ ਦਿੱਸਦੇ ਸਨ, ਤੇ ਦੂਸਰੇ ਪਾਸੇ ਮਹਾਰਾਜਾ ਤੇ ਵਜ਼ੀਰ ਵਿਚ ਨਾਰਾਜ਼ਗੀ ਪੈਦਾ ਹੋ ਗਈ। ਸੱਯਦ ਹਾਦੀ ਹੁਸੈਨ ਤੇ ਮੌਲਵੀ ਰੱਜਬ ਅਲੀ ਦੀ ਲਿਖਤ ਅਨੁਸਾਰ ਸੰਧਾਵਾਲੀਏ ਕਹਿੰਦੇ ਹਨ ਕਿ ਧਿਆਨ ਸਿੰਘ ਸਰਦਾਰ ਅਜੀਤ ਸਿੰਘ ਤੇ ਲਹਿਣਾ ਸਿੰਘ ਪਾਸ ਆਇਆ ਤੇ ਕਿਹਾ ਕਿ ਮਹਾਰਾਜਾ ਸ਼ੇਰ ਸਿੰਘ ਨੇ ਤੁਹਾਨੂੰ ਮਾਰ ਦੇਣ ਦਾ ਇਰਾਦਾ ਕਰ ਲਿਆ ਹੈ, ਇਸ ਲਈ ਸ਼ੇਰ ਸਿੰਘ ਨੂੰ ਮਾਰਨ ਲਈ ਮੇਰੇ ਨਾਲ ਸ਼ਾਮਿਲ ਹੋ ਜਾਓ। ਡਾਕਟਰ ਹੋਨਿਗਬਰਗਰ ਲਿਖਦਾ ਹੈ ਕਿ ਵਜ਼ੀਰ ਧਿਆਨ ਸਿੰਘ ਨੇ ਮਹਾਰਾਜਾ ਸ਼ੇਰ ਸਿੰਘ ਪਾਸੋਂ ਕਈ ਐਸੀਆਂ ਗੱਲਾਂ ਕਰਵਾਈਆਂ ਜਿਨ੍ਹਾਂ ਕਰਕੇ ਉਹ ਫ਼ੌਜਾਂ ਨੂੰ ਕਰੜਾ ਭਾਸਣ ਲੱਗ ਪਿਆ। ਇਨ੍ਹਾਂ ਵਿਚੋਂ ਹੀ ਇਕ ਗੱਲ 27 ਭਾਦੋਂ ਸੰਮਤ 1900 ਬਿਕ੍ਰਮੀ, 10 ਸਤੰਬਰ ਸੰਨ 1843 ਵਾਲੇ ਦਿਨ ਬਹੁਤ ਬਿਰਧ ਤੇ ਪੁਰਾਣੇ ਘੋੜ-ਚੜ੍ਹਿਆਂ ਨੂੰ ਨੌਕਰੀ ਤੋਂ ਹਟਾਉਣਾ ਤੇ ਕੁੱਝ ਕੁ ਦੇ ਘੋੜਿਆਂ ਨੂੰ ਨਾ-ਮਨਜ਼ੂਰ ਕਰਨਾ ਜਾਪਦੀ ਹੈ ਜਦ ਕਿ ਫ਼ੌਜਾਂ ਵਿਚ ਨਾਰਾਜ਼ਗੀ ਪੈਦਾ ਹੋ ਜਾਣੀ ਕੁਦਰਤੀ ਗੱਲ ਸੀ। ਇਸੇ ਵੇਲੇ ਹੀ ਘੋੜਾ ਸ਼ੱਕੀ ਕੀਤੇ ਜਾਣ ਪਰ ਇਕ ਨਿਹੰਗ ਸਿੰਘ ਨੇ ਗੁੱਸੇ ਵਿਚ ਆ ਕੇ ਘੋੜਾ ਤੇ ਆਪਣਾ ਹੋਰ ਸਾਮਾਨ ਬਖਸ਼ੀਸ਼ ਕਰ ਦਿੱਤਾ ਤੇ ਆਪ ਹਕੀਕਤ ਰਾਏ ਦੀ ਸਮਾਧ ਤੇ ਆ ਬੈਠਾ ਤੇ ਕ੍ਰੋਧ ਵਿਚ ਕਹਿਣ ਲੱਗਾ ਕਿ ਥੋੜ੍ਹੇ ਚਿਰ ਵਿਚ ਹੀ ਇਹ ਰਾਜ ਮਿੱਟੀ ਵਿਚ ਮਿਲ ਜਾਵੇਗਾ, ਅਤੇ ਜਿਵੇਂ ਆਮ ਤੌਰ ਤੇ ਨਿਹੰਗ ਸਿੰਘ ਕਈ ਵਾਰੀ ਸੁਖ-ਨਿਧਾਨ ਦੇ ਰਗੜੇ ਤਿਆਰ ਕਰਨ ਵੇਲੇ ਛਾਣ ਕੇ ਵਿਚੋਂ ਨਿਕਲੇ ਨੁਗਦੇ ਦਾ ਪਿੰਨਾ ਵੱਟ ਕੇ ਸਾਮ੍ਹਣੇ ਕਿਸੀ ਚੀਜ਼ ਵਿਚ ਮਾਰਦੇ ਤੇ ਲਲਕਾਰਦੇ ਹਨ ਕਿ "ਔਹ ਮਾਰਿਆ ਔਰੰਗਾ ਤੁਰਕੜਾ ਜਿਨ ਖਿਚਿਓ ਹੰਕਾਰਾ", ਇਸੇ ਤਰ੍ਹਾਂ ਇਸ ਨਿਹੰਗ ਸਿੰਘ ਨੇ ਜਦ ਨੁਗਦਾ ਸਾਮ੍ਹਣੇ ਕਿੱਕਰ ਵਿਚ ਮਾਰਿਆ ਤਾਂ ਉਹ ਕਿੱਕਰ ਧੜਾ ਜ਼ਮੀਨ ਤੇ ਆ ਡਿੱਗੀ। ਇਸ ਗੱਲ ਨੇ ਲੋਕ ਹੈਰਾਨ ਕਰ ਦਿੱਤੇ ਅਤੇ ਸ਼ਹਿਰ ਵਿਚ ਥਾਂ-ਥਾਂ ਤੇ ਚਰਚਾ ਹੋਣ ਲੱਗ ਪਈ ਕਿ ਕੋਈ ਅੱਲੋਕਾਰ ਭਾਣਾ ਵਰਤਣ ਵਾਲਾ ਹੈ। ਇਸੇ ਗੱਲ ਨੂੰ ਹੀ ਨਿਹਾਲ ਸਿੰਘ ਪੰਜਵੇਂ ਬੈਂਤ ਵਿਚ ਮਹਾਰਾਜੇ ਵੱਲੋਂ ਪੰਥ ਨਾਲ ਵਿਰੋਧ ਆਖਦਾ ਹੈ।

ਕਤਲਾਂ ਲਈ ਸਾਜ਼ਸ਼ਾਂ : ਸੰਧਾਵਾਲੀਆਂ ਨੇ ਮਹਾਰਾਜਾ ਸ਼ੇਰ ਸਿੰਘ ਨੂੰ ਜਾ ਕੇ ਕਿਹਾ ਕਿ ਵਜ਼ੀਰ ਧਿਆਨ ਸਿੰਘ ਤੇਰੀ ਜਾਨ ਦਾ ਲਾਗੂ ਹੋ ਰਿਹਾ ਹੈ ਅਤੇ ਮਹਾਰਾਜੇ ਵਾਸਤੇ ਬਚਾਓ ਇਸੇ ਵਿਚ ਹੈ ਕਿ ਵਜ਼ੀਰ ਨੂੰ ਟਿਕਾਣੇ ਲਾ ਦਿੱਤਾ ਜਾਏ ਅਤੇ ਉਹ (ਮਹਾਰਾਜਾ) ਆਪਣੇ ਭਾਈ-ਬੰਦਾ ਤੇ ਦੋਸਤਾਂ (ਸੰਧਾਵਾਲੀਆਂ) ਪਰ ਭਰੋਸਾ ਕਰੇ। ਮਹਾਰਾਜਾ ਅੱਗੇ ਹੀ ਉਸ ਤੋਂ ਛੁਟਕਾਰਾ ਪਾਉਣਾ ਚਾਹੁੰਦਾ ਸੀ। ਉਸ ਨੇ ਇਕ ਕਾਗਜ਼ ਉੱਤੇ ਸੰਧਾਵਾਲੀਆਂ ਨੂੰ ਦਸਤਖ਼ਤ ਕਰ ਦਿੱਤੇ ਕਿ ਧਿਆਨ ਸਿੰਘ ਦੇ ਕਤਲ ਲਈ ਉਨ੍ਹਾਂ ਨੂੰ ਕੁੱਝ ਨਹੀਂ ਆਖਿਆ ਜਾਵੇਗਾ। ਇਸ ਤੋਂ ਬਾਅਦ ਸੰਧਾਵਾਲੀਏ ਧਿਆਨ ਸਿੰਘ ਵੱਲ ਗਏ ਜਿੱਥੇ ਕਿ ਕਤਲਾ ਲਈ ਪਾਸਾ ਹੀ ਉਲਟ ਗਿਆ ਅਤੇ ਧਿਆਨ ਸਿੰਘ ਨੇ ਉਨ੍ਹਾਂ ਨੂੰ ਆਪਣੀ ਥਾਂ ਮਹਾਰਾਜਾ ਸ਼ੇਰ ਸਿੰਘ ਤੇ ਉਸ ਦੇ ਪੁੱਤਰ ਕੰਵਰ ਪਰਤਾਪ ਸਿੰਘ ਨੂੰ ਕਤਲ ਕਰਨ ਲਈ ਮਨਾ ਲਿਆ, ਜਿਸ ਦੇ ਨਤੀਜੇ ਵਿਚ ਪਹਿਲੀ ਅੱਸੂ ਸੰਮਤ 1900 ਬਿਕ੍ਰਮੀ ਮੁਤਾਬਕ 15 ਸਤੰਬਰ 1843 ਨੂੰ ਉਹ ਖ਼ੂਨੀ ਭਾਣਾ ਵਰਤਿਆ ਜਿਸ ਦਾ ਜ਼ਿਕਰ ਕਿ ਨਿਹਾਲ ਸਿੰਘ ਦੀਆਂ ਅੱਗੇ ਦਿੱਤੀਆਂ ਜਾ ਰਹੀਆਂ 'ਬੈਂਤਾਂ ਸ਼ੇਰ ਸਿੰਘ ਕੀਆਂ' ਵਿਚ ਆਉਂਦਾ ਹੈ।

ਬੈਂਤਾਂ ਸ਼ੇਰ ਸਿੰਘ ਕੀਆਂ

੧ਓ ਸਤਿਗੁਰ ਪ੍ਰਸਾਦਿ ॥

ਦਲ ਦੁਰਜਨ ਕੇ ਦਾਹਨੀ, ਜੈ ਜੈ ਮਾਤਾ ਜਵਾਲ ।
ਸੁੰਦਰ ਸੋਭਾ ਭਵਨ ਕੀ, ਦਰਸ਼ਨ ਸਿੰਘ ਨਿਹਾਲ । ੧ ।

ਅਲਫ਼ ਆਦਿ ਗਣੇਸ਼ ਮਨਾਇ ਪਹਿਲੇ,
ਫੇਰ ਜਾਇ ਕਰੀਏ ਦੁਰਗਾ ਸੇਵ ਹੈ ਜੀ ।
ਚੌਦਾਂ ਭਵਨ ਨੌਂ ਖੰਡ ਸੰਸਾਰ ਸਾਰੇ,
ਪ੍ਰਥਮ ਆਦਿ ਗਣੇਸ਼ ਪੂਜੇਵ ਹੈ ਜੀ ।
ਮਾਤਾ ਪਾਰਬਤੀ ਮਹਾਂਦੇਵ ਪਿਤਾ,
ਸਰਬ ਦੇਵ ਵਿਖੇ ਭੋਲਾ ਦੇਵ ਹੈ ਜੀ । ੨ ।
ਬੇ ਬੱਡੀ ਸਰਕਾਰ[1] ਜੋ ਆਪ ਹੈ ਸੀ,
ਸੋ ਭੀ ਚਲਦੀ ਪੰਥ ਅਨੁਸਾਰ ਭਈਜਾ ।
ਆਪੋ ਆਪਣੇ ਇਸਮ ਖਲਿਹਾਰ ਦਿੱਤੇ,
ਕੋਈ ਬੋਲਦਾ ਨਹੀਂ ਦੂਜੀ ਵਾਰ ਭਈਜਾ ।
ਜਮਾਂਦਾਰ ਮੁਸਾਹਿਬ ਕਰਨੈਲ ਸਾਰੇ,
ਜੀਟਣ[2] ਸਰਜਣ[3] ਰਹਿਣ ਤਿਆਰ ਭਈਜਾ ।
ਜਿਧਰ ਜਾਂਵਦਾ ਧਾਂਵਦੀ ਫੌਜ ਬਾਂਕੀ,
ਰਛਪਾਲ ਸਰਕਾਰ ਦੀ ਮਹਾਂ-ਮਈਆ । ੩ ।
ਤੇ ਤਰ੍ਹਾਂ ਸਰਕਾਰ ਦੀ ਅਜਬ ਭਾਰੀ,
ਤੋਪਾਂ ਰਹਕਲੇ ਸਣੇ ਜੰਬੂਰਿਆਂ ਦੇ ।
ਕਲਾਨੌਰ ਫਿਲੌਰ ਪਿਸ਼ੌਰ ਤਾਈਂ,
ਟਕੇ ਦੇਂਵਦੇ ਨੀ ਮਾਰੇ ਹੂਰਿਆਂ ਦੇ ।

---

1. ਮਹਾਰਾਜਾ ਰਣਜੀਤ ਸਿੰਘ ।
2. ਅਜੀਟਨ—adjutant.
3. Surgeon.

ਤੇਗ਼ ਢਾਲ ਤਲਵਾਰ ਤੁਫ਼ੰਗ ਨੇਜ਼ੇ,
ਕੌਣ ਅਟਕਦਾ ਈ ਅੱਗੋ ਸੂਰਿਆਂ ਦੇ।
ਪੈਣ ਭਾਜੜਾਂ ਚੀਨ ਮਾਚੀਨ ਤਾਈਂ,
ਕਾਬਲ ਕੰਬਦਾ ਜ਼ਰਾ ਖੰਘੂਰਿਆਂ ਦੇ। ੪।
ਸੋ ਸਮਝ ਨਾ ਰਹੀ ਸ਼ੇਰ ਸਿੰਘ ਦੀ ਜੀ,
ਪੰਥ ਨਾਲ ਵਿਰੋਧ ਵਧਾਂਵਦਾ ਹੀ।
ਜੇਹੜੇ ਸੂਰਮੇ ਸਿੰਘ ਸਿਰਦਾਰ ਆਹੇ,
ਘੋੜੇ ਤਿਨ੍ਹਾਂ ਦੇ ਸ਼ੱਕੀ ਕਰਾਂਵਦਾ ਹੀ।
ਸੂਰਾ ਪੂਰਾ ਜੋ ਸਿੰਘ ਨਿਹੰਗ ਆਹਾ,
ਘੋੜਾ ਉਸ ਦਾ ਭੋਗ ਜਾਂ ਪਾਂਵਦਾ ਹੀ।
ਨਗਦਾ ਮਾਰਿ ਕਿੱਕਰ ਸਿੰਘ ਸਾਫ਼ ਕੀਤੀ,
ਸ਼ੇਰ ਸਿੰਘ ਨੂੰ ਸੋਈ ਮੁਕਾਂਵਦਾ ਹੀ[1]। ੫।
ਜੀਮ ਜਾਇ ਬਿਲਾਵਲ ਸ਼ਾਹ[2] ਬੈਠੇ,
ਪਹਿਲਵਾਨ ਉਥੇ ਸਦਵਾਂਵਦਾ ਹੀ।
ਚੱਕ੍ਰ ਡੰਡ ਉਛਾਲਦੇ ਸਰੂ ਕੱਢਣ,
ਖ਼ੁਸ਼ੀ ਹੋਇ ਕੇ ਮੌਤ ਭੁਲਾਂਵਦਾ ਹੀ।
ਪਹਿਲਵਾਨ ਚੌਹਾਂ ਕੁਸ਼ਤੀ ਬੱਸਿ ਕੀਤੀ,
ਕੰਠੇ ਕੜੇ ਇਨਾਮ ਦਿਵਾਂਵਦਾ ਹੀ।
ਮੌਤ ਆਂਵਦੀ ਨਾਲ ਬਹਾਨਿਆਂ ਦੇ,
ਅਜੀਤ ਸਿੰਘ ਡੇਰਿਓਂ ਚੜ੍ਹ ਧਾਂਵਦਾ ਹੀ। ੬।

---

1. ਇਸ ਬੈਂਤ ਦਾ ਇਸ਼ਾਰਾ ਮਹਾਰਾਜਾ ਸ਼ੇਰ ਸਿੰਘ ਦੇ 27 ਭਾਦੋਂ ਸੰਮਤ 1900 ਵਾਲੇ ਦਿਨ ਕੁੱਝ ਕੁ ਬਹੁਤ ਬੁੱਢੇ ਤੇ ਕਮਜ਼ੋਰ ਘੋੜ-ਚੜ੍ਹਿਆਂ ਨੂੰ ਨੌਕਰੀ ਤੋਂ ਹਟਾ ਦੇਣ ਵੱਲ ਹੈ। ਇਨ੍ਹਾਂ ਵਿਚੋਂ ਕੁੱਝ-ਘੋੜ ਚੜ੍ਹੇ ਮਹਾਰਾਜਾ ਦੇ ਪੜਦਾਦਾ ਸਰਦਾਰ ਚੜ੍ਹਤ ਸਿੰਘ ਅਤੇ ਦਾਦਾ ਮਹਾਂ ਸਿੰਘ ਦੇ ਵੇਲੇ ਦੇ ਸਨ। ਮਾਲੂਮ ਹੁੰਦਾ ਹੈ, ਕਿ ਖੁੱਲ੍ਹੇ ਘੋੜ-ਚੜ੍ਹਿਆਂ ਵਿਚੋਂ ਕੁਝ ਕੁ ਘੋੜੇ ਮਾਂ ਦੇ ਹੋਣ ਕਰਕੇ ਨਾ-ਮਨਜ਼ੂਰ ਕਰ ਦਿੱਤੇ ਗਏ ਸਨ ਜਿਸ ਕਰਕੇ ਓਹ ਨੌਕਰੀ ਵਿਚ ਨਹੀਂ ਰਹਿ ਸਕਦੇ ਸਨ। ਇਨ੍ਹਾਂ ਵਿਚੋਂ ਇੱਕ ਸਿੰਘ ਨੇ, ਜੋ ਇਸ ਬੈਂਤ ਅਨੁਸਾਰ ਨਿਹੰਗ ਸਿੰਘ ਪ੍ਰਤੀਤ ਹੁੰਦਾ ਹੈ, ਆਪਣਾ ਘੋੜਾ ਤੇ ਹਥਿਆਰ ਬਖਸ਼ੀਸ਼ ਕਰ ਦਿੱਤੇ ਤੇ ਹਕੀਕਤ ਰਾਏ ਦੀ ਸਮਾਧ ਤੇ ਆ ਬੈਠਾ ਤੇ ਕਹਿਣ ਲੱਗਾ ਕਿ ਥੋੜ੍ਹੇ ਚਿਰ ਵਿਚ ਇਹ ਬਾਦਸ਼ਾਹੀ ਮਿੱਟੀ ਵਿਚ ਮਿਲ ਜਾਏਗੀ, ਅਤੇ ਸੁੱਖੇ ਦੀ ਦੇਗ ਛਾਣ ਕੇ ਸਾਮ੍ਹਣੇ ਇੱਕ ਕਿੱਕਰ ਵਿਚ ਨਗਦਾ ਜੋ ਮਾਰਿਆ ਤਾਂ ਓਹ ਕਿਕਰ ਜੜ੍ਹਾਂ ਤੋਂ ਉਖੜ ਕੇ ਡਿੱਗ ਪਈ। ਇਹ ਡਿੱਗੀ ਹੋਈ ਕਿੱਕਰ ਲਾਹੌਰ ਦੇ ਬੇਸ਼ੁਮਾਰ ਲੋਕਾਂ ਨੇ ਜਾ ਕੇ ਵੇਖੀ। ਇਹ ਗੱਲ ਦੇਖ ਕੇ ਲੋਕੀਂ ਹੈਰਾਨ ਹੋ ਗਏ ਤੇ ਸਾਰੇ ਸ਼ਹਿਰ ਵਿਚ ਇਹ ਧੁੰਮ ਗਈ ਕਿ ਕੋਈ ਅੱਲੋਕਾਰ ਉਪੱਦਰ ਹੋਣ ਵਾਲਾ ਹੈ [ਸੋਹਨ ਲਾਲ, ਉਮਦਾਤੁ-ਤਵਾਰੀਖ਼ ਦਫ਼ਤਰ ਚੌਥਾ, ਹਿੱਸਾਤੀਸਰਾ, ਪੰਨਾ 27-28]।
2. ਸ਼ਾਹ ਬਿਲਾਵਲ ਦਾ ਮਕਬਰਾ ਹੈ। ਜਿੱਥੇ ਮਹਾਰਾਜਾ ਰਣਜੀਤ ਸਿੰਘ ਦੀ ਬਾਰਾਂਦਰੀ ਸੀ, ਜਿਸ ਅਸਥਾਨ ਤੇ ਕਿ ਇਹ ਭਾਣਾ ਵਰਤਿਆ।

ਹੈ ਹੁਕਮ ਦੇਂਦਾ ਫ਼ੌਜ ਆਪਣੀ ਨੂੰ,
ਜਾਓ ਅੰਬ ਦੇ ਹੇਠ ਅਸਵਾਰ ਸਿੰਘੋ।
ਤੇਗ਼ ਵਾਹੁਣੀ ਵਾਂਗ ਪਿਸ਼ੌਰ ਵਾਂਗੂੰ,
ਕੋਈ ਬੋਲੇ ਓਦਾ ਨਿਗੇਦਾਰ ਸਿੰਘੋ।
ਗਇਆ ਮਰ ਅਕਾਲ ਨੂੰ ਸੌਂਪ ਦੇਹੋ,
ਰਹਿਆ ਜੀਂਵਦਾ ਕਰਾਂ ਸਿਰਦਾਰ ਸਿੰਘੋ।
ਪਹਿਲਾਂ ਮਰਨਾ ਜੇ ਸ਼ੇਰ ਸਿੰਘ ਤਾਈਂ,
ਫੇਰ ਛੱਡਣਾ ਨਹੀਂ ਕੌਰ ਪੁਕਾਰ ਸਿੰਘੋ। ੭।
ਖ਼ੇ ਖ਼ਬਰ ਤਕੜਾਈ ਦੀ ਦੇਇ ਸਿੰਘਾਂ,
ਅਜੀਤ ਸਿੰਘ[1] ਵੇਖੋ ਅੰਦਰ ਜਾਉਂਦਾ ਹੀ।
ਪਹਿਲਾਂ ਜਾਇ ਬੁਲਾਂਵਦਾ ਫ਼ਤਿਹ ਦੂਤੀ,
ਲਓ ਹਾਜ਼ਰੀ ਮੁਖੋਂ ਸੁਣਾਂਵਦਾ ਹੀ।
ਭਲਕੇ ਹਾਜ਼ਰੀ ਭਾਈਆ ਜੀ ਲਵਾਂਗਾ ਮੈਂ[2],
ਜ਼ਬਾਂ ਮਿੱਠੜੀ ਨਾਲ ਸੁਣਾਂਵਦਾ ਹੀ।
ਬਦਬਖ਼ਤ ਹਰਾਮੀ ਨੇ ਬੁਰਾ ਕੀਤਾ,
ਬੰਦੂਖ ਡੇਰਿਓ ਨਾਲ ਲੈ ਆਉਂਦਾ ਹੀ। ੮।
ਦਾਲ ਵੇਖ ਦੂਤੀ ਬੁਰਾ ਕਰਨ ਲੱਗਾ,
ਜਮ ਆਇ ਉਹਨੂੰ ਤੁਰਤ ਰੋਕਦਾ ਹੀ।
ਨਾਲੀ ਹਥ ਦੇ ਕੇ ਕਹੇ ਕੋਠੀ ਵੇਖੋ,
ਕਲਾ ਮਗਰੋਂ ਤੁਪਕ ਦੀ ਝੋਕਦਾ ਹੀ।
ਮੱਥੇ ਵਿੱਚਿ ਦੋ ਗੋਲੀਆਂ ਵੱਜ ਗਈਆਂ,
ਦੂਤੀ ਦਿਲੋਂ ਬੇਤਰਸ ਹੋਇ ਠੋਕਦਾ ਹੀ।
ਹੁਕਮ ਆਯਾ ਆਕਾਲ ਦਾ ਵਰਤਣਾ ਸੀ,
ਸੀਸ ਕੱਟ ਕੈ ਪ੍ਰਾਣਾਂ ਨੂੰ ਸੋਖਦਾ ਹੀ। ੯।
ਜਾਲ ਜਾਂਵਦਾ ਨਿਮਕ ਹਰਾਮ ਉਥੋਂ,
ਦਰਸ਼ਨ ਉਸ ਨੂੰ ਜਾਇ ਦਿਖਾਂਵਦਾ ਹੀ।
ਪੂਜਾ ਕੌਰ ਕਰਾਂਵਦਾ ਬਾਗ਼[3] ਅੰਦਰ,
ਲਹਿਣਾ ਸਿੰਘ ਉਹਨੂੰ ਤੇਗ਼ ਵਾਹੁੰਦਾ ਹੀ।

---

1. ਸਰਦਾਰ ਅਜੀਤ ਸਿੰਘ ਸੰਧਾਵਾਲੀਆ।
2. ਮਹਾਰਾਜਾ ਸ਼ੇਰ ਸਿੰਘ।
3. ਬਾਗ਼ ਰਾਜਾ ਤੇਜਾ ਸਿੰਘ, ਜਿੱਥੇ ਕਿ ਕੰਵਰ ਪ੍ਰਤਾਪ ਸਿੰਘ ਸੰਗ੍ਰਾਂਦ ਦਾ ਦਿਨ ਹੋਣ ਕਰਕੇ ਦਾਨ ਕਰ ਰਿਹਾ ਸੀ। ਇਹ ਬਾਗ਼ ਸ਼ਾਹ ਬਿਲਾਵਲ ਤੋਂ ਲਹਿੰਦੇ ਵੱਲ ਨੂੰ ਹੈ।

ਹੱਥ ਜੋੜ ਕਹਿੰਦਾ ਕੌਰ ਓਸ ਤਾਈਂ,
ਬਾਬਾ ਮੈਨੂੰ ਕਿਉਂ ਮਾਰ ਗਵਾਵਣਾ ਹੀ।
ਰਹੂੰਗੁ ਪਾਸ ਗ਼ੁਲਾਮ ਹਮੇਸ਼ ਤੇਰੇ,
ਜੋੜੇ ਝਾੜਸਾਂ ਟੁਕੜਾ ਖਾਂਵਦਾ ਹੀ। ੧੦।
ਰੇ ਰਹੇ ਨਾ ਵਰਜਿਆ ਮੂਲ ਵੈਰੀ,
ਤੇਗ਼ ਮਾਰ ਕੇ ਉਸ ਡਿਗਾਂਵਦਾ ਹੀ।
ਬਾਮ੍ਹਣਾਂ ਉੱਪਰ ਡਿੱਗਿਆ ਕੌਰ ਲੈਕੇ,
ਸੀਸ ਦੂਹਾਂ ਦੇ ਨਾਲ ਲੈ ਜਾਂਵਦਾ ਹੀ।
ਬ੍ਰਹਮ-ਹੱਤਿਆ ਮਾਰਦੀ ਦਿਹੋਂ ਰਾਤੀਂ,
ਪਲ ਇਕ ਨਾ ਜੀਵਿਆ ਪਾਂਵਦਾ ਹੀ।
ਭਾਣਾ ਬਾਗ ਵਰਤਾਇ ਕੈ ਗਜਾ ਦੇਖੀ,
ਰਾਹ ਰਾਜੇ[2] ਨੂੰ ਫਤੇ ਬੁਲਾਂਵਦਾ ਹੀ। ੧੧।
ਜੇ ਜਾਣਦਾ ਰੱਬ ਦੀ ਬਾਤ ਕੋਈ,
ਕਹਿੰਦਾ ਰਾਜਾ ਜੀ ਹੁਣੇ ਨਾ ਜਾਓ ਤੁਸੀਂ।
ਆਖੇ ਸੋਈ ਜੋ ਓਦਾ ਸਰੀਕ ਹੋਵੇ,
ਹੋਰ ਕੌਣੁ ਆਖੇ ਮੌਤ ਆਇ ਢੁੱਕੀ।
ਚੜ੍ਹਿਆ ਵਿਚ ਬੱਘੀ ਅਸਵਾਰ ਹੋ ਕੇ,
ਧਰਮ ਧਾਰ ਰਾਜਾ ਏਹੋ ਬਾਤ ਸੱਚੀ।
ਹੁਕਮ ਆਇ ਅਕਾਲ ਇਹ ਵਰਤਣਾ ਸੀ,
ਰੱਖੇ ਕੌਣ ਜਾ ਰੱਬ ਨੇ ਇਹੋ ਠੱਟੀ। ੧੨।
ਸੀਨ ਸਮਝ ਨਾ ਆਈ ਆ ਮੂਰਖਾਂ ਨੂੰ,
ਬੀਜ ਆਪਣਾ ਧਰਤ ਥੋਂ ਖੋਂਦਦੇ ਨੀ।
ਸ਼ੇਰ ਸਿੰਘ ਸਣੇ ਕੌਰ ਮਾਰਿਓ ਨੇ,
ਰਾਹਿ ਰਾਜੇ ਨੂੰ ਕਾਸ ਨੂੰ ਰੋਕਦੇ ਨੀ।
ਹੁਕਮ ਆਜਾ ਅਕਾਲ ਦਾ ਵਰਤਣਾ ਸੀ,
ਲੰਘ ਡੇਵਢੀ ਰਾਜੇ ਨੂੰ ਰੋਕਦੇ ਨੀ।
ਬਦਬਖ਼ਤ ਹਰਾਮੀਆਂ ਬੁਰਾ ਕੀਤਾ,
ਰਾਜਾ ਸਾਹਬ ਸੁਰਗ ਨੂੰ ਟੋਰਦੇ ਨੀ। ੧੩।

1. ਇਸ ਵੇਲੇ ਇੱਥੇ ਕੰਵਰ ਪ੍ਰਤਾਪ ਸਿੰਘ ਪਾਸ ਸਰਦਾਰ ਗੁਰਦਿੱਤ ਸਿੰਘ ਡਿਓੜ੍ਹੀ ਵਾਲਾ, ਹੀਰਾ ਮਿੱਸਰ ਤੇ ਜਵਾਹਰ ਮਿੱਸਰ ਸਨ। ਇਨ੍ਹਾਂ ਨੂੰ ਭੀ ਕੌਰ ਦੇ ਨਾਲ ਹੀ ਕਤਲ ਕਰ ਦਿੱਤਾ ਗਿਆ।
2. ਰਾਜਾ ਧਿਆਨ ਸਿੰਘ ਡੋਗਰਾ।

ਸੀਨ ਸ਼ਹਿਰ ਹੋਣੀ ਆਣਿ ਸ਼ੋਰੁ ਪਾਇਆ,
ਕਈ ਸੂਰਮੇ ਓਸ ਨੇ ਦਾੜ੍ਹ ਦਿੱਤੇ।
ਖੜਗ ਸਿੰਘ ਦੂਲੇ ਪਾਤਸ਼ਾਹ ਜੇੜ੍ਹੇ,
ਕੌਰ ਕਾਰ ਸਣੇ ਹੋਣੀ ਮਾਰ ਦਿੱਤੇ।
ਮਰਦ ਤੇਗ-ਧਾਰੀ ਹਰੀ ਸਿੰਘ ਦੂਲੇ,
ਫੂਲਾ ਸਿੰਘ ਜੇਹੇ ਧਰਤ ਧਾਰ ਦਿੱਤੇ।
ਪੁੰਨਵਾਨ ਦਿਵਾਨ ਨਾ ਨਜ਼ਰ ਆਵੇ,
ਰਾਜੇ ਸਣੇ ਤਕਾਲ ਸੰਘਾਰ ਦਿੱਤੇ। ੧੪।
ਸੂਾਦ ਸਬਰ ਨਾ ਆਂਵਦਾ ਇਕ ਰੱਤੀ,
ਪਯਾ ਫ਼ਿਕਰ ਜਾ ਰਾਜੇ ਦਾ ਆਇਕੈ ਜੀ।
ਬੇਟਾ ਸੋਈ ਜੋ ਬਾਪ ਦਾ ਲਏ ਬਦਲਾ,
ਮਾਰੇ ਦੁਸ਼ਟ ਵਿੰਗਾਰ ਸੁਜਾਇ ਕੈ ਜੀ।
ਸੱਭੇ ਆਸਰੇ ਹੋਰਿ ਨਿਰਾਸ ਗਏ,
ਸਾਮ ਪੰਥ ਦੀ ਲਈ ਸੂ ਆਇ ਕੇ ਜੀ।
ਕਰੇ ਖ਼ਾਲਸਾ ਦਯਾ ਦਯਾਲ ਹੋ ਕੇ,
ਸਰਣ ਪੰਥ ਦੀ ਚਲਿਆ ਧਾਇਕੈ ਜੀ। ੧੫।
ਜ਼ਾਦ ਜ਼ੋਰ ਲੱਗਾ ਫ਼ਿਕਰ ਬਾਪ ਦਾ ਜੀ,
ਲਈ ਸਾਮ ਤਿਨਿ ਪੰਥ ਦੀ ਆਇਕੈ ਜੀ।
ਲਾਹਿ ਢਾਲ ਤਲਵਾਰ ਟਿਕਾਇ ਦਿੱਤੀ,
ਗਲ ਪਾਇ ਪੱਲਾ ਖਲਾ ਜਾਇਕੈ ਜੀ।
ਕਰਾਂ ਬੇਨਤੀ ਪੰਥ ਸਮੂੰਹ ਅੱਗੇ,
ਰੱਖੋ ਲਾਜੁ ਮੇਰੀ ਅੱਜੁ ਆਇਕੈ ਜੀ।
ਚਲੋ ਚਲੀਏ ਦਲੀਏ ਦੁਸ਼ਟ ਤਾਈਂ,
ਦੇਆਂ ਬਹੁਤ ਇਨਾਮ ਵਧਾਇਕੈ ਜੀ। ੧੬।
ਤੋਇ ਤੋਰ ਲੈ ਪੰਥ ਦਾ ਜੋਰੁ ਭਰਿਆ,
ਕਹਯਾ ਖਾਲਸੇ ਸਭ ਵਿੰਗਾਰਕੈ ਜੀ।
ਰੱਖੋ ਹੌਂਗਤਾ ਕਰਾਂਗੇ ਭਿਰਾ ਛੇਤੀ,
ਰੱਖ ਬਾਤ ਸਾਡੀ ਰਿਦੇ ਧਾਰਕੈ ਜੀ।
ਕਰ ਕੰਮ ਵਿਸਾਰ ਨਾ ਦੰਮ ਇਕੋ,
ਪਕੜਿ ਓਸ ਤਾਂਈ ਲਹੋ ਮਾਰਕੈ ਜੀ।
ਸਗਲ ਖ਼ਾਲਸਾ ਮਗਰ ਤਿਆਰ ਤੇਰੇ,
ਦੇਹ ਤੁਰਤ ਤੰਬੂਰ ਵਜਾਇਕੈ ਜੀ। ੧੭।

ਜੋਇ ਜਾਂਵਦੀ ਦਉੜ ਦਗਈ ਰਜਮਣ[1]
ਕੁਰਟ[2] ਵਾਲੀਆਂ ਮਿਲਣੇ ਆਈਆਂ ਨੀ।
ਦੋਇ ਪੜਤਲਾਂ ਅਬੂ ਤਬੇਲੇ[3] ਦੀਆਂ,
ਰਜਮਣ ਸੰਗ ਲੈ ਕੇ ਮਿਲਣ ਧਾਈਆਂ ਨੀ।
ਧੋਕਲ ਸਿੰਘ ਦੀਆਂ ਜਾ ਲਿਆ ਪਲਿਕ ਮਾਹੀ,
ਨਜੀਮਾਂ ਵਾਲੀਆਂ[4] ਦੌੜਿ ਕੈ ਆਈਆਂ ਨੀ।
ਰਾਮ-ਰਜਮਣਾਂ ਸਣੇ ਅਕਾਲ-ਰਜਮਣ,
ਨਿਹਾਲ ਸਿੰਘ ਆ ਛਤੇ ਬੁਲਾਈਆਂ ਨੀ। ੧੮।
ਐਨ ਆਏ ਅਸਵਾਰ ਹਰਿ ਰਾਇ ਵਾਲੇ,
ਫੇਰ ਘਰ ਵਾਲੇ ਮਿਲਣ ਆਂਵਦੇ ਨੀ।
ਫੇਰ ਅੜਦਲੀ[5] ਢਾਈ ਹਜ਼ਾਰ ਸੁਣੋਂ,
ਹੀਰਾ ਸਿੰਘ ਦੇ ਹਾਜ਼ਰ ਹੋ ਜਾਂਵਦੇ ਨੀ।
ਸਭੋ ਖਾਲਸਾ ਮਗਰ ਤਿਆਰ ਤੇਰੇ,
ਏਹੋ ਆਖਦੇ ਸਭ ਤੁਰਾਂਵਦੇ ਨੀ।
ਸ਼ਹੀਦ ਗੰਜ[6] ਰਾਜਾ[7] ਜਾਇ ਖਲਾ ਹੋਯਾ,
ਤੰਬੂਰ ਪੜਤਲਾਂ ਆਣ ਵਜਾਂਵਦੇ ਨੀ। ੧੯।
ਗੈਨ ਗੱਜ ਪਈ ਧਮਕ ਧਰਤ ਤਾਂਈ,
ਹੀਰਾ ਸਿੰਘ ਦੀ ਮਦਤ ਤੇ ਪੰਥ ਚੜ੍ਹਿਆ।
ਸਣੇ ਰਜਮਣਾਂ ਪੜਤਲਾਂ ਆਣ ਜੁੜੀਆਂ,
ਆਪੋ ਆਪਣੇ ਸਬਦ ਤੰਬੂਰ ਕਰਿਆ।
ਤੁਰਮ ਰਜਮਣਾਂ ਦੇ ਆਣ ਹੋਏ ਵਾਜੇ,
ਨਾਲੇ ਘੋੜ-ਚੜਿਆਂ ਧੌਂਸੇ ਚੋਬ ਜੁੜਿਆ।
ਸ਼ਹੀਦ ਗੰਜ ਗਿਣਤੀ ਆਇ ਤਿੰਨਾਂ ਕੀਤੀ,
ਨਿਹਾਲ ਸਿੰਘ ਕਹੇ ਹੀਰਾ ਸਿੰਘ ਚੜ੍ਹਿਆ। ੨੦।

---

1. ਰੈਜਿਮੈਂਟ-Regiment.
2. M. Court.
3. ਅਵੀਤਾਬਲੇ—Avitable.
4. ਨਜੀਬ ਪਲਟਣਾਂ।
5. Orderlies.
6. ਗੁਰਦੁਆਰਾ ਸ਼ਹੀਦ ਗੰਜ, ਲੰਡਾ ਬਜ਼ਾਰ, ਦਿੱਲੀ ਦਰਵਾਜ਼ਿਓਂ, ਚੜ੍ਹਦੀ ਵੱਲ ਹੈ, ਇਹ ਗੁਰਦੁਆਰਾ ਸੰਨ 1935-36 ਦੀ ਮੁਸਲਿਮ ਐਜੀਟੇਸ਼ਨ ਦੇ ਕਾਰਣ ਕਾਫੀ ਮਸ਼ਹੂਰ ਹੋ ਗਿਆ ਹੈ।
7. ਹੀਰਾ ਸਿੰਘ, ਪੁੱਤ੍ਰ ਰਾਜਾ ਧਿਆਨ ਸਿੰਘ ਡੋਗਰਾ।

ਕਾਫ ਕ੍ਰੋਧ ਸਿਉਂ ਫਿਕਰ ਕਰ ਧਾਇ ਪਈਆਂ,
ਫੌਜਾਂ ਗਈਆਂ ਵਿਚ ਲਾਹੌਰ ਦੇ ਚਾਂਹਦੀਆਂ ਨੀ ।
ਮੁੱਛਾਂ ਵੱਟ ਦੇਵਨ ਕਬਜ਼ੇ ਹੱਥ ਰੱਖਣ,
ਖੌਫ਼ ਇਕ ਅਕਾਲ ਦਾ ਖਾਂਦੀਆਂ ਨੀ ।
ਮਾਰੋ ਮਾਰਿ ਕਰਿ ਕੇ ਪਈਆਂ ਧਾਇ ਲੋਕੇ,
ਪਹਿਲਾਂ ਸ਼ਹਿਰ ਨੂੰ ਲੁੱਟ ਵਿਖਾਂਦੀਆਂ ਨੀ ।
ਲਓ ਪਕੜਿ ਵੈਰੀ ਦੇਹੋ ਵਾਹਿ ਤੇਗਾਂ,
ਹੀਰਾ ਸਿੰਘ ਦਾ ਹੁਕਮ ਏਹੋ ਚਾਂਹਦੀਆਂ ਨੀ । ੨੧ ।
ਗਾਫ ਗੱਲ ਗਿਣਤੀ ਸ਼ਹੀਦ ਰੰਜ ਗਿਣ ਕੇ,
ਸਾਰੀਆਂ ਫੌਜਾਂ ਲਾਹੌਰ ਦੇ ਰਾਹ ਪਈਆਂ ।
ਖੁਸ਼ੀ ਜਾਂਵਦੇ ਧਾਂਵਦੇ ਮਾਰ ਦੇਖੋ,
ਫੌਜਾਂ ਦਿੱਲੀ ਦਰਵਾਜ਼ੇ ਦੇ ਰਾਹ ਗੱਈਆਂ ।
ਨਹੀਂ ਆਵਣਾਂ ਜੇ ਮੁੜ ਜੱਗ ਉੱਤੇ,
ਗੱਲ ਸੱਚ ਦੀ ਆਖਦਾ ਸਭ ਭੱਈਆ ।
ਨਿਹਾਲ ਸਿੰਘ ਕਹੇ ਦੇਹੋ ਬੀੜ ਤੋਪਾਂ,
ਰਛਪਾਲ ਤੁਸਾਡੜੇ ਮਗਰ ਮੱਈਆ । ੨੨ ।
ਲਾਮ ਲਾਹਿ ਤਖਤੇ ਫੱਟ ਗੱਡ ਅੱਗੇ,
ਮਰੜੇ ਬੰਨ੍ਹਣੇ ਨੂੰ ਦੂਰੋਂ ਫ਼ਿਕਰ ਹੋਏ ।
ਵੀਹਾਂ ਪੜਤਲਾਂ ਸੜਤਲਾਂ ਬੰਨ੍ਹ ਲਈਆਂ,
ਚਾਰੇ ਰਜਮਣਾਂ ਆਣ ਕੇ ਜ਼ਿਕਰ ਹੋਏ ।
ਸਾਢੇ ਛੇ ਹਜ਼ਾਰ ਜੋ ਘੋੜ-ਚੜ੍ਹਾ,
ਖੜਾ ਲਾਇ ਤੋੜਾਂ ਨਹੀਂ ਵਿਕਰ ਕੋਏ ।
ਨਿਹਾਲ ਸਿੰਘ ਸਭੇ ਗਿਣ ਲੈਈ ਬੰਦੂਕ,
ਬੱਤੀ ਹਜ਼ਾਰ ਲਾਹੌਰ ਦੇ ਗਿਰਦ ਹੋਏ । ੨੩ ।
ਮੀਮ ਮਸਤ ਹੋਏ ਮੌਤ ਚਿਤ ਨਾਂਹੀਂ,
ਪਾਤਸ਼ਾਹੀ ਨੂੰ ਧਜਾਨ ਲਗਾਇਓ ਨੇ[1] ।
ਦਲੀਪ ਸਿੰਘ ਨੂੰ ਤੁਰਤ ਸਦਵਾਇ ਤਿਨ੍ਹਾਂ,
ਪਾਤਸ਼ਾਹ ਕਰਿ ਨਜ਼ਰ ਦਿਵਾਇਓ ਨੇ ।

1. ਇਸ ਤੋਂ ਇਹ ਜਾਪਦਾ ਹੈ ਕਿ ਮਹਾਰਾਜਾ ਸ਼ੇਰ ਸਿੰਘ ਦੇ ਮਾਰੇ ਜਾਣ ਪਿੱਛੋਂ ਸੰਧਾਵਾਲੀਆਂ ਦੀ ਨਜ਼ਰ ਲਾਹੌਰ ਦੀ ਬਾਦਸ਼ਾਹੀ ਉੱਤੇ ਸੀ । ਹੋ ਸਕਦਾ ਹੈ ਧਿਆਨ ਸਿੰਘ ਡੋਗਰੇ ਨਾਲ ਸੰਧਾਵਾਲੀਆਂ ਦੀ ਇਸ ਪ੍ਰਕਾਰ ਦੀ ਕੋਈ ਗੱਲ ਹੋਈ ਹੋਵੇ । ਹੋ ਸਕਦਾ ਹੈ ਕਿ ਇਹੋ ਕਾਰਣ ਹੋਵੇ ਕਿ ਜਦ ਇਨ੍ਹਾਂ ਨੇ ਧਿਆਨ ਸਿੰਘ ਨੂੰ ਕੁੱਝ ਬਦਲਦਾ ਡਿੱਠਾ ਤਾਂ ਉਸ ਉੱਤੇ ਭੀ ਗੋਲੀ ਦਾਗ ਦਿੱਤੀ ਤੇ ਪਾਰ ਬੁਲਾਇਆ ।

ਅਫ਼ਸਰ ਈਨ ਦੇ ਤੁਰਤ ਸਦਵਾਇ ਤਿਨ੍ਹਾਂ,
ਚਰਣ ਧੋਇ ਚਰਨਾਮਿਤ ਪਿਆਇਓ ਨੇ ।

... ...

... ... ।੨੪।

ਨੂਨ ਨਜ਼ਰ ਕੀਤੀ ਬੀਤੀ ਸਭ ਸੁਣੇ,
ਸਿੰਘ ਆਣਿ ਘੇਰਾ ਬਾਹਰੋਂ ਪਾਂਵਦੇ ਨੀ ।
ਅੰਦਰ ਖ਼ਬਰ ਹੋਈ ਹੀਰਾ ਸਿੰਘ ਚੜ੍ਹਿਆ,
ਆਪੋ ਵਿਚ ਸਮਿਆਨ ਬਣਾਂਵਦੇ ਨੀ ।
ਹਜ਼ੂਰੀ ਬਾਗ ਨਾਲੇ ਕਿਲ੍ਹਾ ਪਾਤਸ਼ਾਹੀ,
ਸਣੇ ਮਸੀਤ[1] ਦੇ ਆਕੀ ਕਰਾਂਵਦੇ ਨੀ ।
ਨਿਹਾਲ ਸਿੰਘ ਆ ਦਿਨ ਗੁਜ਼ਸ਼ਤ ਹੋਇਆ,
ਵਖਤ ਸੰਧਜਾ ਦੇ ਤੋਪਾਂ ਚਲਾਂਵਦੇ ਨੀ ।੨੫।
ਵਾਉ ਵੁਖ਼ਤ ਪਿਆ ਬੇਖ਼ਬਰ ਸਾਨੂੰ,
ਅਜੀਤ ਸਿੰਘ ਵੇਖੋ ਗਮ ਖਾਂਵਦਾ ਏ ।
ਕੋਈ ਥਾਂ ਨਾਂਹੀ ਕੁਥਾਂ ਮੋਏ,
ਲੈਹਣਾ ਸਿੰਘ ਨੂੰ ਕੋਲ ਬਹਾਂਵਦਾ ਏ ।
ਸਨਮੁਖ ਹੋਇ ਮਰੇ ਭਾਈਆ ਬਾਤ ਚੰਗੀ,
ਹੋਰ ਗੱਲ ਨਾ ਦਿਲੇ ਲਿਆਂਵਦਾ ਏ ।
ਤੋਪਾਂ ਚਲਦੀਆਂ ਚੌਲ ਗੁਬਾਰ ਪਿਆ,
ਲੈਹਣਾ ਸਿੰਘ ਮਸੀਤ ਵਿਚ ਆਂਵਦਾ ਏ ।੨੬।
ਹੇ ਹੁਕਮ ਕਰਤਾਰ ਦਾ ਆਣ ਹੋਇਆ,
ਕਿਲੇ ਆਣ ਤੋਪਾਂ ਸਿੰਘ ਡਾਹਵਦੇ ਨੀ ।
ਵੱਗਣ ਗੋਲੀਆਂ ਧੋਲੀਆਂ ਕਰਨ ਬਾਹੀਆਂ,
ਸੰਜੋਆਂ ਚਾਇ ਸਿੰਘਾਂ ਵਰਤਾਂਵਦੇ ਨੀ ।
ਸਿੰਘਾਂ ਆਣ ਰਲ ਵੱਡਾ ਜ਼ੋਰ ਪਾਇਆ,
ਪੈਹਿਲੀ ਸੱਟ ਮਸੀਤ ਜੋ ਢਾਂਵਦੇ ਨੀ ।
ਨਿਹਾਲ ਸਿੰਘ ਭਾਈਆ ਤੋਪਾਂ ਜ਼ੋਰ ਪਾਇਆ,
ਹਜ਼ੂਰੀ ਬਾਗ ਡੇਰਾ ਸਿੰਘ ਪਾਂਵਦੇ ਨੀ ।੨੭।
ਲਾਮ ਲੱਗੀ ਗੋਲੀ ਲੈਹਣਾ ਸਿੰਘ ਤਾਈਂ,
ਚੁੱਕ ਤਖ਼ਤ ਪਿੱਛੇ ਜਾਇ ਪਾਂਵਦੇ ਨੀ ।

---

1. ਬਾਦਸ਼ਾਹੀ ਮਸੀਤ, ਜੋ ਕਿਲੇ ਦੇ ਸਾਹਮਣੇ ਹਜ਼ੂਰੀ ਬਾਗ ਦੇ ਲਹਿੰਦੇ ਨੂੰ ਹੈ ।

ਸਿੰਘਾਂ ਆਨ ਹੱਲਾ ਵੱਡਾ ਜ਼ੋਰ ਕੀਤਾ,
ਦੱਖਣ ਬਾਹੀ ਤੇ ਹੱਲਾ ਕਰਾਂਵਦੇ ਨੀ।
ਇਕ ਸਿੰਘ ਕਹਿਆ ਅਜੀਤ ਸਿੰਘ ਤਾਂਈ,
ਸਿੰਘ ਟੱਪ ਪਏ ਅੰਦਰ ਆਂਵਦੇ ਨੀ।
ਨਿਹਾਲ ਸਿੰਘ ਕਹੇ ਸਉ ਸਿੰਘ ਲੈ ਕੇ,
ਜਾਇ ਹੱਲੇ ਨੂੰ ਪਿਛਾਂ ਹਟਾਂਵਦੇ ਨੀ। ੨੮।
ਅਲਫ਼ ਆਇ ਅਜੀਤ ਸਿੰਘ ਹਨ ਕੀਤਾ,
ਦੋ ਵਾਰ ਜਾ ਹੱਲਾ ਹਟਾਂਵਦਾ ਈ।
ਤੋਪਾਂ ਚੱਲੀਆਂ ਠੱਲੀਆਂ ਰਹਿਣ ਨਾਹੀਂ,
ਬਾਹਰ ਆਂਵਣੇ ਨੂੰ ਦਿਲ ਡਾਂਹਵਦਾ ਈ।
ਲਈ ਢਾਲ ਤਲਵਾਰ ਜੁ ਪਕੜ ਦਸਤੀਂ,
ਸ਼ਹੀਦ ਗੰਜਾਂ ਵਾਲੇ ਬੂਹੇ ਆਂਵਦਾ ਈ।
ਨਿਹਾਲ ਸਿੰਘ ਸਿੰਘਾਂ ਬੂਹੇ ਅੱਗ ਲਾਈ,
ਗ਼ਮ ਖਾਇ ਪਿੱਛਾਂ ਮੁੜ ਆਂਵਦਾ ਈ। ੨੯।
ਜੇ ਜਾਦ ਕਰ ਗੁਰਾਂ ਨੂੰ ਲਮਕ ਪਿਆ,
ਜਦੋਂ ਸਿੰਘ ਡਿੱਠੇ ਅੰਦਰ ਆਂਵਦੇ ਨੀ।
ਪਹਿਲਾਂ ਢਾਲ ਤਲਵਾਰ ਸੁ ਸੁੱਟ ਦਿੱਤੀ,
ਬਾਹਰੋਂ ਲਮਕਦੇ ਨੂੰ ਗੋਲੀ ਲਾਂਵਦੇ ਨੀ।
ਤੇਗ਼ ਮਾਰਦਾ ਆਨ ਪਠਾਣ ਓਹਨੂੰ,
ਹੀਰਾ ਸਿੰਘ ਪੈ ਸੀਸ ਲੈ ਜਾਂਵਦੇ ਨੀ।
ਨਿਹਾਲ ਸਿੰਘ ਕਹੇ ਖੁਸ਼ੀ ਬਹੁਤ ਹੋਈ,
ਕੰਙਣ ਕੰਠੇ ਇਨਾਮ ਦਿਵਾਂਵਦੇ ਨੀ। ੩੦।

ੴ ਸਤਿਗੁਰ ਪ੍ਰਸਾਦਿ ॥

ਅਲਫ਼ ਆਪ ਫੱਟਿਆ ਸੁੱਟਿਆ ਤਖ਼ਤ ਉੱਤੇ,
ਲੈਹਣਾ ਸਿੰਘ ਜੋ ਤੀਰ ਚਲਾਂਵਦਾ ਏ।
ਇਕ ਮਾਰਦਾ ਦੂਜੇ ਨਿਘਾਰਦਾ ਈ,
ਤੀਰ ਪਾਰ ਤੀਜੇ ਕਰ ਜਾਂਵਦਾ ਏ।
ਰਾਏ ਸਿੰਘ ਕੋਲੋਂ ਹੱਲਾ ਕਰ ਪੈਂਦਾ,
ਮੰਗਲ ਸਿੰਘ ਜਾ ਕੇ ਤੇਗਾਂ ਵਾਹੰਦਾ ਏ।

1. ਇੱਥੇ ਸ਼ਹੀਦ ਭਾਈ ਮਨੀ ਸਿੰਘ ਦਾ ਜ਼ਿਕਰ ਹੈ।

ਨਿਹਾਲ ਸਿੰਘ ਕਹੇ ਫੌਜਾਂ ਜ਼ੋਰ ਪਾਇਆ,
ਕੁਝ ਅਕਲ ਦਾ ਪੇਸ਼ ਨਾ ਜਾਂਵਦਾ ਏ। ੩੧।
ਥੋ ਥੱਡੀ ਕਰੇਪੀ ਸਿੰਘਾਂ ਆਣ ਕੀਤੀ,
ਕਉਪਣੀ ਜੰਮ ਕੇ ਫ਼ੈਲ[1] ਕਰਾਂਵਦੇ ਨੀ।
ਲਏ ਭੁਨ ਧਾਣਾਂ ਵਾਂਗ ਸਿੰਘ ਸੱਭੇ,
ਲਗੀਆਂ ਗੋਲੀਆਂ ਪ੍ਰਾਣ ਉਡਾਂਵਦੇ ਨੀ।
ਸਿੰਘਾਂ ਰਉੜ ਡਿੱਠੀ ਸੁਣ ਕੇ ਦੌੜ ਪਏ,
ਸੀਸ ਤਿਨਾਂ ਦੇ ਵੱਢ ਲੈ ਜਾਂਵਦੇ ਨੀ।
ਨਿਹਾਲ ਸਿੰਘ ਰਹੇ ਜਿੱਚਰ ਸੀਸ ਤਿੰਨੇ,
ਫੇਰ ਕਿਲੇ ਨੂੰ ਫਤੇ ਕਰਾਂਵਦੇ ਨੀ। ੩੨।
ਤੇ ਤੇਗ਼ ਲਹੌਰ ਦੇ ਵਿਚ ਚੱਲੀ,
ਚਾਰੇ ਤਰਫ਼ ਉਸ ਸ਼ੋਰ ਲੈ ਪਾਇਆ ਈ।
ਵੱਜਨ ਗ਼ੋਲੀਆਂ ਪੋਲੀਆਂ ਕਰਨ ਬਾਹੀਆਂ,
ਕਿਲੇ ਕੋਟ ਉਤੇ ਗਹੁ ਆਇਆਈ।
ਤੋਪਾਂ ਚੱਲੀਆਂ ਠੱਲੀਆਂ ਰਹਿਣ ਨਾਹੀਂ,
ਖੰਡਾ ਧੂਹ ਲਹੌਰ ਤੇ ਧਾਇਆ ਈ।
ਹੀਰਾ ਸਿੰਘ ਨੂੰ ਪੰਥ ਨੇ ਫਤੇ ਦਿੱਤੀ,
ਦੁਸ਼ਟ ਦਾਹਿ ਉਸ ਪਕੜ ਖਪਾਇਆ ਈ। ੩੩।
ਸੋ ਸਾਬਤੀ ਹੋਈ ਹੀਰਾ ਸਿੰਘ ਤਾਈਂ,
ਲਿਆ ਬਦਲਾ ਬਾਪ ਦਾ ਵਕਤ ਓਸੇ।
ਤੋਪਾਂ ਡਾਹਿ ਵਿਚੋਂ ਸੂਰਾ ਪਕੜ ਲਿਆ,
ਵੈਰੀ ਮਾਰਿਆ ਸੂ ਇਕ ਪਲਕ ਝੋਸੇ।
ਕੰਙਣ ਕੰਠੇ ਇਨਾਮ ਸੁਜ਼ਰਬ ਖਾਸੇ,
ਦੁਸ਼ਾਲੇ ਹੰਡਾਂਵਦੇ ਵੰਨ ਸੁਵੰਨ ਤੋਸ਼ੇ।
ਨਿਹਾਲ ਸਿੰਘ ਤੇ ਮਾਤਾ ਦਿਆਲ ਹੋਈ,
ਬੈਂਤ ਸਭ ਕੀਤੇ ਚੋਤੀ ਵਖਤ ਓਸੇ। ੩੪।

ਸੰਮਤ ਉਨੀ ਸੈ ਵਿਖੇ ਅੱਸੂ ਪਹਿਲੀ[2] ਆਹ।
ਏਹੋ ਹੰਗਾਮਾ ਹੋਇਆ ਤਖ਼ਤ ਲਹੌਰ ਕੀ ਜਾਹਿ।

---

1. ਫ਼ਾਇਰ (Fire)
2. 1 ਅਸੂ ਸੰਮਤ 1900 ਬਿਕ੍ਰਮੀ, 15 ਸਤੰਬਰ 1843 ਈਸਵੀ, 19 ਸ਼ਾਬਾਨ 1259 ਹਿਜਰੀ।

ਅੰਗਰੇਜ਼ਾਂ ਤੇ ਸਿੰਘਾਂ ਦੀ ਲੜਾਈ

ਕ੍ਰਿਤ

ਕਵੀ ਸ਼ਾਹ ਮੁਹੰਮਦ

ਸ਼ਾਹ ਮੁਹੰਮਦ ਪੰਜਾਬ ਦਾ ਇਕ ਬੜੇ ਉੱਚੇ ਪਾਏ ਦਾ ਕਵੀ ਹੈ ਜਿਸ ਦੀ 'ਅੰਗਰੇਜ਼ਾਂ ਤੇ ਸਿੰਘਾਂ ਦੀ ਲੜਾਈ' ਨਾਮੀ ਪ੍ਰਸਿੱਧ ਤੇ ਦਿਲ-ਖਿੱਚਵੀਂ ਰਚਨਾ ਨੇ ਇਸ ਨੂੰ ਅਮਰ ਕਰ ਦਿੱਤਾ ਹੈ। ਇਹ ਰਚਨਾ ਹੋਰ ਕਈ ਨਾਮਾਂ ਨਾਲ ਭੀ ਪ੍ਰਸਿੱਧ ਹੈ ਜਿਵੇਂ ਕਿ 'ਕਿੱਸਾ ਸ਼ਾਹ ਮੁਹੰਮਦ', 'ਵਾਰ ਸ਼ਾਹ ਮੁਹੰਮਦ', 'ਸ਼ਾਹ ਮੁਹੰਮਦ ਦੇ ਬੈਂਤ', 'ਜੰਗਨਾਮਾ ਸਿੰਘਾਂ ਤੇ ਫ਼ਰੰਗੀਆਂ ਦਾ' ਆਦਿ।

ਪੰਜਾਬ ਵਿਚ ਸ਼ਾਹ ਮੁਹੰਮਦ ਦੇ ਬੈਂਤ ਇਤਨੇ ਹਰ-ਮਨ-ਪਿਆਰੇ ਹਨ ਕਿ ਕੀ ਹਿੰਦੂ, ਕੀ ਮੁਸਲਮਾਨ ਅਤੇ ਕੀ ਸਿੱਖ, ਹਰ ਇਕ ਦੀ ਜ਼ਬਾਨ ਉੱਤੇ ਹਨ। ਸੱਚ ਤਾਂ ਇਹ ਹੈ ਕਿ ਸ਼ਾਹ ਮੁਹੰਮਦ ਨੂੰ ਪੰਜਾਬ ਦਾ ਕੌਮੀ ਕਵੀ ਕਿਹਾ ਜਾ ਸਕਦਾ ਹੈ।

ਆਮ ਖ਼ਿਆਲ ਇਹ ਸੀ ਕਿ ਆਪ ਬਟਾਲਾ ਜ਼ਿਲ੍ਹਾ ਗੁਰਦਾਸ ਪੁਰ ਦੇ ਰਹਿਣ ਵਾਲੇ ਸਨ, ਅਰ ਮੁਨਸ਼ੀ ਮੌਲਾ ਬਖ਼ਸ਼ 'ਕੁਸ਼ਤਾ' ਦੀ 'ਪੰਜਾਬ ਦੇ ਹੀਰੇ' ਨਾਮੀ ਪੁਸਤਕ ਵਿਚ ਦਿੱਤੀ ਖੋਜ ਅਨੁਸਾਰ ਆਪ ਵਡਾਲਾ ਵੀਰਮ ਜ਼ਿਲ੍ਹਾ ਅੰਮ੍ਰਿਤਸਰ ਦੇ ਵਸਨੀਕ ਸਨ ਜਿਥੇ ਕਿ ਸੰਨ 1780-82 ਵਿਚ ਆਪ ਦਾ ਜਨਮ ਹੋਇਆ ਅਤੇ ਅੱਸੀ ਖਿਆਸੀ ਸਾਲ ਦੀ ਉਮਰ ਭੋਗ ਕੇ ਇੱਥੇ ਹੀ ਸੰਨ 1862 ਵਿਚ ਕਾਲ-ਵਸ ਹੋਏ ਤੇ ਦਫ਼ਨਾਏ ਗਏ। ਖ਼ਾਨਦਾਨ ਦੇ ਆਪ ਕੁਰੈਸ਼ੀ ਸਨ। ਇਨ੍ਹਾਂ ਦੇ ਬਜ਼ੁਰਗ ਮੁਸਲਮਾਨ ਬਾਦਸ਼ਾਹਾਂ ਵੇਲੇ ਕਾਜ਼ੀ ਤੇ ਕਾਰਦਾਰ ਸਨ। ਸਿੱਖ ਰਾਜ ਵੇਲੇ ਦਰਬਾਰ ਵਿਚ ਜਗਦਿਓ ਪਿੰਡ ਦੇ ਹਾਸ਼ਮ ਸ਼ਾਹ ਕੁਰੈਸ਼ੀ ਕਰਤਾ 'ਸੱਸੀ ਪੁੰਨੂੰ' ਤੇ 'ਦੋਹੜੇ' ਦੀ ਵੱਧਦੀ ਜਾ ਰਹੀ ਇੱਜ਼ਤ ਦੇ ਸਾਮ੍ਹਣੇ ਸ਼ਾਹ ਮੁਹੰਮਦ ਦਾ ਖ਼ਾਨਦਾਨ ਕੁੱਝ ਮੱਧਮ ਪੈ ਗਿਆ। ਸ਼ਾਹ ਮੁਹੰਮਦ ਦੀ ਸਰਕਾਰ ਲਾਹੌਰ ਦੇ ਤੋਪਚੀ ਮੀਆਂ ਸੁਲਤਾਨ ਮਹਿਮੂਦ ਵਾਸੀ ਭਰੋਵਾਲ ਤਹਿਸੀਲ ਤਰਨ ਤਾਰਨ ਨਾਲ ਰਿਸ਼ਤੇਦਾਰੀ ਸੀ ਅਤੇ ਮੀਆਂ ਦੀਨ ਮੁਹੰਮਦ ਬਟਾਲੀਏ ਨਾਲ ਆਉਣ-ਜਾਣ ਸੀ। ਸ਼ਾਹ ਮੁਹੰਮਦ ਦੇ ਦੋ ਪੁੱਤਰ ਸਨ, ਮੁਹੰਮਦ ਬਖ਼ਸ਼ ਤੇ ਹਾਸ਼ਮ ਸ਼ਾਹ। ਇਹ ਹਾਸ਼ਮ ਸ਼ਾਹ ਭੀ ਕਵੀ ਸਨ ਅਤੇ 'ਮੁਖ਼ਲਸ' ਤਖ਼ੱਲਸ ਸੀ।

ਹਾਸ਼ਮ ਦੇ ਟਾਕਰੇ ਤੇ ਸ਼ਾਹ ਮੁਹੰਮਦ ਨੇ ਭੀ 'ਸੱਸੀ ਪੁੰਨੂੰ' ਦਾ ਕਿੱਸਾ ਪੰਜਾਬੀ ਬੈਂਤਾਂ ਵਿਚ ਲਿਖਿਆ, ਪਰ ਆਪ ਦੀ ਵਡਿਆਈ ਜ਼ਿਆਦਾ 'ਅੰਗਰੇਜ਼ਾਂ ਤੇ ਸਿੰਘਾਂ ਦੀ ਲੜਾਈ' ਕਰਕੇ ਹੈ। ਇਹ ਕਿੱਸਾ ਆਪ ਨੇ ਅੰਗਰੇਜ਼ਾਂ ਨਾਲ 1845-46 ਦੀ ਲੜਾਈ ਤੋਂ ਬਾਅਦ ਅਤੇ 1848-49 ਦੇ ਮੁਲਤਾਨ ਵਿਦਰੋਹ ਅਤੇ ਚੇਲੀਆਂਵਾਲੇ ਅਤੇ ਗੁਜਰਾਤ ਦਿਆਂ ਜੰਗਾਂ ਤੋਂ ਪਹਿਲਾਂ ਲਿਖਿਆ ਹੈ। ਇਸ ਵਿਚ ਸਿੱਖ ਰਾਜ ਦੇ ਵੇਲੇ ਪੰਜਾਬ ਵਿਚ ਸੁਖਾਂ-ਭਰੀ ਜ਼ਿੰਦਗੀ, ਹਿੰਦੂਆਂ, ਮੁਸਲਮਾਨਾਂ ਤੇ ਸਿੱਖਾਂ

ਦੇ ਆਪਸ ਵਿਚ ਪਿਆਰ ਭਰੇ ਸਲੂਕ ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਦੇ ਹਾਲਾਤ, ਅੰਗਰੇਜ਼ਾਂ ਵੱਲੋਂ ਲੜਾਈ ਦੀ ਛੇੜ, ਸਿੰਘਾਂ ਤੇ ਫ਼ਰੰਗੀਆਂ ਦੇ ਘੋਰ ਯੁੱਧ ਅਤੇ ਪੰਜਾਬ ਵਿਚ ਅੰਗਰੇਜ਼ਾਂ ਦੇ ਆਵਣ ਦੇ ਹਾਲਾਤ ਦਿੱਤੇ ਹੋਏ ਹਨ।

ਲੜਾਈ ਕਿਵੇਂ ਛਿੜੀ : ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਆਰੰਭ ਤੋਂ ਹੀ ਅੰਗਰੇਜ਼ ਪੰਜਾਬ ਦੀ ਸਰਹੱਦ ਉੱਤੇ ਆ ਬੈਠੇ ਸਨ ਅਤੇ ਹੌਲੀ-ਹੌਲੀ ਉਸ ਦੀ ਵੱਧ ਰਹੀ ਤਾਕਤ ਵਿਚ ਰੁਕਾਵਟਾਂ ਪੈਦਾ ਕਰਨ ਦੇ ਯਤਨ ਵਿਚ ਲੱਗੇ ਹੋਏ ਹਨ। ਉਸ ਦੇ ਜੀਉਂਦੇ ਜੀ ਸਿੰਧ ਤੇ ਬਲੋਚਿਸਤਾਨ ਦੇ ਅਮੀਰਾਂ, ਬਹਾਵਲਪੁਰ ਦੇ ਨਵਾਬ ਅਤੇ ਮਾਲਵੇ ਦੇ ਸਿੱਖ ਰਾਜਿਆਂ ਤੇ ਸਰਦਾਰਾਂ ਨਾਲ ਦੋਸਤੀਆਂ ਪਾ ਕੇ ਪੰਜਾਬ ਦੀਆਂ ਹੱਦਾਂ ਉੱਤੇ ਆਪਣੇ ਡੇਰੇ ਪੱਕੇ ਪੈਰੀ ਕਰੀ ਜਾਣ ਤੋਂ ਬਿਨਾਂ ਇਨ੍ਹਾਂ ਨੂੰ ਹੋਰ ਕੋਈ ਖ਼ਾਸ ਸਫਲਤਾ ਪ੍ਰਾਪਤ ਨਹੀਂ ਸੀ ਹੋ ਸਕੀ, ਪਰ ਉਸ ਦੇ ਅੱਖਾਂ ਮੀਟਣ ਦੀ ਦੇਰ ਸੀ ਕਿ ਇਨ੍ਹਾਂ ਨੇ ਸਿੱਖ ਰਾਜ ਦੇ ਨੌਕਰਾਂ ਨੂੰ ਆਪਣੇ ਨਾਲ ਗੰਢਣਾ ਸ਼ੁਰੂ ਕਰ ਦਿੱਤਾ। ਅਮੀਰ ਦੋਸਤ ਮੁਹੰਮਦ ਦੇ ਵਿਰੁੱਧ ਅਫ਼ਗਾਨਿਸਤਾਨ ਦੀ ਪਹਿਲੀ ਮੁਹਿੰਮ ਵੇਲੇ ਈਸਟ ਇੰਡੀਆ ਕੰਪਨੀ ਦੇ ਵੱਡੇ ਅਫ਼ਸਰਾਂ ਨੇ ਗੁਲਾਬ ਸਿੰਘ ਡੋਗਰੇ ਨੂੰ ਇਲਾਕਿਆਂ ਦੇ ਲਾਲਚ ਨਾਲ ਫਾਹੁਣ ਦੀ ਗੋਂਦ ਗੁੰਦੀ। ਅਫ਼ਗਾਨਿਸਤਾਨ ਵਿਚ ਆਪਣੇ ਪੈਰ ਪੱਕੇ ਕਰਨ ਲਈ ਪਿਸ਼ਾਵਰ ਉੱਤੇ ਅੱਖ ਰੱਖ ਲਈ। ਮਹਾਰਾਜਾ ਸ਼ੇਰ ਸਿੰਘ ਦੇ ਮਾਰੇ ਜਾਣ ਪਿੱਛੋਂ ਹੋਏ ਖ਼ੂਨ-ਖ਼ਰਾਬੇ ਨੇ ਇਨ੍ਹਾਂ ਦੇ ਹੌਸਲੇ ਵਧਾ ਦਿੱਤੇ। ਤਖ਼ਤ ਦਾ ਵਾਲੀ ਮਹਾਰਾਜਾ ਦਲੀਪ ਸਿੰਘ ਚੂੰਕਿ ਨਾਬਾਲਗ ਬੱਚਾ ਸੀ ਇਸ ਲਈ ਸੌਖੇ ਹੀ ਉਸ ਦੀ ਹਕੂਮਤ ਨੂੰ ਉਲਟਾ ਸਕਣ ਦੇ ਖ਼ਿਆਲ ਨਾਲ ਫ਼ੌਜੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ। ਲੋੜ ਪੈਣ ਪਰ ਸਤਲੁਜ ਪਾਰ ਕਰਨ ਲਈ ਪੁਲ ਬਣਾਉਣ ਵਾਲੀਆਂ ਬੇੜੀਆਂ ਭੀ ਫ਼ਿਰੋਜ਼ਪੁਰ ਲਿਆ ਇਕੱਠੀਆ ਕੀਤੀਆਂ। ਹਿੰਦੁਸਤਾਨ ਅਤੇ ਇੰਗਲਿਸਤਾਨ ਦੇ ਲੋਕਾਂ ਨੂੰ ਇਸ ਢੋਈ ਜਾ ਰਹੀ ਲੜਾਈ ਦੀ ਖ਼ਬਰ ਸੁਣਨ ਲਈ ਤਿਆਰ ਕਰਨ ਵਾਸਤੇ ਪ੍ਰਾਪੇਗੰਡਾ ਭੀ ਸ਼ੁਰੂ ਕਰ ਦਿੱਤਾ ਅਤੇ ਅਕਾਰਣ ਹੀ ਧੁਮਾਣਾ ਸ਼ੁਰੂ ਕਰ ਦਿੱਤਾ ਕਿ 'ਸਿੱਖ ਆ ਰਹੇ ਹਨ'।

ਲਾਰਡ ਐਲਨਬਰੋ ਦੇ ਵਾਪਸ ਇੰਗਲਿਸਤਾਨ ਬੁਲਾਏ ਜਣ ਪਰ ਸਰ ਹੈਨਰੀ ਹਾਰਡਿੰਗ ਹਿੰਦੁਸਤਾਨ ਦਾ ਨਵਾਂ ਗਵਰਨਰ-ਜਨਰਲ ਬਣ ਕੇ ਆਇਆ ਤੇ ਜੁਲਾਈ 1844 ਦੇ ਆਖ਼ਰੀ ਹਫ਼ਤੇ ਇੱਥੇ ਪੁੱਜਾ। ਇਸ ਨੇ ਆਉਂਦੇ ਹੀ ਜਾਰਜ ਬਰੌਡਫੁਟ ਨਾਮੀ ਇਕ ਪੋਲੀਟੀਕਲ ਅਫ਼ਸਰ ਨੂੰ, ਜੋ ਲੜਾਈਆਂ ਖੜੀਆਂ ਕਰਨ ਵਿਚ ਬੜਾ ਤਾਕ ਸੀ, ਤਨਾਸਿਰਮ ਤੋਂ ਬਦਲ ਕੇ ਪੰਜਾਬ ਦੀ ਹੱਦ ਉੱਤੇ ਫ਼ਿਰੋਜ਼ਪੁਰ ਲੈ ਆਂਦਾ। ਬਰੌਡਫੁਟ ਨੇ ਇੱਥੇ ਪੁੱਜ ਕੇ ਲਾਹੌਰ ਰਾਜ ਵਿਚ ਆਪਣੇ ਆਦਮੀ ਭੇਜ ਕੇ ਫੁੱਟ ਪਾਉਣ ਦੇ ਯਤਨ ਆਰੰਭੇ ਅਤੇ ਸਿੰਘਾਂ ਨੂੰ ਉਕਸਾਉਣ ਲਈ ਛੇੜਖ਼ਾਨੀ ਸ਼ੁਰੂ ਕਰ ਦਿੱਤੀ। ਸਤਲੁਜ ਦੇ ਦੱਖਣ ਨੂੰ ਸਰਕਾਰ ਪੰਜਾਬ ਦਾ ਕਾਫ਼ੀ ਇਲਾਕਾ ਸੀ ਜਿੱਥੇ ਦਾ ਪ੍ਰਬੰਧ ਕਿ ਪੰਜਾਬ ਦੇ ਅਫ਼ਸਰ ਕਰਿਆ ਕਰਦੇ ਸਨ। ਸੰਨ 1845 ਦੀ ਮਾਰਚ ਵਿਚ ਜਦ ਲਾਹੌਰੋਂ ਭਾਈ ਬਿਸ਼ਨ ਸਿੰਘ ਬੇਦੀ ਅਦਾਲਤ ਦੇ ਕੰਮ ਲਈ ਗਿਆ ਤਾਂ ਬਰੌਡਫੁਟ ਨੇ ਇਹ ਬਹਾਨਾ ਲਾ ਕੇ ਕਿ ਬੇਦੀ ਸਾਹਿਬ ਦੇ ਊਠਾਂ ਘੋੜਿਆਂ ਨੇ ਕੁੱਝ ਫ਼ਸਲ ਦਾ ਨੁਕਸਾਨ ਕਰ ਦਿੱਤਾ ਹੈ, ਉਨ੍ਹਾਂ ਨੂੰ ਵਾਪਸ ਚਲੇ ਜਾਣ ਦਾ ਹੁਕਮ ਦੇ ਦਿੱਤਾ ਅਤੇ ਕੁੱਝ ਫ਼ੌਜ ਜਮਾ ਕਰ ਲਈ। ਜਦ ਭਾਈ ਬਿਸ਼ਨ ਸਿੰਘ ਝਗੜੇ ਦੀ ਕੋਈ ਵਜਾ ਬਣਨ ਦੇਣ ਤੋਂ ਬਿਨਾਂ ਪਿੱਛੇ ਨੂੰ ਮੁੜ ਪਏ ਤਾਂ ਬਰੌਡਫੁਟ ਨੇ ਇਹ ਢੁੱਚਰ ਡਾਹ ਕੇ ਕਿ ਉਨ੍ਹਾਂ ਨੇ ਨੁਕਸਾਨ ਦਾ ਮੁੱਲ ਨਹੀਂ

ਭਰਿਆ, *ਈਸਟਰ ਵਾਲੇ ਦਿਨ 160 ਪਿਆਦਿਆਂ ਅਤੇ ਘੋੜ-ਚੜ੍ਹਿਆਂ ਨਾਲ ਹੱਲਾ ਬੋਲ ਦਿੱਤਾ। ਭਾਈ ਬਿਸ਼ਨ ਸਿੰਘ ਦੀ ਆਖਰੀ ਬੇੜੀ ਫੜ ਲਈ ਅਤੇ ਦਰਿਆ ਵਿਚ ਜਾ ਰਹੀਆਂ ਬੇੜੀਆਂ ਉੱਤੇ ਗੋਲੀ ਚਲਾ ਦਿੱਤੀ ਜਿਸ ਨਾਲ ਇਕ ਆਦਮੀ ਮਾਰਿਆ ਗਿਆ। ਬਰੌਡਫੁਟ ਦਾ ਅਸਿਸਟੈਂਟ ਰੌਬਰਟ ਐਨ. ਕਸਟ, ਜੋ ਇਸ ਵੇਲੇ ਨਾਲ ਸੀ, ਲਿਖਦਾ ਹੈ ਕਿ ਸਿੱਖਾਂ ਨਾਲ ਲੜਾਈ ਦੀ ਇਹ ਪਹਿਲੀ ਗੋਲੀ ਸੀ ਜੋ ਅੰਗਰੇਜ਼ਾਂ ਦੇ ਪੋਲੀਟੀਕਲ ਅਫ਼ਸਰ ਬਰੌਡਫੁਟ ਵੱਲੋਂ ਚਲਾਈ ਗਈ।

ਇਸ ਤਰ੍ਹਾਂ ਦੀਆਂ ਤਿਆਰੀਆਂ ਤੇ ਉਕਸਾਹਟਾਂ ਨੇ ਸਿੰਘਾਂ ਨੂੰ ਯਕੀਨ ਦਿਲਾ ਦਿੱਤਾ ਕਿ ਅੰਗਰੇਜ਼ ਸਿੰਧ ਵਾਂਙੂ ਅਕਾਰਣ ਹੀ ਪੰਜਾਬ ਦਾ ਰਾਜ ਭੀ ਖੋਹਣ ਨੂੰ ਤਿਆਰ ਹੋ ਪਏ ਹਨ। ਇਸ ਲਈ ਉਨ੍ਹਾਂ ਭੀ ਤਿਆਰੀ ਸ਼ੁਰੂ ਕਰ ਦਿੱਤੀ, ਅਤੇ ਜਦ ਉਨ੍ਹਾਂ ਨੂੰ ਪਤਾ ਲੱਗਾ ਕਿ ਅੰਗਰੇਜ਼ੀ ਫ਼ੌਜਾਂ ਪੰਜਾਬ ਦੀ ਸਰਹੱਦ ਵੱਲ ਚੜ੍ਹੀਆਂ ਆ ਰਹੀਆਂ ਹਨ ਤਾਂ ਓਹ ਆਪਣੇ ਦੇਸ਼ ਦੀ ਰਾਖੀ ਲਈ ਸਤਲੁਜੋਂ ਪਾਰ ਹੋ ਕੇ ਆਪਣੇ ਇਲਾਕੇ ਵਿਚ ਜਾ ਉਤਰੇ। ਇੱਥੇ ਪੁੱਜਣ ਦੀ ਡੇਰ ਸੀ ਕਿ ਅੰਗਰੇਜ਼ਾਂ ਨੇ ਸਰਕਾਰ ਪੰਜਾਬ ਅਤੇ ਸਰਕਾਰ ਕਪੂਰਥਲਾ ਦੇ ਸਤਲੁਜ ਦੇ ਦੱਖਣ ਵੱਲ ਦੇ ਇਲਾਕੇ ਜ਼ਬਤ ਕਰ ਲੈਣ ਅਤੇ ਲੜਾਈ ਛੇੜ ਦੇਣ ਦਾ ਐਲਾਨ ਕਰ ਦਿੱਤਾ। ਸ਼ਾਹ ਮੁਹੰਮਦ ਇਸ ਛੇੜ ਦਾ ਜ਼ਿਕਰ ਇਸ ਤਰ੍ਹਾਂ ਕਰਦਾ ਹੈ:

ਚੜ੍ਹਿਆ ਲੰਦਨੋਂ ਲਾਟ ਉਠਾਇ ਬੀੜਾ,
ਡੇਰਾ ਪਾਂਵਦਾ ਵਿਚ ਮੈਦਾਨ ਮੀਆਂ।
ਸ਼ਾਹ ਮੁਹੰਮਦਾ ਗੋਰਿਆਂ ਛੇੜ ਛੇੜੀ,
ਮੁਲਖ ਪਾਰ ਦਾ ਮੱਲਿਆ ਆਨ ਮੀਆਂ। ੫੦।

ਜਦੋਂ ਫ਼ਰਾਂਸੀਸੀ ਅਫ਼ਸਰਾਂ ਨੂੰ ਕਸ਼ਮੀਰ ਵੱਲ ਜਾਣ ਦਾ ਹੁਕਮ ਹੋਇਆ (ਸ਼ਾਇਦ ਅੰਗਰੇਜ਼ਾਂ ਨਾਲ ਰਲੇ ਹੋਏ ਸਰਕਾਰ ਲੱਹੌਰ ਦੇ ਕਮਾਂਡਰ ਇਨ-ਚੀਫ਼ ਤੇਜ ਸਿੰਘ ਪੂਰਬੀਏ ਬ੍ਰਾਹਮਣ ਨੇ ਅੰਗਰੇਜ਼ਾਂ ਦੀ ਕਾਮਯਾਬੀ ਨੂੰ ਪੱਕਾ ਕਰਨ ਲਈ ਫ਼ਰਾਂਸੀਸੀ ਅਫ਼ਸਰਾਂ ਨੂੰ ਲਾਂਭੇ ਰੱਖਣ ਵਾਸਤੇ ਇਹ ਖਿਉਂਤ ਬਣਾਈ ਹੋਵੇ) ਤਾਂ:

ਉਨ੍ਹਾਂ ਰੱਬ ਦਾ ਵਾਸਤਾ ਪਾਇਆ ਈ,
ਸਾਈ ਵੜੀ ਨਾ ਕੁੱਝ ਤਕਸੀਰ ਨੂੰ ਜੀ।
ਪਾਰੋਂ ਮੁਲਕ ਫ਼ਰੰਗੀਆਂ ਮੱਲ ਲਿਆ,
ਅਸੀਂ ਮਾਰਾਂਗੇ ਓਸ ਬੇ-ਪੀਰ ਨੂੰ ਜੀ।
ਸ਼ਾਹ ਮੁਹੰਮਦਾ ਆਏ ਨੀ ਹੋਰ ਪਰਿਉਂ
ਅਸਾਂ ਡੱਕਣਾ ਓਸ ਵਹੀਰ ਨੂੰ ਜੀ। ੫੧।

ਜਦ ਅੰਗਰੇਜ਼ੀ ਫ਼ੌਜਾਂ ਦੇ ਪੰਜਾਬ ਵੱਲ ਨੂੰ ਚੜ੍ਹੀਆਂ ਆ ਰਹੀਆਂ ਹੋਣ ਦੀਆਂ ਖ਼ਬਰਾਂ ਸਿੰਘਾਂ ਸੁਣੀਆਂ ਤਾਂ

ਸੁਣ ਕੇ ਖ਼ਬਰ ਫ਼ਰੰਗੀ ਦੀ ਚੜ੍ਹ ਸੱਭੇ,
ਫ਼ੌਜਾਂ ਬੇ-ਮੁਹਾਰੀਆਂ ਹੋਇ ਤੁਰੀਆਂ।

ਅੱਗੋ ਵਾਰ ਕੁਵਾਰ ਨ ਕਿਨੇ ਡਿੱਠਾ,
ਇਕ ਦੂਸਰੇ ਦੇ ਅੱਗੇ ਲੱਗ ਟੁਰੀਆਂ । ੬੦ ।

ਮਾਈ ਜਿੰਦ ਕੌਰ ਸੰਬੰਧੀ : ਸ਼ਾਹ ਮੁਹੰਮਦ ਨੇ ਥਾਂ-ਥਾਂ ਤੇ ਰਾਜ-ਮਾਤਾ ਮਹਾਰਾਣੀ ਜਿੰਦ ਕੌਰ ਨੂੰ ਇਸ ਜੰਗ ਦਾ ਕਾਰਣ ਦੱਸਿਆ ਹੈ ਤੇ ਕਿਹਾ ਹੈ ਕਿ ਉਸ ਨੇ ਆਪਣੇ ਭਾਈ ਸਰਦਾਰ ਜਵਾਹਰ ਸਿੰਘ ਦਾ ਬਦਲਾ ਲੈਣ ਲਈ ਸਿੱਖ ਫ਼ੌਜਾਂ ਨੂੰ ਅੰਗਰੇਜ਼ਾਂ ਦੇ ਵਿਰੁੱਧ ਝੋਕ ਦਿੱਤਾ । ਅਸਲ ਗੱਲ ਇਹ ਹੈ ਕਿ ਅੰਗਰੇਜ਼ਾਂ ਨੇ ਸਿੱਖ ਦਰਬਾਰ ਦੇ ਦੋ ਸਭ ਤੋਂ ਵੱਡੇ ਅਫ਼ਸਰਾਂ ਮਿੱਸਰ ਤੇਜ ਸਿੰਘ ਪੂਰਬੀਏ ਕਮਾਂਡਰ-ਇਨ-ਚੀਫ਼ ਨੂੰ, ਜੋ ਏਕੜੀ ਜ਼ਿਲ੍ਹਾ ਮੇਰਠ ਦਾ ਰਹਿਣ ਵਾਲਾ ਸੀ, ਅਤੇ ਵੱਡੇ ਵਜ਼ੀਰ ਮਿੱਸਰ ਲਾਲ ਸਿੰਘ ਨੂੰ ਅੰਦਰੋਂ ਅੰਦਰ ਆਪਣੇ ਨਾਲ ਗੰਢ ਲਿਆ ਸੀ ਤੇ ਇਨ੍ਹਾਂ ਨੇ ਅੰਗਰੇਜ਼ਾਂ ਵਿਰੁੱਧ ਲੜੀ ਜਾਣ ਵਾਲੀ ਲੜਾਈ ਦਾ ਨਕਸ਼ਾ ਪਹਿਲਾਂ ਹੀ ਅੰਗਰੇਜ਼ਾਂ ਨੂੰ ਦੇ ਦਿੱਤਾ ਸੀ ਅਤੇ ਲੜਾਈ ਵੇਲੇ ਭੀ ਉਨ੍ਹਾਂ ਦੀ ਸਲਾਹ ਨਾਲ ਹੀ ਇਹ ਆਪਣੀਆਂ ਫ਼ੌਜਾਂ ਨੂੰ ਤੋਰਦੇ, ਚਲਾਉਂਦੇ, ਭਜਾਉਂਦੇ ਤੇ ਹਰਾਉਂਦੇ ਰਹੇ, ਇਸ ਲਈ ਆਪਣੀ ਗ਼ੱਦਾਰੀ ਦੇ ਕੰਮਾਂ ਨੂੰ ਲੁਕਾਉਣ ਲਈ ਇਨ੍ਹਾਂ ਨੇ ਸਭ ਕੁੱਝ ਮਾਈ ਜਿੰਦ ਕੌਰ ਦੇ ਮੱਥੇ ਮੜ੍ਹ ਦਿੱਤਾ ਅਤੇ ਧੁਮਾ ਦਿੱਤਾ ਕਿ ਉਹ ਸਾਰੇ ਕੰਮ ਮਹਾਰਾਣੀ ਜਿੰਦ ਕੌਰ ਦੇ ਹੁਕਮ ਨਾਲ ਕਰ ਰਹੇ ਹਨ । ਨਾ ਕਿਸੇ ਨੇ ਮਹਾਰਾਣੀ ਨੂੰ ਜਾ ਕੇ ਪੁੱਛਿਆ ਅਤੇ ਨਾ ਹੀ ਉਸ ਸੰਬੰਧੀ ਫੈਲਾਈ ਗਈ ਊਜ ਦੀ ਸਫ਼ਾਈ ਹੋ ਸਕੀ ।

ਆਮ ਆਦਮੀਆਂ ਨੂੰ ਰਾਜ ਦੀਆਂ ਅੰਦਰ ਦੀਆਂ ਗੁੱਝੀਆਂ ਗੱਲਾਂ ਦਾ ਪਤਾ ਨਹੀਂ ਹੁੰਦਾ ਅਤੇ ਚਾਤੁਰ ਲੋਕ ਇਨ੍ਹਾਂ ਦੀ ਨਜ਼ਰ ਅਤੇ ਨੁਕਤਾਚੀਨੀ ਤੋਂ ਬਚਣ ਲਈ ਕੁੱਝ ਹੋਰ ਦਾ ਹੋਰ ਧੁਮਾ ਕੇ ਆਪਣੀ ਬਲਾ ਪਰਾਏ ਗਲ ਮੜ੍ਹ ਦਿੰਦੇ ਹਨ । ਮਾਈ ਜਿੰਦ ਕੌਰ ਦੇ ਭਾਈ ਸਰਦਾਰ ਜਵਾਹਰ ਸਿੰਘ ਦੇ ਮਾਰੇ ਗਏ ਨੂੰ ਚੂੰਕਿ ਥੋੜ੍ਹਾ ਚਿਰ ਹੀ ਹੋਇਆ ਸੀ ਅਤੇ ਉਸ ਦਿਨ ਮਾਈ ਵੱਲੋਂ ਸਿੱਖ ਫ਼ੌਜਾਂ ਨੂੰ ਸੋਗ ਅਤੇ ਗੁੱਸੇ ਵਿਚ ਕੋਸਣਾ ਲੋਕਾਂ ਨੂੰ ਤਾਜ਼ਾ ਹੀ ਯਾਦ ਸੀ ਇਸ ਲਈ ਉਹ ਮਿੱਸਰ ਤੇਜ ਸਿੰਘ ਅਤੇ ਲਾਲ ਸਿੰਘ ਦੇ ਧੋਖੇ ਵਿਚ ਆ ਗਏ ਅਤੇ ਲੜਾਈ ਦੇ ਸੰਬੰਧ ਵਿਚ ਇਨ੍ਹਾਂ ਵੱਲੋਂ ਆਖੀਆਂ ਤੇ ਉਡਾਈਆਂ ਗਈਆਂ ਗੱਲਾਂ ਨੂੰ ਸੱਚ ਮੰਨ ਗਏ । ਸ਼ਾਹ ਮੁਹੰਮਦ ਰਾਜ-ਦਰਬਾਰ ਵਿਚ ਯਾ ਮਿੱਸਰਾਂ ਦਾ ਖ਼ਾਸ ਭੇਤੀ ਤਾਂ ਹੈ ਨਹੀਂ ਸੀ ਕਿ ਉਹ ਅਸਲੀਅਤ ਦਾ ਜਾਣੂ ਹੁੰਦਾ । ਉਸ ਨੇ ਭੀ ਜੋ ਸੁਣਿਆ ਸੀ, ਲਿਖ ਦਿੱਤਾ । ਕੁੱਝ ਵਿਚਾਰਵਾਨਾਂ ਦਾ ਇਹ ਭੀ ਖ਼ਿਆਲ ਹੈ ਕਿ ਸ਼ਾਹ ਮੁਹੰਮਦ ਨੇ ਸ਼ਾਇਦ ਮਿੱਸਰਾਂ ਦੇ, ਉਸ ਨੂੰ ਖ਼ੁਦ ਦੱਸਣ ਯਾ ਆਖਣ ਯਾ ਕਿਸੇ ਦੀ ਰਾਹੀਂ ਅਖਵਾਉਣ ਅਤੇ ਦੱਸਣ ਪਰ ਇਹ ਕੁੱਝ ਲਿਖਿਆ ਹੋਵੇ ਅਤੇ ਇਤਨੇ ਜ਼ੋਰਦਾਰ ਸ਼ਬਦ ਮਹਾਰਾਣੀ ਜਿੰਦ ਕੌਰ ਦੇ ਵਿਰੁੱਧ ਵਰਤੇ ਹੋਣ ਤਾਂਕਿ ਆਮ ਪਬਲਿਕ ਵਿਚ ਸਾਰੀ ਬਦਨਾਮੀ ਮਹਾਰਾਣੀ ਜਿੰਦ ਕੌਰ ਦੇ ਮੱਥੇ ਲੱਗ ਜਾਏ ਅਤੇ ਅਸਲੀ ਗ਼ਦਾਰਾਂ ਉੱਤੇ ਕਿਸੇ ਨੂੰ ਸ਼ੱਕ ਹੀ ਨਾ ਪਏ । ਇਕ ਦਲੀਲ ਉਹ ਇਹ ਭੀ ਦਿੰਦੇ ਹਨ ਕਿ ਇਸ ਲੜਾਈ ਵਿਚ ਮਿੱਸਰਾਂ ਦੀ ਗ਼ੱਦਾਰੀ ਇਤਨੀ ਉੱਘੀ ਹੋ ਗਈ ਹੋਈ ਸੀ ਕਿ ਕਵੀ ਮਟਕ ਨੇ ਸਾਫ਼ ਤੇ ਖੁੱਲ੍ਹੇ ਸ਼ਬਦਾਂ ਵਿਚ ਤੇਜ ਸਿੰਘ ਤੇ ਲਾਲ ਸਿੰਘ ਨੂੰ ਗ਼ੱਦਾਰ ਤੇ ਗੀਦੀ ਠਹਿਰਾਇਆ ਹੈ ਅਤੇ ਉਨ੍ਹਾਂ ਦੀਆਂ ਬਾਹਰਲੀਆਂ ਮਿੱਠੀਆਂ ਗੱਲਾਂ ਅਤੇ ਅੰਦਰਲੇ ਖੋਟ ਦਾ ਜ਼ਿਕਰ ਕਰਦੇ ਹੋਏ ਕਿਹਾ ਹੈ ਕਿ :

ਦੋ ਮਹੀਨੇ ਰਹੇ ਉੱਤਰੇ
ਸਤਲੁਦਰ ਦੇ ਸਿਰ੍ਹਾਣੇ ਵਡੇ ਸਿਆਣੇ ।

ਤੇਜ ਸਿੰਘ ਔ ਲਾਲ ਸਿੰਘ
ਹੈਣ ਮੁਸਾਹਿਬ ਪੁਰਾਣੇ ਕਰਦੇ ਭਾਣੇ।
ਬਾਹਰੋਂ ਗੱਲਾਂ ਕਰਨ ਮਿੱਠੀਆਂ
ਅੰਦਰੋਂ ਖੋਟ ਕਮਾਣੇ ਕਰਦੇ ਭਾਣੇ।
..............................। ੨੬।

ਲਾਲੂ ਦੀ ਲਾਲੀ ਗਈ ਤੇਜੂ ਦਾ ਗਿਆ ਤੇਜ।
ਰਣ ਵਿਚ ਪਿੱਠ ਦਿਖਾਇ ਕੇ ਮੋਢਾ ਆਏ ਫੇਰ।
ਮੋਢਾ ਆਏ ਫੇਰਿ ਮੂੰਜ਼ੀ ਮੁਰਦਾਨ ਸਦਾਵਨ।
ਦੁਸ਼ਾਲੇ ਹੰਢਾਏ ਗੀਦੀਆਂ ਮੁਫਤ ਗੁਵਾਵਨ।
ਕਹਿਤ ਮਟਕ ਵਿਚ ਜਗਤ ਦੇ ਹੋਤੀ ਚਰਚ ਵਿਚਾਰ।
ਲਾਲੂ ਤੇਜੂ ਨੱਠ ਕੇ ਆਇ ਪੀਠ ਦਿਖਾਰ। ੩੪।

ਪਰ ਸ਼ਾਹ ਮੁਹੰਮਦ ਇਨ੍ਹਾਂ ਦੇ ਨਿੰਦਨੀਯ ਕੰਮਾਂ ਉੱਤੇ ਪਰਦਾ ਪਾਈ ਰੱਖਦਾ ਹੈ ਅਤੇ ਪੰਜਾਬੀਆਂ ਦੇ ਸਾਰੇ ਗੁੱਸੇ ਨੂੰ ਇਨ੍ਹਾਂ ਵੱਲੋਂ ਹੋੜ ਕੇ ਮਾਈ ਜਿੰਦ ਕੌਰ ਵੱਲ ਕਰ ਦਿੰਦਾ ਹੈ। ਹੋ ਸਕਦਾ ਹੈ ਕਿ ਸ਼ਾਹ ਮੁਹੰਮਦ ਨੇ ਆਪਣਾ ਕਿੱਸਾ ਉਸ ਵੇਲੇ ਲਿਖਿਆ ਹੋਵੇ ਜਦ ਕਿ ਮਿੱਸਰ ਤੇਜਾ ਸਿੰਘ ਆਦਿ ਦੀ ਸਲਾਹ ਨਾਲ ਅੰਗਰੇਜ਼ਾਂ ਨੇ ਮਹਾਰਾਣੀ ਜਿੰਦ ਕੌਰ ਨੂੰ ਸ਼ੇਖੂਪੁਰੇ ਦੇ ਕਿਲੇ ਵਿਚ ਯਾ ਦੇਸ-ਨਿਕਾਲਾ ਦੇ ਕੇ ਬਨਾਰਸੋਂ 16 ਮੀਲ ਦੱਖਣ-ਲਹਿੰਦੇ ਵੱਲ ਮਿਰਜ਼ਾ ਪੁਰ ਦੇ ਜ਼ਿਲ੍ਹੇ ਵਿਚ ਚੁਨਾਰ ਦੇ ਕਿਲ੍ਹੇ ਵਿਚ ਕੈਦ ਕਰ ਦਿੱਤਾ ਸੀ ਜਿੱਥੋਂ ਕਿ ਮਹਾਰਾਣੀ ਵੱਲੋਂ ਕੋਈ ਤਰਦੀਦ ਕੀਤੀ ਹੀ ਨਹੀਂ ਸੀ ਜਾ ਸਕਦੀ। ਸ਼ਾਹ ਮੁਹੰਮਦ ਨੂੰ ਵੇਲੇ ਸਿਰ ਅਸਲੀਅਤ ਦਾ ਪਤਾ ਨਹੀਂ ਲੱਗਾ ਜਾਂ ਉਹ ਕਿਸੀ ਕਾਰਣ ਜਾਣ ਬੁੱਝ ਕੇ ਮਿੱਸਰਾਂ ਦਾ ਪੱਖ ਕਰ ਗਿਆ ਹੈ, ਇਹ ਰੱਬ ਜਾਣੇ। ਪਰ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਜਿਤਨੇ ਭੀ ਸਰਕਾਰੀ ਯਾ ਗ਼ੈਰ-ਸਰਕਾਰੀ ਰੀਕਾਰਡ, ਸਮਕਾਲੀ ਪੁਸਤਕ ਅਤੇ ਹੋਰ ਲਿਖਤੀ ਸਬੂਤ ਮਿਲਦੇ ਹਨ, ਉਨ੍ਹਾਂ ਸਭ ਤੋਂ ਇਹ ਸਪੱਸ਼ਟ ਪ੍ਰਤੀਤ ਹੁੰਦਾ ਹੈ ਕਿ ਮਿੱਸਰ ਤੇਜ ਸਿੰਘ ਤੇ ਲਾਲ ਸਿੰਘ ਅੰਗੇਜ਼ਾਂ ਨਾਲ ਰਲੇ ਹੋਏ ਸਨ ਅਤੇ ਉਨ੍ਹਾਂ ਦੇ ਇਸ਼ਾਰੇ ਉੱਤੇ ਕੰਮ ਕਰਦੇ ਸਨ। ਦੂਸਰੇ ਪਾਸੇ ਕੋਈ ਇਕ ਭੀ ਐਸੀ ਲਿਖਤ ਨਹੀਂ ਜਿਸ ਤੋਂ ਇਹ ਸਿੱਧ ਹੋਵੇ ਕਿ ਮਹਾਰਾਣੀ ਨੇ ਫ਼ੌਜਾਂ ਕੋਲੋਂ ਬਦਲਾ ਲੈਣ ਸੰਬੰਧੀ ਅੰਗਰੇਜ਼ਾਂ ਨਾਲ ਕੋਈ ਲਿਖਾ-ਪੜ੍ਹੀ ਕੀਤੀ ਸੀ। ਇਹ ਵਾਧੂ ਮਨ-ਘੜਤ ਕਲਪਣਾ ਤੇ ਝੂਠੀ ਊਜ ਦਿੱਸਦੀ ਹੈ ਅਤੇ ਮਹਾਰਾਣੀ ਜਿੰਦ ਕੌਰ ਇਸ ਮੁਆਮਲੇ ਵਿਚ ਬਿਲਕੁਲ ਨਿਰਦੋਸ਼ ਹੈ।

ਇਸੇ ਤਰ੍ਹਾਂ ਕਿਸੇ ਨੇ ਇਕ ਗੱਪ ਇਹ ਭੀ ਉਡਾਈ ਹੋਈ ਹੈ ਕਿ ਮਹਾਰਾਣੀ ਨੇ ਲੜਾਈ ਵੇਲੇ ਲਾਹੌਰੋਂ ਬਾਰੂਦ ਦੀ ਥਾਂ ਸਰਹੋਂ ਦੀਆਂ ਬੋਰੀਆਂ ਭੇਜ ਦਿੱਤੀਆਂ ਸਨ ਅਤੇ ਜਦ ਸਿੰਘਾਂ ਨੇ ਉਸ ਨਾਲ ਵੈਰੀ ਦਾ ਕੋਈ ਨੁਕਸਾਨ ਹੁੰਦਾ ਨਾ ਡਿੱਠਾ ਤਾਂ ਉਹ ਨਿਰਾਸ਼ ਹੋ ਕੇ ਮੈਦਾਨੋਂ ਭੱਜ ਨਿਕਲੇ। ਕੋਈ ਪੁੱਛੇ ਕਿ ਕੀ ਮਹਾਰਾਣੀ ਲਾਹੌਰ ਦੇ ਬਾਰੂਦ-ਖਾਨੇ ਯਾ ਸਟਰ ਦੀ ਇੰਚਾਰਜ ਸੀ ਯਾ ਉਥੇ ਬੋਰੀਆਂ ਭਰਨ ਤੇ ਸੀਊਣ ਦਾ ਕੰਮ ਕਰਦੀ ਸੀ ਕਿ ਕਿਸੇ ਨੂੰ ਪਤਾ ਲੱਗਣ ਤੋਂ ਬਗ਼ੈਰ ਹੀ ਉਸ ਨੇ ਬਰੂਦ ਦੀ ਥਾਂ ਸਰਹੋਂ ਭੇਜ ਦਿੱਤੀ। ਕੀ ਸਿੱਖ ਸਿਪਾਹੀ ਇਤਨੇ ਅਨਜਾਣ ਸਨ ਕਿ ਓਹ ਸਰਹੋਂ ਅਤੇ ਬਰੂਦ ਵਿਚ ਭੀ

ਪਛਾਣ ਨਾ ਕਰ ਸਕੇ। ਕੀ ਇਕੱਲੇ ਇਕੱਲੇ ਸਿਪਾਹੀ ਨੂੰ ਬਾਰੂਦ ਬੋਰੀਆਂ ਵਿਚ ਵੰਡਿਆ ਜਾਂਦਾ ਹੈ ? ਇਹ ਐਸੀਆਂ ਗੱਲਾ ਹਨ ਜਿਹੜੀਆਂ ਕਿਸੇ ਭੀ ਸਿਆਣੇ ਬੰਦੇ ਨੂੰ ਧੋਖਾ ਨਹੀਂ ਦੇ ਸਕਦੀਆਂ।

ਸ਼ਾਹ ਮੁਹੰਮਦ ਦਾ ਦੇਸ਼-ਪਿਆਰ : ਆਪਣੇ ਦੇਸ਼ ਦੀ ਆਜ਼ਾਦੀ ਨੂੰ ਬਚਾਉਣ ਲਈ ਜਦ ਪੰਜਾਬ ਦੇ ਜਵਾਨ ਫ਼ਰੰਗੀਆਂ ਦੇ ਟਾਕਰੇ ਲਈ ਨਿਕਲਦੇ ਹਨ ਤਾਂ ਸ਼ਾਹ ਮੁਹੰਮਦ ਉਨ੍ਹਾਂ ਦੀ ਚੜ੍ਹਤਲ ਦਾ ਜ਼ਿਕਰ ਬੜੇ ਮਾਣ ਨਾਲ ਕਰਦਾ ਹੋਇਆ ਕਹਿੰਦਾ ਹੈ ਕਿ :

ਡੰਡੇ ਨਿਕਲੇ ਕੂਚ ਦਾ ਹੁਕਮ ਹੋਇਆ,
ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ।
ਚੜ੍ਹੇ ਪੁੱਤ ਸਰਦਾਰਾਂ ਦੇ ਛੈਲ ਬਾਂਕੇ,
ਜੈਸੇ ਬੇਲਿਉਂ ਨਿਕਲਦੇ ਸ਼ੇਰ ਮੀਆਂ।
ਚੜ੍ਹੇ ਸੱਭ ਮਝੈਲ ਦੁਆਬੀਏ ਜੀ,
ਜਿਨ੍ਹਾਂ ਕਿਲੇ ਨਿਵਾਏ ਨੇ ਢੇਰ ਮੀਆਂ।
ਸ਼ਾਹ ਮੁਹੰਮਦਾ ਚੜ੍ਹੇ ਜਮੂਰ-ਖ਼ਾਨੇ,
ਹੋਇਆ ਹੁਕਮ ਨਾ ਲਾਂਵਦੇ ਡੇਰ ਮੀਆਂ। ੫੯।

... ...

ਮਜ਼ਹਰ ਅਲੀ ਤੇ ਮਾਖੇ ਖ਼ਾਂ ਕੂਚ ਕੀਤਾ,
ਤੋਪਾਂ ਸ਼ਹਿਰ ਥੀਂ ਬਾਹਰ ਨਿਕਾਲੀਆਂ ਨੀਂ।
ਖੇੜਾ ਚੜ੍ਹਿਆ ਸੁਲਤਾਨ ਮਹਿਮੂਦ ਵਾਲਾ,
ਤੋਪਾਂ ਨਾਲ ਇਮਾਮ ਸ਼ਾਹ ਵਾਲੀਆਂ ਨੀ।
ਇਲਾਹੀ ਬਖ਼ਸ਼ ਪਟੋਲੀਏ ਮਾਂਜ ਕੇ ਜੀ,
ਧੂਪ ਦੇਇ ਕੇ ਤਖ਼ਤ ਬਹਾਲੀਆਂ ਨੀ।
ਸ਼ਾਹ ਮੁਹੰਮਦਾ ਐਸੀਆਂ ਲੈਸ ਹੋਈਆਂ,
ਬਿਜਲੀ ਵਾਂਗ ਜੀਉਂ ਦੇਣ ਦਿਖਾਲੀਆਂ ਨੀਂ। ੬੦।

ਜਦੋਂ ਫੇਰੂ ਸ਼ਹਿਰ ਦੇ ਜੰਗ ਵਿਚ 'ਸਿੰਘ ਸੂਰਮੇ ਆਨ ਮੈਦਾਨ ਲੱਥੇ, ਰੰਜ ਲਾਹ ਸੁੱਟੇ ਉਨ੍ਹਾਂ ਗੋਰਿਆ ਦੇ', ਤਾਂ

ਹੁਕਮ ਲਾਟ ਕੀਤਾ ਲਸ਼ਕਰ ਆਪਣੇ ਨੂੰ,
ਤੁਸਾਂ ਲਾਜ ਅੰਗਰੇਜ਼ ਦੀ ਰੱਖਣੀ ਜੀ।
ਸਿੰਘਾਂ ਮਾਰ ਕੇ ਕਟਕ ਮੁਕਾਇ ਦਿੱਤੇ,
ਹਿੰਦਸਤਾਨੀ ਤੇ ਪੂਰਬੀ ਦੱਖਣੀ ਜੀ।
ਨੰਦਨ ਟਾਪੂਆਂ ਵਿਚ ਕੁਰਲਾਟ ਪਿਆ,
ਕੁਰਸੀ ਚਾਰ ਹਜ਼ਾਰ ਹੈ ਸੱਖਣੀ ਜੀ।

ਅਤੇ

ਟੁੰਡੇ ਲਾਟ ਨੇ ਅੰਤ ਨੂੰ ਖਾਇ ਗੁੱਸਾ,
ਫੇਰ ਦਿੱਤੇ ਨੀ ਲੱਖ ਢੰਡੋਰਿਆਂ ਦੇ।
ਸ਼ਾਹ ਮੁਹੰਮਦਾ ਰੰਡ ਬੈਠਾਇ ਲੰਦਨ,
ਸਿੰਘ ਜਾਣ ਨਾਹੀਂ ਨਾਲ ਜ਼ੋਰਿਆਂ ਦੇ।

ਇਸ ਤਰ੍ਹਾਂ ਟੁੰਡੇ-ਲਾਟ ਸਰ ਹੈਨਰੀ ਹਾਰਡਿੰਗ ਗਵਰਨਰ-ਜਨਰਲ ਦੀ ਆਪਣੀਆਂ ਫ਼ੌਜਾਂ ਨੂੰ ਅਪੀਲ ਤੇ ਹੱਲਾ-ਸ਼ੇਰੀ ਜਦ ਸ਼ਾਹ ਮੁਹੰਮਦ ਸੁਣਦਾ ਹੈ ਤਾਂ ਉਸ ਦਾ ਖ਼ੂਨ ਉਬਲਣ ਲੱਗ ਪੈਂਦਾ ਹੈ, ਉਸ ਦੀ ਕੌਮੀ ਗ਼ੈਰਤ ਉਛਾਲੇ ਮਾਰ ਉੱਠਦੀ ਹੈ ਅਤੇ ਉਹ ਆਪਣੇ ਦੇਸ਼-ਵਾਸੀਆਂ ਨੂੰ ਪੰਜਾਬ ਦੀ ਯਾਦ ਦਿਲਾ ਕੇ ਟੁੰਬਦਾ ਹੈ ਕਿ :

ਸ਼ਾਹ ਮੁਹੰਮਦਾ ਤੁਸੀਂ ਪੰਜਾਬੀਓ ਜੀ,
ਕੀਰਤ ਸਿੰਘ ਸਿਪਾਹੀ ਦੀ ਰੱਖਣੀ ਜੀ।

ਜਦ ਲੜਾਈ ਵਿਚ ਗੱਦਾਰਾਂ ਨੇ ਝੁੱਗਾ ਚੌੜ ਕਰ ਦਿੱਤਾ ਅਤੇ ਇਨ੍ਹਾਂ ਦੇ ਭੱਜ ਨਿਕਲਣ ਨਾਲ ਸਿੰਘਾਂ ਨੂੰ ਹਾਰ ਹੋ ਗਈ ਤਾਂ ਦੇਸ਼ ਦੀ ਆਜ਼ਾਦੀ ਖੁੱਸਦੀ ਦੇਖ ਕੇ ਸ਼ਾਹ ਮੁਹੰਮਦ ਹਾਵੇ ਲੈਂਦਾ ਹੈ ਤੇ ਗਿਲੇ ਕਰਦਾ ਹੋਇਆ ਕਹਿੰਦਾ ਹੈ ਕਿ :

ਘਰੋਂ ਗਏ ਫ਼ਰੰਗੀ ਨੂੰ ਮਾਰਨੇ ਨੂੰ,
ਬੇੜੇ ਤੋਪਾਂ ਦੇ ਸਭ ਖੁਹਾਇ ਆਏ।
ਛੇੜ ਆਫ਼ਤਾਂ ਨੂੰ ਮਗਰ ਲਾਇਓ ਨੇ,
ਸਗੋਂ ਆਪਣਾ ਆਪ ਗਵਾਇ ਆਏ।
ਖ਼ੁਸ਼ੀ ਵਸਦਾ ਸ਼ਹਿਰ ਲਾਹੌਰ ਸਾਰਾ,
ਸਗੋਂ ਕੁੰਜੀਆਂ ਹੱਥ ਫੜਾਇ ਆਏ।
ਸ਼ਾਹ ਮੁਹੰਮਦਾ ਕਹਿੰਦੇ ਨੇ ਲੋਕ ਸਿੰਘ ਜੀ,
ਤੁਸੀਂ ਚੰਗੀਆਂ ਪੂਰੀਆਂ ਪਾਇ ਆਏ। ੭੯।

ਪੰਜਾਬ ਦੀ ਮੀਟੀ ਹੋਈ ਮੁੱਠ ਨੂੰ ਖੁਲ੍ਹਦੀ ਜਾਂਦੀ ਦੇਖ ਕੇ ਰਾਜ ਦੇ ਵਫ਼ਾਦਾਰ ਸਰਦਾਰ ਮੁੜ ਇਕ ਯਤਨ ਕਰਨ ਲਈ ਬੈਠੇ ਤੇ ਫੈਸਲਾ ਕੀਤਾ ਕਿ ਆਪਣੀ ਜਾਨ ਤੱਕ ਕੁਰਬਾਨ ਕਰ ਦਿਓ ਪਰ ਆਪਣੇ ਰਾਜ ਨੂੰ ਕਿਸੇ ਦੇ ਸਾਹਮਣੇ ਝੋਲੀ ਅੱਡਣ ਵਾਲਾ ਮੁਹਤਾਜ ਨਾ ਹੋਣ ਦਿਓ।

ਪਿੱਛੇ ਬੈਠ ਸਰਦਾਰਾਂ ਗੁਰਮਤਾ ਕੀਤਾ,
ਕੋਈ ਅਕਲ ਦਾ ਕਰੋ ਇਲਾਜ ਯਾਰੋ।
ਛੇੜ ਬੁਰਛਿਆਂ ਦੀ ਸਾਡੇ ਪੇਸ਼ ਆਈ,
ਪੱਗ ਦਾਹੜੀਆਂ ਦੀ ਰੱਖੋ ਲਾਜ ਯਾਰੋ।
ਮੁੱਠ ਮੀਟੀ ਸੀ ਏਸ ਪੰਜਾਬ ਦੀ ਜੀ,
ਇਨ੍ਹਾਂ ਖੋਲ ਦਿੱਤਾ ਅੱਜ ਪਾਜ ਯਾਰੋ।
ਸ਼ਾਹ ਮੁਹੰਮਦਾ ਮਾਰ ਕੇ ਮਰੋ ਏਥੇ,
ਕਦੀ ਰਾਜ ਨਾ ਹੋਇ ਮੁਹਤਾਜ ਯਾਰੋ। ੮੦।

ਇਕ ਪਾਸੇ ਇਕੱਲਾ ਪੰਜਾਬ ਹੈ, ਅਤੇ ਦੂਸਰੇ ਪਾਸੇ ਸਾਰਾ ਹਿੰਦੁਸਤਾਨ ਪੰਜਾਬ ਨੂੰ ਭੀ ਅੰਗਰੇਜ਼ਾਂ ਦਾ ਗ਼ੁਲਾਮ ਬਣਾਉਣ ਲਈ ਉਨ੍ਹਾਂ ਦੀ ਮੱਦਦ ਵਾਸਤੇ ਆਜ਼ਾਦ ਪੰਜਾਬੀਆਂ ਉੱਤੇ ਚੜ੍ਹ ਆਇਆ। ਪੰਜਾਬ ਸਰਕਾਰ ਦਾ ਟਕਾ-ਪੰਥੀ ਪੂਰਬੀਆ ਨੌਕਰ ਮਿੱਸਰ ਤੇਜ ਸਿੰਘ ਮੇਰਠ ਵਾਲਾ, ਜਿਸ ਉੱਤੇ ਇਤਬਾਰ ਕਰਕੇ ਸਰਕਾਰ ਨੇ ਉਸ ਨੂੰ ਸਭ ਤੋਂ ਉੱਚੀ ਫ਼ੌਜੀ ਪਦਵੀ ਤੇ ਬਿਠਾਇਆ ਹੋਇਆ ਸੀ, ਫ਼ਰੰਗੀਆਂ ਨਾਲ ਰਲ ਗਿਆ ਤੇ ਸਿੱਖ ਫ਼ੌਜ ਨੂੰ ਕੁਥਾਂਇ ਫਸਾ ਕੇ ਮਰਵਾ ਦਿੱਤਾ। ਸਿੰਘ ਸਿਪਾਹੀ ਤਾਂ ਜਾਨਾਂ ਹੂਲ ਕੇ ਲੜੇ ਅਤੇ 'ਕਈ ਸੂਰਮੇ ਮਾਰ ਕੇ ਮੋਏ ਓਥੇ, ਜਿਨ੍ਹਾਂ ਹੱਥ ਕੀਤੇ ਤੇਗਾਂ ਨੰਗੀਆਂ ਦੇ', ਪਰ ਸਰਕਾਰ (ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਬਾਝੋਂ ਖ਼ਾਲਸਾ ਫ਼ੌਜਾਂ ਜਿਤਦੀਆਂ-ਜਿਤਦੀਆਂ ਅੰਤ ਨੂੰ ਹਾਰ ਗਈਆਂ।

ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,
ਦੋਵੇਂ ਪਾਦਸ਼ਾਹੀ ਫ਼ੌਜਾਂ ਭਾਰੀਆਂ ਨੀ।
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,
ਜੇੜ੍ਹੀਆਂ ਖ਼ਾਲਸੇ ਨੇ ਤੇਗਾਂ ਮਾਰੀਆਂ ਨੀ।

... ...

ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ,
ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀਂ। ੯੨।

ਅੰਗਰੇਜ਼ ਲਾਹੌਰ ਆ ਪੁੱਜੇ ਅਤੇ ਪੰਜਾਬ ਦਾ ਰਾਜ ਉਨ੍ਹਾਂ ਦਾ ਮੁਹਤਾਜ ਹੋ ਗਿਆ। ਸਤਲੁਜੋਂ ਦੱਖਣ ਪਾਰ ਦਾ ਸਾਰਾ ਮੁਲਖ ਅਤੇ ਦੁਆਬਾ ਬਿਸਤ ਜਲੰਧਰ ਉਨ੍ਹਾਂ ਆਪ ਮੱਲ ਲਿਆ ਅਤੇ ਜੰਮੂ ਤੇ ਕਸ਼ਮੀਰ ਦਾ ਦੇਸ਼ ਆਪਣੀ ਸੇਵਾ ਬਦਲੇ ਨਾਮ-ਮਾਤਰ ਰਕਮ ਲੈ ਕੇ ਗੁਲਾਬ ਸਿੰਘ ਨੂੰ ਦੇ ਦਿੱਤਾ।

ਇੱਥੇ ਸ਼ਾਹ ਮੁਹੰਮਦ ਦਾ ਕਿੱਸਾ ਖ਼ਤਮ ਹੋ ਜਾਂਦਾ ਹੈ।

ਸ਼ਾਹ ਮੁਹੰਮਦ ਦੇ ਬੈਂਤਾਂ ਤੋਂ ਸਿੱਖ ਰਾਜ ਵੇਲੇ ਹਿੰਦੂਆਂ ਤੇ ਮੁਸਲਮਾਨਾਂ ਦੇ ਬੜੇ ਪਿਆਰ-ਭਰੇ ਸਲੂਕ ਦਾ ਪਤਾ ਲੱਗਦਾ ਹੈ ਅਤੇ ਨਵੇਂ ਆਏ ਅੰਗਰੇਜ਼ਾਂ ਨੂੰ ਇਕ 'ਅਫ਼ਾਤ' ਤੇ 'ਬੇ-ਪੀਰ' 'ਤੀਸਰੀ ਜ਼ਾਤ' ਦੱਸਦਾ ਹੈ ਅਤੇ ਹਾਉਕਾ ਭਰ ਕੇ ਆਖਦਾ ਹੈ ਕਿ ਅਸੀਂ ਪੰਜਾਬੀ ਹਿੰਦੂ ਤੇ ਮੁਸਲਮਾਨ ਸੁਖ ਨਾਲ ਆਜ਼ਾਦ ਬਸਦੇ ਸਾਂ, ਸਾਡੀ ਕਿਸਮਤ ਅੱਜ ਤੱਕ ਕਦੇ ਕਿਸੇ ਤੀਸਰੇ ਦੇ ਹੱਥ ਨਹੀਂ ਆਈ ਸੀ, ਪਰ ਹੁਣ ਦੋਹਾਂ ਦੇ ਸਿਰ ਉੱਤੇ ਇਕ 'ਤੀਸਰੀ ਜ਼ਾਤ ਦੀ 'ਅਫ਼ਾਤ' ਆ ਪਈ ਹੈ।'

ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ
ਸਿਰ ਦੋਹਾਂ ਦੇ ਉੱਤੇ ਅਫ਼ਾਤ ਆਈ।
ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ
ਕਦੇ ਨਹੀਂ ਸੀ ਤੀਸਰੀ ਜ਼ਾਤ ਆਈ। ੩।

ਅੱਗੇ ਚਲ ਕੇ ਆਪਣੇ ਆਪ ਨੂੰ ਢਾਰਸ ਦੇਣ ਲਈ ਕਹਿੰਦਾ ਹੈ ਕਿ ਚੰਗਾ ਜੇ ਆ ਗਏ ਨੇ ਤਾਂ ਵਾਹ ਵਾਹ! ਸਦਾ ਲਈ ਕਿਹੜਾ ਕੋਈ ਬਹਿ ਰਹਿੰਦਾ ਹੈ। ਇਸ ਦੇਸ਼ ਦੀ ਸਰਾਂ ਵਿਚ ਇਹ ਭੀ ਰੈਣ-ਬਸੇਰਾ ਕਰ ਲੈਣ।

ਇਹ ਜਗ ਸਰਾਏ ਮੁਸਾਫ਼ਰਾਂ ਦੀ
ਅੱਗੇ ਜ਼ੋਰ ਵਾਲੇ ਕਈ ਆਏ ਗਏ।
ਸ਼ੱਦਾਦ ਨਮਰੂਦ ਫ਼ਰਔਨ ਜੇਹੇ
ਦਾਵਾ ਬੰਨ੍ਹ ਖ਼ੁਦਾਇ ਕਹਾਇ ਗਏ।
ਅਕਬਰ ਸ਼ਾਹ ਜੇਹੇ ਵਿਚ ਦਿੱਲੀ ਦੇ ਜੀ
ਫੇਰੀ ਵਾਂਗ ਵਣਜਾਰਿਆਂ ਪਾਇ ਗਏ।
ਸ਼ਾਹ ਮੁਹੰਮਦਾ ਰਹੇਗਾ ਰੱਬ ਸੱਚਾ
ਵਾਜੇ ਝੂਠ ਦੇ ਕਈ ਵਜਾਇ ਗਏ। ੯।

ਨਵੇਂ ਆਏ ਅੰਗਰੇਜ਼ਾਂ ਵਿਚ ਉਸ ਨੂੰ ਬਾਦਸ਼ਾਹਾਂ ਵਾਲੇ ਕੋਈ ਚਾਲੇ ਨਹੀਂ ਦਿੱਸਦੇ, ਐਉਂ ਭਾਸਦਾ ਹੈ ਜਿਵੇਂ ਵਪਾਰੀਆਂ ਦੇ ਪੁੱਤਰ ਤੇ ਮੁਨੀਮ ਪਰਾਏ ਦੇਸ਼ਾਂ ਵਿਚੋਂ ਦੌਲਤਾਂ ਇਕੱਠੀਆਂ ਕਰਨ ਆਏ ਹੋਏ ਹੁੰਦੇ ਹਨ। ਇਹ ਹੈ ਭੀ ਸੱਚ। ਈਸਟ ਇੰਡੀਆ ਕੰਪਨੀ ਵਾਲੇ ਆਖ਼ਰ ਸਨ ਭੀ ਤੇ ਹਟ-ਬਾਣੀਏ ਹੀ, ਅਤੇ ਕੰਪਨੀ ਤੇ ਛੋਟੇ ਵੱਡੇ ਨੌਕਰ ਸਾਰੇ ਮੁਨੀਮਾਂ ਵਤ ਹੀ ਸਨ ਜਿਹੜੇ ਕਿ ਪਰਾਏ ਦੇਸ਼ਾਂ ਵਿਚ ਅਪਣੀ ਹਕੂਮਤ ਕਾਇਮ ਕਰ ਕੇ ਉਨ੍ਹਾਂ ਨੂੰ ਇੰਗਲਿਸ਼ਸਤਾਨ ਦੇ ਵਾਧੇ ਲਈ ਵਰਤਦੇ ਸਨ ਅਤੇ ਉਨ੍ਹਾਂ ਦੇਸ਼ਾਂ ਦੀ ਹਰ ਪ੍ਰਕਾਰ ਦੀ ਦੌਲਤ ਵਪਾਰ ਅਤੇ ਤਨਖ਼ਾਹਾਂ ਦੇ ਰਸਤੇ ਓਥੇ ਨੂੰ ਢੋਈ ਜਾ ਰਹੇ ਹਨ।

ਸ਼ਾਹ ਮੁਹੰਮਦ ਬੇ-ਬਸ ਹੋਇਆ ਰੱਬ ਉੱਤੇ ਡੋਰੀ ਰੱਖਦਾ ਹੈ, ਅਤੇ ਨਿਰਾਸ਼ ਨਹੀਂ ਹੁੰਦਾ। ਸ਼ੁਕਰ ਕਰਦਾ ਹੈ ਕਿ ਸਿੰਘਾਂ ਦਾ ਕੰਮ ਸਿੱਧਾ ਹੋ ਰਿਹਾ ਹੈ ਅਤੇ ਹਿੰਦੂਆਂ ਤੇ ਮੁਸਲਮਾਨਾਂ ਦੀ ਵੀ ਭਾਈਆਂ ਵਾਂਙ ਬੜੀ ਸਾਂਝ ਹੈ, ਔਰ ਨਵੀਂ ਆਈ 'ਤੀਸਰੀ ਜ਼ਾਤ' ਵ੍ਹਾਲਿਆਂ ਨਾਲ ਜੋ ਆਪਣੀ ਹੈਂਕੜ ਵਿਚ ਹੀ ਮਸਤ ਹਨ, ਕਿਸੇ ਦਾ ਕੋਈ ਵਾਸਤਾ ਨਹੀਂ ਅਤੇ ਉਨ੍ਹਾਂ ਨਾਲ ਬੈਠ ਕੇ ਕੋਈ ਗੱਲਾਂ ਨਹੀਂ ਕਰ ਰਿਹਾ।

ਰੱਬ ਚਾਹੇ ਤਾਂ ਕਰੇਗਾ ਮੇਹਰਬਾਨੀ
ਹੋਇਆ ਸਿੰਘਾਂ ਦਾ ਕੰਮ ਆਰਾਸਤਾ ਈ।
ਵੱਡੀ ਸਾਂਝ ਹੈ ਹਿੰਦੂਆਂ ਮੁਸਲਮਾਨਾਂ
ਉਨ੍ਹਾਂ ਨਾਲ ਨਾ ਕਿਸੇ ਦਾ ਵਾਸਤਾ ਈ।
ਉਹਦੇ ਨਾਲ ਨਾ ਬੈਠ ਕੇ ਗੱਲ ਕਰਨੀ
ਖ਼ੁਦੀ ਆਪਣੀ ਵਿਚ ਮੁਹਾਸਤਾ ਈ।
ਸ਼ਾਹ ਮੁਹੰਮਦਾ ਦੌਲਤਾਂ ਜਮਾ ਕਰਦਾ।
ਸਾਹੂਕਾਰਾਂ ਦਾ ਪੁੱਤ ਗੁਮਾਸ਼ਤਾ ਈ। ੧੦੩।

ਸਿੰਘਾਂ ਤੇ ਅੰਗਰੇਜ਼ਾਂ ਦੀ ਇਸ ਲੜਾਈ ਦੇ ਜ਼ਰਾ ਹੋਰ ਵਿਸਥਾਰ ਸਹਿਤ ਹਾਲ ਪੜ੍ਹਨ ਲਈ ਦੇਖੋ ਜੀਵਨ-ਬ੍ਰਿਤਾਂਤ 'ਸਰਦਾਰ ਸ਼ਾਮ ਸਿੰਘ ਅਟਾਰੀਵਾਲਾ' ਕ੍ਰਿਤ ਪ੍ਰੋਫੈਸਰ ਗੰਡਾ ਸਿੰਘ, ਐਮ.ਏ.।

ੴ ਸਤਿਗੁਰ ਪ੍ਰਸਾਦਿ ॥

ਅੰਗਰੇਜ਼ਾਂ ਤੇ ਸਿੰਘਾਂ ਦੀ ਲੜਾਈ

ਕ੍ਰਿਤ ਕਵੀ ਸ਼ਾਹ ਮੁਹੰਮਦ

ਅੱਵਲ ਹਮਦ ਜਨਾਬ ਅਲਾਹ ਦੀ ਨੂੰ,
ਜੇਹੜਾ ਕੁਦਰਤੀ ਖੇਲ ਬਣਾਂਵਦਾ ਈ।
ਚੌਦਾਂ ਤਬਕਾਂ ਦਾ ਨਕਸ਼ੇ ਨਗਾਰ ਕਰ ਕੇ,
ਰੰਗ ਰੰਗ ਦੇ ਬਾਗ਼ ਬਣਾਂਵਦਾ ਈ।
ਸਫ਼ਾਂ ਪਿਛਲੀਆਂ ਸਭ ਲਪੇਟ ਲੈਂਦਾ,
ਅੱਗੋਂ ਹੋਰ ਹੀ ਹੋਰ ਵਛਾਂਵਦਾ ਈ।
ਸ਼ਾਹ ਮੁਹੰਮਦਾ ਓਸ ਤੋਂ ਸਦਾ ਡਰੀਏ,
ਬਾਦਸ਼ਾਹਾਂ ਤੋਂ ਭੀਖ ਮੰਗਾਂਵਦਾ ਈ। ੧।
ਏਥੇ ਆਇਆਂ ਨੂੰ ਦੁਨੀਆਂ ਮੋਹ ਲੈਂਦੀ,
ਦਗ਼ੇਬਾਜ਼ੀ ਦਾ ਧਾਰ ਕੇ ਭੇਸ ਮੀਆਂ।
ਸਦਾ ਨਹੀਂ ਜਵਾਨੀ ਤੇ ਐਸ਼ ਮਾਪੇ,
ਸਦਾ ਨਹੀਂ ਜੇ ਬਾਲ ਵਰੇਸ ਮੀਆਂ।
ਸਦਾ ਨਹੀਂ ਜੇ ਦੌਲਤਾਂ ਫ਼ੀਲ ਘੋੜੇ,
ਸਦਾ ਨਹੀਂ ਜੇ ਰਾਜਿਆਂ ਦੇਸ ਮੀਆਂ।
ਸ਼ਾਹ ਮੁ-ਹੰਮਦਾ ਸਦਾ ਨਾ ਰੂਪ ਦੁਨੀਆਂ,
ਸਦਾ ਰਹਿਣ ਨਾ ਕਾਲੜੇ ਕੇਸ ਮੀਆਂ। ੨।
ਇਕ ਰੋਜ਼ ਵਡਾਲੇ[1] ਦੇ ਵਿਚ ਬੈਠੇ,
ਚੱਲੀ ਆਨ ਅੰਗਰੇਜ਼ ਦੀ ਬਾਤ ਆਈ।

1. ਆਮ ਕਿੱਸਿਆਂ ਵਿਚ 'ਵਟਾਲਾ' ਲਿਖਿਆ ਹੋਇਆ ਹੈ, ਪਰ ਸਰਦਾਰ ਗੁਰਬਖ਼ਸ਼ ਸਿੰਘ ਸ਼ਮਸ਼ੇਰ ਝੁਬਾਲੀਏ ਪਾਸੋਂ ਪ੍ਰਾਪਤ ਹੋਏ ਲਿਖਤੀ ਕਿੱਸੇ ਵਿਚ ਵਡਾਲਾ ਲਿਖਿਆ ਹੈ। ਮੀਆਂ ਮੌਲਾ ਬਖ਼ਸ਼ 'ਕੁਸ਼ਤਾ' ਨੇ ਆਪਣੀ ਪੁਸਤਕ 'ਪੰਜਾਬ ਦੇ ਹੀਰੇ' ਵਿਚ ਵਡਾਲੇ ਦੀ ਹੀ ਪੁਸ਼ਟੀ ਕੀਤੀ ਹੈ ਜਿੱਥੇ ਆਪ ਲਿਖਦੇ ਹਨ ਕਿ ਕਵੀ ਸ਼ਾਹ ਮੁਹੰਮਦ ਵਡਾਲਾ ਜ਼ਿਲ੍ਹਾ ਅੰਮ੍ਰਿਤਸਰ ਦਾ ਰਹਿਣ ਵਾਲਾ ਸੀ, ਵਟਾਲਾ (ਬਟਾਲਾ) ਜ਼ਿਲ੍ਹਾ ਗੁਰਦਾਸ ਪੁਰ ਦਾ ਨਹੀਂ।

ਸਾਨੂੰ ਆਖਿਆ ਹੀਰੇ ਤੇ ਨੂਰ ਖਾਂ[1] ਨੇ,
ਜਿਨ੍ਹਾਂ ਨਾਲ ਸਾਡੀ ਮੁਲਾਕਾਤ ਆਈ।
ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ,
ਸਿਰਾਂ ਦੋਹਾਂ ਦੇ ਉੱਤੇ ਅਫ਼ਾਤ ਆਈ।
ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ,
ਕਦੇ ਨਹੀਂ ਸੀ ਤੀਸਰੀ ਜ਼ਾਤ ਆਈ। ੩।

ਏਹ ਜੱਗ ਸਰਾਇ ਮੁਸਾਫ਼ਰਾਂ ਦੀ,
ਏਥੇ ਜ਼ੋਰ ਵਾਲੇ ਕਈ ਆਇ ਗਏ।
ਸ਼ੱਦਾਦ ਨਮਰੂਦ ਫਰਔਨ ਜੇਹੇ,
ਦਾਵਾ ਬੰਨ੍ਹ ਖ਼ੁਦਾਇ ਕਹਾਇ ਗਏ।
ਅਕਬਰ[2] ਸ਼ਾਹ ਜੇਹੇ ਵਿਚ ਦਿੱਲੀ ਦੇ ਜੀ,
ਫੇਰੀ ਵਾਂਗ ਵਣਜਾਰਿਆਂ ਪਾਇ ਗਏ।
ਸ਼ਾਹ ਮੁਹੰਮਦਾ ਰਹੇਗਾ ਰੱਬ ਸੱਚਾ,
ਵਾਜੇ ਝੂਠ ਦੇ ਕਈ ਵਜਾਇ ਗਏ। ੪।

ਮਹਾਂਬਲੀ ਰਣਜੀਤ ਸਿੰਘ[3] ਹੋਇਆ ਪੈਦਾ,
ਨਾਲ ਜ਼ੋਰ ਦੇ ਮੁਲਕ ਹਿਲਾਇ ਗਿਆ।
ਮੁਲਤਾਨ ਕਸ਼ਮੀਰ ਪਿਸ਼ੌਰ ਚੰਬਾ,
ਜੰਮੂ ਕਾਂਗੜਾ ਕੋਟ ਨਿਵਾਇ ਗਿਆ।
ਹੋਰ ਦੇਸ ਲੱਦਾਖ ਤੇ ਚੀਨ ਤੋੜੀ,
ਸਿੱਕਾ ਆਪਣੇ ਨਾਮ ਚਲਾਇ ਗਿਆ।
ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ,
ਅੱਛਾ ਰੱਜ ਕੇ ਰਾਜ ਕਮਾਇ ਗਿਆ। ੫।

ਜਦੋਂ ਹੋਏ ਸਰਕਾਰ[4] ਦੇ ਸਾਸ ਪੂਰੇ,
ਜਮਾਂ ਹੋਏ ਨੀ ਸਭ ਸਰਦਾਰ ਮੀਆਂ।

---

1. ਇਕ ਕਿੱਸੇ ਵਿਚ ਇੱਥੇ 'ਨੂਰ ਖਾਂ ਨੇ' ਦੀ ਥਾਂ 'ਹੋਰ ਯਾਰਾਂ' ਲਿਖਿਆ ਹੋਇਆ ਹੈ।
2. ਹਿੰਦੋਸਤਾਨ ਦਾ ਸਭ ਤੋਂ ਪ੍ਰਸਿੱਧ ਮੁਗ਼ਲ ਬਾਦਸ਼ਾਹ ਅਕਬਰ ਜਿਸ ਨੇ ਸੰਨ 1556 ਈ. ਤੋਂ 1605 ਤੱਕ ਰਾਜ ਕੀਤਾ।
3. ਮਹਾਰਾਜਾ ਰਣਜੀਤ ਸਿੰਘ ਦਾ ਜਨਮ ਗੁਜਰਾਂਵਾਲੇ ਮਾਈ ਮਲਵੈਣ ਬੀਬੀ ਰਾਜ ਕੌਰ ਦੀ ਕੁੱਖੋਂ 2 ਮੱਘਰ ਸੰਮਤ 1837 ਬਿ. ਮੁਤਾਬਿਕ 13 ਨਵੰਬਰ 1780 ਨੂੰ ਸਰਦਾਰ ਮਹਾਂ ਸਿੰਘ ਸ਼ੁੱਕਰਚੱਕੀਏ ਦੇ ਘਰ ਹੋਇਆ।
4. 15 ਹਾੜ੍ਹ ਸੰਮਤ 1896 ਮੁਤਾਬਿਕ 27 ਜੂਨ, 1839।

ਚੇਤ ਸਿੰਘ[1] ਨੂੰ ਮਾਰਿਆ ਕੌਰ ਸਾਹਿਬ[2],
ਸੂਰੂ ਹੋਈ ਦਰਬਾਰ ਤਲਵਾਰ ਮੀਆਂ।
ਖੜਕ ਸਿੰਘ ਮਹਾਰਾਜਾ ਨੇ ਆਹ ਮਾਰੀ,
ਮੋਇਆ ਮੁੱਢ ਕਦੀਮ ਦਾ ਯਾਰ ਮੀਆਂ।
ਸ਼ਾਹ ਮੁਹੰਮਦਾ ਅਸਾਂ ਭੀ ਨਾਲ ਮਰਨਾ,
ਸਾਡਾ ਏਹੋ ਸੀ ਕੌਲ ਕਰਾਰ ਮੀਆਂ। ੬।
ਮੇਰੇ ਬੈਠਿਆਂ ਇਨ੍ਹਾਂ ਨੇ ਖ਼ੂਨ ਕੀਤਾ,
ਏਹ ਤਾਂ ਗ਼ਰਕ ਜਾਵੇ ਦਰਬਾਰ ਮੀਆਂ।
ਪਿੱਛੇ ਸਾਡੇ ਭੀ ਕੌਰ ਨਾ ਰਾਜ ਕਰਸੀ,
ਅਸੀਂ ਮਰਾਂਗੇ ਏਸ ਨੂੰ ਮਾਰ[3] ਮੀਆਂ।
ਨਾਹੱਕ ਦਾ ਇਨ੍ਹਾਂ ਨੇ ਖ਼ੂਨ ਕੀਤਾ,
ਏਹ ਤਾਂ ਮਰਨਗੇ ਸਭ ਸਰਦਾਰ ਮੀਆਂ।
ਸ਼ਾਹ ਮੁਹੰਮਦਾ ਹੋਈ ਹੁਣ ਮੌਤ ਸਸਤੀ,
ਖ਼ਾਲੀ ਨਹੀਂ ਜਾਣਾ ਇਕ ਵਾਰ ਮੀਆਂ। ੭।
ਖੜਕ ਸਿੰਘ ਮਹਾਰਾਜ ਹੋਇਆ ਬਹੁਤ ਮਾਂਦਾ,
ਬਰਸ ਇਕ ਪਿੱਛੋਂ ਵੱਸ ਕਾਲ ਹੋਇਆ[4]।
ਆਈ ਮੌਤ ਨਾਂ ਅਟਕਿਆ ਇਕ ਘੜੀ,
ਚੇਤ ਸਿੰਘ ਦੇ ਗ਼ਮ ਦੇ ਨਾਲ ਮੋਇਆ।
ਕੌਰ ਸਾਹਿਬ ਮਹਾਰਾਜ[5] ਦੀ ਗੱਲ ਸੁਣ ਕੇ,
ਜ਼ਰਾ ਦਰਦ ਦੇ ਨਾਲ ਨਾ ਮੂਲ ਰੋਇਆ।
ਸ਼ਾਹ ਮੁਹੰਮਦਾ ਕਈਆਂ ਦੇ ਮਾਰਨੇ ਨੂੰ,
ਵਿਚ ਕੌਂਸਲੇ ਕੌਰ ਨੂੰ ਫਿਕਰ[6] ਹੋਯਾ। ੮।
ਖੜਕ ਸਿੰਘ ਮਹਾਰਾਜ ਨੂੰ ਚੁੱਕ ਲਿਆ,
ਦੇਖੋ ਸਾੜਨੇ ਨੂੰ ਹੁਣ ਲੈ ਚੱਲੇ।

---

1. ਮਹਾਰਾਜਾ ਖੜਕ ਸਿੰਘ ਦਾ ਇੱਕ ਮਿੱਤਰ ਤੇ ਸਲਾਹਕਾਰ ਸਰਦਾਰ ਜੋ 8-9 ਅਕਤੂਬਰ 1839 ਦੀ ਰਾਤ ਨੂੰ ਧਿਆਨ ਸਿੰਘ ਆਦਿ ਡੋਗਰਿਆਂ, ਸੰਧਾਵਾਲੀਏ ਸਰਦਾਰ ਅਤੇ ਕੰਵਰ ਨੌਨਿਹਾਲ ਸਿੰਘ ਦੀ ਸਾਜ਼ਸ਼ ਨਾਲ ਮਾਰਿਆ ਗਿਆ ਸੀ।
2. ਕੰਵਰ ਨੌ-ਨਿਹਾਲ ਸਿੰਘ, ਮਹਾਰਾਜਾ ਖੜਕ ਸਿੰਘ ਦਾ ਪੁੱਤਰ।
3. ਅੰਤ ਕਰਤਾਰ ਦਾ ਭਾਣਾ ਐਸਾ ਹੀ ਵਰਤਿਆ ਕਿ ਕੰਵਰ ਨੌ-ਨਿਹਾਲ ਸਿੰਘ ਭੀ ਪਿਤਾ ਦੇ ਕੁਝ ਘੰਟੇ ਹੀ ਬਾਅਦ ਹੁਕਮ ਸਤਿ ਕਰ ਗਏ।
4. ਮਹਾਰਾਜਾ ਖੜਕ ਸਿੰਘ ਦਾ 5 ਨਵੰਬਰ, 1840 ਨੂੰ ਦੇਹਾਂਤ ਹੋਇਆ।
5. ਮਹਾਰਾਜਾ ਖੜਕ ਸਿੰਘ।
6. ਪਾਠ-ਭੇਦ—ਹੁਕਮ।

ਧਰਮ ਰਾਜ ਨੂੰ ਜਦੋਂ ਇਹ ਖਬਰ ਹੋਈ,
ਕੌਰ ਮਾਰਨੇ ਨੂੰ ਉਸ ਦੂਤ ਘੱਲੇ।
ਮਾਰੋ ਮਾਰ ਕਰਦੇ ਦੂਤ ਆਣ ਵੜੇ,
ਜਦੋਂ ਮੌਤ ਦੇ ਹੋਏ ਨੀ ਆਣ ਹੱਲੇ।
ਸ਼ਾਹ ਮੁਹੰਮਦਾ ਦੇਖ ਰਜ਼ਾਇ ਉਸ ਦੀ,
ਊਧਮ ਸਿੰਘ[1] ਤੇ ਕੌਰ ਦੇ ਸਾਸ ਚੱਲੇ। ੯।
ਇਕ ਦੂਤ ਨੇ ਦੇਖ ਕੇ ਫ਼ਿਕਰ ਕੀਤਾ,
ਪਲਕ ਵਿਚ ਦਰਵਾਜ਼ੇ ਦੇ ਆਇਆ ਈ।
ਜਿਹੜਾ ਧੁਰ ਦਰਗਾਹ ਦਾ ਹੁਕਮ ਆਂਦਾ,
ਦੇਖੋ ਓਸ ਨੂੰ ਖੂਬ ਵਜਾਇਆ ਈ।
ਅੰਦਰ ਤਰਫ਼ ਹਵੇਲੀ ਦੇ ਤੁਰੇ ਜਾਂਦੇ,
ਛੱਜਾ ਢਾਹ ਦੋਹਾਂ ਉੱਤੇ ਪਾਇਆ ਈ।
ਸ਼ਾਹ ਮੁਹੰਮਦਾ ਊਧਮ ਸਿੰਘ ਥਾਉਂ ਮੋਇਆ,
ਕੌਰ ਸਾਹਿਬ ਭੀ ਸਹਿਕਦਾ[2] ਆਇਆ ਈ। ੧੦।
ਅੱਠ ਪੈਹਰ ਲੁਕਾਇ ਕੇ ਰੱਖਿਓ ਨੇ,
ਦਿਨ ਦੂਜੇ ਰਾਣੀ ਚੰਦ ਕੌਰ[3] ਆਈ।
ਖੜਕ ਸਿੰਘ ਦਾ ਮੂਲ ਦਰੇਗ ਨਾਹੀਂ,
ਕੌਰ ਸਾਹਿਬ ਤਾਈਂ ਓਥੇ ਰੋਣ ਆਈ।
ਹੁਣ ਮੋਇਆ ਤੇ ਕਰੋ ਸਸਕਾਰ ਇਸ ਦਾ,
ਭਲਾ ਤੁਸਾਂ ਕਿਉਂ ਏਤਨੀ ਦੇਰ ਲਾਈ।
ਸ਼ਾਹ ਮੁਹੰਮਦਾ ਰੋਂਦੀ ਏ ਚੰਦ ਕੌਰਾਂ,
ਜਿਸ ਦਾ ਮੋਇਆ ਪੁੱਤਰ ਸੋਹਣਾ ਸ਼ੇਰ ਸਾਂਈ। ੧੧।
ਸ਼ੇਰ ਸਿੰਘ[4] ਨੂੰ ਕਿਸੇ ਜਾ ਖ਼ਬਰ ਦਿੱਤੀ,
ਜਿਸ ਦਾ ਮੋਇਆ ਭਤੀਜਾ ਤੇ ਵੀਰ ਯਾਰੋ।
ਉਸ ਨੇ ਤੁਰਤ ਵਟਾਲਿਓਂ ਕੂਚ ਕੀਤਾ,
ਰਾਤੀਂ ਆਂਵਦਾ ਘੱਤ ਵਹੀਰ ਯਾਰੋ।
ਜਦੋਂ ਆਣ ਕੇ ਹੋਇਆ ਲਾਹੌਰ ਦਾਖ਼ਲ,
ਅੱਖੀਂ ਰੋਇ ਪਲੱਟਦਾ ਨੀਰ ਯਾਰੋ।

1. ਊਧਮ ਸਿੰਘ, ਰਾਜਾ ਗੁਲਾਬ ਸਿੰਘ ਡੋਗਰੇ ਦਾ ਪੁੱਤਰ।
2. ਕੰਵਰ ਨੌਂ-ਨਿਹਾਲ ਸਿੰਘ ਉਸ ਵੇਲੇ ਤਾਂ ਸਹਿਕਦਾ ਸੀ ਪਰ ਕਿਲ੍ਹੇ ਅੰਦਰ ਲਿਜਾ ਕੇ ਮਾਰ ਦਿੱਤਾ ਗਿਆ। ਵੇਰਵੇ ਲਈ ਦੇਖੋ ਗੰਡਾ ਸਿੰਘ 'ਸਿੱਖ ਇਤਿਹਾਸ ਬਾਰੇ', 122-134.
3. ਮਹਾਰਾਜਾ ਖੜਕ ਸਿੰਘ ਦੀ ਮਹਾਰਾਣੀ ਅਤੇ ਕੰਵਰ ਨੌਂ-ਨਿਹਾਲ ਸਿੰਘ ਦੀ ਮਾਤਾ।
4. ਮਹਾਰਾਜਾ ਰਣਜੀਤ ਸਿੰਘ ਦਾ ਪੁੱਤਰ ਜੋ ਮਹਾਰਾਣੀ ਮਹਿਤਾਬ ਕੌਰ ਦੀ ਕੁੱਖੋਂ ਸੀ।

ਸ਼ਾਹ ਮੁਹੰਮਦਾ ਲੋਕ ਦਿਲਬਰੀ ਕਰਦੇ,
ਚੰਦ ਕੌਰ ਹੋਈ ਦਿਲਗੀਰ ਯਾਰੋ। ੧੨।

ਦਿੱਤੇ ਮੰਤ੍ਰੀ ਚਾਰ ਖਲਾਰ ਚੌਰੀਂ,
ਸ਼ੇਰ ਸਿੰਘ ਅੰਦਰ ਅੱਜ ਆਵਣਾ ਜੇ।
ਤੁਰਤ ਫੂਕ ਦਿਓ ਤੁਸੀਂ ਕਰਾਬੀਨਾਂ[1],
ਇਕ ਘੜੀ ਵਿਚ ਮਾਰ ਮੁਕਾਵਣਾ ਜੇ।
ਸ਼ੇਰ ਸਿੰਘ ਨੂੰ ਰਾਜੇ[2] ਨੇ ਖ਼ਬਰ ਦਿੱਤੀ,
ਅੰਦਰ ਅਜੇ ਜ਼ਰੂਰ ਨਹੀਂ ਜਾਵਣਾ ਜੇ।
ਸ਼ਾਹ ਮੁਹੰਮਦਾ ਅਜੇ ਨਹੀਂ ਜ਼ੋਰ ਤੇਰਾ,
ਤੈਨੂੰ ਅਸਾਂ ਹੀ ਅੰਤ ਸਦਾਵਣਾ ਜੇ। ੧੩।

ਚੰਦ ਕੌਰਾਂ ਦੀ ਮੰਦੀ ਜੋ ਨਜ਼ਰ ਦੇਖੀ,
ਦਗੇ-ਬਾਜ਼ੀਆਂ ਹੋਰ ਬਥੇਰੀਆਂ ਨੀ।
ਉਸ ਨੇ ਤੁਰਤ ਲਾਹੌਰ ਥੀਂ ਕੂਚ ਕੀਤਾ,
ਬੈਠਾ ਜਾਇ ਕੇ ਵਿਚ ਮੁਕੇਰੀਆਂ ਨੀ।
ਪਿੱਛੇ ਤਖ਼ਤ ਬੈਠੀ ਰਾਣੀ ਚੰਦ ਕੌਰਾਂ,
ਦੇਂਦੇ ਆਣ ਮੁਸਾਹਿਬ ਦਲੇਰੀਆਂ ਨੀ।
ਸ਼ਾਹ ਮੁਹੰਮਦਾ ਕੌਰਾਂ ਨਾ ਜੰਮਨਾ ਏ[3],
ਕਿਲੇ ਕੋਟ ਤੇ ਰੱਯਤਾਂ ਤੇਰੀਆਂ ਨੀ। ੧੪।

ਰਾਜੇ ਲਸ਼ਕਰਾਂ ਵਿਚ ਸਲਾਹ ਕੀਤੀ,
ਸ਼ੇਰ ਸਿੰਘ ਨੂੰ ਕਿਵੇਂ ਸਦਾਈਦੇ ਜੀ।
ਓਹ ਤਾਂ ਪੁੱਤਰ ਸਰਕਾਰ ਦਾ ਫ਼ਤੇਜੰਗੀ,
ਗੱਦੀ ਓਸ ਨੂੰ ਚਾ ਬਹਾਈਏ ਜੀ।
ਸਿੰਘਾਂ ਆਖਿਆ ਰਾਜਾ ਜੀ ਹੁਕਮ ਤੇਰਾ,
ਜਿਸ ਨੂੰ ਕਹੇਂ ਸੋ ਫ਼ਤੇ ਬੁਲਾਈਏ ਜੀ।
ਸ਼ਾਹ ਮੁਹੰਮਦਾ ਗੱਲ ਜੋ ਮੂੰਹੋਂ ਕੱਢੇਂ,
ਏਸੇ ਵਖ਼ਤ ਹੀ ਚਾ ਮੰਗਾਈਏ ਜੀ। ੧੫।

ਬਾਈ ਦਿਨਾਂ ਦੀ ਰਾਜੇ ਨੇ ਲਈ ਰੁਖ਼ਸਤ,
ਤੁਰਤ ਜੰਮੂ ਨੂੰ ਹੋਇ ਨੀ ਕੂਚ ਡੇਰੇ।

1. Carabines—ਬੰਦੂਕਾਂ।
2. ਰਾਜਾ ਧਿਆਨ ਸਿੰਘ ਡੋਗਰਾ ਵਜ਼ੀਰ।
3. ਸੁਰਗਵਾਸੀ ਕੰਵਰ ਨੌ-ਨਿਹਾਲ ਸਿੰਘ ਦੇ ਘਰ ਕੋਈ ਪੁੱਤਰ ਨਹੀਂ ਜੰਮਣਾ ਹੈ।

ਸ਼ੇਰ ਸਿੰਘ ਤਾਂਈ ਲਿਖ ਘੱਲੀ ਚਿੱਠੀ,
ਮੈਂ ਤਾਂ ਰਫ਼ੂ ਕਰ ਛੱਡੇ ਨੀ ਕੰਮ ਤੇਰੇ।
ਧੌਂਸਾ ਮਾਰ ਕੇ ਪਹੁੰਚ ਲਾਹੌਰ ਜਲਦੀ,
ਅੱਗੋਂ ਆਇ ਮਿਲਸਨ ਤੈਨੂੰ ਸੱਭ ਡੇਰੇ।
ਸ਼ਾਹ ਮੁਹੰਮਦਾ ਮਿਲਨਗੇ ਫੇਰ ਅਫ਼ਸਰ,
ਜਿਸ ਵੇਲੜੇ ਸ਼ਹਿਰ ਦੇ ਗਿਓਂ ਨੇੜੇ। ੧੬।
ਸ਼ੇਰ ਸਿੰਘ ਨੇ ਰਾਜੇ ਦਾ ਖ਼ਤ ਪੜ੍ਹ ਕੇ,
ਫ਼ੌਜਾਂ ਤੁਰਤ ਲਾਹੌਰ ਨੂੰ ਘੱਲੀਆਂ ਨੀ।
ਘੋੜੇ ਹਿਣਕਦੇ ਤੇ ਮਾਰੂ ਵੱਜਦੇ ਨੀ,
ਧੂੜ ਉੱਡ ਕੇ ਘਟਾਂ ਹੋ ਚੱਲੀਆਂ ਨੀ।
ਆਵੇ ਬੁਧੂ ਦੇ ਲਾਏ ਨੀ ਪਾਸ ਡੇਰੇ,
ਫ਼ੌਜਾਂ ਲੱਥੀਆਂ ਆਣ ਇਕੱਲੀਆਂ ਨੀ।
ਸ਼ਾਹ ਮੁਹੰਮਦਾ ਆਣ ਜਾਂ ਮਿਲੇ ਅਫ਼ਸਰਾਂ,
ਗੱਲਾਂ ਵਿਚ ਲਾਹੌਰ ਦੇ ਚੱਲੀਆਂ ਨੀ। ੧੭।
ਸ਼ੇਰ ਸਿੰਘ ਤਾਂ ਬੁੱਧੂ ਦੇ ਆਵਿਓਂ ਜੀ,
ਕਰ ਤੁਰਮ[2] ਲਾਹੌਰ ਵੱਲ ਧਾਇਆ ਈ।
ਫਲ੍ਹੇ ਪੜਤਲਾਂ ਦੇ ਅੱਗੋਂ ਪਾੜ ਕੇ ਜੀ,
ਸ਼ੇਰ ਸਿੰਘ ਨੂੰ ਤੁਰਤ ਲੰਘਾਇਆ ਈ[3]।
ਉਸ ਬਲੀ ਸ਼ਾਹਜ਼ਾਦੇ ਦਾ ਤੇਜ ਭਾਰੀ,
ਜਿਸ ਕਿਲੇ ਨੂੰ ਮੋਰਚਾ ਲਾਇਆ ਈ।
ਸ਼ਾਹ ਮੁਹੰਮਦਾ ਹਾਰ ਕੇ ਵਿਚਲਿਆਂ ਨੇ[4],
ਸ਼ੇਰ ਸਿੰਘ ਨੂੰ ਗੱਦੀ ਬਹਾਇਆ ਈ। ੧੮।
ਸ਼ੇਰ ਸਿੰਘ ਗੱਦੀ ਉੱਤੇ ਬੈਠ ਕੇ ਜੀ,
ਰਾਣੀ ਕੈਦ ਕਰ ਕੇ ਕਿਲੇ ਵਿਚ ਪਾਈ।
ਘਰ ਬੈਠਿਆਂ ਰੱਬ ਨੇ ਰਾਜ ਦਿੱਤਾ,
ਦੇਖੋ ਮੱਲ ਬੈਠਾ ਸਾਰੀ ਪਾਤਸ਼ਾਹੀ।
ਬਰਸ ਹੋਇਆ ਜਾਂ ਓਸ ਨੂੰ ਕੈਦ ਅੰਦਰ,
ਰਾਣੀ ਦਿਲ ਦੇ ਵਿਚ ਜੋ ਜਿੱਚ ਆਹੀ।

---

1. ਪਾਠ-ਭੇਦ—'ਸ਼ਾਹ ਮੁਹੰਮਦਾ ਆਣ ਜਾ ਰਥ ਪਹੁੰਚੇ'। ਕਈਆਂ ਵਿਚ 'ਰਥ' ਦੀ ਥਾਂ 'ਤੁਰਤ' ਹੈ।
2. ਤੁਰਮ ਬਾਜਾ, ਤੁਰ੍ਹੀ, Trump, Trumpet.
3. ਪਾਠ-ਭੇਦ—ਪਹਿਲੇ ਪੜਤਲਾਂ ਨੂੰ ਅੱਗੋਂ (ਓਥੇ) ਪਾੜ ਕੇ ਜੀ, ਵਿਚ ਸ਼ਹਿਰ ਲਾਹੌਰ ਲੰਘਾਇਆ ਈ।
4. ਪਾਠ-ਭੇਦ—ਸ਼ਾਹ ਮੁਹੰਮਦਾ ਵਿਚ ਲਾਹੌਰ ਦੇ ਜੀ।

ਸ਼ਾਹ ਮੁਹੰਮਦਾ ਮਾਰ ਕੇ ਚੰਦ ਕੌਰਾਂ,
ਸ਼ੇਰ ਸਿੰਘ ਨੇ ਗਲੋਂ ਬਲਾ ਲਾਹੀ[1]। ੧੯।
ਸ਼ੇਰ ਸਿੰਘ ਨੂੰ ਰੱਬ ਨੇ ਰਾਜ ਦਿੱਤਾ,
ਲਿਆ ਖੋਹ ਲਾਹੌਰ ਜੋ ਰਾਣੀਆਂ ਥੀਂ।
ਸੰਧਾਂਵਾਲੀਆਂ ਦੇ ਦੇਸੋਂ ਪੈਰ ਖਿਸਕੇ,
ਜਾ ਕੇ ਪੁੱਛ ਲੈ ਰਾਹ ਪਧਾਣੀਆਂ ਥੀਂ।
ਮੁੜ ਕੇ ਫੇਰ ਅਜੀਤ ਸਿੰਘ ਲਈ ਬਾਜ਼ੀ,
ਪੈਂਦਾ ਹੋਇਆ ਸੀ ਅਸਲ ਸਵਾਣੀਆਂ ਥੀਂ।
ਸ਼ਾਹ ਮੁਹੰਮਦਾ ਜੰਮਿਆ ਅਲੀ ਅਕਬਰ,
ਆਂਦਾ ਬਾਪ ਨੂੰ ਕਾਲਿਆਂ ਪਾਣੀਆਂ ਥੀਂ[2]। ੨੦।
ਜਿਨ੍ਹਾਂ ਗੋਲੀਆਂ ਨੇ ਮਾਰੀ ਚੰਦ ਕੌਰਾਂ,
ਉਨ੍ਹਾਂ ਤਾਈਂ ਹਜ਼ੂਰ ਜਾਂ ਸੱਦਿਆ ਈ।
ਰਾਜੇ ਸਿੰਘਾਂ ਦਾ ਗਿਲਾ ਮਿਟਾਵਨੇ ਨੂੰ,
ਨੱਕ ਕੰਨ ਚਾ ਉਨ੍ਹਾਂ ਦਾ ਵੱਢਿਆ ਈ।
ਰਾਜੇ ਸਿੰਘਾਂ ਨੂੰ ਅੰਦਰੋਂ ਹੁਕਮ ਕੀਤਾ,
ਉਨ੍ਹਾਂ ਅੰਦਰੋਂ ਬਾਹਰ ਚਾ ਕੱਢਿਆ ਈ।
ਸ਼ਾਹ ਮੁਹੰਮਦਾ ਲਾਹ ਕੇ ਸਭ ਜੇਵਰ,
ਕਾਲਾ ਮੂੰਹ ਕਰ ਕੇ ਫੇਰ ਛੱਡਿਆ ਈ। ੨੧।
ਬਰਸ ਹੋਇਆ ਜਾਂ ਹਾਜ਼ਰੀ ਲੈਣ ਬਦਲੇ,
ਡੇਰਾ ਸ਼ਾਹਿ ਬਲਾਵਲ[3] ਲਗਾਂਵਦਾ ਈ।
ਅਜੀਤ ਸਿੰਘ ਗੁੱਝੀ ਕਰਾਬੀਨ ਲੈ ਕੇ,
ਸ਼ੇਰ ਸਿੰਘ ਨੂੰ ਆਣ ਦਿਖਾਂਵਦਾ ਈ।

---

1. ਮਹਾਰਾਣੀ ਚੰਦ ਕੌਰ ਦੀ ਮੌਤ ਮਹਾਰਾਜਾ ਸ਼ੇਰ ਸਿੰਘ ਦੀ ਲਾਹੌਰੋਂ ਗ਼ੈਰ-ਹਾਜ਼ਰੀ ਵਿਚ ਹੋਈ ਸੀ ਜਿਸ ਦੇ ਹਾਲਾਤ ਗੁਜ਼ਰ ਚੁੱਕੇ ਜ਼ਮਾਨੇ ਦੀ ਛਾਤੀ ਵਿਚ ਲੁਕੇ ਚਲੇ ਗਏ ਹਨ।
2. ਇੱਥੇ ਇਸ਼ਾਰਾ ਦੋਸਤ ਮੁਹੰਮਦ ਖਾਨ ਦੇ ਪੁੱਤਰ ਮੁਹੰਮਦ ਅਕਬਰ ਖਾਨ ਵੱਲ ਹੈ ਜਿਸ ਨੇ ਕਾਬਲ ਵਿਚ ਸ਼ੋਰਸ਼ ਕਰ ਕੇ ਅੰਗਰੇਜ਼ਾਂ ਨੂੰ ਮਜਬੂਰ ਕਰ ਦਿੱਤਾ ਸੀ ਕਿ ਓਹ ਉਸ ਦੇ ਪਿਤਾ ਦੋਸਤ ਮੁਹੰਮਦ ਨੂੰ ਕਲਕੱਤਿਓਂ ਛੱਡ ਦੇਣ। ਵਾਪਸ ਜਾਂਦੀ ਵਾਰੀ ਅਮੀਰ ਦੋਸਤ ਮੁਹੰਮਦ 11 ਜਨਵਰੀ, 1843 ਨੂੰ ਲਾਹੌਰ ਵਿਚ ਮਹਾਰਾਜਾ ਸ਼ੇਰ ਸਿੰਘ ਨੂੰ ਮਿਲਿਆ। ਮਹਾਰਾਜਾ ਸਾਹਿਬ ਨੇ ਬੜੀ ਇੱਜ਼ਤ ਨਾਲ ਉਸ ਦਾ ਸੁਆਗਤ ਕੀਤਾ ਤੇ ਅੱਗੇ ਕਾਬੁਲ ਨੂੰ ਵਿਦਾ ਕੀਤਾ।
3. ਸ਼ਾਹ ਬਿਲਾਵਲ ਦਾ ਮਕਬਰਾ ਲਾਹੌਰ ਦੇ ਚੜ੍ਹਦੇ ਵੱਲ ਪਿੰਡ ਕੋਟ ਖੁਆਜਾ ਸਈਦ ਦੇ ਚੜ੍ਹਦੇ ਪਾਸੇ ਬਾਗ਼ਬਾਨ ਪੁਰਾ ਤੇ ਭੋਗੀਵਾਲ ਤੋਂ ਇੱਕ ਮੀਲ ਦੀ ਵਿਥ ਤੇ ਹੈ। ਇਸ ਦੇ ਲਾਗੇ ਹੀ ਦੱਖਣ-ਲਹਿੰਦੇ ਨੂੰ ਹਕੀਕਤ ਰਾਇ ਦੀ ਸਮਾਧ ਹੈ।

ਸਿੱਧੀ ਜਦੋਂ ਸ਼ਾਹਜ਼ਾਦੇ ਨੇ ਨਜ਼ਰ ਕੀਤੀ,
ਜਲਦੀ ਨਾਲ ਚਾ ਕਲਾ ਦਬਾਂਵਦਾ ਈ।
ਸ਼ਾਹ ਮੁਹੰਮਦਾ ਜ਼ਿਮੀਂ ਤੇ ਪਿਆ ਤੜਫੇ,
ਤੇਗ਼ ਮਾਰ ਕੇ ਸੀਸ ਉਡਾਂਵਦਾ ਈ[1]। ੨੨।
ਲਹਿਣਾ ਸਿੰਘ ਜੋ ਬਾਗ਼[2] ਦੀ ਤਰਫ਼ ਆਇਆ,
ਅੱਗੇ ਕੌਰ[3] ਜੋ ਹੋਮ[4] ਕਰਾਂਵਦਾ ਈ।
ਲਹਿਣਾ ਸਿੰਘ ਦੀ ਮੰਦੀ ਜੋ ਨਜ਼ਰ ਦੇਖੀ,
ਅੱਗੋਂ ਰੱਬ ਦਾ ਵਾਸਤਾ ਪਾਂਵਦਾ ਈ।
ਮੈਂ ਤਾਂ ਕਰਾਂਗਾ ਬਾਬਾ ਜੀ[5] ਟਹਿਲ ਤੇਰੀ,
ਹੱਥ ਜੋੜ ਕੇ ਸੀਸ ਨਿਵਾਂਵਦਾ ਈ।
ਸਾਹ ਮੁਹੰਮਦਾ ਓਸ ਨਾਂ ਇਕ ਮੰਨੀ,
ਤੇਗ਼ ਮਾਰ ਕੇ ਸੀਸ ਉਡਾਂਵਦਾ ਈ। ੨੩।
ਸ਼ੇਰ ਸਿੰਘ ਪਰਤਾਪ ਸਿੰਘ ਮਾਰ ਕੇ ਜੀ,
ਸੰਧਾਂਵਾਲੀਏ ਸ਼ਹਿਰ ਨੂੰ ਉੱਠ ਧਾਏ।
ਰਾਜਾ ਮਿਲਿਆ ਤਾਂ ਕਹਿਆ ਅਜੀਤ ਸਿੰਘ ਨੇ,
ਸ਼ੇਰ ਸਿੰਘ ਨੂੰ ਮਾਰ ਕੇ ਅਸੀਂ ਆਏ।
ਗੱਲੀਂ ਲਾਇ ਕੇ ਕਿਲੇ ਦੇ ਵਿਚ ਆਂਦਾ,
ਕੈਸੇ ਅਕਲ ਦੇ ਉਨ੍ਹਾਂ ਨੇ ਪੇਚ ਪਾਏ।
ਜਿਨ੍ਹਾਂ ਮਾਰੀ ਸੀ ਰਾਣੀ ਚੰਦ ਕੌਰਾਂ,
ਸ਼ਾਹ ਮੁਹੰਮਦਾ ਉਨ੍ਹਾਂ ਦੇ ਸੀਸ ਲਾਹੇ[6]। ੨੪।
ਗੁਰਮੁਖ ਸਿੰਘ ਗਿਆਨੀ ਨੇ ਮੱਤ ਦਿੱਤੀ,
ਤੁਸਾਂ ਇਹ ਕਿਉਂ ਜੀਵਦਾ ਛੱਡਿਆ ਜੇ।
ਮਗਰੋਂ ਮਹਿਰ ਘਸੀਟਾ ਤਾਂ ਬੋਲਿਆ ਈ,
ਏਹ ਸੁਖ਼ਨ ਸਲਾਹ ਦਾ ਕੱਢਿਆ ਜੇ।

---

1. ਪਾਠ-ਭੇਦ—'ਤੇਗ਼ ਮਾਰ ਕੇ ਸੀਸ ਲੈ ਜਾਂਵਦਾ ਈ'।
2. ਬਾਗ਼ ਤੇਜਾ ਸਿੰਘ, ਜੋ ਸ਼ਾਹ ਬਿਲਾਵਲ ਤੋਂ ਲਹਿੰਦੇ ਨੂੰ ਹੈ।
3. ਕੰਵਰ ਪ੍ਰਤਾਪ ਸਿੰਘ, ਮਹਾਰਾਜਾ ਸ਼ੇਰ ਸਿੰਘ ਦਾ ਪੁੱਤਰ।
4. ਤੁਲਾਦਾਨ।
5. ਰਿਸ਼ਤੇ ਵਿਚੋਂ ਸਰਦਾਰ ਲਹਿਣਾ ਸਿੰਘ ਸੰਧਾਵਾਲੀਆ ਦੂਰੋਂ ਮਹਾਰਾਜਾ ਸ਼ੇਰ ਸਿੰਘ ਦਾ ਚਾਚਾ ਲੱਗਦਾ ਸੀ ਤੇ ਇਸ ਤਰ੍ਹਾਂ ਕੰਵਰ ਪ੍ਰਤਾਪ ਸਿੰਘ ਦੇ ਬਾਬੇ ਵਰਗਾ ਸੀ।
6. ਪਾਠ-ਭੇਦ—'ਕਿੱਥੇ ਮਾਰੀ ਸੀ ਰਾਜਾ ਜੀ ਚੰਦ ਕੌਰਾਂ ਸਾਹ ਮੁਹੰਮਦਾ ਪੁੱਛਣੇ ਉਨ੍ਹਾਂ ਚਾਹੇ। ਇੱਥੋਂ ਇਹ ਭੀ ਪ੍ਰਤੀਤ ਹੁੰਦਾ ਕਿ ਸੰਧਾਵਾਲੀਏ ਸਰਦਾਰ ਰਾਣੀ ਚੰਦ ਕੌਰ ਦੇ ਮਾਰਨ ਦਾ ਜ਼ਿੰਮੇਵਾਰ ਰਾਜਾ ਧਿਆਨ ਸਿੰਘ ਨੂੰ ਸਮਝਦੇ ਸਨ ਅਤੇ ਉਸ ਦਾ ਬਦਲਾ ਲੈਣ ਦਾ ਖ਼ਿਆਲ ਭੀ ਧਿਆਨ ਸਿੰਘ ਨੂੰ ਮਾਰਨ ਦਾ ਇੱਕ ਕਾਰਨ ਹੋ ਸਕਦਾ ਹੈ।

ਇਕ ਅੜਦਲੀ ਨੇ ਕਰਾਬੀਨ ਮਾਰੀ,
ਰੱਸਾ ਆਸ ਉਮੈਦ ਦਾ ਵੱਢਿਆ ਜੇ।
ਸ਼ਾਹ ਮੁਹੰਮਦਾ ਜ਼ਿਮੀਂ ਤੇ ਪਿਆ ਤੜਫੇ,
ਦਲੀਪ ਸਿੰਘ[1] ਤਾਈਂ ਤੁਰਤ ਸੱਦਿਆ ਜੇ। ੨੫।
ਪਹਿਲੇ ਰਾਜੇ ਦੇ ਖ਼ੂਨ ਦਾ ਲਾਇ ਟਿੱਕਾ,
ਪਿੱਛੋਂ ਦਿੱਤੀਆਂ ਚਾਰ ਪਰਦੱਖਣਾ ਈਂ।
ਤੇਰੇ ਵਾਸਤੇ ਹੋਏ ਨੀ ਸੱਭ ਕਾਰੇ,
ਅੱਗੇ ਸਾਹਬ ਸੱਚੇ ਤੈਨੂੰ ਰੱਖਣਾ ਈਂ।
ਸਾਨੂੰ ਘੜਕੀ ਦੀ ਕੁਝ ਉਮੈਦ ਨਾਹੀਂ,
ਅੱਜ ਰਾਤ ਪ੍ਰਸਾਦ ਕਿਨ ਚੱਖਣਾ ਈਂ।
ਤੇਰੇ ਵੱਲ ਜੋ ਕਰੇਗਾ ਨਜ਼ਰ ਮੰਦੀ,
ਸ਼ਾਹ ਮੁਹੰਮਦਾ ਕਰਾਂਗੇ ਸੱਖਣਾ ਈਂ। ੨੬।
ਹੀਰਾ ਸਿੰਘ[2] ਨੂੰ ਰਾਜੇ ਦੀ ਖਬਰ ਹੋਈ,
ਸੂਬੇਦਾਰਾਂ ਨੂੰ ਸੱਦ ਕੇ ਤੁਰਤ ਚੜ੍ਹਿਆ।
ਧੌਂਸਾ ਮਾਰ ਕੇ ਫ਼ੌਜ ਲੈ ਨਾਲ ਸਾਰੀ,
ਗੁੱਸੇ ਨਾਲ ਓਹ ਸ਼ਹਿਰ ਦੇ ਵਿਚ ਵੜਿਆ।
ਰਾਜਪੂਤ ਸੀ ਡੋਗਰਾ ਬਹੁਤ ਚੰਗਾ,
ਸੰਧਾਂਵਾਲੀਆਂ ਦੇ ਨਾਲ ਖੂਬ ਲੜਿਆ।
ਸ਼ਾਹ ਮੁਹੰਮਦਾ ਅਜੀਤ ਸਿੰਘ ਮੋਇਆ ਲੱਧਾ,
ਲੈਹਣਾ ਸਿੰਘ ਜੋ ਜੀਂਵਦਾ ਆਣ ਫੜਿਆ[3]। ੨੭।
ਦੋਹਾਂ ਧਿਰਾਂ ਤੋਂ ਬਹੁਤ ਸੂਰਮਤ ਹੋਈ,
ਖੰਡਾ ਵਿਚ ਮੈਦਾਨ ਵਜਾਇ ਗਏ।
ਸ਼ੇਰ ਸਿੰਘ ਨਾ ਕਿਸੇ ਨੂੰ ਵਧਣ ਦੇਂਦਾ,
ਸਾਰੇ ਮੁਲਖ ਥੀਂ ਕਲਾ ਮਿਟਾਇ ਗਏ।
ਰਾਜਾ ਕਰਦਾ ਸੀ ਮੁਲਖ ਦੀ ਪਾਦਸ਼ਾਹੀ,
ਪਿੱਛੇ ਰੱਯੀਤਾਂ ਨੂੰ ਵਖਤ ਪਾਇ ਗਏ।
ਸ਼ਾਹ ਮੁਹੰਮਦਾ ਮਾਰ ਕੇ ਮੋਏ ਦੋਵੇਂ,
ਚੰਗੇ ਸੂਰਮੇਂ ਹੱਥ ਵਖਾਇ ਗਏ। ੨੮।

---

1. ਮਹਾਰਾਜਾ ਰਣਜੀਤ ਸਿੰਘ ਦਾ ਸਭ ਤੋਂ ਛੋਟਾ ਪੁੱਤਰ ਜੋ 23 ਭਾਦੋਂ ਸੰਮਤ 1895 ਮੁਤਾਬਿਕ 6-7 ਸਤੰਬਰ 1838 ਨੂੰ ਮਹਾਰਾਣੀ ਜਿੰਦ ਕੌਰ ਦੀ ਕੁੱਖੋਂ ਪੈਦਾ ਹੋਇਆ ਸੀ।
2. ਧਿਆਨ ਸਿੰਘ ਵਜ਼ੀਰ ਦਾ ਪੁੱਤਰ ਹੀਰਾ ਸਿੰਘ।
3. ਸਰਦਾਰ ਲਹਿਣਾ ਸਿੰਘ ਕਿਲ੍ਹੇ ਦੀ ਦੀਵਾਰ ਤੋਂ ਲਮਕਦਾ ਮਾਰਿਆ ਗਿਆ ਸੀ।

ਦੁੱਲੇ ਭੱਟੀ ਨੂੰ ਗਾਂਵਦਾ ਜੱਗ ਸਾਰਾ,
ਜੈਮਲ ਫੱਤੇ ਦੀਆਂ ਵਾਰਾਂ ਸਾਰੀਆਂ ਨੀ।
ਮੀਰਦਾਟ ਚੁਹਾਨ ਦੇ ਸਤਰ ਅੰਦਰ,
ਮੋਈਆਂ ਰਾਣੀਆਂ ਮਾਰ ਕਟਾਰੀਆਂ ਨੀ।
ਸੰਧਾਵਾਲੀਆਂ ਜੇਹੀ ਨਾ ਕਿਸੇ ਕੀਤੀ,
ਤੇਗਾਂ ਵਿਚ ਦਰਬਾਰ ਦੇ ਮਾਰੀਆਂ ਨੀ।
ਸ਼ਾਹ ਮੁਹੰਮਦਾ ਮੋਏ ਨੀ ਬੀਰ ਹੋ ਕੇ,
ਜਾਨਾਂ ਕੀਤੀਆਂ ਨਹੀਂ ਪਿਆਰੀਆਂ ਨੀ। ੨੯।
ਪਿੱਛੋਂ ਆ ਕੇ ਸਭਨਾਂ ਨੂੰ ਫ਼ਿਕਰ ਹੋਇਆ,
ਸੋਚੀਂ ਪਏ ਨੀ ਸਭ ਸਰਦਾਰ ਮੀਆਂ।
ਅੱਗੇ ਰਾਜ ਆਇਆ ਹੱਥ ਬੁਰਛਿਆਂ ਦੇ,
ਪਈ ਖੜਕਦੀ ਨਿੱਤ ਤਲਵਾਰ ਮੀਆਂ।
ਗੱਦੀ ਵਾਲਿਆਂ ਨੂੰ ਜਿਹੜੇ ਮਾਰ ਲੈਂਦੇ,
ਹੋਰ ਕਹੋ ਕਿਸਦੇ ਪਾਣੀਹਾਰ ਮੀਆਂ।
ਸ਼ਾਹ ਮੁਹੰਮਦਾ ਧੁਰੋਂ ਤਲਵਾਰ ਵਗਦੀ,
ਖ਼ਾਲੀ ਨਹੀਂ ਜਾਣਾ ਕੋਈ ਵਾਰ ਮੀਆਂ[1]। ੩੨।
ਮਹਾਂ-ਬਲੀ ਸਰਦਾਰ ਸੀ ਪੰਥ ਵਿਚੋਂ,
ਡਿੱਠੀ ਬਣੀ ਕੁਚੱਲਣੀ ਚਾਲ ਮੀਆਂ।
ਦਿਲ ਆਪਣੇ ਬੈਠ ਵਿਚਾਰ ਕਰਦਾ,
ਏਥੇ ਕਈਆਂ ਦੇ ਹੋਣਗੇ ਕਾਲ ਮੀਆਂ।
ਲਹਿਣਾ ਸਿੰਘ ਸਰਦਾਰ ਮਜੀਠੀਆ ਸੀ,
ਵੱਡਾ ਅਕਲ ਦਾ ਕੋਟ ਕਮਾਲ ਮੀਆਂ।
ਸ਼ਾਹ ਮੁਹੰਮਦਾ ਤੁਰ ਗਿਆ ਤੀਰਥਾਂ ਨੂੰ,
ਸੱਭੇ ਛੱਡ ਕੇ ਦੰਗ ਦਵਾਲ ਮੀਆਂ[2]। ੩੧।

1. ਪਾਠ-ਭੇਦ—'ਸ਼ਾਹ ਮੁਹੰਮਦਾ ਹੋਈ ਹੁਣ ਮੌਤ ਸਸਤੀ, ਖ਼ਾਲੀ ਨਹੀਂ ਜਾਣਾ ਕੋਈ ਵਾਰ ਮੀਆਂ।'
2. ਸਰਦਾਰ ਲਹਿਣਾ ਸਿੰਘ ਮਜੀਠੀਆ ਸਰਦਾਰ ਦੇਸਾ ਸਿੰਘ ਮਜੀਠੀਏ ਦਾ ਪੁੱਤਰ ਸੀ। ਸੰਨ 1845 ਦੀਆਂ ਗਰਮੀਆਂ ਵਿਚ ਪੰਜਾਬ ਦੀ ਹਾਲਤ ਖ਼ਰਾਬ ਹੁੰਦੀ ਦੇਖ ਕੇ ਸਰਦਾਰ ਲਹਿਣਾ ਸਿੰਘ ਦੇਸੋਂ ਬਨਾਰਸ ਵੱਲ ਨੂੰ ਤੁਰ ਗਿਆ। ਪਰ ਉੱਥੇ ਭੀ ਉਸ ਨੂੰ ਸੁਖ ਨਾ ਮਿਲਿਆ। ਜਦ ਅੰਗਰੇਜ਼ਾਂ ਤੇ ਸਿੰਘਾਂ ਦੇ ਲੜਾਈ ਲੱਗ ਗਈ ਅਤੇ ਸਰਦਾਰ ਲਹਿਣਾ ਸਿੰਘ ਦੇ ਭਰਾ ਸਰਦਾਰ ਰਣਜੋਧ ਸਿੰਘ ਮਜੀਠੀਏ ਨੇ ਅੰਗਰੇਜ਼ਾਂ ਦੀ ਲੁਧਿਆਣੇ ਦੀ ਛਾਉਣੀ ਦਾ ਕੁੱਝ ਹਿੱਸਾ ਫੂਕ ਦਿੱਤਾ, ਅਤੇ ਸਰ ਹੈਰੀ ਸਮਿੱਥ ਨੂੰ ਨੁਕਸਾਨ ਪਹੁੰਚਾਇਆ ਤਾਂ ਸਰਕਾਰ ਹਿੰਦ ਦੇ ਹੁਕਮ ਨਾਲ ਸਰਦਾਰ ਲਹਿਣਾ ਸਿੰਘ ਨੂੰ ਨਜ਼ਰਬੰਦ ਕਰ ਦਿੱਤਾ ਗਿਆ ਅਤੇ ਉਸ ਦੇ ਮਾਲ ਅਸਬਾਬ ਉੱਤੇ ਕਬਜ਼ਾ ਕਰ ਲਿਆ ਅਤੇ ਤਿੰਨ ਮਹੀਨੇ ਪਿੱਛੋਂ ਬੜੀਆਂ ਮੁਸ਼ਕਿਲਾਂ ਨਾਲ ਖਲਾਸੀ ਹੋਈ।

ਦਲੀਪ ਸਿੰਘ ਗੱਦੀ ਉੱਤੇ ਰਹੇ ਬੈਠਾ,
ਹੀਰਾ ਸਿੰਘ ਜੋ ਰਾਜ ਕਮਾਂਵਦਾ ਈ।
ਜੱਲ੍ਹਾ ਓਸ ਦਾ ਖ਼ਾਸ ਵਜ਼ੀਰ ਹੈਸੀ,
ਖ਼ਾਤਰ ਤਲੇ ਨਾ ਕਿਸੇ ਨੂੰ ਲਿਆਂਵਦਾ ਈ।
ਅੰਦਰ ਬਾਹਰ ਸਰਕਾਰਾਂ ਨੂੰ ਪਿਆ ਘੂਰੇ,
ਕਹੇ ਕੁਝ ਤੇ ਕੁਝ ਕਮਾਂਵਦਾ ਈ।
ਸ਼ਾਹ ਮੁਹੰਮਦਾ ਪੰਥ ਨੂੰ ਦੁਖ ਦੇਂਦਾ,
ਹੀਰਾ ਸਿੰਘ ਦਾ ਨਾਸ ਕਰਾਂਵਦਾ ਈ। ੩੨।
ਸਿੰਘਾਂ ਲਿਖਿਆ ਖ਼ਤ ਸੁਚੇਤ ਸਿੰਘ[2] ਨੂੰ,
ਬੁਰਾ ਕਰਨਹਾਰਾ ਜੱਲ੍ਹਾ ਠੀਕਦਾ ਈ।
ਜਲਦੀ ਪਹੁੰਚ ਵਜ਼ੀਰ ਬਣਾ ਲਈਏ,
ਤੈਨੂੰ ਖ਼ਾਲਸਾ ਪਿਆ ਉਡੀਕਦਾ ਈ।
ਅਕਸਰ ਰਾਜ ਪਿਆਰੇ ਨੇ ਰਾਜਿਆਂ ਨੂੰ,
ਹੀਰਾ ਸਿੰਘ ਤਾਂ ਪੁੱਤ ਸ਼ਰੀਕਦਾ ਈ।
ਸ਼ਾਹ ਮੁਹੰਮਦਾ ਜੱਲ੍ਹੇ ਦਾ ਨੱਕ ਵੱਢੋ,
ਭੱਜ ਜਾਇਗਾ ਮਾਰਿਆ ਲੀਕਦਾ ਈ। ੩੩।
ਜਿਸ ਵੇਲੜੇ ਰਾਜੇ ਨੇ ਖ਼ਤ ਪੜ੍ਹਿਆ,
ਜਾਮੇ ਵਿਚ ਨਾ ਮੂਲ ਸਮਾਂਵਦਾ ਈ।
ਵਗਾ-ਤੰਗ ਲਾਹੌਰ ਨੂੰ ਅਸਾਂ ਜਾਣਾ,
ਡੇਰੇ ਕਾਠੀਆਂ ਚਾ ਪਵਾਉਂਦਾ ਈ।
ਮੰਜੀ ਕਾਕੜੀ ਫ਼ੌਜ ਉਤਾਰ ਕੇ ਜੀ,
ਬਾਈ ਆਦਮੀ ਨਾਲ ਲੈ ਆਂਵਦਾ ਈ।
ਸ਼ਾਹ ਮੁਹੰਮਦਾ ਆਣ ਲਾਹੌਰ ਪਹੁੰਚਾ,
ਮੀਆਂਮੀਰ ਡੇਰਾ ਆਣ ਲਾਂਵਦਾ ਈ। ੩੪।
ਹੀਰਾ ਸਿੰਘ ਨੂੰ ਰਾਜੇ ਦੀ ਖ਼ਬਰ ਹੋਈ,
ਤੁਰਤ ਪਰਤਲਾਂ ਸਭ ਲਪੇਟੀਆਂ ਨੀ।
ਸਿੰਘਾਂ ਆਖਿਆ ਰਾਜਾ ਜੀ ਜਾਓ ਮੁੜ ਕੇ,
ਫ਼ੌਜਾਂ ਰਹਿੰਦੀਆਂ ਨਹੀਂ ਸਮੇਟੀਆਂ ਨੀ।
ਸਿੱਖੋ ਜੀਂਵਦਾ ਜਾਣ ਮੁਹਾਲ ਜੰਮੂ,
ਤਾਨੇ ਦੇਣ ਰਜਪੂਤਾਂ ਦੀਆਂ ਬੇਟੀਆਂ ਨੀ।

1. ਸਰਕਾਰ-ਰਾਜ-ਮਾਤਾ ਮਹਾਰਾਣੀ ਜਿੰਦ ਕੌਰ।
2. ਧਿਆਨ ਸਿੰਘ ਤੇ ਗੁਲਾਬ ਸਿੰਘ ਦਾ ਭਰਾ ਮੀਆਂ ਸੁਚੇਤ ਸਿੰਘ।

ਸ਼ਾਹ ਮੁਹੰਮਦਾ ਆਇਆ ਵਜ਼ੀਰੀ ਲੈ ਕੇ,
ਆਖਣ ਸਭ ਪਹਾੜ ਡੁਮੇਟੀਆਂ ਨੀ। ੩੫।
ਤੋਪਾਂ ਤੋੜ ਕੇ ਪੜਤਲਾਂ ਨਾਲ ਲੈ ਕੇ,
ਚਾਰੇ ਸਕੇ ਉੱਤੇ ਹੀਰਾ ਸਿੰਘ ਚੜ੍ਹਦਾ।
ਜਦੋਂ ਫ਼ੌਜ ਨੇ ਘੱਤਿਆ ਆਣ ਘੇਰਾ,
ਖੰਡਾ ਖਿੱਚ ਕੇ ਸਾਰ ਦਾ ਹੱਥ ਫੜਦਾ।
ਭੀਮ ਸਿੰਘ ਤੇ ਕੇਸਰੀ ਸਿੰਘ ਸਾਰੇ,
ਲੈ ਕੇ ਦੋਹਾਂ ਨੂੰ ਕਟਕ ਦੇ ਵਿਚ ਵੜਦਾ।
ਸ਼ਾਹ ਮੁਹੰਮਦਾ ਟਿੱਕੇ ਦੀ ਲਾਜ ਰੱਖੀ,
ਮੱਥੇ ਸਾਹਮਣੇ ਹੋਇ ਕੇ ਖ਼ੂਬ ਲੜਦਾ। ੩੬।
ਸਿੰਘ ਜੱਲ੍ਹੇ ਦੇ ਹੱਥੋਂ ਜੋ ਤੰਗ ਆਏ,
ਦਿਲਾਂ ਵਿਚ ਕਚੀਚੀਆਂ ਖਾਂਵਦੇ ਨੀ।
ਅੱਗੇ ਸੱਤ ਤੇ ਅੱਠ ਸੀ ਤਲਬ ਸਾਰੀ,
ਬਾਰਾਂ ਜ਼ੋਰ ਦੇ ਨਾਲ ਕਰਾਂਵਦੇ ਨੀ।
ਕਈ ਆਖਦੇ ਦੇਹ ਇਨਾਮ ਸਾਨੂੰ,
ਲੈ ਕੇ ਬੁਧਕੀਆਂ ਗਲੇ ਚਾ ਪਾਂਵਦੇ ਨੀ।
ਸ਼ਾਹ ਮੁਹੰਮਦਾ ਜੱਲ੍ਹੇ ਦੇ ਮਾਰਨੇ ਨੂੰ,
ਪੰਜ ਕੌਂਸਲੀ ਚਾ ਬਣਾਂਵਦੇ ਨੀ। ੩੭।
ਹੋਇਆ ਹੁਕਮ ਜਾਂ ਬਹੁਤ ਮਹਾਵਤਾਂ ਨੂੰ,
ਹੌਦੇ ਸੋਨੇ ਦੇ ਚਾਇ ਕਸਾਂਵਦੇ ਨੀ।
ਤਰਫ਼ ਜੰਮੂ ਦੀ ਮੂੰਹ ਮਰੋੜ ਚੱਲੇ,
ਸਾਨੂੰ ਆਇ ਕੇ ਸਿੰਘ ਮਨਾਂਵਦੇ ਨੀ।
ਘੇਰੇ ਅਜਲ ਦੇ ਅਕਲ ਨਾ ਮੂਲ ਆਈ,
ਬੁਰਾ ਆਪਣੇ ਆਪ ਕਰਾਂਵਦੇ ਨੀ।
ਸ਼ਾਹ ਮੁਹੰਮਦਾ ਸਿੰਘ ਲੈ ਮਿਲੇ ਤੋਪਾਂ,
ਅੱਗੋਂ ਗੋਲਿਆਂ ਨਾਲ ਉਡਾਂਵਦੇ ਨੀ। ੩੮।
ਹੀਰਾ ਸਿੰਘ ਤੇ ਜੱਲ੍ਹੇ ਨੂੰ ਮਾਰ ਕੇ ਜੀ,
ਜਵਾਹਰ ਸਿੰਘ[2] ਵਜ਼ੀਰ ਬਣਾਂਵਦੇ ਨੀ।
ਤਰਫ਼ ਜੰਮੂ ਪਹਾੜ ਦੀ ਹੋ ਟੁਰੇ,
ਰਾਹੀਂ ਸ਼ੋਰ ਖਰੂਦ ਮਚਾਂਵਦੇ ਨੀ।

1. ਇਹ ਵਾਕਿਆ 9 ਪੋਹ ਸੰਮਤ 1901 ਬਿ. ਮੁਤਾਬਿਕ 21 ਦਸੰਬਰ ਸੰਨ 1844 ਦਾ ਹੈ।
2. ਮਹਾਰਾਣੀ ਜਿੰਦ ਕੌਰ ਦਾ ਭਾਈ ਅਤੇ ਮਹਾਰਾਜਾ ਦਲੀਪ ਸਿੰਘ ਦਾ ਮਾਮਾ।

ਓਥੇ ਰਾਜਾ ਗੁਲਾਬ ਸਿੰਘ ਬੰਨ੍ਹ ਆਂਦਾ[1],
ਕੈਂਠੇ ਫੇਰ ਲੈ ਕੇ ਗਲੀਂ ਪਾਂਵਦੇ ਨੀ।
ਸ਼ਾਹ ਮੁਹੰਮਦਾ ਅਸਾਂ ਹੁਣ ਕੜੇ ਲੈਣੇ,
ਜਵਾਹਰ ਸਿੰਘ ਨੂੰ ਆਖ ਸੁਣਾਂਵਦੇ ਨੀ। ੩੯।
ਕਿਹਾ ਬੁਰਛਿਆਂ ਆਣ ਅੰਧੇਰ ਪਾਇਆ,
ਜੇਹੜਾ ਬਹੇ ਗੱਦੀ ਓਹਨੂੰ ਮਾਰ ਲੈਂਦੇ।
ਕੜੇ ਕੈਂਠੇ ਇਨਾਮ ਰੁਪਏ ਬਾਰਾਂ,
ਕਦੇ ਪੰਜ ਤੇ ਸੱਤ ਨਾ ਚਾਰ ਲੈਂਦੇ।
ਦੀ ਤੁਰੇ ਨੀ ਕਿਲੇ ਦੀ ਲੁਟ ਕਰ ਕੇ,
ਕਦੀ ਸ਼ਹਿਰ ਦੇ ਲੁਟ ਬਾਜ਼ਾਰ ਲੈਂਦੇ।
ਸ਼ਾਹ ਮੁਹੰਮਦਾ ਚੜ੍ਹੇ ਮਝੈਲ ਭੱਈਏ,
ਪੈਸਾ ਤਲਬ ਦਾ ਨਾਲ ਪੈਜ਼ਾਰ ਲੈਂਦੇ। ੪੦।
ਪਿੱਛੇ ਇਕ ਸਰਕਾਰ ਦੇ ਖੇਡ ਵਿਚਲੀ,
ਪਈ ਨਿੱਤ ਹੁੰਦੀ ਮਾਰੋ ਮਾਰ ਮੀਆਂ।
ਸਿੰਘਾਂ ਮਾਰ ਸਰਦਾਰਾਂ ਦਾ ਨਾਸ ਕੀਤਾ,
ਸੱਭੇ ਕਤਲ ਹੋਏ ਵਾਰੋ ਵਾਰ ਮੀਆਂ।
ਸਿਰ ਫ਼ੌਜ ਦੇ ਰਿਹਾ ਨਾ ਕੋਈ ਕੁੰਡਾ,
ਹੋਏ ਸ਼ੁਤਰ ਜਯੋਂ ਬਝਾ ਮੁਹਾਰ ਮੀਆਂ।
ਸ਼ਾਹ ਮੁਹੰਮਦਾ ਫਿਰਨ ਸਰਦਾਰ ਲੁਕਦੇ,
ਭੂਤ ਮੰਡਲੀ ਹੋਈ ਤਿਆਰ ਮੀਆਂ। ੪੧।
ਜਵਾਹਰ ਸਿੰਘ ਦੇ ਉੱਤੇ ਨੀ ਚੜ੍ਹੇ ਸਾਰੇ,
ਮੱਖਾਂ ਖ਼ੂਨੀਆਂ ਵਾਂਗ ਚਾ ਵੱਟਿਓ ਨੇ[2]।
ਡਰਦਾ ਭਾਣਜੇ ਨੂੰ ਲੈ ਕੇ ਮਿਲਨ ਆਇਆ,
ਅੱਗੋਂ ਨਾਲ ਸੰਗੀਨਾਂ ਦੇ ਫੱਟਿਓ ਨੇ।
ਸੀਖਾਂ ਨਾਲ ਉਤੁੰਬ ਕੇ ਫ਼ੀਲ ਉੱਤੋਂ,
ਕੱਢ ਹੌਦਿਓਂ ਜ਼ਿਮੀਂ ਤੇ ਸੁੱਟਿਓ ਨੇ।

---

1. ਵੇਰਵੇ ਲਈ ਦੇਖੋ ਗੰਡਾ ਸਿੰਘ, 'ਸਰਦਾਰ ਸ਼ਾਮ ਸਿੰਘ ਅਟਾਰੀਵਾਲਾ', 151-62।
2. ਖ਼ਾਲਸਾ ਫ਼ੌਜਾਂ ਨੂੰ ਸਰਦਾਰ ਜਵਾਹਰ ਸਿੰਘ ਦੇ ਵਿਰੁੱਧ ਇਸ ਕਰਕੇ ਗੁੱਸਾ ਸੀ ਕਿ ਉਸ ਨੇ ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ ਕੰਵਰ ਪਸ਼ੌਰਾ ਸਿੰਘ ਨੂੰ ਅਟਕ ਦੇ ਕਿਲ੍ਹੇ ਮਰਵਾ ਦਿੱਤਾ ਸੀ। ਇਸ ਤੋਂ ਇਲਾਵਾ ਗੁਲਾਬ ਸਿੰਘ ਦੇ ਆਦਮੀ ਮੀਆਂ ਪਿਰਥੀ ਸਿੰਘ ਤੇ ਦੂਸਰੇ ਰਾਜਪੂਤਾਂ ਨੂੰ ਖ਼ਾਲਸਿਆਂ ਨੂੰ ਭੜਕਾ ਕੇ ਸਰਦਾਰ ਜਵਾਹਰ ਸਿੰਘ ਨੂੰ ਕਤਲ ਕਰ ਦੇਣ ਦੀ ਪੱਟੀ ਪੜ੍ਹਾਈ ਹੋਈ ਸੀ।

ਸ਼ਾਹ ਮੁਹੰਮਦਾ ਵਾਸਤੇ ਪਾਇ ਰਹਿਆ,
ਸਿਰ ਨਾਲ ਤਲਵਾਰ ਦੇ ਕੱਟਿਓ[1] । ੪੨ ।
ਮਾਈ ਕੈਦ ਕਨਾਤ ਦੇ ਵਿਚ ਕੀਤੀ[2],
ਕਿਸ ਨੂੰ ਰੋਇ ਕੇ ਪਈ ਸੁਣਾਵਨੀਂ ਹੈਂ ।
ਤੇਰਾ ਕੌਣ ਹਮਾਇਤੀ ਸੁਣਨ ਵਾਲਾ,
ਜਿਸ ਨੂੰ ਪਾਇ ਕੇ ਵੈਣ ਦਿਖਾਵਨੀਂ ਹੈਂ ।
ਕੇਹੜੇ ਪਾਤਸ਼ਾਹ ਦਾ ਪੁੱਤ ਮੋਇਆ ਸਾਥੋਂ,
ਜੇਹੜੇ ਡੂੰਘੜੇ ਵੈਣ ਤੂੰ ਪਾਵਨੀਂ ਹੈਂ ।
ਸ਼ਾਹ ਮੁਹੰਮਦਾ ਦੇਹ ਇਨਾਮ ਸਾਨੂੰ,
ਸਾਡੇ ਜ਼ੋਰ ਤੇ ਰਾਜ ਕਮਾਵਨੀ ਹੈਂ । ੪੩ ।
ਪਈ ਝੂਰਦੀ ਏ ਰਾਣੀ ਜਿੰਦ ਕੌਰਾਂ,
ਕਿੱਥੋਂ ਕੱਢਾਂ ਮੈਂ ਕਲਗੀਆਂ ਲਿੰਤ ਤੋੜੇ ।
ਮੇਰੇ-ਸਾਹਮਣੇ ਕੋਹਿਆ ਏ ਵੀਰ ਮੇਰਾ,
ਜਿਸ ਦੀ ਤਾਬਿਆ ਲੱਖ ਹਜ਼ਾਰ ਘੋੜੇ ।
ਕਿੱਥੋਂ ਕੱਢਾਂ ਮੈਂ ਦੇਸ ਫਰੰਗੀਆਂ ਦਾ,
ਕੋਈ ਮਿਲੇ ਜੋ ਏਨ੍ਹਾਂ ਦਾ ਗਰਬ ਤੋੜੇ ।
ਸ਼ਾਹ ਮੁਹੰਮਦਾ ਓਸ ਥੀਂ ਜਾਨ ਵਾਰਾਂ,
ਜੁਆਹਰ ਸਿੰਘ ਦਾ ਵੈਰ ਜੋ ਕੋਈ ਮੋੜੇ । ੪੪ ।
ਮੈਨੂੰ ਆਣ ਚੁਫੇਰਿਓਂ ਘੂਰਦੇ ਨੀ,
ਲੈਂਦੇ ਮੁਫਤ ਇਨਾਮ ਰੁਪਏ ਬਾਰਾਂ ।
ਜੱਟੀ ਹੋਵਾਂ ਤੇ ਕਰਾਂ ਪੰਜਾਬ ਰੰਡੀ,
ਸਾਰੇ ਦੇਸ ਦੇ ਵਿਚ ਚਾ ਤੁਰਨ ਵਾਰਾਂ ।
ਛੱਡਾਂ ਨਹੀਂ ਲਾਹੌਰ ਦੇ ਵੜਨ ਜੋਗੇ,
ਸਣੇ ਵੱਡਿਆਂ ਅਫਸਰਾਂ ਜਮਾਦਾਰਾਂ ।
ਪਟੇ ਰੁਲਣ ਏਹ ਵਿਚ ਪਰਦੇਸ ਮੁਰਦੇ,
ਸ਼ਾਹ ਮੁਹੰਮਦਾ ਮਾਰਨੀਂ ਏਸ ਮਾਰਾਂ । ੪੫ ।
ਜਿਨ੍ਹਾਂ ਮਾਰਿਆ ਕੋਹਿ ਕੇ ਵੀਰ ਮੇਰਾ,
ਮੈਂ ਤਾਂ ਕਰਾਂਗੀ ਓਨ੍ਹਾਂ ਦੀਆਂ ਜੰਡੀਆਂ ਨੀ ।

---

1. 8 ਅਸੂ ਸੰਮਤ 1902, ਮੁਤਾਬਿਕ 21 ਸਤੰਬਰ 1845 ਈ. ।
2. ਇੱਥੇ ਸ਼ਾਹ ਮੁਹੰਮਦ ਨੂੰ ਭੁਲੇਖਾ ਲੱਗਾ ਜਾਪਦਾ ਹੈ । ਮਹਾਰਾਣੀ ਨੂੰ ਕਿਸੇ ਨੇ ਕੋਈ ਤਕਲੀਫ ਨਹੀਂ ਸੀ ਹੋਣ ਦਿੱਤੀ ।

ਧਾਕਾਂ ਜਾਣ ਵਲਾਇਤੀ ਦੇਸ ਸਾਰੇ[1],
ਪਾਵਾਂ ਥੱਕਰੇ ਵਾਂਗ ਚਾ ਵੱਡੀਆਂ ਨੀ।
ਚੂੜੇ ਲਹਿਣਗੇ ਬਹੁਤ ਸੁਹਾਗਣਾਂ ਦੇ,
ਨੱਥ ਚੌਂਕ ਤੇ ਵਾਲੀਆਂ ਡੰਡੀਆਂ ਨੀ।
ਸ਼ਾਹ ਮੁਹੰਮਦਾ ਪੈਣਗੇ ਵੈਣ ਡੂੰਘੇ,
ਜਦੋਂ ਹੋਣ ਪੰਜਾਬਣਾਂ ਰੰਡੀਆਂ ਨੀ। ੪੬।
ਅਰਜ਼ੀ ਲਿਖੀ ਫ਼ਰੰਗੀ ਨੂੰ[2] ਕੁੰਜ ਗੋਸ਼ੇ,
ਪਹਿਲੇ ਆਪਣਾ ਸੁਖ ਅਨੰਦ ਵਾਰੀ।
ਤੇਰੀ ਵੱਲ ਮੈਂ ਫ਼ੌਜ ਨੂੰ ਭੇਜਨੀ ਆਂ,
ਖੱਟੇ ਕਰੀਂ ਤੂੰ ਇਨ੍ਹਾਂ ਦੇ ਦੰਦ ਵਾਰੀ।
ਜੇਹੜਾ ਜ਼ੋਰ ਤੂੰ ਆਪਣਾ ਸਭ ਲਾਵੀਂ,
ਪਿੱਛੋ ਖਰਚ ਮੈਂ ਕਰਾਂਗੀ ਬੰਦ ਵਾਰੀ।
ਸ਼ਾਹ ਮੁਹੰਮਦਾ ਫੇਰ ਨਾ ਆਉਣ ਮੁੜ ਕੇ,
ਮੈਨੂੰ ਏਤਨੀ ਬਾਤ ਪਸੰਦ ਵਾਰੀ। ੪੭।
ਪਹਿਲੇ ਪਾਰ ਦਾ ਮੁਲਖ ਤੂੰ ਮੱਲ ਸਾਡਾ,
ਆਪੇ ਖਾ ਗੁੱਸੇ ਤੈਥੀਂ ਆਵਣੀਗੇ[3]।
ਸੋਈ ਲੜਨਗੇ ਹੋਣ ਬੇਖ਼ਬਰ ਜੇਹੜੇ,
ਮੱਥਾ ਕਦੀ ਸਰਦਾਰ ਨਾ ਡਾਹੁਣੀਗੇ।
ਏਸੇ ਵਾਸਤੇ ਫ਼ੌਜ ਮੈਂ ਪਾੜ ਛੱਡੀ,
ਕਈ ਭਾਂਜ ਅਚਾਨਕੀ ਪਾਵਣੀਗੇ[4]।

---

1. ਪਾਠ-ਭੇਦ—ਧੁੰਮਾ ਜਾਣ ਵਲਾਇਤੀ ਪਸ ਜਾਣਾ..........
2. ਸਰਕਾਰ ਹਿੰਦ ਅਤੇ ਸਰਕਾਰ ਪੰਜਾਬ ਦੇ ਰਿਕਾਰਡ ਵਿਚ ਐਸੀ ਕੋਈ ਲਿਖਤ ਨਹੀਂ ਜਿਸ ਤੋਂ ਇਹ ਪਤਾ ਲੱਗ ਸਕੇ ਕਿ ਮਹਾਰਾਣੀ ਜਿੰਦ ਕੌਰ ਨੇ ਅੰਗਰੇਜ਼ਾਂ ਨੂੰ ਇਸ ਭਾਵ ਦੀ ਕੋਈ ਚਿੱਠੀ ਲਿਖੀ ਸੀ। ਇਹ ਗੱਲ ਉਨ੍ਹਾਂ ਲੋਕਾਂ ਵੱਲੋਂ ਉਡਾਈ ਗਈ ਜਾਪਦੀ ਹੈ ਜੋ ਖ਼ੁੱਦ ਅੰਗਰੇਜ਼ਾਂ ਨਾਲ ਰਲੇ ਹੋਏ ਸਨ ਅਤੇ ਆਪਣੇ ਪਾਪ ਮਹਾਰਾਣੀ ਦੇ ਮੱਥੇ ਮੜ੍ਹ ਕੇ ਆਪਣੇ ਆਪ ਨੂੰ ਬਰੀ ਕਰਨਾ ਚਾਹੁੰਦੇ ਹਨ।
3. ਕੋਈ ਲੜਾਈ ਹੋਣ ਤੋਂ ਪਹਿਲਾਂ ਹੀ ਈਸਟ ਇੰਡੀਆ ਕੰਪਨੀ ਦੇ ਗਵਰਨਰ-ਜਨਰਲ ਸਰ ਹੈਨਰੀ ਹਾਰਡਿੰਗ ਨੇ ਸਤਲੁਜ ਦੇ ਦੱਖਣ ਨੂੰ ਸਰਕਾਰ ਲਾਹੌਰ ਅਤੇ ਕਪੂਰਥਲੇ ਦੇ ਇਲਾਕੇ ਜ਼ਬਤ ਕਰ ਲਏ ਸਨ।
4. ਫ਼ੌਜ ਦਾ ਕਮਾਂਡਰ ਇਨ-ਚੀਫ਼ ਮਿੱਸਰ ਤੇਜ ਸਿੰਘ ਤੇ ਸਰਕਾਰ ਲਾਹੌਰ ਦਾ ਵੱਡਾ ਵਜ਼ੀਰ ਮਿੱਸਰ ਲਾਲ ਸਿੰਘ ਅੰਦਰੋਂ-ਅੰਦਰ ਅੰਗਰੇਜ਼ਾਂ ਨਾਲ ਰਲੇ ਹੋਏ ਸਨ। ਇਨ੍ਹਾਂ ਨੇ ਅੰਗਰੇਜ਼ਾਂ ਨਾਲ ਕੀਤੀ ਹੋਈ ਸਲਾਹ ਦੇ ਮੁਤਾਬਿਕ ਫ਼ੌਜ ਹਰਾ ਦਿੱਤੀ।

ਇਹ ਹਾਲ ਚੂੰਕਿ ਲੜਾਈ ਹੋ ਚੁੱਕਣ ਤੋਂ ਬਾਅਦ ਦੇ ਲਿਖੇ ਹੋਏ ਹਨ, ਇਸ ਲਈ ਆਪਣੇ ਆਪ ਨੂੰ ਬਚਾਉਣ ਲਈ ਮਿੱਸਰ ਤੇਜ ਸਿੰਘ ਤੇ ਲਾਲ ਸਿੰਘ ਵੱਲੋਂ ਉਡਾਈਆਂ ਗਈਆਂ ਗੱਲਾਂ ਦੇ ਆਧਾਰ ਤੇ ਮਹਾਰਾਣੀ ਦਾ ਨਾਮ ਖ਼ਾਹ-ਮਖ਼ਾਹ ਵਿਚ ਲਿਆ ਜੋੜਿਆ ਹੈ।

ਸ਼ਾਹ ਮੁਹੰਮਦਾ ਲਾਟ ਜੀ ਕਟਕ ਤੇਰੇ,
ਮੇਰੇ ਗਲੋਂ ਤਗਾੜਦਾ ਲਾਹੁਣੀਗੇ। ੪੮।
ਲੰਡਨ ਕੰਪਨੀ ਸਾਹਿਬ ਕਿਤਾਬ ਡਿੱਠੀ,
ਇਨ੍ਹਾਂ ਲਾਟਾਂ ਵਿਚੋਂ ਕੌਣ ਲੜੇਗਾ ਜੀ।
ਟੁੰਡੇ ਲਾਟਾਂ ਨੇ ਚੁੱਕਿਆ ਆਣ ਬੀੜਾ,
ਹਮੀ ਸੀਖ ਸਿਉਂ ਜਾਇ ਕੇ ਲੜੇਗਾ ਜੀ।
ਘੰਟੇ ਤੀਨ ਮੈ ਜਾ ਲਾਹੌਰ ਮਾਰਾਂ,
ਇਸ ਬਾਤ ਮੇਂ ਫ਼ਰਕ ਨਾ ਪੜੇਗਾ ਜੀ।
ਸ਼ਾਹ ਮੁਹੰਮਦਾ ਫੱਗਣੋ ਤੇਰ੍ਹਵੀਂ ਨੂੰ,
ਸਾਹਿਬ ਸ਼ਹਿਰ ਲਾਹੌਰ ਵਿਚ ਵੜੇਗਾ ਜੀ। ੪੯।
ਵਜੀ ਤੁਰਮ ਤੰਬੂਰ ਕਰਨਾਇ ਸ਼ੁਤਰੀ,
ਤੰਬੂ ਬੈਰਕਾਂ ਨਾਲ ਨਿਸ਼ਾਨ ਮੀਆਂ।
ਕੋਤਲ ਬੱਘੀਆਂ ਪਾਲਕੀ ਤੋਪਖ਼ਾਨੇ,
ਦੂਰਬੀਨ ਚੰਗੀ ਸਾਇਬਾਨ ਮੀਆਂ।
ਚੜ੍ਹਿਆ ਨੰਦਨੋਂ[2] ਲਾਟ ਉਠਾਇ ਬੀੜਾ,
ਡੇਰਾ ਪਾਂਵਦਾ ਵਿਚ ਮੈਦਾਨ ਮੀਆਂ।
ਸ਼ਾਹ ਮੁਹੰਮਦਾ ਗੋਰਿਆਂ ਛੇੜ ਛੇੜੀ,
ਮੁਲਖ ਪਾਰ ਦਾ ਮੱਲਿਆ ਆਨ ਮੀਆਂ[3]। ੫੦।
ਫ਼ਰਾਂਸੀਸਾਂ ਨੂੰ ਅੰਦਰੋਂ ਹੁਕਮ ਹੋਇਆ,
ਤੁਸੀਂ ਜਾਓ ਖ਼ਾਂ ਤਰਫ਼ ਕਸ਼ਮੀਰ ਨੂੰ ਜੀ।
ਉਨ੍ਹਾਂ ਰੱਬ ਦਾ ਵਾਸਤਾ ਪਾਇਆ ਈ,
ਮਾਈ ਫੜੀ ਨਾ ਕੁਝ ਤਕਸੀਰ ਨੂੰ ਜੀ।
ਪਾਰੋਂ ਮੁਲਕ ਫ਼ਰੰਗੀਆਂ ਮੱਲ ਲਿਆ,
ਅਸੀਂ ਮਾਰਾਂਗੇ ਓਸ ਬੇਪੀਰ ਨੂੰ ਜੀ।

---

1. ਸਰ ਹੈਨਰੀ ਹਾਰਡਿੰਗ, ਗਵਰਨਰ-ਜਨਰਲ।
2. ਹਾਰਡਿੰਗ ਨੰਦਨ (ਲੰਡਨ) ਤੋਂ ਚੜ੍ਹ ਕੇ ਨਹੀਂ ਸੀ ਆਇਆ, ਉਹ ਹਿੰਦੁਸਤਾਨ ਵਿਚ ਗਵਰਨਰ-ਜਨਰਲ ਸੀ।
3. ਇਸ ਤੋਂ ਸਪੱਸ਼ਟ ਹੈ ਕਿ ਸਿੱਖਾਂ ਤੇ ਅੰਗਰੇਜ਼ਾਂ ਦੀ ਇਸ ਲੜਾਈ ਦੀ ਛੇੜ ਪਹਿਲਾਂ ਅੰਗਰੇਜ਼ਾਂ ਛੇੜੀ ਜਦੋਂ ਸਤਲੁਜੋਂ ਦੱਖਣ ਨੂੰ ਸਰਕਾਰ ਲਾਹੌਰ ਦਾ ਦੇਸ਼ ਉਨ੍ਹਾਂ ਮੱਲ ਲਿਆ।

ਸ਼ਾਹ ਮੁਹੰਮਦਾ ਆਏ ਨੀ ਹੋਰ ਪਰਿਓ,
ਅਸਾਂ ਡੱਕਣਾਂ ਓਸ ਵਹੀਰ ਨੂੰ ਜੀ[1]। ੫੧।
ਮਾਈ ਆਖਿਆ ਸਭ ਚੜ੍ਹ ਜਾਣ ਫੌਜਾਂ,
ਬਹੇ ਸ਼ਹਿਰ ਦੇ ਰਹਿਣ ਨਾ ਸੱਖਣੇ ਜੀ।
ਮੁਸਲਮਾਨੀਆਂ ਪੜਤਲਾਂ ਰਹਿਣ ਏਥੇ,
ਘੋੜਚੜ੍ਹੇ ਨਹੀਂ ਪਾਸ ਰੱਖਣੇ ਜੀ।
ਕੰਠੇ ਕਲਗੀਆਂ ਵਾਲੜੇ ਹੋਣ ਮੋਹਰੇ,
ਅੱਗੇ ਹੋਰ ਗ਼ਰੀਬ ਨਾ ਧੱਕਣੇ ਜੀ।
ਸ਼ਾਹ ਮੁਹੰਮਦਾ ਜਿਨ੍ਹਾਂ ਦੀ ਤਲਬ ਤੇਰਾਂ,
ਮਜ਼ੇ ਤਿਨ੍ਹਾਂ ਲੜਾਈ ਦੇ ਚੱਖਣੇ ਜੀ। ੫੨।
ਸਾਰੇ ਪੰਥ ਨੂੰ ਸੱਦ ਕੇ ਕਹਿਣ ਲੱਗੀ,
ਮੈਥੋਂ ਗਏ ਖ਼ਜ਼ਾਨੇ ਨਿਖੁੱਟ ਵਾਰੀ।
ਜਮਨਾਂ ਤੀਕਰਾਂ ਪਿਆ ਹੈ ਦੇਸ ਸੁੰਞਾ,
ਖਾਓ ਦੇਸ ਫ਼ਰੰਗੀ ਦਾ ਲੁੱਟ ਵਾਰੀ।
ਮਾਰੋ ਸ਼ਹਿਰ ਫ਼ਿਰੋਜ਼ਪੁਰ ਲੁਦੇਹਾਣਾ,
ਸੁੱਟੋ ਛਾਵਣੀ ਓਸ ਦੀ ਪੁੱਟ ਵਾਰੀ।
ਸ਼ਾਹ ਮੁਹੰਮਦਾ ਲਵੋ ਇਨਾਮ ਮੈਥੋਂ,
ਕੜੇ ਕੈਂਠੇ ਮੈਂ ਦੇਵਾਂਗੀ ਸੁੱਟ ਵਾਰੀ। ੫੩।
ਸਿੰਘਾਂ ਆਖਿਆ ਲੜਾਂਗੇ ਹੋ ਟੋਟੇ,
ਸਾਨੂੰ ਖ਼ਬਰ ਘੱਲੀਂ ਦਿਨੇ ਰਾਤ ਮਾਈ।
ਤੇਰੀ ਨੌਕਰੀ ਵਿਚ ਨਾ ਫ਼ਰਕ ਕਰਸਾਂ,
ਭਾਵੇਂ ਖੂਹ ਘੱਤੀਂ ਭਾਵੇਂ ਖਾਤ ਮਾਈ[2]।
ਸਿੰਘਾਂ ਭੋਲਿਆਂ ਮੂਲ ਨਾ ਸਹੀ ਕੀਤਾ,
ਕੂੰਝਾ ਕਰਨ ਲੱਗੀ ਸਾਡਾ ਘਾਤ ਮਾਈ।
ਸ਼ਾਹ ਮੁਹੰਮਦਾ ਅਜੇ ਨਾ ਜਾਣਿਓ ਨੇ,
ਖ਼ਾਲੀ ਪਈ ਏ ਚੋਪੜੀ ਪ੍ਰਾਤ ਮਾਈ। ੫੪।

---

1. ਉਨ੍ਹਾਂ ਅੰਗਰੇਜ਼ੀ ਫ਼ੌਜਾਂ ਵੱਲ ਇਸ਼ਾਰਾ ਹੈ ਜੋ ਪੰਜਾਬ ਵੱਲ ਚੜ੍ਹੀਆਂ ਆ ਰਹੀਆਂ ਸਨ ਅਤੇ ਜਿਨ੍ਹਾਂ ਦੇ ਇੱਥੇ ਪੁੱਜਣ ਪਰ ਪੰਜਾਬ ਨੂੰ ਖ਼ਤਰਾ ਪੈਦਾ ਹੋ ਰਿਹਾ ਸੀ ਅਤੇ ਜਿਸ ਵਧੀ ਚਲੀ ਆ ਰਹੀ ਅੰਗਰੇਜ਼ੀ ਵਹੀਰ ਨੂੰ ਪੰਜਾਬ ਵਿਚ ਵੜਨੋਂ ਡੱਕਣ ਲਈ ਖ਼ਾਲਸਾ ਫ਼ੌਜਾਂ ਨੂੰ ਮਜਬੂਰੀ ਮੈਦਾਨ ਵਿਚ ਉਤਰਨਾ ਪਿਆ। ਸਿੱਖ ਫ਼ੌਜਾਂ ਆਪਣੇ ਇਲਾਕੇ ਵਿਚ ਹੀ ਉਤਰੀਆਂ ਸਨ ਕਿ ਅੰਗਰੇਜ਼ਾਂ ਨੇ ਲੜਾਈ ਛੇੜ ਦਿੱਤੀ।
2. ਐਸੀ ਕਿਸੀ ਮੀਟਿੰਗ ਤੇ ਤਕਰੀਰ ਦਾ ਕੋਈ ਰਿਕਾਰਡ ਨਹੀਂ ਮਿਲਦਾ ਜਿਸ ਵਿਚ ਮਹਾਰਾਣੀ ਨੇ ਇਸ ਤਰ੍ਹਾਂ ਅੰਗਰੇਜ਼ੀ ਇਲਾਕੇ ਉੱਤੇ ਹੱਲੇ ਲਈ ਖ਼ਾਲਸਾ ਫ਼ੌਜਾਂ ਨੂੰ ਉਕਸਾਇਆ ਹੋਵੇ।

ਵਿੱਤੀ ਮਾਈ ਨੇ ਜਦੋਂ ਦਿਲਬਰੀ ਭਾਰੀ,
ਸਿੰਘ ਬੈਠੇ ਨੀ ਹੋਏ ਸੁਚੇਤ ਮੀਆਂ।
ਸੱਚੇ ਸਾਹਿਬ ਦੇ ਹੱਥ ਨੀ ਸੱਭ ਗੱਲਾਂ,
ਕਿਸੇ ਹਾਰ ਦੇਵੇ ਕਿਸੇ ਜੇਤ ਮੀਆਂ।
ਇਕ ਲੱਖ ਬੇਟਾ ਸਵਾ ਲੱਖ ਪੋਤਾ,
ਰਾਵਣ ਮਾਰਿਆ ਘਰ ਦੇ ਭੇਤ ਮੀਆਂ।
ਸ਼ਾਹ ਮੁਹੰਮਦਾ ਜਾਣਦਾ ਜੱਗ ਸਾਰਾ,
ਕਈ ਸੂਰਮੇ ਔਣਗੇ ਖੇਤ ਮੀਆਂ। ੫੫।

ਸਿੰਘਾਂ ਸਾਰਿਆਂ ਬੈਠ ਗੁਰਮਤਾ ਕੀਤਾ,
ਚਲੋ ਜਾਇ ਫਰੰਗੀ ਨੂੰ ਮਾਰੀਏ ਜੀ।
ਇਕ ਵਾਰੀ ਜੇ ਸਾਹਮਣੇ ਹੋਇ ਸਾਡੇ,
ਇਕ ਘੜੀ ਵਿਚ ਪਾਰ ਉਤਾਰੀਏ ਜੀ।
ਭਾਈ ਵੀਰ ਸਿੰਘ ਜੇਹੇ ਅਸਾਂ ਨਹੀਂ ਛੱਡੇ,
ਅਸੀਂ ਕਦੇ ਨਾ ਓਸ ਥੋਂ ਹਾਰੀਏ ਜੀ।
ਸ਼ਾਹ ਮੁਹੰਮਦਾ ਮਾਰ ਕੇ ਲੁਦੇਹਾਣਾ,
ਫ਼ੌਜਾਂ ਦਿੱਲੀ ਦੇ ਵਿਚ ਉਤਾਰੀਏ ਜੀ[1]। ੫੬।

ਜ਼ਪਤ ਕਰਾਂਗੇ ਮਾਲ ਫਰੰਗੀਆਂ ਦੇ,
ਓਥੋਂ ਲਿਆਵਾਂਗੇ ਦੌਲਤਾਂ ਬੋਰੀਆਂ ਨੀ।
ਪਿੱਛੋਂ ਵੜਾਂਗੇ ਉਨ੍ਹਾਂ ਦੇ ਸਤਰਖਾਨੇ,
ਬੰਨ੍ਹ ਲਿਆਵਾਂਗੇ ਉਨ੍ਹਾਂ ਦੀਆਂ ਗੋਰੀਆਂ ਨੀ।
ਕਾਬਲ ਵਿਚ ਪਠਾਣ ਜਿਉਂ ਅਲੀ ਅਕਬਰ,
ਮਾਰ ਵੱਢ ਕੇ ਕੀਤੀਆਂ ਪੋਰੀਆਂ ਨੀ।
ਸ਼ਾਹ ਮੁਹੰਮਦਾ ਲਵਾਂਗੇ ਫੇਰ ਕੰਠੇ,
ਤਿੱਲੇਦਾਰ ਜੋ ਰੇਸ਼ਮੀ ਡੋਰੀਆਂ ਨੀ। ੫੭।

---

1. ਮਾਲੂਮ ਹੁੰਦਾ ਹੈ ਸਿੰਘਾਂ ਦਾ ਇਰਾਦਾ ਇਹ ਸੀ ਕਿ ਪਹਿਲੇ ਲੁਧਿਆਣੇ ਉੱਤੇ ਹੱਲਾ ਕਰ ਕੇ ਕਬਜ਼ਾ ਕਰ ਲਿਆ ਜਾਏ ਤੇ ਫੇਰ ਕਾਫ਼ੀ ਫ਼ੌਜਾਂ ਦਿੱਲੀ ਵੱਲ ਨੂੰ ਚੜ੍ਹਾਈ ਕਰਨ। (ਹੋਰ ਦੇਖੋ ਨੰਬਰ 63) ਇਸ ਤਰ੍ਹਾਂ ਇੱਕ ਤਾਂ ਵੱਧਦੀ ਆ ਰਹੀ ਅੰਗਰੇਜ਼ੀ ਵਹੀਰ ਨੂੰ ਰਾਹ ਵਿਚ ਰੋਕ ਦਿੱਤਾ ਜਾ ਸਕੇਗਾ, ਦੂਸਰੇ ਅੰਗਰੇਜ਼ੀ ਫ਼ੌਜ ਆਪਣੇ ਇਲਾਕਿਆਂ ਦੀ ਰਾਖੀ ਲਈ ਖਿੰਡ ਪੁੰਡ ਜਾਏਗੀ ਅਤੇ ਬਹੁਤ ਸਾਰੀ ਥਾਉਂ-ਥਾਉਂ ਰੁਕ ਜਾਇਗੀ ਜਿਸ ਨਾਲ ਪੰਜਾਬ ਦੀ ਸਰਹੱਦ ਉੱਤੇ ਜ਼ੋਰ ਘੱਟ ਜਾਏਗਾ ਤੇ ਉਨ੍ਹਾਂ ਦਾ ਟਾਕਰਾ ਸੌਖੇ ਕੀਤਾ ਜਾ ਸਕੇਗਾ। ਇੱਕ ਫ਼ਾਇਦਾ ਇਹ ਭੀ ਸੀ ਕਿ ਲੜਾਈ ਲੰਮੇਰੀ ਹੋ ਜਾਣ ਨਾਲ ਪੰਜਾਬ ਵਿਚ ਤਿਆਰੀ ਹੋਰ ਭੀ ਹੋ ਸਕਣੀ ਸੀ। ਹੋ ਸਕਦਾ ਹੈ ਗੱਦਾਰਾਂ ਦਾ ਪਾਜ ਭੀ ਕਿਸੇ ਤਰ੍ਹਾਂ ਉੱਘੜ ਜਾਂਦਾ ਤੇ ਸਿੰਘ ਜ਼ਰਾ ਚੌਕਸੀ ਨਾਲ ਲੜਦੇ ਅਤੇ ਭੰਗ ਦੇ ਭਾੜੇ ਹੀ ਨਾ ਭੁੰਜ ਜਾਂਦੇ।

ਝੰਡੇ ਨਿਕਲੇ ਕੂਚ ਦਾ ਹੁਕਮ ਹੋਇਆ,
ਚੜ੍ਹੇ ਸੂਰਮੇਂ ਸਿੰਘ ਦਲੇਰ ਮੀਆਂ।
ਚੜ੍ਹੇ ਪੁੱਤ ਸਰਦਾਰਾਂ ਦੇ ਛੈਲ ਬਾਂਕ,
ਜੈਸੇ ਬੇਲਿਓਂ ਨਿਕਲਦੇ ਸ਼ੇਰ ਮੀਆਂ।
ਚੜ੍ਹੇ ਸੱਭ ਮਝੈਲ ਦੁਆਬੀਏ ਜੀ,
ਜਿਨ੍ਹਾਂ ਕਿਲੇ ਨਿਵਾਏ ਨੇ ਢੇਰ ਮੀਆਂ।
ਸ਼ਾਹ ਮੁਹੰਮਦਾ ਚੜ੍ਹੇ ਜਮੂਰ ਖਾਨੇ,
ਹੋਇਆ ਹੁਕਮ ਨਾ ਲਾਂਵਦੇ ਦੇਰ ਮੀਆਂ। ੫੮।
ਸ਼ਾਮ ਸਿੰਘ ਸਰਦਾਰ ਨੇ ਕੂਚ ਕੀਤਾ[1],
ਜੱਲ੍ਹੇਵਾਲੀਏ ਬਣਤ ਬਣਾਂਵਦੇ ਨੀ।
ਆਏ ਹੋਰ ਪਹਾੜ ਦੇ ਸਭ ਰਾਜੇ,
ਜੇੜ੍ਹੇ ਤੇਗ ਦੇ ਧਨੀ ਕਹਾਂਵਦੇ ਨੀ।
ਆਏ ਸਭ ਮਝੈਲ ਦੁਆਬੀਏ ਜੀ,
ਸੰਧਾਂਵਾਲੀਏ ਕਾਠੀਆਂ ਪਾਂਵਦੇ ਨੀ।
ਸ਼ਾਹ ਮੁਹੰਮਦਾ ਚੜ੍ਹੀ ਅਕਾਲ ਰਜਮਣ,
ਖੰਡੇ ਸਾਰ ਦੇ ਸਿਕਲ ਕਰਾਂਵਦੇ ਨੀ। ੫੯।
ਮਜ਼ਹਰ ਅਲੀ ਤੇ ਮਾਖੇ ਖਾਂ ਕੂਚ ਕੀਤਾ,
ਤੋਪਾਂ ਸ਼ਹਿਰ ਥੀਂ ਬਾਹਰ ਨਿਕਾਲੀਆਂ ਨੀ।
ਬੇੜਾ ਚੜ੍ਹਿਆ ਸੁਲਤਾਨ ਮਹਮੂਦ ਵਾਲਾ,
ਤੋਪਾਂ ਨਾਲ ਅਮਾਮ ਸ਼ਾਹ ਵਾਲੀਆਂ ਨੀ।
ਇਲਾਹੀ ਬਖਸ਼ ਪਟੇਲੀ ਨੇ ਮਾਂਜ ਕੇ ਜੀ,
ਧੂਪ ਦੇਇ ਕੇ ਤਖ਼ਤ ਬਹਾਲੀਆਂ ਨੀ।
ਸ਼ਾਹ ਮੁਹੰਮਦਾ ਐਸੀਆਂ ਲੈਸ ਹੋਈਆਂ,
ਬਿਜਲੀ ਵਾਂਗ ਜਿਉਂ ਦੇਣ ਦਿਖਾਲੀਆਂ ਨੀ। ੬੦।
ਸੁਣ ਕੇ ਖ਼ਬਰ ਫ਼ਰੰਗੀ ਦੀ ਚੜ੍ਹੇ ਸੱਭੇ,
ਫੌਜਾਂ ਬੇਮੁਹਾਰੀਆਂ ਹੋਇ ਤੁਰੀਆਂ।

---

1. ਇਸ ਵੇਲੇ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਨੇ ਫ਼ੌਜਾਂ ਦੇ ਨਾਲ ਹੀ ਕੂਚ ਨਹੀਂ ਸੀ ਕੀਤਾ। 25 ਦਸੰਬਰ, 1845 ਤੱਕ ਉਹ ਆਪਣੇ ਪਿੰਡ ਅਟਾਰੀ ਹੀ ਸਨ ਜਦ ਕਿ ਫੇਰੂ ਸ਼ਹਿਰ ਦੀ ਜੰਗ ਵਿਚ ਤੇਜ ਸਿੰਘ ਤੇ ਲਾਲ ਸਿੰਘ ਦੇ ਭੱਜ ਨਿਕਲਣ ਦੀਆਂ ਖ਼ਬਰਾਂ ਲਾਹੌਰ ਪੁੱਜਣ ਪਰ ਮਹਾਰਾਣੀ ਜਿੰਦ ਕੌਰ ਨੇ ਉਨ੍ਹਾਂ ਨੂੰ ਜੰਗ ਵਿਚ ਸ਼ਾਮਿਲ ਹੋਣ ਲਈ ਤਾਕੀਦੀ ਸੁਨੇਹਾ ਭੇਜਿਆ। ਰਣ-ਭੂਮੀ ਵਿਚ ਜਾਣ ਤੋਂ ਪਹਿਲਾਂ ਆਪ ਨੇ ਪ੍ਰਣ ਕਰ ਲਿਆ ਕਿ ਲੜਾਈ ਹਾਰੀ ਜਾਣ ਦੀ ਹਾਲਤ ਵਿਚ ਓਹ ਜੀਉਂਦਾ ਨਹੀਂ ਮੁੜੇਗਾ। ਸਰਦਾਰ ਸ਼ਾਮ ਸਿੰਘ 28 ਦਸੰਬਰ ਨੂੰ ਲਸ਼ਕਰ ਵਿਚ ਸ਼ਾਮਿਲ ਹੋਇਆ। (ਵੇਰਵੇ ਲਈ ਦੇਖੋ ਗੰਡਾ ਸਿੰਘ, 'ਸਰਦਾਰ ਸ਼ਾਮ ਸਿੰਘ ਅਟਾਰੀਵਾਲਾ')

ਅੱਗੇ ਵਾਰ ਕੁਵਾਰ ਨਾ ਕਿਸੇ ਡਿੱਠਾ,
ਇਕ ਦੂਸਰੇ ਦੇ ਅੱਗੇ ਲੱਗ ਟੁਰੀਆਂ।
ਅੱਗੇ ਤੋਪਾਂ ਦੇ ਧਨੀ ਭੀ ਹੈਨ ਗੋਰੇ,
ਵੰਗਾਂ ਪਹਿਨ ਖਲੋਤੀਆਂ ਨਹੀਂ ਕੁੜੀਆਂ।
ਸ਼ਾਹ ਮੁਹੰਮਦਾ ਵਰਜਦੇ ਜਾਂਦਿਆਂ ਨੂੰ,
ਫ਼ੌਜਾਂ ਹੋ ਮੋਹਾਨੀਆਂ ਕਦੋਂ ਮੁੜੀਆਂ। ੬੧।
ਚੜ੍ਹੇ ਸ਼ਹਿਰ ਲਾਹੌਰ ਥੀਂ ਮਾਰ ਧਊਂਸੇ,
ਸਭੇ ਗਰਬ ਹੰਕਾਰ ਦੇ ਨਾਲ ਤੁਰਦੇ।
ਉਰੇ ਦੋਹਾਂ ਦਰੀਆਵਾਂ ਤੇ ਨਹੀਂ ਅਟਕੇ,
ਪੱਤਨ ਲਘੇ ਨੀ ਜਾ ਫ਼ਿਰੋਜ਼ਪੁਰ ਦੇ।
ਅੱਗੇ ਛੇੜਿਆ ਨਹੀਂ ਫ਼ਰੰਗੀਆਂ ਨੇ,
ਦੋਹਾਂ ਧਿਰਾਂ ਦੇ ਰੁਲਨਗੇ ਬਹੁਤ ਮੁਰਦੇ।
ਸ਼ਾਹ ਮੁਹੰਮਦਾ ਭੱਜਣਾ ਰਣੋਂ ਭਾਰੀ,
ਜੁਟੇ ਸੂਰਮੇ ਆਖ ਤੂੰ ਕਦੋਂ ਮੁੜਦੇ। ੬੨।
ਲੱਗੀ ਧਮਕ ਸਾਰੇ ਹਿੰਦੁਸਤਾਨ ਅੰਦਰ,
ਦਿੱਲੀ ਆਗਰੇ ਹਾਂਸੀ ਹਸਾਰ ਮੀਆਂ।
ਬੀਕਾਨੇਰ ਲਖਨਊ ਅਜਮੇਰ ਜੈਪੁਰ,
ਪਈਆਂ ਭਾਜੜਾਂ ਜਮਨਾ ਤੋਂ ਪਾਰ ਮੀਆਂ।
ਚੱਲੀ ਸਭ ਪੰਜਾਬ ਦੀ ਬਾਦਸ਼ਾਹੀ,
ਨਹੀਂ ਦਲਾਂ ਦਾ ਅੰਤ ਸ਼ੁਮਾਰ ਮੀਆਂ।
ਸਾਹ ਮੁਹੰਮਦਾ ਕਿਸੇ ਨਾ ਅਟਕਣਾ ਈ,
ਸਿੰਘ ਰਹਿਣਗੇ ਦਿੱਲੀ ਨੂੰ ਮਾਰ ਮੀਆਂ। ੬੩।
ਅਰਜ਼ੀ ਲਿਖੀ ਫ਼ਰੰਗੀਆਂ ਖ਼ਾਲਸੇ ਨੂੰ,
ਤੁਸੀਂ ਕਾਸ ਨੂੰ ਜੰਗ ਮਚਾਂਵਦੇ ਹੋ।
ਮਹਾਰਾਜ ਦੇ ਨਾਲ ਸੀ ਨੇਮ ਸਾਡਾ,
ਤੁਸੀਂ ਸੁੱਤੀਆਂ ਕਲਾਂ ਜਗਾਂਵਦੇ ਹੋ।
ਕਈ ਲੱਖ ਰੁਪਈਆ ਲੈ ਜਾਓ ਸਾਥੋਂ,
ਦਿਆਂ ਹੋਰ ਜੋ ਤੁਸੀਂ ਫ਼ਰਮਾਂਵਦੇ ਹੋ।
ਸ਼ਾਹ ਮੁਹੰਮਦਾ ਅਸਾਂ ਨਾ ਮੂਲ ਲੜਨਾ,
ਤੁਸੀ ਏਤਨਾ ਜ਼ੋਰ ਕਿਉਂ ਲਾਂਵਦੇ ਹੋ। ੬੪।
ਸਿੰਘਾਂ ਲਿਖਿਆ ਖ਼ਤ ਫ਼ਰੰਗੀਆਂ ਨੂੰ,
ਤੈਨੂੰ ਮਾਰਾਂਗੇ ਅਸੀਂ ਵੰਗਾਰਕੇ ਜੀ।

ਸਾਨੂੰ ਨਹੀਂ ਰੁਪੱਈਆਂ ਦੀ ਲੋੜ ਭਾਈ,
ਭਾਵੇਂ ਦੇਹ ਤੂੰ ਢੇਰ ਉਸਾਰਕੇ ਜੀ।
ਓਹੋ ਪੰਥ ਤੇਰੇ ਉੱਤੇ ਆਣ ਚੜ੍ਹਿਆ,
ਜੇਹੜਾ ਆਇਆ ਸੀ ਜੰਮੂ ਨੂੰ ਮਾਰਕੇ ਜੀ।
ਸ਼ਾਹ ਮੁਹੰਮਦਾ ਸਾਹਮਣੇ ਡਾਹ ਤੋਪਾਂ,
ਸੂਰੇ ਕੱਢ ਮੈਦਾਨ ਨਿਤਾਰਕੇ ਜੀ। ੬੫।
ਪੈਂਚ ਲਿਖਦੇ ਸਾਰੀਆਂ ਪੜਤਲਾਂ ਦੇ,
ਸਾਡੀ ਅੱਜ ਹੈ ਵੱਡੀ ਚਲੰਤ ਮੀਆਂ।
ਵੀਰ ਸਿੰਘ ਨੂੰ ਮਾਰਿਆ ਡਾਹ ਤੋਪਾਂ,
ਨਹੀਂ ਛੱਡਿਆ ਸਾਧ ਤੇ ਸੰਤ ਮੀਆਂ।
ਅਸਾਂ ਮਾਰੇ ਚੌਫੇਰੇ ਦੇ ਕਿਲੇ ਭਾਰੇ,
ਅਸਾਂ ਮਾਰਿਆ ਕੁਲੂ ਭੁਟੰਤ ਮੀਆਂ।
ਸ਼ਾਹ ਮੁਹੰਮਦਾ ਗੱਲ ਤਾਂ ਸੋਈ ਹੋਣੀ,
ਜੇਹੜੀ ਕਰੇਗਾ ਖ਼ਾਲਸਾ ਪੰਥ ਮੀਆਂ। ੬੬।
ਦੂਰਬੀਨ ਅੰਗਰੇਜ਼ ਨੇ ਹੱਥ ਲੈ ਕੇ,
ਕੀਤਾ ਫ਼ੌਜ ਦਾ ਸਭ ਸ਼ੁਮਾਰ ਮੀਆਂ।
ਜਿਨ੍ਹੀਂ ਖਾਈ ਸੀ ਜਮਾ ਜਮੂਰਖਾਨੇ,
ਕੀਤੇ ਸਾਹਿਬ ਮਲੂਮ ਹਜ਼ਾਰ ਮੀਆਂ।
ਦਾਰੂ ਵੰਡਿਆ ਸੂਰਿਆਂ ਜੰਗੀਆਂ ਨੂੰ,
ਦੋ ਦੋ ਬੋਤਲਾਂ ਕੈਫ਼ ਖ਼ੁਮਾਰ ਮੀਆਂ।
ਸ਼ਾਹ ਮੁਹੰਮਦਾ ਪੀ ਸ਼ਰਾਬ ਗੋਰੇ,
ਹੋਏ ਜੰਗ ਨੂੰ ਤੁਰਤ ਤਿਆਰ ਮੀਆਂ। ੬੭।
ਇਕ ਪਿੰਡ ਦਾ ਨਾਮ ਜੋ ਮੁਦਕੀ ਸੀ,
ਓਥੇ ਭਰੀ ਸੀ ਪਾਣੀ ਦੀ ਖੱਡ ਮੀਆਂ।
ਘੋੜ-ਚੜ੍ਹੇ ਅਕਾਲੀਏ ਨਵੇਂ ਸਾਰੇ,
ਝੰਡੇ ਦਿੱਤੇ ਨੀ ਜਾਇ ਕੇ ਗੱਡ ਮੀਆਂ।
ਤੋਪਾਂ ਚੱਲੀਆਂ ਕਟਕ ਫਰੰਗੀਆਂ ਦੇ,
ਗੋਲੇ ਤੋੜਦੇ ਮਾਸ ਤੇ ਹੱਡ ਮੀਆਂ।
ਸ਼ਾਹ ਮੁਹੰਮਦਾ ਪਿਛਾਂ ਨੂੰ ਉੱਠ ਨੱਠੇ,
ਤੋਪਾਂ ਸੱਭ ਆਏ ਓਥੇ ਛੱਡ ਮੀਆਂ। ੬੮।
ਡੇਰੇ ਆਣ ਕੇ ਬੈਠ ਸਲਾਹ ਕਰਦੇ,
ਐਤਵਾਰ ਅਸੀਂ ਖੰਡਾ ਫੜਾਂਗੇ ਜੀ।

ਤੇਜਾ ਸਿੰਘ ਦੀ ਵਡੀ ਉਡੀਕ ਸਾਨੂੰ,
ਉਸ ਦੇ ਆਏ ਬਗੈਰ ਨਾ ਲੜਾਂਗੇ ਜੀ।
ਸਰਫ਼ਾ ਜਾਨ ਦਾ ਨਹੀਂ ਜੋ ਤਦੋਂ ਕਰਨਾ,
ਜਦੋਂ ਵਿਚ ਮੈਦਾਨ ਦੇ ਵੜਾਂਗੇ ਜੀ।
ਸ਼ਾਹ ਮੁਹੰਮਦਾ ਅੰਦਰੋਂ ਇਕ ਹੋ ਕੇ,
ਡੇਰੇ ਚੱਲ ਫ਼ਰੰਗੀ ਦੇ ਵੜਾਂਗੇ ਜੀ। ੬੯।

ਤੇਜਾ ਸਿੰਘ ਭੀ ਲਸ਼ਕਰੀਂ ਆਣ ਵੜਿਆ,
ਹੁੱਦੇਦਾਰ ਸਭੇ ਓਥੇ ਆਂਵਦੇ ਨੀ।
ਕਰੋ ਹੁਕਮ ਤੇ ਤੇਗ਼ ਉਠਾਈਏ ਜੀ,
ਪਏ ਸਿੰਘ ਕੀਚੀਚੀਆਂ ਖਾਂਵਦੇ ਨੀ।
ਕੂੰਜਾਂ ਨਜ਼ਰ ਆਈਆਂ ਬਾਜ਼ਾਂ ਭੁੱਖਿਆਂ ਨੂੰ,
ਚੋਟਾਂ ਕੈਸੀਆਂ ਵੇਖ ਚਲਾਂਵਦੇ ਨੀ[1]।
ਸ਼ਾਹ ਮੁਹੰਮਦਾ ਓਸ ਥੀਂ ਹੁਕਮ ਲੈ ਕੇ,
ਹੱਲਾ ਕਰਨ ਦੀ ਡੌਲ ਬਣਾਂਵਦੇ ਨੀ। ੭੦।

ਫੇਰੂ ਸ਼ਹਿਰ ਦੇ ਹੇਠ ਜਾਂ ਖੇਤ ਰੁੱਧੇ,
ਤੋਪਾਂ ਚੱਲੀਆਂ ਨੀ ਵਾਂਗ ਤੋਰਿਆਂ ਦੇ।
ਸਿੰਘ ਸੂਰਮੇ ਆਣ ਮੈਦਾਨ ਲੱਥੇ,
ਗੰਜ ਲਾਹ ਸੁੱਟੇ ਓਨ੍ਹਾਂ ਗੋਰਿਆਂ ਦੇ।
ਟੁੰਡੇ ਲਾਟ ਨੇ ਅੰਤ ਨੂੰ ਖਾਇ ਗੁੱਸਾ,
ਫੇਰ ਦਿੱਤੇ ਨੀ ਲੱਖ ਢੰਡੋਰਿਆਂ ਦੇ।
ਸ਼ਾਹ ਮੁਹੰਮਦਾ ਰੰਡ ਬੈਠਾਇ ਲੰਦਨ,
ਸਿੰਘ ਜਾਣ ਨਾਹੀਂ ਨਾਲ ਜ਼ੋਰਿਆਂ ਦੇ। ੭੧।

ਹੁਕਮ ਲਾਟ ਕੀਤਾ ਲਸ਼ਕਰ ਆਪਣੇ ਨੂੰ,
ਤੁਸਾਂ ਲਾਜ ਅੰਗਰੇਜ਼ ਦੀ ਰੱਖਣੀ ਜੀ।
ਸਿੰਘਾਂ ਮਾਰ ਕੇ ਕਟਕ ਮੁਕਾਇ ਦਿੱਤੇ,
ਹਿੰਦੁਸਤਾਨੀ ਤੇ ਪੂਰਬੀ ਦੱਖਣੀ ਜੀ।
ਲੰਦਨ ਟਾਪੂਆਂ ਵਿਚ ਕੁਰਲਾਟ ਪਿਆ,
ਕੁਰਸੀ ਚਾਰ ਹਜ਼ਾਰ ਹੈ ਸੱਖਣੀ ਜੀ।
ਸ਼ਾਹ ਮੁਹੰਮਦਾ ਤੁਸਾਂ ਪੰਜਾਬੀਓ ਜੀ,
ਕੀਰਤ ਸਿੰਘ ਸਿਪਾਹੀ ਦੀ ਰੱਖਣੀ ਜੀ[2]। ੭੨।

---

1. ਪਾਠ-ਭੇਦ—ਅੱਖੀਂ ਵੇਖਿਆਂ ਚੋਟ ਚਲਾਂਵਦੇ ਨੀ।
2. ਪਾਠ-ਭੇਦ—ਸ਼ਾਹ ਮੁਹੰਮਦਾ ਲਾਟ ਹੁਣ ਕਹਿਣ ਲੱਗਾ, ਰੱਤ ਸਿੰਘ ਸਿਪਾਹੀ ਦੀ ਚੱਖਣੀ ਜੀ।

ਹੋਇਆ ਹੁਕਮ ਅੰਗਰੇਜ਼ ਦਾ ਤੁਰਤ ਜਲਦੀ,
ਤੋਪਾਂ ਮਾਰੀਆਂ ਨੀਰ ਦੇ ਆਇ ਪੱਲੇ।
ਫੂਕ ਸੱਟੀਆਂ ਸਾਰੀਆਂ ਮੇਖਜ਼ੀਨਾਂ,
ਸਿੰਘ ਉੱਠ ਕੇ ਪੱਤਰਾ ਹੋਇ ਚੱਲੇ[1]।
ਛੋਲਦਾਰੀਆਂ ਤੰਬੂਆਂ ਛੱਡ ਦੌੜੇ,
ਕੋਈ ਚੀਜ਼ ਲਈ ਨਹੀਂ ਮੂਲ ਪੱਲੇ।
ਓੜਕ ਲਿਆ ਮੈਦਾਨ ਫ਼ਰੰਗੀਆਂ ਨੇ,
ਸ਼ਾਹ ਮੁਹੰਮਦਾ ਰਣੋਂ ਨਹੀਂ ਮੂਲ ਹੱਲੇ। ੭੩।
ਉਧਰ ਆਪ ਫ਼ਰੰਗੀ ਨੂੰ ਭਾਜ ਆਈ,
ਦੌੜੇ ਜਾਣ ਗੋਰੇ ਦਿੱਤੀ ਕੰਢ ਮੀਆਂ।
ਚੱਲੇ ਤੋਪਖਾਨੇ ਸਾਰੇ ਗੋਰਿਆਂ ਦੇ,
ਮਗਰ ਹੋਈ ਬੰਦੂਕਾਂ ਦੀ ਫੰਡ ਮੀਆਂ।
ਕਿਨੇ ਜਾਇ ਕੇ ਲਿਆਇ ਕੇ ਖ਼ਬਰ ਦਿੱਤੀ,
ਲੰਦਨ ਹੋਇ ਬੈਠੀ ਤੇਰੀ ਰੰਡ ਮੀਆਂ।
ਸ਼ਾਹ ਮੁਹੰਮਦਾ ਦੇਖ ਮੈਦਾਨ ਜਾ ਕੇ,
ਰੁਲਦੀ ਗੋਰਿਆਂ ਦੀ ਪਈ ਝੰਡ ਮੀਆਂ। ੭੪।
ਪਹਾੜਾ ਸਿੰਘ[2] ਸੀ ਯਾਰ ਫ਼ਰੰਗੀਆਂ ਦਾ,
ਸਿੰਘਾਂ ਨਾਲ ਸੀ ਓਸ ਦੀ ਗ਼ੈਰਸਾਲੀ।
ਓਹ ਤਾਂ ਭੱਜ ਕੇ ਲਾਟ ਨੂੰ ਜਾਇ ਮਿਲਿਆ,
ਗੱਲ ਜਾਇ ਦੱਸੀ ਸਾਰੀ ਭੇਤ ਵਾਲੀ।
ਓਥੋਂ ਹੋ ਗਿਆ ਹਰਨ ਹੈ ਖ਼ਾਲਸਾ ਜੀ,
ਚੌਦਾਂ ਹੱਥ ਦੀ ਮਾਰ ਕੇ ਜਾਣ ਛਾਲੀ।
ਸ਼ਾਹ ਮੁਹੰਮਦਾ ਸਾਥ ਲੈ ਸਿਲ੍ਹੇਖਾਨੇ,
ਛੱਡ ਗਏ ਨੀ ਸਿੰਘ ਮੈਦਾਨ ਖ਼ਾਲੀ। ੭੫।

---

1. 21 ਦਸੰਬਰ ਨੂੰ ਫ਼ੇਰੂ ਸ਼ਹਿਰ ਦੀ ਭਿਆਨਕ ਲੜਾਈ ਵਿਚ ਦੋਨੋਂ ਪਾਸੇ ਥਿੜਕ ਗਏ ਸਨ। ਸਿੰਘਾਂ ਨੂੰ ਤੇ ਮਿੱਸਰ ਤੇਜ ਸਿੰਘ ਤੇ ਲਾਲ ਸਿੰਘ ਦੀ ਲੁਕਵੀਂ ਗ਼ੱਦਾਰੀ ਮਾਰ ਰਹੀ ਸੀ ਜਿਸ ਦਾ ਪੂਰਾ ਸਬੂਤ 22 ਦਸੰਬਰ ਦੀ ਸਵੇਰੇ ਇਨ੍ਹਾਂ ਨੇ ਲੜਾਈ ਵਿਚੋਂ ਭੱਜ ਕੇ ਦਿੱਤਾ।

ਦੂਸਰੇ ਪਾਸੇ ਫ਼ਰੰਗੀਆਂ ਦੀਆਂ ਪਲਟਣਾਂ ਭੀ ਹਿੱਲ ਗਈਆਂ ਸਨ ਜਿਸ ਦਾ ਜ਼ਿਕਰ ਅਗਲੇ ਤਿੰਨ ਨੰਬਰਾਂ 74,75,76 'ਚ ਆਉਂਦਾ ਹੈ। ਵੇਰਵੇ ਲਈ ਦੇਖੋ 'ਸਰਦਾਰ ਸ਼ਾਮ ਸਿੰਘ ਅਟਾਰੀਵਾਲਾ।'

2. ਫ਼ਰੀਦਕੋਟ ਦਾ ਰਾਜਾ ਪਹਾੜਾ ਸਿੰਘ, ਜਿਸ ਨੂੰ ਇਸ ਜੰਗ ਵਿਚ ਅੰਗਰੇਜ਼ਾਂ ਨੂੰ ਰਸਦ ਆਦਿ ਪਹੁੰਚਾਉਣ ਬਦਲੇ 'ਰਾਜਾ' ਦਾ ਖ਼ਿਤਾਬ ਮਿਲਿਆ ਸੀ, ਦੇਖੋ 'ਤਜ਼ਕਿਰਾ ਸੱਯਦ ਰੱਜਬ ਅਲੀ', ਸਫ਼ਾ 28.

ਮੁੜ ਕੇ ਫੇਰ ਫ਼ਰੰਗੀਆਂ ਜ਼ੋਰ ਕੀਤਾ,
ਲਾਟਾਂਦਾਰ ਗੋਲੇ ਜਦੋਂ ਆਣ ਛੁੱਟੇ।
ਉਡੀ ਰਾਲ ਤੇ ਚਾਦਰਾਂ ਕੜਕੀਆਂ ਨੀ,
ਕੌਰਵ ਪਾਂਡਵਾਂ ਦੇ ਜੈਸੇ ਬਾਨ ਛੁੱਟੇ।
ਜਦੋਂ ਡਿੱਠੇ ਨੀ ਹੱਥ ਫਰੰਗੀਆਂ ਦੇ,
ਓਥੇ ਕਈਆਂ ਦੇ ਆਨ ਪਰਾਣ ਟੁੱਟੇ।
ਸ਼ਾਹ ਮੁਹੰਮਦਾ ਇਕ ਸੌ ਤੇਈ ਤੋਪਾਂ,
ਤੋਸ਼ੇਖਾਨੇ ਫ਼ਰੰਗੀਆਂ ਆਣ ਲੁੱਟੇ। ੭੬।
ਜਦੋਂ ਪਿਆ ਹਰਾਸ ਤੇ ਕਰਨ ਗੱਲਾਂ,
ਮੁੰਡੇ ਘੋੜ-ਚੜ੍ਹੇ ਨਵੇਂ ਛੋਕਰੇ ਜੀ।
ਅੱਧੀ ਰਾਤ ਨੂੰ ਉੱਠ ਕੇ ਖਿਸਕ ਤੁਰੀਏ,
ਕਿੱਥੋਂ ਪਏ ਗੋਰੇ ਸਾਨੂੰ ਓਪਰੇ ਜੀ।
ਵਾਹੀ ਕਰਦੇ ਤੇ ਰੋਟੀਆਂ ਖੂਬ ਖਾਂਦੇ,
ਅਸੀਂ ਜਿਨ੍ਹਾਂ ਦੇ ਪੁਤ ਹਾਂ ਪੋਤਰੇ ਜੀ।
ਸ਼ਾਹ ਮੁਹੰਮਦਾ ਖੂਹਾਂ ਤੇ ਮਿਲਖ ਵਾਲੇ,
ਅਸੀਂ ਦੱਬ ਕੇ ਲਾਵਾਂਗੇ ਜੋਤਰੇ ਜੀ। ੭੭।
ਜੇਹੜੇ ਜੀਵਦੇ ਰਹੇ ਸੋ ਪਏ ਸੋਚੀਂ,
ਹੋਏ ਭੁੱਖ ਦੇ ਨਾਲ ਜ਼ਹੀਰ ਮੀਆਂ।
ਬੁਰੇ ਜਿੰਨ ਹੋ ਕੇ ਸਾਨੂੰ ਪਏ ਗੋਰੇ,
ਅਸੀਂ ਜਾਣਦੇ ਸਾਂ ਕੋਈ ਕੀਰ ਮੀਆਂ।
ਅਸਾਂ ਸ਼ਹਿਦ ਦੇ ਵਾਸਤੇ ਹੱਥ ਪਾਇਆ,
ਅੱਗੋਂ ਡੂਮਨਾ ਛਿੜੇ ਮਖੀਰ ਮੀਆਂ।
ਸ਼ਾਹ ਮੁਹੰਮਦਾ ਰਾਹ ਨਾ ਕੋਈ ਲੱਭੇ,
ਜਿਥੇ ਚੱਲੀਏ ਘੱਤ ਵਹੀਰ ਮੀਆਂ। ੭੮।
ਘਰੋਂ ਗਏ ਫਰੰਗੀ ਦੇ ਮਾਰਨੇ ਨੂੰ,
ਬੇੜੇ ਤੋਪਾਂ ਤੇ ਸੱਭ ਖੁਹਾਇ ਆਏ।
ਛੇੜ ਆਫਤਾਂ ਨੂੰ ਮਗਰ ਲਾਇਓ ਨੇ,
ਸਗੋਂ ਅਪਣਾ ਆਪ ਗਵਾਇ ਆਏ।
ਖੁਸ਼ੀ ਵੱਸਦਾ ਸ਼ਹਿਰ ਲਾਹੌਰ ਸਾਰਾ,
ਸਗੋਂ ਕੁੰਜੀਆਂ ਹੱਥ ਫੜਾਇ ਆਏ।
ਸ਼ਾਹ ਮੁਹੰਮਦਾ ਕਹਿੰਦੇ ਨੀ ਲੋਗ ਸਿੰਘ ਜੀ,
ਤੁਸੀਂ ਚੰਗੀਆਂ ਪੂਰੀਆਂ ਪਾਇ ਆਏ। ੭੯।

ਘਰੀਂ ਜਾਇ ਕੇ ਕਿਸੇ ਆਰਾਮ ਕੀਤਾ,
ਕਿਸੇ ਰਾਤ ਕਿਸੇ ਦੋਇ ਰਾਤ ਮੀਆਂ।
ਪਿੱਛੋਂ ਫੇਰ ਸਰਦਾਰਾਂ ਨੇ ਸੱਦ ਭੇਜੇ,
ਜੋ ਕੋਈ ਸਿੰਘ ਸਿਪਾਹੀ ਦੀ ਜਾਤ ਮੀਆਂ।
ਕਿੱਥੇ ਲੁਕੋਗੇ ਜਾਇ ਕੇ ਖਾਲਸਾ ਜੀ,
ਦੱਸੋ ਖੋਲ੍ਹ ਕੇ ਅਸਲ ਦੀ ਬਾਤ ਮੀਆਂ।
ਸ਼ਾਹ ਮੁਹੰਮਦਾ ਫੇਰ ਇਕੱਠ ਹੋਇਆ,
ਲੱਗੀ ਚਾਨਣੀ ਹੋਰ ਕਨਾਤ ਮੀਆਂ। ੮੦।
ਕੰਢੇ ਪਾਰ ਦੇ ਜਮਾਂ ਜਾਂ ਹੋਏ ਡੇਰੇ,
ਇਹ ਤਾਂ ਨੌਕਰੀ ਘਰੀਂ ਨਾ ਮਿਲਣ ਜਾਣੇ।
ਡੇਰੀਂ ਆਣ ਕੇ ਬਹੁਤ ਵਿਚਾਰ ਹੋਇਆ,
ਹੋਈਆਂ ਭਰਤੀਆਂ ਬੰਦ ਨਾ ਵਿਕਣ ਦਾਣੇ[1]।
ਛਹੀ ਕੱਢ ਕੇ ਮੋਰਚੀਂ ਆਇ ਬਹਿੰਦੇ,
ਡੇਰੀਂ ਆਇ ਕੇ ਫੇਰ ਪ੍ਰਸਾਦਿ ਖਾਣੇ।
ਸ਼ਾਹ ਮੁਹੰਮਦਾ ਸੱਭ ਮਲੂਮ ਕੀਤੀ,
ਕੀਕੂੰ ਹੋਈ ਸੀ ਦੱਸ ਖਾਂ ਲੁੱਦੇਹਾਣੇ। ੮੧।
ਸਰਦਾਰ ਰਣਜੋਧ ਸਿੰਘ[2] ਫ਼ੌਜ ਲੈ ਕੇ,
ਤਰਫ਼ ਲਾਡੂਏ ਵਾਲੇ ਦੀ ਚੱਲਿਆ ਈ।
ਓਥੇ ਸੱਭ ਕਬੀਲੇ ਸੀ ਕੈਦ ਹੋਏ,
ਕੋਈ ਲਾਟ[3] ਫਰੰਗੀ ਨੇ ਘੱਲਿਆ ਈ।
ਓਨ੍ਹਾਂ ਜਾਇ ਖੋਹੀਆਂ ਬਾਦਸ਼ਾਹੀਆਂ ਨੀ,
ਉਸ ਦਾ ਜ਼ੋਰ ਨਾ ਕਿਸੇ ਨੇ ਝੱਲਿਆ ਈ।
ਸ਼ਾਹ ਮੁਹੰਮਦਾ ਛਾਵਨੀ ਫੂਕ ਦਿੱਤੀ,
ਵਿਚੋਂ ਜੀਊ ਫ਼ਰੰਗੀ ਦਾ ਹੱਲਿਆ ਈ। ੮੨।
ਚਾਰ ਪੜਤਲਾਂ ਲੈ ਮੇਵਾ ਸਿੰਘ ਆਇਆ,
ਸਿੰਘ ਆਪਣੇ ਹੱਥ ਹਥਿਆਰ ਲੈਂਦੇ।
ਇਨ੍ਹਾਂ ਬਹੁਤ ਫ਼ਰੰਗੀ ਦੀ ਫ਼ੌਜ ਮਾਰੀ,
ਲੁੱਟਾਂ ਭਾਰੀਆਂ ਬਾਝ ਸ਼ੁਮਾਰ ਲੈਂਦੇ।

---

1. ਪਾਠ-ਭੇਦ—ਡੇਰੀ ਆਣ ਕੇ ਕਰਨ ਵਿਰਲਾਪ ਪਿਆ ਬੰਨ੍ਹਨ ਭਰਤੀਆਂ ਤੇ ਉੱਥੇ ਵਿਕਨ ਦਾਣੇ।
2. ਸਰਦਾਰ ਲਹਿਣਾ ਸਿੰਘ ਮਜੀਠੀਏ ਦਾ ਮਤ੍ਰੇਆ ਭਾਈ। ਹੋਰ ਦੇਖੋ ਨੰਬਰ 31 ਦੇ ਹੇਠਲਾ ਫੁਟ-ਨੋਟ।
3. ਸਰ ਹੈਰੀ ਸਮਿਥ, ਜਿਸ ਨੂੰ ਸਰਦਾਰ ਰਣਜੋਧ ਸਿੰਘ ਨੂੰ ਪੈਰੋਂ ਕੱਢ ਦਿੱਤਾ ਸੀ ਤੇ ਉਸ ਨਾਲ ਦਾ ਸਾਰਾ ਸਾਮਾਨ ਸਰਦਾਰ ਦੇ ਹੱਥ ਆ ਗਿਆ ਸੀ।

ਤੋਪਾਂ ਊਠ ਹਾਥੀ ਮਾਲ ਲੱਖ ਘੋੜੇ,
ਡੇਰੇ ਆਪਣੇ ਸਿੰਘ ਉਤਾਰ ਲੈਂਦੇ।
ਸ਼ਾਹ ਮੁਹੰਮਦਾ ਸਿੰਘ ਜੇ ਜ਼ੋਰ ਕਰਦੇ,
ਭਾਵੇਂ ਲੁੱਦੇਹਾਨਾ ਤਦੋਂ ਮਾਰ ਲੈਂਦੇ। ੮੩।
ਮੋਹਕਮ ਦੀਨ[1] ਸਰਦਾਰ ਨੂੰ ਲਿਖੀ ਅਰਜ਼ੀ,
ਤੁਸਾਂ ਤਰਫ਼ ਲੁਟੇ ਚੰਗੀ ਸ਼ਾਨ ਦੇ ਜੀ।
ਦੇਹੋ ਭੇਜ ਉਰਾਰ ਸੱਭ ਕਾਰਖਾਨੇ,
ਪਇਓ ਗੱਜਿਓ ਵਿਚ ਮੈਦਾਨ ਦੇ ਜੀ।
ਤੈਨੂੰ ਅੱਜ ਹਜ਼ੂਰ ਥੀਂ ਫ਼ਤੇ ਆਈ,
ਖਬਰਾਂ ਉੱਡੀਆਂ ਵਿਚ ਜਹਾਨ ਦੇ ਜੀ।
ਸ਼ਾਹ ਮੁਹੰਮਦਾ ਵੈਰੀ ਨੂੰ ਜਾਣ ਹਾਜ਼ਰ,
ਸਦਾ ਰੱਖੀਏ ਵਿਚ ਧਿਆਨ ਦੇ ਜੀ। ੮੪।
ਸੱਠਾਂ ਕੋਹਾਂ ਦਾ ਪੰਧ ਸੀ ਲੁੱਦੇਹਾਣਾ,
ਰਾਤੋ ਰਾਤ ਕੀਤੀ ਟੁੰਡੇ ਦੌੜ ਮੀਆਂ।
ਓਹ ਭੀ ਲੁੱਟਿਆ ਲਾਟ ਨੇ ਆਣ ਡੇਰਾ,
ਤੋਪਾਂ ਸੱਭ ਖੋਹੀਆਂ ਕੀਤੀ ਚੌੜ ਮੀਆਂ।
ਝੱਲੀ ਅਬੂਤਬੇਲੇ ਦੀਆਂ ਪੜਤਲਾਂ ਨੇ,
ਅੱਧ ਘੜੀ ਲੜਾਈ ਦੀ ਸੌੜ ਮੀਆਂ।
ਸ਼ਾਹ ਮੁਹੰਮਦਾ ਸਿੰਘ ਲੁਟਾਇ ਡੇਰੇ,
ਕਰ ਆਏ ਨੀ ਤ੍ਰੁੱਟੀਆਂ ਚੌੜ ਮੀਆਂ। ੮੫।
ਪਹਿਲੇ ਹੱਲਿਓਂ ਸਿੰਘ ਜੋ ਨਿਕਲ ਸਾਰੇ,
ਪਏ ਔਝੜੇ ਔਝੜੇ ਜਾਂਵਦੇ ਨੀ।
ਲੁੱਟੇ ਗਏ ਸਾਰੇ ਰਹੀ ਇਕ ਕੁੜਤੀ,
ਬਾਹਾਂ ਹਿੱਕ ਦੇ ਨਾਲ ਲਗਾਂਵਦੇ ਨੀ।
ਅੱਗੋਂ ਲੋਕ ਲੜਾਈ ਦੀ ਗੱਲ ਪੁੱਛਣ,
ਜੀਭ ਹੋਠਾਂ ਥੀਂ ਖੋਲ੍ਹ ਦਿਖਾਂਵਦੇ ਨੀ।
ਸ਼ਾਹ ਮੁਹੰਮਦਾ ਆਣ ਕੇ ਘਰਦਿਆਂ ਥੋਂ,
ਨਵੇਂ ਕੱਪੜੇ ਹੋਰ ਸਿਵਾਂਵਦੇ ਨੀ। ੮੬।
ਕਹਿੰਦੇ ਜੀਊਂਦੇ ਫੇਰ ਨਾ ਕਦੀ ਜਾਣਾ,
ਮੂੰਹ ਨਾ ਲੱਗਣਾ ਉਸ ਚੰਡਾਲ ਦੇ ਜੀ।

1. ਪਾਠ-ਭੇਦ—ਮੌਜਦੀਨ।

ਕਿਤੇ ਜਾਇ ਕੇ ਚਾਰ ਦਿਨ ਕੱਟ ਆਈਏ,
ਢੂੰਡਨ ਆਉਣਗੇ ਸਾਡੜੇ ਨਾਲ ਦੇ ਜੀ।
ਤੁਸਾਂ ਆਖਿਆ ਮਰ ਗਿਆ ਲੁੱਦੇਹਾਣੇ,
ਅਸੀਂ ਫਿਰਦੇ ਹਾਂ ਢੂੰਡਦੇ ਭਾਲਦੇ ਜੀ।
ਸ਼ਾਹ ਮੁਹੰਮਦਾ ਰਹੇ ਹਥਿਆਰ ਓਥੇ,
ਲੀੜੇ ਨਹੀਂ ਆਏ ਸਾਡੇ ਨਾਲਦੇ ਜੀ। ੮੭।
ਪਿੱਛੇ ਬੈਠ ਸਰਦਾਰਾਂ ਗੁਰਮਤਾ ਕੀਤਾ,
ਕੋਈ ਅਕਲ ਦਾ ਕਰੋ ਇਲਾਜ ਯਾਰੋ।
ਛੇੜ ਬੁਰਛਿਆਂ ਦੀ ਸਾਡੇ ਪੇਸ਼ ਆਈ,
ਪੱਗ ਦਾੜ੍ਹੀਆਂ ਦੀ ਰੱਖੋ ਲਾਜ ਯਾਰੋ।
ਮੁੱਠ ਮੀਟੀ ਸੀ ਏਸ ਪੰਜਾਬ ਦੀ ਜੀ,
ਇਨ੍ਹਾਂ ਖੋਲ੍ਹ ਦਿੱਤਾ ਅੱਜ ਪਾਜ ਯਾਰੋ।
ਸ਼ਾਹ ਮੁਹੰਮਦਾ ਮਾਰ ਕੇ ਮਰੋ ਏਥੇ,
ਕਦੀ ਰਾਜ ਨਾ ਹੋਇ ਮੁਹਤਾਜ ਯਾਰੋ। ੮੮।
ਤੀਜੀ ਵਾਰ ਲਲਕਾਰ ਕੇ ਪਏ ਗੋਰੇ,
ਵੇਲੇ ਗਜ਼ਲ ਦੇ ਹੋਏ ਤੰਬੂਰ ਮੀਆਂ।
ਕੱਸ ਲਈਆਂ ਨੀ ਸਿੰਘਾਂ ਨੇ ਤੁਰਤ ਕਮਰਾਂ,
ਕਾਇਮ ਜੰਗ ਨੂੰ ਹੋਏ ਜ਼ਰੂਰ ਮੀਆਂ।
ਪਹਿਲਾਂ ਬਾਂਕਿਓ ਆਣ ਕੇ ਜ਼ੋਰ ਦਿੱਤਾ,
ਪਿਆ ਦਲਾਂ ਦੇ ਵਿਚ ਫਤੂਰ ਮੀਆਂ।
ਸ਼ਾਹ ਮੁਹੰਮਦਾ ਨੱਸ ਕੇ ਜਾਣ ਕਿੱਥੇ,
ਏਥੋਂ ਸ਼ਹਿਰ ਲਾਹੌਰ ਹੈ ਦੂਰ ਮੀਆਂ। ੮੯।
ਆਈਆਂ ਪਲਟਨਾਂ ਬੀੜ ਕੇ ਤੋਪਖਾਨੇ,
ਅੱਗੋਂ ਸਿੰਘਾਂ ਨੇ ਪਾਸੜੇ ਤੋੜ ਸੁੱਟੇ।
ਮੇਵਾ ਸਿੰਘ ਤੇ ਮਾਖੇ ਖਾਂ ਹੋਏ ਸਿੱਧੇ,
ਹੱਲੇ ਤਿੰਨ ਫਰੰਗੀ ਦੇ ਮੋੜ ਸੁੱਟੇ।
ਸ਼ਾਮ ਸਿੰਘ ਸਰਦਾਰ ਅਟਾਰੀਵਾਲੇ,
ਬੰਨ੍ਹ ਸ਼ਸਤ੍ਰੀਂ ਜੋੜ ਵਿਛੋੜ ਸੁੱਟੇ।
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ,
ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ। ੯੦।
ਪਏ ਬਾਂਕਿਓ ਹੋਇ ਕੇ ਫੇਰ ਧਾਵਾ,
ਫਰਾਂਸੀਸ ਤੇ ਜਿੱਥੇ ਸੀ ਚਾਰਯਾਰੀ।

ਕੁੰਡਲ ਘੱਤਿਆ ਵਾਂਗ ਕਮਾਨ ਗੋਸ਼ੇ,
ਬਣੀ ਆਣ ਸਰਦਾਰਾਂ ਨੂੰ ਬਹੁਤ ਖ਼ੁਆਰੀ।
ਤੇਜਾ ਸਿੰਘ ਸਰਦਾਰ ਪੁਲ ਵੱਢ ਦਿੱਤਾ,
ਘਰੀਂ ਨੱਸ ਨਾ ਜਾਇ ਏਹ ਫ਼ੌਜ ਸਾਰੀ।
ਸ਼ਾਹ ਮੁਹੰਮਦਾ ਮਰਨ ਸ਼ਹੀਦ ਹੋ ਕੇ,
ਅਤੇ ਜਾਨ ਨਾ ਕਰਨਗੇ ਫੇਰ ਪਿਆਰੀ। ੯੧।

ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,
ਦੋਵੇਂ ਪਾਦਸ਼ਾਹੀ ਫ਼ੌਜਾਂ ਭਾਰੀਆਂ ਨੀ।
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,
ਜੇੜ੍ਹੀਆਂ ਖ਼ਾਲਸੇ ਨੇ ਤੇਗਾਂ ਮਾਰੀਆਂ ਨੀ।
ਸਣੇ ਆਦਮੀ ਗੋਲੀਆਂ ਨਾਲ ਉੱਡਨ,
ਹਾਥੀ ਡਿਗਦੇ ਸਣੇ ਅੰਬਾਰੀਆਂ ਨੀ।
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ,
ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ। ੯੨।

ਕਈ ਸੂਰਮੇ 'ਮਾਰ' ਕੇ ਮੋਏ ਓਥੇ,
ਜਿਨ੍ਹਾਂ ਹੱਥ ਕੀਤੇ ਤੇਗਾਂ ਨੰਗੀਆਂ ਦੇ।
ਰਹਿੰਦੇ ਘੇਰ ਕੇ ਵਿਚ ਦਰਿਆਉ ਡੋਬੇ,
ਸ਼ੇਰੇ ਮਾਰਿਓ ਨੇ ਤੋਪਾਂ ਚੰਗੀਆਂ ਦੇ।
ਕਹਿੰਦੇ ਨੌਕਰੀ ਕਾਸ ਨੂੰ ਅਸਾਂ ਕੀਤੀ,
ਆਖੇ ਲਗ ਕੇ ਸਾਥੀਆਂ ਸੰਗੀਆਂ ਦੇ।
ਸ਼ਾਹ ਮੁਹੰਮਦਾ ਫੇਰ ਨਾ ਰੱਬ ਲਿਆਵੇ,
ਵਿਚ ਜੰਗ ਦੇ ਨਾਲ ਫ਼ਰੰਗੀਆਂ ਦੇ। ੯੩।

ਕਈ ਮਾਂਵਾਂ ਦੇ ਪੁਤ ਨੀ ਮੋਏ ਓਥੇ,
ਸੀਨੇ ਲੱਗੀਆਂ ਤੇਜ ਕਟਾਰੀਆਂ ਨੀ।
ਜਿਨ੍ਹਾਂ ਭੈਣਾਂ ਨੂੰ ਵੀਰ ਨਾ ਮਿਲੇ ਮਰ ਕੇ,
ਪਈਆਂ ਰੋਂਦੀਆਂ ਫਿਰਨ ਖਿਚਾਰੀਆਂ ਨੀ।
ਚੰਗੇ ਜਿਨ੍ਹਾਂ ਦੇ ਸਿਰਾਂ ਦੇ ਮੋਏ ਵਾਲੀ,
ਖੁਲ੍ਹੇ ਵਾਲ ਤੇ ਫਿਰਨ ਵਿਚਾਰੀਆਂ ਨੀ।
ਸ਼ਾਹ ਮੁਹੰਮਦਾ ਬਹੁਤ ਸਰਦਾਰ ਮੋਏ,
ਪਈਆਂ ਰਾਜ ਦੇ ਵਿਚ ਖ਼ੁਆਰੀਆਂ ਨੀ। ੯੪।

ਲਿਖਿਆ ਤੁਰਤ ਪੈਗਾਮ ਰਾਣੀ ਜਿੰਦ ਕੌਰਾਂ,
ਕਈ ਤੁਸਾਂ ਨੇ ਦਰ ਨਹੀਂ ਲਾਵਣੀ ਜੀ।

ਰਹਿੰਦੀ ਫ਼ੌਜ ਦਾ ਕਰੇ ਇਲਾਜ ਕੋਈ,
ਕਾਬੂ ਤੁਸਾਂ ਬਗ਼ੈਰ ਨਾ ਆਵਣੀ ਜੀ।
ਮੇਰੀ ਜਾਨ ਦੇ ਰੱਬ ਜਾਂ ਤੁਸਾਂ ਰਾਖੇ,
ਪਾਓ ਵਿਚ ਲਾਹੌਰ ਦੇ ਛਾਵਣੀ ਜੀ।
ਸ਼ਾਹ ਮੁਹੰਮਦਾ ਅੱਜ ਮੈਂ ਲਿਆ ਬਦਲਾ,
ਅੱਗੇ ਹੋਰ ਕੀ ਰੱਬ ਨੂੰ ਭਾਵਨੀ ਜੀ[1]। ੯੫।
ਪੁਲ ਬੱਧਾ ਫ਼ਰੰਗੀ ਨੇ ਖ਼ਬਰ ਸੁਣ ਕੇ,
ਲਾਂਘੇ ਪਾਏ ਨੀ ਵਿਚ ਪਲਕਾਰਿਆਂ ਦੇ।
ਆਏ ਸ਼ਹਿਰ ਲਾਹੌਰ ਨੂੰ ਖ਼ੁਸ਼ੀ ਕਰਦੇ,
ਵਾਜੇ ਵਜਦੇ ਨਾਲ ਨਗਾਰਿਆਂ ਦੇ।
ਅੱਗੋਂ ਸਭ ਪਠਾਣ ਲੈ ਮਿਲੇ ਨਜ਼ਰਾਂ,
ਪਿਛੋਂ ਪੈਂਚ ਆਏ ਮੁਲਖਾਂ ਸਾਰਿਆਂ ਦੇ।
ਸ਼ਾਹ ਮੁਹੰਮਦਾ ਆਣ ਲੁਹਾਣੁ ਲੱਥੇ,
ਹੱਛੇ ਦੇਸ ਤੇ ਥਾਉਂ ਟਿਕਾਣਿਆਂ ਦੇ[2]। ੯੬।
ਰਾਜਾ ਗਿਆ ਗੁਲਾਬ ਸਿੰਘ ਆਪ ਚੜ੍ਹ ਕੇ,
ਬਾਹੋਂ ਪਕੜ ਲਾਹੌਰ ਲਿਆਂਵਦਾ ਈ।

---

1. ਸਰਕਾਰ ਹਿੰਦ ਯਾ ਸਰਕਾਰ ਪੰਜਾਬ ਦੇ ਰਿਕਾਰਡ ਵਿਚ ਮਹਾਰਾਣੀ ਜਿੰਦ ਕੌਰ ਦੀ ਐਸੀ ਕੋਈ ਚਿੱਠੀ ਨਹੀਂ ਹੈ। ਇਹ ਸਭ ਕੁੱਝ ਆਪਣੇ ਪਾਪ ਢਕਣ ਲਈ ਮਿੱਸਰ ਤੇਜ ਸਿੰਘ ਤੇ ਲਾਲ ਸਿੰਘ ਰਾਹੀਂ ਉਡਾਈਆਂ ਗਈਆਂ ਹਵਾਈਆਂ ਦੇ ਆਧਾਰ ਤੇ ਲਿਖਿਆ ਗਿਆ ਪ੍ਰਤੀਤ ਹੁੰਦਾ ਹੈ ਜਿਸ ਨੂੰ ਕਿ ਕਵੀ ਸ਼ਾਹ ਮੁਹੰਮਦ ਨੇ ਅਣਭੋਲ ਹੀ ਸੱਚ ਸਮਝ ਲਿਆ ਹੈ।
2. ਸਭਰਾਵਾਂ ਤੋਂ ਲਾਹੌਰ ਤੱਕ ਦੇ ਰਸਤੇ ਦੇ ਚੰਗੀ-ਚੰਗੀ ਪਿੰਡ ਅਸਥਾਨ ਅਤੇ ਓਥੇ ਦੇ ਵਸਨੀਕ ਅੰਗਰੇਜ਼ਾਂ ਦਿਆਂ ਫ਼ੌਜੀਆਂ ਨੇ ਲੁੱਟ ਪੁੱਟ ਕੇ ਤਬਾਹ ਤੇ ਬਰਬਾਦ ਕਰ ਦਿੱਤੇ। ਦੇਖੋ ਰੌਬਰਟ ਨੀਡਹਮ ਕਸਟ ਦੀ ਪੁਸਤਕ 'ਲਿੰਗੁਇਸਟਿਕ ਐਂਡ ਓਰੀਐਂਟਲ ਐੱਸੇਜ਼', ਜਿਲਦ ਪੰਜਵੀਂ, ਸਫ਼ਾ 1068 ਉੱਤੇ ਸੋਮਵਾਰ 16 (ਮਾਰਚ 1846) ਦੇ ਹੇਠਾਂ ਜਿੱਥੇ ਲਿਖਿਆ ਹੋਇਆ ਹੈ :
Monday, 16th (March 1846)
Rode to the rear to inspect the state of four villages, who claimed compensation and were, indeed, objects of compassion, on the road between Lahore and our last stage all our camp followers seemed to have systematically plundered, from one of these villages everything was gone, roofs, doors, the grain stored for winter consumption, the seed to ensure the next harvest. Such are the miseries of war. Most of the inhabitants of this unfortunate village had fled precipitately and a few old men were present to point out the piece which had once been their home. Such crops as the villages had possessed had been ruthlessly cut away, and even the wood-work of the wells had been removed.

ਸਾਹਿਬ ਲੋਕ ਜੀ ਅਸਾਂ ਪਰ ਦਇਆ ਕਰਨੀ,
ਓਹ ਤਾਂ ਆਪਣਾ ਕੰਮ ਬਣਾਂਵਦਾ ਈ।
ਦਿੱਤੇ ਕੱਢ ਮਲਵਈ ਦੁਆਬੀਏ ਜੀ,
ਵਿਚੋਂ ਸਿੰਘਾਂ ਦੀ ਫ਼ੌਜ ਖਿਸਕਾਂਵਦਾ ਈ।
ਸ਼ਾਹ ਮੁਹੰਮਦਾ ਤਰਫ਼ ਪਹਾੜ ਲੈ ਕੇ[1],
ਤੁਰਤ ਜੰਮੂ ਨੂੰ ਕੂਚ ਕਰਾਂਵਦਾ ਈ। ੯੭।

ਬਣੇ ਮਾਈ ਦੇ ਆਣ ਅੰਗਰੇਜ਼ ਰਾਖੇ,
ਪਾਈ ਛਾਉਣੀ ਵਿਚ ਲਾਹੌਰ ਦੇ ਜੀ।
ਰੋਹੀ ਮਾਲਵਾ ਪਾਰ ਦਾ ਮੁਲਖ ਸਾਰਾ,
ਠਾਣਾ ਘੱਤਿਆ ਵਿਚ ਫ਼ਲੌਰ ਦੇ ਜੀ।
ਲਿਆ ਸ਼ਹਿਰ ਲਾਹੌਰ ਫ਼ਿਰੋਜ਼ ਪੁਰਾ,
ਜੋੜੇ ਟਕੇ ਆਵਣ ਨੰਦਾ ਚੌਰ[2] ਦੇ ਜੀ।
ਸ਼ਾਹ ਮੁਹੰਮਦਾ ਕਾਂਗੜਾ ਮੱਲ ਲੀਤਾ,
ਓਹਦੇ ਕੰਮ ਗਏ ਸਭ ਸੌਰਦੇ ਜੀ। ੯੮।

ਰਹਿੰਦਾ ਮੁਲਕ ਫਰੰਗੀ ਦੇ ਪਿਆ ਪੇਟੇ,
ਕੀਤਾ ਹੁਕਮ ਫਰੰਗੀਆਂ ਸਾਰਿਆਂ ਨੇ।
ਸਾਰੀ ਫ਼ੌਜ ਨੂੰ ਚਾਇ ਜਵਾਬ ਦਿੱਤਾ,
ਦਿੱਤੀ ਨੌਕਰੀ ਛੱਡ ਵਿਚਾਰਿਆਂ ਨੇ।
ਪਿੱਛੋਂ ਸਾਂਭ ਲੀਤਾ ਮੁਲਕ ਕਾਰਦਾਰਾਂ,
ਬਖ਼ਤਾਵਰਾਂ ਤੇ ਨੇਕ ਸਤਾਰਿਆਂ ਨੇ।
ਸ਼ਾਹ ਮੁਹੰਮਦਾ ਲੋਕ ਵਿਰਾਨ ਹੋਏ,
ਤੋੜ ਸੁੱਟਿਆ ਮੁਲਕ ਇਜਾਰਿਆਂ[3] ਨੇ। ੯੯।

---

1. ਸਰਕਾਰ ਪੰਜਾਬ ਦਾ ਜੰਮੂ ਅਤੇ ਕਸ਼ਮੀਰ ਦਾ ਇਲਾਕਾ ਅੰਗਰੇਜ਼ਾਂ ਪਾਸੋਂ ਲੈ ਕੇ ਗੁਲਾਬ ਸਿੰਘ ਨੇ ਇੱਥੇ ਆਪਣਾ ਡੋਗਰਾ ਰਾਜ ਬਣਾ ਲਿਆ।
2. ਜ਼ਿਲ੍ਹਾ ਹੋਸ਼ਿਆਰਪੁਰ ਵਿਚ ਸ਼ਾਮ ਚੌਰਾਸੀ ਦੇ ਨਜ਼ਦੀਕ ਇੱਕ ਪੁਰਾਣਾ ਇਤਿਹਾਸਕ ਪਿੰਡ ਹੈ ਜਿਹੜਾ ਸਿੱਖ-ਰਾਜ ਵੇਲੇ ਕਾਫ਼ੀ ਪ੍ਰਸਿੱਧ ਸੀ।
3. ਇਜਾਰੇਦਾਰ, ਠੇਕੇਦਾਰ, ਜਿਨ੍ਹਾਂ ਇੱਕ ਖ਼ਾਸ ਰਕਮ ਸਰਕਾਰੇ ਭਰਨੀ ਕਰ ਕੇ ਇਲਾਕੇ ਲਏ ਹੋਏ ਹੁੰਦੇ ਸਨ।
ਪਾਠ-ਭੇਦ—ਸ਼ਾਹ ਮੁਹੰਮਦਾ ਲੋਕ ਵਿਰਾਨ ਹੋਏ, ਤੋੜ ਸੁੱਟਿਆ ਮੁਲਕ 'ਉਜਾੜਿਆਂ' ਨੇ। ਇੱਥੇ 'ਉਜਾੜਿਆਂ' ਤੋਂ ਮਤਲਬ ਉਸ ਤਬਾਹੀ ਤੇ ਬਰਬਾਦੀ ਤੋਂ ਜਾਪਦਾ ਹੈ ਜੋ ਅੰਗਰੇਜ਼ਾਂ ਦੀਆਂ ਫ਼ੌਜਾਂ ਨੇ ਦੇਸ਼ ਵਿਚ ਆ ਕੇ ਕੀਤੀ ਸੀ ਤੇ ਜਿਸ ਦਾ ਜ਼ਿਕਰ ਸ਼ਾਹ ਮੁਹੰਮਦ ਨੇ ਪਿੱਛੇ ਨੰਬਰ 96 ਵਿਚ ਕੀਤਾ ਹੈ। ਹੋਰ ਦੇਖੋ ਇਸੇ ਦਾ ਫੁਟ ਨੋਟ।

ਕੀਤਾ ਅਕਲ ਦਾ ਪੇਚ ਰਾਣੀ ਜਿੰਦ ਕੌਰਾਂ,
ਮੱਥਾ ਦੋਹਾਂ ਪਾਤਸ਼ਾਹੀਆਂ ਦਾ ਜੋੜਿਆ ਈ।
ਗੁੱਝੀ ਰਮਜ਼ ਕਰ ਕੇ ਰਹੀ ਆਪ ਸੱਚੀ,
ਬਦਲਾ ਤੁਰਤ ਭਿਰਾਊ ਦਾ ਮੋੜਿਆ ਈ।
ਲਏ ਤੁਰਤ ਮੁਸਾਹਿਬ ਲਪੇਟ ਰਾਣੀ,
ਲਸਕਰ ਵਿਚ ਦਰਿਆਊ ਦੇ ਰੋੜ੍ਹਿਆ ਈ।
ਸਾਹ ਮੁਹੰਮਦਾ ਕਰੇ ਜਹਾਨ ਗੱਲਾਂ,
ਉਸ ਕੁਫ਼ਰ ਮੁਦੱਈ ਦਾ ਤੋੜਿਆ ਈ। ੧੦੦।
ਪਿੱਛੋਂ ਬੈਠ ਕੇ ਸਿੰਘਾਂ ਨੂੰ ਅਕਲ ਆਈ,
ਕਹੀ ਚੜ੍ਹੀ ਹੈ ਜ਼ਹਿਰ ਦੀ ਸਾਣ ਮਾਈ।
ਕਿਨ੍ਹਾਂ ਖੁੰਦਰਾਂ ਵਿਚ ਫਸਾਇ ਕੇ ਜੀ,
ਸਾਡੇ ਲਾਹ ਸੁੱਟੇ ਤੂੰ ਤਾਂ ਘਾਣ ਮਾਈ।
ਹੱਥ ਧੋਇ ਕੇ ਮਗਰ ਕਿਉਂ ਪਈ ਸਾਡੇ,
ਘਰੀਂ ਅਜੇ ਨਾ ਦੇਣੀ ਹੈਂ ਜਾਣ ਮਾਈ।
ਸ਼ਾਹ ਮੁਹੰਮਦਾ ਖੋਹ ਹਥਿਆਰ ਕੰਠੇ,
ਨਾਲ ਕੁੜਤੀਆਂ ਲਏ ਪਛਾਣ ਮਾਈ। ੧੦੧।
ਹੁੰਦੇ ਆਏ ਨੀ ਰੰਨਾ ਦੇ ਧੁਰੋਂ ਕਾਰੇ,
ਲੰਕਾ ਵਿਚ ਤਾਂ ਰਾਵਣ ਕੁਹਾਇ ਦਿੱਤਾ।
ਕੌਰਵ ਪਾਂਡਵਾਂ ਨਾਲ ਕੀ ਭਲਾ ਕੀਤਾ,
ਠਾਰਾਂ ਖੂਹਣੀਆਂ ਕਟਕ ਮੁਕਾਇ ਦਿੱਤਾ।
ਰਾਜੇ ਭੋਜ ਦੇ ਮੂੰਹ ਲਗਾਮ ਦਿੱਤੀ,
ਮਾਰ ਅੱਡੀਆਂ ਹੋਸ਼ ਭੁਲਾਇ ਦਿੱਤਾ।
ਸ਼ਾਹ ਮੁਹੰਮਦਾ ਏਸ ਰਾਣੀ ਜਿੰਦ ਕੌਰਾਂ,
ਸਾਰੇ ਦੇਸ਼ ਦਾ ਫ਼ਰਸ਼ ਉਠਾਇ ਦਿੱਤਾ। ੧੦੨।
ਰੱਬ ਚਾਹੇ ਤਾਂ ਕਰੇਗਾ ਮੇਹਰਬਾਨੀ,
ਹੋਇਆ ਸਿੰਘਾਂ ਦਾ ਕੰਮ ਆਰਾਸਤਾ ਈ।
ਵੱਡੀ ਸਾਂਝ ਹੈ ਹਿੰਦੂਆਂ ਮੁਸਲਮਾਨਾ,
ਉਨ੍ਹਾਂ ਨਾਲ ਨਾ ਕਿਸੇ ਦਾ ਵਾਸਤਾ ਈ।
ਓਹਦੇ ਨਾਲ ਨਾ ਬੈਠ ਕੇ ਗੱਲ ਕਰਨੀ,
ਖ਼ੁਦੀ ਆਪਣੀ ਵਿਚ ਮਹਾਸਤਾ ਈ[2]।

1. ਤੀਸਰੀ ਜ਼ਾਤ ਵਾਲੇ, ਅੰਗਰੇਜ਼।
2. ਆਪਣੀ ਆਕੜ ਵਿਚ ਮਸਤ ਹੈ ਅਰਥਾਤ ਦੇਸ਼ ਦੇ ਲੋਕਾਂ ਤੋਂ ਵੱਖ ਹੀ ਰਹਿੰਦੇ ਹਨ।

ਸ਼ਾਹ ਮੁਹੰਮਦਾ ਦੌਲਤਾਂ ਜਮਾਂ ਕਰਦਾ,
ਸ਼ਾਹੂਕਾਰਾਂ ਦਾ ਪੁੱਤ ਗੁਮਾਸ਼ਤਾ ਈ। ੧੦੩।
ਜੇਹੜੀ ਹੋਈ ਸੋ ਲਈ ਹੈ ਵੇਖ ਅੱਖੀਂ,
ਅੱਗੇ ਹੋਰ ਕੀ ਬਣਤ ਬਣਾਂਵਣੀ ਜੀ।
ਇਕ ਘੜੀ ਦੀ ਕੁਝ ਉਮੈਦ ਨਾਹੀਂ,
ਕਿਸੇ ਲਈ ਹਾੜੀ ਕਿਸੇ ਸਾਵਣੀ ਜੀ।
ਨਿੱਕੇ ਪੌਚ ਹੁਣ ਬੈਠ ਕੇ ਕਰਨ ਗੱਲਾਂ,
ਅਸਾਂ ਡਿੱਠੀ ਫਰੰਗੀ ਦੀ ਛਾਵਣੀ ਜੀ।
ਸ਼ਾਹ ਮੁਹੰਮਦਾ ਨਹੀਂ ਮਾਲੂਮ ਸਾਨੂੰ,
ਅੱਗੇ ਹੋਰ ਕੀ ਖੇਡ ਦਖਾਵਣੀ ਜੀ। ੧੦੪।
ਸੰਮਤ ਉਨੀ ਸੈ ਦੂਸਰਾ ਵਰਤਿਆ ਸੀ,
ਜਦੋਂ ਹੋਇਆ ਫਰੰਗੀ ਦਾ ਜੰਗ ਮੀਆਂ।
ਹੈਸੀ ਖ਼ੂਨ ਦੀ ਓਹ ਜ਼ਮੀਨ ਪਿਆਸੀ,
ਹੋਇਆ ਸੁਰਖ ਸ਼ਰਾਬ ਦੇ ਰੰਗ ਮੀਆਂ।
ਧਰਤੀ ਵੱਢ ਕੇ ਧੂੜ ਦੇ ਬਣੇ ਬੱਦਲ,
ਜੈਸੇ ਚੜ੍ਹੇ ਅਕਾਸ਼ ਪਤੰਗ ਮੀਆਂ।
ਸ਼ਾਹ ਮੁਹੰਮਦਾ ਸਿਰਾਂ ਦੀ ਲਾਇ ਬਾਜ਼ੀ,
ਨਹੀਂ ਮੋੜਦੇ ਸੂਰਮੇ ਅੰਗ ਮੀਆਂ। ੧੦੫।

॥ ਸੰਪੂਰਨ ॥

---

1. ਮੁਦਕੀ ਦੀ ਲੜਾਈ, 18 ਦਸੰਬਰ, 1845.
   ਫੇਰੂ ਸ਼ਹਿਰ ਦੀ ਲੜਾਈ, 21-22 ਦਸੰਬਰ, 1845.
   ਲੁਧਿਆਣਾ ਫੂਕਿਆ, 17 ਜਨਵਰੀ, 1846.
   ਬੱਦੋਵਾਲ, 21 ਜਨਵਰੀ, 1846.
   ਅਲੀਵਾਲ, 28 ਜਨਵਰੀ, 1846.
   ਸਭਰਾਵਾਂ ਦੀ ਲੜਾਈ, 10 ਫਰਵਰੀ, 1846.

ਜੰਗ-ਨਾਮਾ ਲਾਹੌਰ

ਕ੍ਰਿਤ

ਭਾਈ ਕਾਨ੍ਹ ਸਿੰਘ ਬੰਗਿਆਂ ਵਾਲਾ

ਇਹ ਜੰਗ-ਨਾਮਾ ਕਾਨ੍ਹ ਸਿੰਘ ਵਸਨੀਕ ਪਿੰਡ ਬੰਗਾ ਜ਼ਿਲ੍ਹਾ ਜਲੰਧਰ ਦਾ ਲਿਖਿਆ ਹੋਇਆ ਹੈ। 447ਵੇਂ ਬੰਦ ਤੋਂ ਪਤਾ ਲੱਗਦਾ ਹੈ ਕਿ ਕਾਨ੍ਹ ਸਿੰਘ ਨੇ ਇਹ ਰਚਨਾ ਕਿਸੇ ਮਿਸਟਰ ਵੈਨਿਸਟਾਰਟ ਦੇ ਕਹਿਣ ਤੇ ਕੀਤੀ ਹੈ ਜਿਸ ਨੇ ਕਿ ਇਸ ਨੂੰ ਸੰਨ 1845-46 ਦੇ ਜੰਗ ਵਿਚ ਸਿੰਘਾਂ ਦੀ ਹਾਰ ਅਤੇ ਅੰਗਰੇਜ਼ਾਂ ਦੀ ਜਿੱਤ ਦਾ ਹਾਲ ਦੱਸਣ ਲਈ ਪ੍ਰੇਰਨਾ ਕੀਤੀ।

ਇਸ ਵੇਲੇ ਤੱਕ ਮੈਨੂੰ ਇਸ ਜੰਗ-ਨਾਮੇ ਦੇ ਪੰਜਾਂ ਨੁਸਖਿਆਂ ਦਾ ਪਤਾ ਲੱਗ ਸਕਿਆ ਹੈ। ਇਸ ਮੈਨੂੰ ਆਪਣੇ ਬਚਪਨ ਦੇ ਦਿਨਾਂ ਵਿਚ 1907 ਦੇ ਲੱਗਭੱਗ ਆਪਣੇ ਨਾਨਾ ਸਰਦਾਰ ਹਰੀ ਸਿੰਘ ਹਰਿਆਨਾ ਜ਼ਿਲ੍ਹਾ ਹੁਸ਼ਿਆਰਪੁਰ ਦੇ ਫ਼ਾਰਸੀ ਤੇ ਉਰਦੂ ਲਿਖਤੀ ਪੁਸਤਕਾਂ ਦੇ ਇਕ ਪਟਾਰ ਵਿਚੋਂ ਲੱਭਾ ਸੀ। ਹਰਿਆਨੇ ਸਾਡੇ ਘਰ ਵਿਚ ਪੁਰਾਣੀਆਂ ਪੁਸਤਕਾਂ ਤੇ ਕਾਗਜ਼ਾਂ ਦੇ ਦੋ ਤਿੰਨ ਚਮੜ-ਮੜ੍ਹੇ ਪਟਾਰ ਹੁੰਦੇ ਸਨ। ਕਈ ਪੁਸਤਕਾਂ ਬੜੀਆ ਸੋਹਣੀਆਂ ਚਮੜੇ ਦੀਆਂ ਸੁਨਹਿਰੀ ਜਿਲਦਾਂ ਵਾਲੀਆਂ ਸਨ। ਪਰ ਹੌਲੀ-ਹੌਲੀ, ਹੋਰ ਕਈ ਘਰਾਂ ਦੇ ਪੁਸਤਕ-ਜ਼ਖ਼ੀਰਿਆਂ ਵਾਂਙੂ, ਇਹ ਸਾਰੀਆਂ ਹੀ ਖੁਰਦੀਆਂ-ਖੁਰਦੀਆਂ ਖੁਰ ਗਈਆਂ। ਦੋ ਤਿੰਨ ਪੁਸਤਕਾਂ ਤਾਂ ਮੈਂ ਹਰਿਆਨੇ ਸ਼ਹਿਰ ਦੇ ਲਹਿੰਦੇ ਵਲ ਚੋ ਦੇ ਕੰਢੇ ਦੀ ਮਸੀਤ ਦੇ ਮੌਲਵੀ ਸਾਹਿਬ ਨੂੰ, ਜਿਨ੍ਹਾਂ ਪਾਸ ਕਿ ਉਨ੍ਹੀਂ ਦਿਨੀਂ ਮੈਂ ਪੜ੍ਹਿਆ ਕਰਦਾ ਸਾਂ, ਦੇ ਦਿੱਤੀਆਂ ਸਨ, ਕੁੱਝ ਮਹਿਤਾ ਸੀਤਾ ਰਾਮ ਹਲਵਾਈ ਦੀ ਹੱਟੀ ਚਲੀਆਂ ਗਈਆਂ। ਕਈਆਂ ਦੇ ਚਿੱਟੀ ਮਿੱਟੀ ਵਾਲੇ ਗੋਹਲੇ ਤੇ ਟੋਕਰੀਆਂ ਬਣ ਗਈਆਂ, ਅਤੇ ਮੈਨੂੰ ਯਾਦ ਹੈ ਕਿ ਕਈ ਇਕ ਕਾਗਜ਼ਾਂ ਦੇ ਮੈਂ ਪਤੰਗ ਭੀ ਬਣਾਇਆ ਕਰਦਾ ਸਾਂ। ਕੁੱਝ ਗੁਰਬਾਣੀ ਦੀਆਂ ਫ਼ਾਰਸੀ ਅੱਖਰਾਂ ਵਿਚ ਲਿਖਤਾਂ ਅਤੇ ਕੁੱਝ ਫੁਟਕਲ ਕਾਗਜ਼ ਕਿਸੇ ਤਰ੍ਹਾਂ ਬਚ ਰਹੇ ਜੋ ਮੈਂ ਆਪਣੇ ਨਾਲ ਚੁੱਕ ਲਿਆਇਆ ਸਾਂ। ਤੀਹ ਕੁ ਵਰ੍ਹੇ ਪਿੱਛੋਂ ਸੰਨ 1936 ਵਿਚ ਕੁੱਝ ਕਾਗਜ਼ ਢੂੰਢਦੇ ਹੋਏ ਇਹ ਮੈਨੂੰ ਮਿਲ ਗਏ।

ਇਨ੍ਹਾਂ ਕਾਗਜ਼ਾਂ ਵਿਚ ਹੀ ਕਾਨ੍ਹ ਸਿੰਘ ਦਾ ਜੰਗ-ਨਾਮਾ ਸੀ। ਪਰ ਇਸ ਦੇ ਕਈ ਹਿੱਸੇ ਕਾਗਜ਼ ਦੇ ਜਰਜਰਾ ਹੋਣ ਕਰਕੇ ਭੁਰ ਗਏ ਸਨ ਤੇ ਕਈ ਥਾਂ ਕੀੜੇ ਨੇ ਖਾ ਲਏ ਹੋਏ ਸਨ। ਇਸ ਨੂੰ ਮੈਂ ਗਿਆਨੀ ਸ਼ਮਸ਼ੇਰ ਸਿੰਘ 'ਅਸ਼ੋਕ' ਦੀ ਇਕ ਨਕਲ ਨਾਲ ਪੂਰਾ ਕਰਨ ਦਾ ਯਤਨ ਕੀਤਾ। ਪਰ ਚੂੰਕਿ ਇਹ ਮੇਰੀ ਕਾਪੀ ਨਾਲੋਂ ਭੀ ਨਾਂ-ਮੁਕੰਮਲ ਸੀ ਇਸ ਲਈ ਮੈਂ ਆਪਣੀ ਕਾਪੀ ਨੂੰ ਪੂਰਾ ਨਾ ਕਰ ਸਕਿਆ।

ਨਾਮਧਾਰੀ ਆਗੂ ਸੰਤ ਇੰਦਰ ਸਿੰਘ ਚੱਕਰਵਰਤੀ ਨੇ ਸੰਨ 1937 ਵਿਚ ਮੈਨੂੰ ਦੱਸਿਆ ਸੀ ਕਿ ਉਨ੍ਹਾਂ ਪਾਸ ਇਸ ਜੰਗ-ਨਾਮੇ ਦੀ ਇਕ ਕਾਪੀ ਹੈ ਅਤੇ ਉਨ੍ਹਾਂ ਨੇ ਮੈਨੂੰ ਭਰੋਸਾ ਦਿਵਾਇਆ ਸੀ ਉਹ

ਛੇਤੀ ਹੀ ਇਹ ਕਾਪੀ ਮੈਨੂੰ ਦਿਖਾ ਦੇਣਗੇ। ਪਰ ਹਾਲ ਤੱਕ ਇਹ ਪ੍ਰਾਪਤ ਨਹੀਂ ਹੋ ਸਕੀ। ਇਕ ਨਕਲ ਸੁਰਗਵਾਸੀ ਸਰਦਾਰ ਕਰਮ ਸਿੰਘ ਜੀ ਇਤਿਹਾਸਕਾਰ ਪਾਸ ਹੁੰਦੀ ਸੀ, ਪਰ ਉਸ ਦਾ ਭੀ ਪਤਾ ਨੀਂ ਲੱਗ ਸਕਿਆ।

ਫਰਵਰੀ 1946 ਦੇ ਆਰੰਭ ਵਿਚ ਸਰਦਾਰ ਰਣਧੀਰ ਸਿੰਘ ਗੁਰਦੁਆਰਾ ਇਨਸਪੈਕਟਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੇ ਇਸ ਜੰਗ-ਨਾਮੇ ਦਾ ਇਕ ਉਤਾਰਾ ਮੈਨੂੰ ਦਿੱਤਾ ਜੋ ਉਨ੍ਹਾਂ ਨੇ 4 ਪੋਹ (ਪੋਹ ਵਦੀ ਏਕਮ) ਸੰਮਤ 1994 ਬਿ. ਦਿਨ ਛਨਿਛਰਵਾਰ ਮੁਤਾਬਕ 18 ਦਸੰਬਰ, 1937 ਈ. ਨੂੰ ਗੁਰਦੁਆਰਾ ਕੋਟ ਨੈਣਾ ਤਹਿਸੀਲ ਸ਼ਕਰਗੜ੍ਹ ਜ਼ਿਲ੍ਹਾ ਗੁਰਦਾਸਪੁਰ ਵਿਚ ਪਈ ਲਿਖਤੀ ਸੰਚੀ ਤੋਂ ਕੀਤਾ ਸੀ। ਇਹ ਇਕ ਮੁਕੰਮਲ ਨਕਲ ਹੈ ਅਤੇ ਇਸ ਨਾਲ ਮੈਂ ਆਪਣੀ ਕਾਪੀ ਨੂੰ ਸੋਧ ਕੇ ਪ੍ਰਕਾਸ਼ਿਤ ਕਰ ਰਿਹਾ ਹਾਂ।

ਇਸ ਜੰਗ-ਨਾਮੇ ਦੀ ਬੋਲੀ ਉਰਦੂ, ਹਿੰਦੀ ਤੇ ਪੰਜਾਬੀ ਦੀ ਖਿਚੜੀ ਜਿਹੀ ਹੈ ਅਤੇ ਕਵਿਤਾ ਭੀ ਕੋਈ ਬਹੁਤੀ ਉੱਚੀ, ਖੜਕਵੀਂ ਤੇ ਦਿਲ-ਖਿੱਚਵੀਂ ਨਹੀਂ, ਪਰ ਤਾਂ ਭੀ ਪੰਜਾਬੀ ਬੋਲੀ ਵਿਚ ਇਸ ਪ੍ਰਕਾਰ ਦੀ ਰਚਨਾ ਦਾ ਇਹ ਇਕ ਅਨੋਖਾ ਨਮੂਨਾ ਹੈ। ਇਤਿਹਾਸਕ ਨੁਕਤਾ ਨਿਗਾਹ ਤੋਂ ਇਹ ਇਕ ਖਾਸ ਚੀਜ਼ ਹੈ ਅਤੇ ਸ਼ਾਹ ਮੁਹੰਮਦ ਨਾਲੋਂ ਸੰਨ 1845-46 ਦੀ ਰਣ-ਭੂਮੀ ਦੇ ਜ਼ਿਆਦਾ ਲਾਗੇ ਦਾ ਵਸਨੀਕ ਹੋਣ ਕਰ ਕੇ ਯਾ ਹੋਰ ਕਿਸ਼ੀ ਕਾਰਣ ਕਰਕੇ ਮੁਦਕੀ, ਫੇਰੂ ਸ਼ਹਿਰ ਅਤੇ ਸਭਰਾਵਾਂ ਦੇ ਜੰਗਾਂ ਵਿਚ ਸ਼ਹੀਦ ਹੋਏ ਸਿੰਘਾਂ ਦੇ ਨਾਮ ਸ਼ਾਹ ਮੁਹੰਮਦ ਅਤੇ ਮਟਕ ਦੀਆ ਲਿਖਤਾਂ ਨਾਲੋਂ ਜ਼ਿਆਦਾ ਦਿੰਦਾ ਹੈ।

ਇਸ ਦੀ ਲਿਖਤ ਤੋਂ ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਕਿ ਇਸ ਨੇ ਆਪਣਾ 'ਜੰਗ-ਨਾਮਾ' ਸ਼ਾਹ ਮੁਹੰਮਦ ਤੋਂ ਬਾਅਦ ਅਤੇ ਉਸ ਤੋਂ ਜਾਣੂ ਹੋ ਕੇ ਲਿਖਿਆ ਹੈ। ਆਰੰਭ ਭੀ ਲੱਗਭੱਗ ਓਸੇ ਤਰ੍ਹਾਂ ਕਰਦਾ ਹੈ। ਵਿਚਕਾਰ ਦਿੱਤਾ ਬਿਆਨ ਭੀ ਕਈ ਥਾਈਂ ਰਲਦਾ ਮਿਲਦਾ ਹੈ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਕਾਇਮੀ, ਹਕੂਮਤ ਦੀਆਂ ਮੱਲਾਂ-ਮਾਰਾਂ, ਰਾਜ ਦੀ ਚੜ੍ਹਦੀ ਕਲਾ, ਮਹਾਰਾਜੇ ਦੇ ਸਖੀ-ਸੁਭਾਓ, ਰੱਯਤ-ਪਰਵਰੀ, ਮਨੁੱਖ-ਸ਼ਨਾਸੀ ਦੀ ਤਾਰੀਫ ਕਰਦਾ ਹੋਇਆ ਉਸ ਦੀ ਅੰਗਰੇਜ਼ਾਂ ਨਾਲ ਦੋਸਤੀ ਦਾ ਜ਼ਿਕਰ ਕਰਦਾ ਹੈ। ਮਹਾਰਾਜੇ ਦੇ ਹੁਕਮ-ਸਤਿ ਕਰ ਜਾਣ ਪਿੱਛੋਂ ਖੜਕ ਸਿੰਘ ਤਖਤ ਪਰ ਬੈਠਾ ਅਤੇ ਫੇਰ ਜਦ ਮਹਾਰਾਜਾ ਖੜਕ ਸਿੰਘ ਤੇ ਉਸ ਦੇ ਪੁੱਤਰ ਕੰਵਰ ਨੌ-ਨਿਹਾਲ ਸਿੰਘ ਇਕੋ ਦਿਨ ਚਲਾਣਾ ਕਰ ਗਏ ਤਾਂ ਛੇਤੀ ਹੀ ਬਾਅਦ ਕੰਵਰ ਸ਼ੇਰ ਸਿੰਘ ਨੇ ਵਟਾਲਿਓਂ ਆ ਕੇ ਮਹਾਰਾਣੀ ਚੰਦ ਕੌਰ ਪਾਸੋਂ ਆ ਰਾਜ ਸੰਭਾਲਿਆ। ਸੰਧਾਵਾਲੀਏ ਸਰਦਾਰ ਮਹਾਰਾਣੀ ਦੇ ਪੱਖੀ ਸਨ। ਕੁੱਝ ਚਿਰ ਦੀ ਨਾਰਾਜ਼ਗੀ ਪਿੱਛੋਂ ਮਹਾਰਾਜਾ ਸ਼ੇਰ ਸਿੰਘ ਨੇ ਉਨ੍ਹਾਂ ਨੂੰ ਮੁੜ ਸਰਦਾਰੀਆਂ ਬਖ਼ਸ਼ ਦਿੱਤੀਆਂ। ਪਰ ਇਨ੍ਹਾਂ ਨੇ ਦਿਲੋਂ ਵੈਰ ਨਾ ਗਵਾਇਆ ਅਤੇ ਮਹਾਰਾਜੇ ਨੂੰ ਮਾਰ ਦਿੱਤਾ ਤੇ ਉਸੇ ਦਿਨ ਹੀ ਧਿਆਨ ਸਿੰਘ ਨੂੰ ਪਾਰ ਬੁਲਾਇਆ। ਕੰਵਰ ਦਲੀਪ ਸਿੰਘ ਮਹਾਰਾਜਾ ਬਣਾਏ ਗਏ। ਧਿਆਨ ਸਿੰਘ ਦੇ ਪੁੱਤਰ ਹੀਰਾ ਸਿੰਘ ਨੇ ਫੌਜਾਂ ਨੂੰ ਆਪਣੇ ਵੱਲ ਕਰ ਲਿਆ ਤੇ ਸੰਧਾਵਾਲੀਏ ਮਾਰੇ ਗਏ। ਵਜ਼ੀਰ ਬਣਦੇ ਸਾਰ ਹੀ ਹੀਰਾ ਸਿੰਘ ਲੱਗਾ ਆਪਣੇ ਯਾਰ ਜੱਲ੍ਹੇ ਪੰਡਤ ਦੀਆਂ ਉਂਗਲਾਂ ਉੱਤੇ ਨੱਚਣ, ਅਤੇ ਦੋਹਾਂ ਨੇ ਅੱਤ ਚੁੱਕ ਲਈ। ਕਈ ਵਾਰੀ ਇਹ ਰਾਜ-ਮਾਤਾ ਮਹਾਰਾਣੀ ਜਿੰਦ ਕੌਰ ਨੂੰ ਭੀ ਅਯੋਗ ਤੇ ਦੁਖਾਵੇਂ ਬੋਲ ਬੋਲਣੋਂ ਸੰਕੋਚ ਨਾ ਕਰਦੇ। ਸਿੰਘਾਂ ਵਿਚ ਇਨ੍ਹਾਂ ਦੇ ਵਿਰੁੱਧ ਕ੍ਰੋਧ ਦੇ ਭਾਂਬੜ

ਮੱਚ ਉੱਠੇ ਅਤੇ ਇਹ ਸਰਕਾਰ ਲਾਹੌਰ ਦੇ ਖਜ਼ਾਨੇ ਦੀਆਂ ਬਹੁਮੁੱਲੀਆਂ ਵਸਤਾਂ ਤੇ ਦੌਲਤ ਲੈ ਕੇ ਪਹਾੜਾਂ ਨੂੰ ਭੱਜੇ ਜਾਂਦੇ ਸੋਧ ਦਿੱਤੇ ਗਏ।

ਹੁਣ ਮਹਾਰਾਣੀ ਦਾ ਭਾਈ ਸਰਦਾਰ ਜਵਾਹਰ ਸਿੰਘ ਵਜ਼ੀਰ ਬਣਿਆ। ਇਹ ਸ਼ਰਾਬੀ ਕਬਾਬੀ ਬੰਦਾ ਸੀ। ਇਸ ਨੇ ਖੁਫੀਆ ਤੌਰ ਤੇ ਕੁੱਝ ਆਦਮੀ ਅਟਕ ਭੇਜ ਕੇ ਕੰਵਰ ਪਿਸ਼ੌਰਾ ਸਿੰਘ ਨੂੰ ਮਰਵਾ ਦਿੱਤਾ। ਇਸ ਗੁੱਸੇ ਵਿਚ ਸਿੰਘਾਂ ਨੇ 21 ਸਤੰਬਰ ਸੰਨ 1845 ਈ. ਨੂੰ ਇਸ ਨੂੰ ਪਾਰ ਬੁਲਾ ਦਿੱਤਾ। ਇਸ ਵੇਲੇ ਤਿੰਨ ਆਦਮੀ ਵਜ਼ੀਰੀ ਦੇ ਉਮੀਦਵਾਰ ਹੋ ਗਏ। ਇਕ ਰਾਜਾ ਗੁਲਾਬ ਸਿੰਘ ਡੋਗਰਾ, ਦੂਸਰਾ ਮਿਸਰ ਲਾਲ ਸਿੰਘ ਬ੍ਰਾਹਮਣ ਰੋਹਤਾਸ ਵਾਸੀ ਤੇ ਤੀਸਰਾ ਮਿਸਰ ਤੇਜ ਸਿੰਘ ਪੂਰਬੀਆ ਬ੍ਰਾਹਮਣ ਏਕੜੀ ਜ਼ਿਲ੍ਹਾ ਮੇਰਠ ਦਾ ਵਸਨੀਕ, ਜੋ ਪੰਜਾਬ ਸਰਕਾਰ ਦੇ ਨੌਕਰ ਸਨ। ਪਰਚੀਆਂ ਪਾ ਕੇ ਫ਼ੈਸਲਾ ਕੀਤਾ ਗਿਆ। ਲਾਲ ਸਿੰਘ ਦੀ ਪਰਚੀ ਨਿਕਲ ਆਈ ਤੇ ਉਸ ਨੂੰ ਵਜ਼ੀਰ ਬਣਾ ਦਿੱਤਾ ਗਿਆ। ਉਸ ਨੇ ਆਪਣੇ ਯਾਰ ਤੇਜ ਸਿੰਘ ਨੂੰ ਫ਼ੌਜਾਂ ਦਾ ਸਭ ਤੋਂ ਵੱਡਾ ਅਫਸਰ ਕਮਾਂਡਰ-ਇਨ-ਚੀਫ ਬਣਾ ਦਿੱਤਾ। ਗੁਲਾਬ ਸਿੰਘ ਜੰਮੂ ਨੂੰ ਚਲਾ ਗਿਆ। ਇਸ ਵੇਲੇ ਅੰਗਰੇਜ਼ ਪੰਜਾਬ ਉੱਤੇ ਕਬਜ਼ਾ ਕਰਨ ਲਈ ਬੜੇ ਜ਼ੋਰ ਨਾਲ ਤਿਆਰੀਆਂ ਵਿਚ ਜੁਟੇ ਹੋਏ ਸਨ। ਉਨ੍ਹਾਂ ਨੇ ਪੰਜਾਬ ਸਰਕਾਰ ਦੇ ਸਭ ਤੋਂ ਵੱਡੇ ਦੋ ਫ਼ੌਜੀ ਤੇ ਸਿਵਲ ਅਫਸਰ ਪੂਰਬੀਏ ਮਿਸਰ ਤੇਜ ਸਿੰਘ ਅਤੇ ਲਾਲ ਸਿੰਘ ਨੂੰ ਅੰਦਰੋਂ ਅੰਦਰ ਆਪਣੇ ਨਾਲ ਗੰਢ ਲਿਆ। ਗੁਲਾਬ ਸਿੰਘ ਨੂੰ ਆਪਣਾ ਪੱਖੀ ਬਣਾਉਣ ਲਈ ਯਤਨ ਉਨ੍ਹਾਂ ਨੇ ਚਿਰੋਕਣੇ ਸ਼ੁਰੂ ਕੀਤੇ ਹੋਏ ਸਨ। ਕਿਵੇਂ ਅੰਗਰੇਜ਼ਾਂ ਤੇ ਸਿੰਘਾਂ ਦੀ ਲੜਾਈ ਦੀਆਂ ਵਿਉਂਤਾਂ ਬਣਾਈਆਂ ਗਈਆਂ, ਕਿਵੇਂ ਸਿੰਘਾਂ ਦੀ ਸਤਲੁਜ ਦੇ ਦੱਖਣ ਨੂੰ ਸਰਹੱਦ ਉੱਤੇ ਬੈਠੇ ਈਸਟ ਇੰਡੀਆ ਕੰਪਨੀ ਦੇ ਪੋਲੀਟੀਕਲ ਏਜੰਟ ਮੇਜਰ ਬਰੋਡਫੁਟ ਨੇ ਲਾਹੌਰ ਦਰਬਾਰ ਵਿਚ ਫੁੱਟ ਪਾਉਣ, ਸਿੰਘਾਂ ਨੂੰ ਚਿੜਾਉਣ ਤੇ ਉਕਸਾਉਣ ਲਈ ਛੇੜਾਂ ਛੇੜੀਆਂ ਅਤੇ ਪਹਿਲੀ ਗੋਲੀ ਦਾਗੀ, ਅਤੇ ਕਿਵੇਂ ਅੰਗਰੇਜ਼ੀ ਹਕੂਮਤ ਦੀਆਂ ਗੋਰੀਆਂ ਤੇ ਕਾਲੀਆਂ ਫ਼ੌਜਾਂ ਪੰਜਾਬ ਦੀ ਸਰਹੱਦ ਵੱਲ ਚੜ੍ਹ ਤੁਰੀਆਂ, ਇਸ ਦਾ ਜ਼ਿਕਰ ਕੁੱਝ ਕੁ ਵਿਸਥਾਰ ਨਾਲ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਦੇ ਜੀਵਨ ਅਤੇ 'ਸਿੱਖ ਇਤਿਹਾਸ ਬਾਰੇ' ਪੁਸਤਕਾਂ ਵਿਚ ਕੀਤਾ ਗਿਆ ਹੈ।

ਜਦ ਸਿੰਘਾਂ ਨੂੰ ਪੰਜਾਬ ਵੱਲ ਮੂੰਹ ਅੱਡੀ ਆ ਰਹੇ ਅੰਗਰੇਜ਼ੀ ਖ਼ਤਰੇ ਦਾ ਪਤਾ ਲੱਗਾ ਤਾਂ ਉਨ੍ਹਾਂ ਭੀ ਤਿਆਰੀ ਆਰੰਭੀ ਅਤੇ ਅਕਾਰਣ ਹੀ ਚੜ੍ਹੀ ਆ ਰਹੀ ਕਾਲੀ-ਗੋਰੀ ਵਹੀਰ ਨੂੰ ਰੋਕਣ ਲਈ ਸਤਲੁਜੋਂ ਪਾਰ ਆਪਣੀ ਸਰਹੱਦ ਉੱਤੇ ਜਾ ਬੈਠੇ। ਸਿੰਘ ਆਪਣੇ ਇਲਾਕੇ ਵਿਚ ਸਨ ਅਤੇ ਅੰਗਰੇਜ਼ਾਂ ਵੱਲੋਂ ਕਈ ਦੇਰ ਤੋਂ ਹੋ ਰਹੇ ਵਾਧਿਆਂ ਦੇ ਹੁੰਦੇ ਹੋਏ ਭੀ ਚੁਪ ਚਾਪ ਸਨ। ਉਹ ਕੇਵਲ ਚੜ੍ਹੇ ਆ ਰਹੇ ਅੰਗਰੇਜ਼ਾਂ ਤੇ ਹਿੰਦੁਸਤਾਨੀਆਂ ਦੇ ਕਟਕਾਂ ਨੂੰ ਪੰਜਾਬ ਵਿਚ ਵੜਨੋਂ ਰੋਕਣ ਲਈ ਤਿਆਰ ਹੋ ਕੇ ਗਏ ਸਨ। ਉਨ੍ਹਾਂ ਨੇ ਕੋਈ ਪਹਿਲ ਨਹੀਂ ਸੀ ਕੀਤੀ ਤੇ ਨਾ ਹੀ ਸਰਹੱਦ ਉੱਤੇ ਜਾ ਕੇ ਉਨ੍ਹਾਂ ਨੇ ਅੰਗਰੇਜ਼ੀ ਪਨਾਹ ਵਿਚ ਆਏ ਹੋਏ ਇਲਾਕੇ ਅੰਦਰ ਪੈਰ ਪਾਇਆ ਯਾ ਕੋਈ ਹੋਰ ਛੇੜ ਛੇੜੀ। ਪਰ ਜੰਗ ਲਈ ਤਿਆਰ ਹੋ ਕੇ ਆਏ ਹੋਏ ਸਰ ਹੈਨਰੀ ਹਾਰਡਿੰਗ ਨੇ ਮਾਰੂ ਯੁੱਧ ਦਾ ਡੌਰੂ ਬਜਾ ਦਿੱਤਾ ਅਤੇ ਸਤਲੁਜ ਪਾਰ ਸਰਕਾਰ ਲਾਹੌਰ ਅਤੇ ਸਰਕਾਰ ਕਪੂਰਥਲਾ ਦੇ ਇਲਾਕੇ ਜ਼ਬਤ ਕਰ ਲੈਣ ਦਾ ਐਲਾਨ ਕਰ ਦਿੱਤਾ। ਹੁਣ ਉਹ ਜੰਗ ਛਿੜ ਪਈ ਜਿਸ ਦਾ ਜ਼ਿਕਰ ਕਿ ਭਾਈ ਕਾਨ੍ਹ ਸਿੰਘ ਨੇ ਆਪਣੇ 'ਜੰਗ-ਨਾਮਾ ਲਾਹੌਰ' ਵਿਚ ਕੀਤਾ ਹੈ।

ਇਹ ਇਕ ਖੁਲ੍ਹ ਚੁੱਕਾ ਹੋਇਆ ਭੇਤ ਹੈ ਕਿ ਇਹ ਜੰਗ, ਜਿਵੇਂ ਕਿ ਸ਼ਾਹ ਮੁਹੰਮਦ ਤੇ ਉਸ ਤੋਂ ਬਾਅਦ ਕਾਨ੍ਹ ਸਿੰਘ ਆਦਿ ਨੇ ਲਿਖਿਆ ਹੈ, ਆਪਣੇ ਭਾਈ ਜਵਾਹਰ ਸਿੰਘ ਦੇ ਕਤਲ ਦਾ ਬਦਲਾ ਲੈਣ ਲਈ ਮਹਾਰਾਣੀ ਜਿੰਦ ਕੌਰ ਤੇ ਖਾਲਸਾ ਫ਼ੌਜ ਨੂੰ ਤਬਾਹ ਕਰਵਾਉਣ ਲਈ ਅੰਗਰੇਜ਼ਾਂ ਦੇ ਗਲ ਪਾਉਣਾ ਨਹੀਂ ਸੀ ਬਲਕਿ ਈਸਟ ਇੰਡੀਆ ਕੰਪਨੀ ਦੇ ਅਫ਼ਸਰਾਂ ਨਾਲ ਕਿਸੀ ਗੰਢ-ਤੁਪ ਦਾ ਨਤੀਜਾ ਯਾ ਉਨ੍ਹਾਂ ਨੂੰ ਆਪਣੇ ਗਲੋਂ ਲਾਹ ਕੇ ਅੰਗਰੇਜ਼ਾਂ ਦੀਆਂ ਪੰਜਾਬ ਉੱਤੇ ਕਬਜ਼ਾ ਕਰਨ ਦੀਆਂ ਚਿਰੋਕਣੀਆਂ ਸੋਚੀਆਂ ਤੇ ਬਣਾਈਆਂ ਜਾ ਰਹੀਆਂ ਵਿਉਂਤਾਂ ਦਾ ਨਤੀਜਾ ਸੀ। ਮਹਾਰਾਜਾ ਰਣਜੀਤ ਸਿੰਘ ਦੇ ਅੱਖਾਂ ਮੀਟਦੇ ਸਾਰ ਹੀ ਇਨ੍ਹਾਂ ਨੇ ਪੈਂਤੜੇ ਬੰਨ੍ਹਣੇ ਸ਼ੁਰੂ ਕਰ ਦਿੱਤੇ ਸਨ ਜਿਸ ਦਾ ਜ਼ਿਕਰ ਅੰਗਰੇਜ਼ੀ ਰਿਕਾਰਡ ਵਿਚ ਥਾਂ-ਥਾਂ ਤੇ ਆਉਂਦਾ ਹੈ। ਸਰਦਾਰ ਜਵਾਹਰ ਸਿੰਘ ਤਾਂ ਇਸ ਲੜਾਈ ਦੇ ਸ਼ੁਰੂ ਹੋਣ ਤੋਂ ਤਿਨ ਮਹੀਨੇ ਹੀ ਪਹਿਲਾਂ 21 ਸਤੰਬਰ ਸੰਨ 1845 ਨੂੰ ਕਤਲ ਹੋਇਆ ਸੀ, ਪਰ ਅੰਗਰੇਜ਼ਾਂ ਨੇ ਇਸ ਤੋਂ ਚਾਰ ਵਰ੍ਹੇ ਪਹਿਲਾਂ ਹੀ ਗੁਲਾਬ ਸਿੰਘ ਡੋਗਰੇ ਨੂੰ ਗੰਢਣ ਦੀਆਂ ਵਿਉਂਤਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਹੋਈਆਂ ਸਨ। ਸਰਦਾਰ ਜਵਾਹਰ ਸਿੰਘ ਦੇ ਕਤਲ ਤੋਂ ਚਾਰ ਸਾਢੇ ਚਾਰ ਵਰ੍ਹੇ ਪਹਿਲਾ ਪੰਜਾਬ ਉੱਤੇ ਹੱਲਾ ਕਰਨ ਲਈ ਲਾਰਡ ਐਲਨਬਰੋ ਦੇ ਹੁਕਮ ਨਾਲ ਨਕਸ਼ੇ ਤੇ ਸਕੀਮਾਂ ਭੀ ਬਣ ਗਈਆਂ ਸਨ ਜਿਨ੍ਹਾਂ ਸੰਬੰਧੀ ਸੰਨ 1841 ਵਿਚ ਲੰਡਨ ਬੈਠੇ ਡੀਊਕ ਔਫ ਵੈਲਿੰਗਟਨ ਨਾਲ ਲਿਖਾ-ਪੜ੍ਹੀ ਹੋ ਰਹੀ ਸੀ ਅਤੇ ਪੰਜਾਬ ਉੱਤੇ ਹੱਲਾ ਕਰਨ ਦੇ ਸਭ ਤੋਂ ਵਧੀਆ ਤਰੀਕੇ ਬਾਬਤ ਸਲਾਹ ਲਈ ਜਾ ਰਹੀ ਸੀ। ਇਸ ਲਈ ਇਹ ਆਖਣਾ ਕਿ ਇਹ ਲੜਾਈ ਮਹਾਰਾਣੀ ਜਿੰਦ ਕੌਰ ਨੇ ਫ਼ਰੇਬ ਨਾਲ ਖਾਲਸਾ ਫ਼ੌਜਾਂ ਨੂੰ ਤਬਾਹ ਕਰਵਾਉਣ ਲਈ ਅੰਗਰੇਜ਼ਾਂ ਨਾਲ ਸਲਾਹ ਕਰ ਕੇ ਲਾਈ ਸੀ ਅਸਲੀਅਤ ਵੱਲੋਂ ਨਾਵਾਕਫ਼ੀ ਦਾ ਲਖਾਇਕ ਹੈ।

ਦੂਸਰੀ ਗੱਲ ਇਹ ਹੈ ਕਿ ਲੜਾਈ ਵੇਲੇ ਰਾਜ-ਗੱਦੀ ਉੱਤੇ ਮਹਾਰਾਣੀ ਦਾ ਨਾਬਾਲਗ ਪੁੱਤਰ ਮਹਾਰਾਜਾ ਦਲੀਪ ਸਿੰਘ ਸੀ ਅਤੇ ਮਹਾਰਾਣੀ ਦੀ ਇਸ ਪ੍ਰਕਾਰ ਦੀ ਕਾਰਵਾਈ ਦਾ (ਜੇ ਭਲਾ ਦਲੀਲ ਲਈ ਸੱਚ ਭੀ ਫ਼ਰਜ਼ ਕਰ ਲਈ ਜਾਵੇ) ਨੁਕਸਾਨ ਉਸ ਦੇ ਆਪਣੇ ਪੁੱਤਰ ਦੇ ਰਾਜ ਅਤੇ ਉਸ ਦੀ ਆਪਣੀ ਤਾਕਤ ਨੂੰ ਹੀ ਹੋਣਾ ਸੀ। ਮਹਾਰਾਣੀ ਜਿੰਦ ਕੌਰ ਇਤਨੀ ਸਮਝਦਾਰ, ਦੂਰ ਦੀ ਸੋਚਣ ਵਾਲੀ ਤੇ ਕਲਮ ਦੀ ਧੀ ਸੀ ਅਤੇ ਅੰਗਰੇਜ਼ਾਂ ਦੇ ਪੋਲੀਟੀਕਲ ਮਹਿਕਮੇ ਦੀ ਨਜ਼ਰ ਵਿਚ ਉਹ ਜੱਥੇਬੰਦੀ ਕਰ ਸਕਣ ਲਈ ਇਤਨੀ ਡਾਢੀ ਜਾਪਦੀ ਸੀ ਕਿ ਲਾਰਡ ਡੈਲਹੌਜ਼ੀ ਵਰਗਾ ਰਾਜਸੀ ਮਾਹਰ ਪੰਜਾਬ ਵਿਚ ਅੰਗਰੇਜ਼ੀ ਹਕੂਮਤ ਦੀ ਕਾਇਮੀ ਲਈ ਉਸ ਨੂੰ ਨਿਹਾਇਤ ਖਤਰਨਾਕ ਰੁਕਾਵਟ ਸਮਝਦਾ ਸੀ ਅਤੇ ਅੰਤ ਉਸ ਨੇ ਮਹਾਰਾਣੀ ਨੂੰ ਦੇਸ-ਨਿਕਾਲਾ ਦੇ ਕੇ ਬਨਾਰਸ ਦੇ ਲਾਗੇ ਚੁਨਾਰ ਦੇ ਕਿਲ੍ਹੇ ਵਿਚ ਕੈਦ ਕਰ ਦਿੱਤਾ। ਸੰਨ 1849 ਦੇ ਆਰੰਭ ਵਿਚ ਜਦ ਸਿੰਘਾਂ ਨੇ ਮਹਾਰਾਣੀ ਦੀ ਰਿਹਾਈ ਦੀ ਮੰਗ ਕੀਤੀ ਤਾਂ ਇਸ ਸੰਬੰਧੀ ਬ੍ਰਿਗੇਡੀਅਰ ਮਾਊਂਟੇਨ ਦੇ ਨਾਮ ਫਿਰੋਜ਼ਪੁਰ ਦੇ ਕੈਂਪ ਤੋਂ ਆਪਣੀ 31 ਜਨਵਰੀ ਸੰਨ 1849 ਦੀ 'ਪ੍ਰਾਈਵੇਟ' ਚਿੱਠੀ ਵਿਚ ਡੈਲਹੌਜ਼ੀ ਲਿਖਦਾ ਹੈ :

The pretences of the Sikhs of their anxiety to get back the Rani.....are preposterous. And the more sincere they are, the stronger are the grounds for not acceding to them. She has the only manly understanding in the Punjab, and her restoration would furnish the only thing which is wanting to render the present movement truly formidable, namely an object and a head.

Trust me this no time for going back or giving back or winking an eyelid.

"ਰਾਣੀ ਨੂੰ ਵਾਪਸ ਲਿਆਉਣ ਦੀ ਤਾਂਘ ਵਾਲੇ ਸਿੱਖਾਂ ਦੇ ਬਹਾਨੇ ਫਜ਼ੂਲ ਤੇ ਵਿਪਰੀਤ ਹਨ। ਜੇ ਭਲਾ ਉਹ ਸੱਚੇ ਦਿਲੋਂ ਇਸ ਵਿਚ ਜ਼ਿਆਦਾ ਤਾਂਘੀ ਹੋਣ ਤਾਂ ਇਹੋ ਹੀ ਇਸ ਗੱਲ ਲਈ ਹੋਰ ਜ਼ਿਆਦਾ ਮਜ਼ਬੂਤ ਕਾਰਣ ਹਨ ਕਿ ਉਨ੍ਹਾਂ ਦੀ ਇਹ ਗੱਲ ਨਾ ਮੰਨੀ ਜਾਏ। ਪੰਜਾਬ ਵਿਚ ਕੇਵਲ ਓਹ [ਮਹਾਰਾਣੀ] ਹੀ ਮਰਦਾਂ ਵਾਲੀ ਸਮਝ ਰੱਖਦੀ ਹੈ ਅਤੇ ਉਸ ਦੇ ਵਾਪਸ ਆ ਜਾ ਣ ਨਾਲ ਇਕ ਓਹ ਚੀਜ਼ ਮੁੜ ਆਵੇਗੀ ਜਿਸ ਦਾ ਮੌਜੂਦਾ ਲਹਿਰ [ਸਿੱਖਾਂ ਦੀ ਦੂਜੀ ਲੜਾਈ] ਨੂੰ ਸੱਚ-ਮੁੱਚ ਭਿਆਨਕ ਬਣਾਉਣ ਲਈ ਘਾਟਾ ਹੈ, ਅਰਥਾਤ ਇਕ ਨਿਸ਼ਾਨ ਤੇ ਇਕ ਦਿਮਾਗ।"

"ਯਕੀਨ ਜਾਣੋ ਕਿ ਹੁਣ ਪਿੱਛੇ ਹਟਣ, ਕੁੱਝ ਵਾਪਸ ਦੇਣ ਯਾ ਅੱਖ ਝਮਕਣ ਦਾ ਵੇਲਾ ਨਹੀ ਹੈ।"

ਜਿਵੇਂ ਮੈਂ ਸ਼ਾਹ ਮੁਹੰਮਦ ਦੀ ਰਚਨਾ ਉੱਤੇ ਟੀਕਾ ਟਿੱਪਣੀ ਕਰਦੇ ਦੱਸਿਆ ਸੀ ਸਰਕਾਰ ਹਿੰਦ ਯਾ ਸਰਕਾਰ ਪੰਜਾਬ ਦੇ ਰਿਕਾਰਡ ਵਿਚ ਕੋਈ ਭੀ ਐਸੀ ਲਿਖਤ ਨਹੀਂ ਹੈ ਜਿਸ ਤੋਂ ਇਸ ਗੱਲ ਵੱਲ ਕੋਈ ਇਸ਼ਾਰਾ ਭੀ ਦਿੱਸਦਾ ਹੋਵੇ ਕਿ ਮਹਾਰਾਣੀ ਜਿੰਦ ਕੌਰ ਨੇ ਆਪਣੇ ਭਾਈ ਸਰਦਾਰ ਜਵਾਹਰ ਸਿੰਘ ਦੇ ਕਤਲ ਦਾ ਸਿੱਖ ਫ਼ੌਜ ਤੋਂ ਬਦਲਾ ਲੈਣ ਲਈ ਸਰਦਾਰਾਂ ਦੀ ਸਲਾਹ ਨਾਲ ਅੰਗਰੇਜ਼ਾਂ ਨੂੰ ਲਿਖਿਆ ਹੋਵੇ ਕਿ ਤੁਸੀਂ ਖਾਲਸਾ ਰਾਜ ਦੇ ਤਖਤ ਉੱਤੇ ਕਬਜ਼ਾ ਕਰ ਲਓ ਯਾ, ਜਿਵੇਂ ਸ਼ਾਹ ਮੁਹੰਮਦ ਕਹਿੰਦਾ ਹੈ, ਸਿੱਖ ਰਾਜ ਦਾ ਸਤਲੁਜੋਂ ਪਾਰ ਦੱਖਣ ਵੱਲ ਦਾ ਦੇਸ਼ ਮੱਲ ਲਵੋ। ਇਹ ਸਭ ਕੁੱਝ ਅੰਗਰੇਜ਼ਾਂ ਨਾਲ ਰਲ ਗਏ ਹੋਏ ਮਿੱਸਰਾਂ (ਤੇਜ ਸਿੰਘ ਤੇ ਲਾਲ ਸਿੰਘ) ਵੱਲੋਂ ਆਪਣੇ ਪਾਪ ਲੁਕਾਉਣ ਲਈ ਉਡਾਈਆਂ ਹੋਈਆਂ ਗੱਲਾਂ ਸਪੱਸ਼ਟ ਹਨ ਅਤੇ ਸ਼ਾਇਦ ਕਿਸੇ ਵੇਲੇ ਅਸਲੀਅਤ ਉਘੜ ਆਵਣ ਤੇ ਪਾਜ ਖੁਲ੍ਹ ਜਾਣ ਦੇ ਡਰ ਤੋਂ ਹੀ ਉਨ੍ਹਾਂ ਨੇ ਮਹਾਰਾਣੀ ਦੇ ਦੇਸ਼ ਨਿਕਾਲੇ ਦੀ ਗੱਲ ਪ੍ਰਵਾਨ ਕਰ ਲਈ ਹੋਵੇ। ਮਹਾਰਾਣੀ ਵੱਲੋਂ ਚੂੰਕਿ ਤਰਦੀਦ ਹੋ ਸਕਣ ਦੀ ਕੋਈ ਗੁੰਜਾਇਸ਼ ਹੀ ਨਹੀਂ ਸੀ ਇਸ ਲਈ ਅਸਲੀ ਦੋਖੀਆਂ ਨੇ ਸਭ ਕੁੱਝ ਉਸ ਦੇ ਮੱਥੇ ਮੜ੍ਹ ਕੇ ਦੇਸ਼ ਦੀ ਨਾਰਾਜ਼ਗੀ ਆਪਣੀ ਵੱਲੋਂ ਹਟਾ ਕੇ ਜ਼ਿਆਦਾ ਉਸ ਵੱਲ ਠੇਲ੍ਹ ਦਿੱਤੀ।

ਹੋ ਸਕਦਾ ਹੈ ਕਿ ਸ਼ਾਹ ਮੁਹੰਮਦ ਦੀ ਤਰ੍ਹਾਂ ਇਸ ਨੂੰ ਭੀ ਉਸ ਵੇਲੇ ਉਡਾਈਆਂ ਗਈਆਂ ਗ਼ਲਤ ਗੱਲਾਂ ਤੋਂ ਧੋਖਾ ਲੱਗਾ ਹੋਵੇ ਯਾ ਸ਼ਾਹ ਮੁਹੰਮਦ ਦੀ ਲਿਖਤ ਨੂੰ ਪੜ੍ਹ ਸੁਣ ਕੇ ਕਾਨ੍ਹ ਸਿੰਘ ਨੇ ਕੇਵਲ ਮੱਖੀ ਤੇ ਮੱਖੀ ਮਾਰ ਦਿੱਤੀ ਹੋਵੇ ਯਾ, ਜਿਵੇਂ ਕਈਆਂ ਦਾ ਖਿਆਲ ਹੈ, ਮਿੱਸਰਾਂ ਦੇ ਪੱਖੀਆਂ ਦੇ ਰਾਹੀਂ ਯਾ ਮਿੱਸਰਾ ਵੱਲੋਂ ਸਿੱਧੇ ਹੀ ਜੋ ਕੁੱਝ ਉਸ ਨੂੰ ਮਿਲਿਆ ਓਸੇ ਨੂੰ ਸੱਚ ਸਮਝ ਕੇ ਸ਼ਾਹ ਮੁਹੰਮਦ ਦੀ ਤਰ੍ਹਾਂ ਕਾਨ੍ਹ ਸਿੰਘ ਨੇ ਭੀ ਜੰਗ ਦਾ ਕਸੂਰ ਮਹਾਰਾਣੀ ਜਿੰਦ ਕੌਰ ਦੇ ਮੱਥੇ ਲਾ ਦਿੱਤਾ। ਕੁੱਝ ਭੀ ਹੋਵੇ ਇਹ ਗੱਲ ਸਪੱਸ਼ਟ ਹੈ ਕਿ ਮਹਾਰਾਣੀ ਇਸ ਮਾਮਲੇ ਵਿਚ ਨਿਰਦੋਸ਼ ਤੇ ਬੇ-ਗੁਨਾਹ ਸੀ ਅਤੇ ਲੜਾਈ ਦੀ ਸਾਰੀ ਜ਼ਿੰਮੇਵਾਰੀ ਈਸਟ ਇੰਡੀਆ ਕੰਪਨੀ ਦੇ ਅਫ਼ਸਰਾਂ ਉੱਤੇ ਸੀ ਜਿਨ੍ਹਾਂ ਨੇ ਪੰਜਾਬ ਵਿਚ ਆਪਣੀ ਤਾਕਤ ਪੈਦਾ ਕਰਨ ਲਈ ਆਪਣੀਆਂ ਫ਼ੌਜਾਂ ਸਰਹੱਦ ਵੱਲ ਢੋਣੀਆਂ ਸ਼ੁਰੂ ਕਰ ਦਿੱਤੀਆਂ ਸਨ ਅਤੇ ਕਈ ਪ੍ਰਕਾਰ ਦੀਆਂ ਛੇੜਾਂ ਛੇੜ ਕੇ ਲੜਾਈ ਲਾ ਦਿੱਤੀ ਸੀ।

ਸ਼ਾਹ ਮੁਹੰਮਦ ਤਾਂ ਧੁਰ ਤੱਕ ਤੇਜ ਸਿੰਘ ਤੇ ਲਾਲ ਸਿੰਘ ਦੀ ਨਿਮਕ-ਹਰਾਮੀ ਅਤੇ ਗ਼ੱਦਾਰੀ ਉੱਤੇ ਪਰਦਾ ਪਾਈ ਰੱਖਦਾ ਹੈ ਪਰ ਕਾਨ੍ਹ ਸਿੰਘ ਸਪੱਸ਼ਟ ਤੌਰ ਤੇ ਮੰਨਦਾ ਹੈ ਕਿ ਜੇ ਖਾਲਸਾ ਫ਼ੌਜ ਦੇ ਅਫ਼ਸਰ ਅੰਗਰੇਜ਼ਾਂ ਨਾਲ ਰਲ ਨਾ ਜਾਂਦੇ ਅਤੇ ਤੇਜ ਸਿੰਘ ਆਦਿ ਬਦਨੀਅਤ ਦੇ ਕਾਰਣ ਸੁਸਤੀ ਨਾ ਕਰਦੇ ਤਾਂ ਈਸਟ ਇੰਡੀਆ ਕੰਪਨੀ ਨੂੰ ਕਦੀ ਜਿੱਤ ਨਾ ਹੁੰਦੀ। ਸਿੰਘ ਅੰਗਰੇਜ਼ਾਂ ਨੂੰ ਤਾਂ ਕੁੱਝ ਸਮਝਦੇ ਹੀ ਨਹੀਂ ਸਨ ਪਰ 'ਬਿਮਾਲਕ' (ਬੇ-ਅਫ਼ਸਰ) ਹੋਣ ਕਰ ਕੇ ਹਾਰ ਖਾ ਗਏ।

ਨਾ ਮਾਨੈ ਕਛੂ ਸਿੰਘ ਅੰਗਰੇਜ਼ ਕੂੰ,
ਬਿਮਾਲਕ ਲੜੇ ਫ਼ੌਜ ਕਰ ਤੇਜ ਕੂੰ। ੩੭੬।

... ...

ਗਿਆ ਜੰਗ ਕਾ ਖੇਤ ਤਬ ਟੂਟ ਕਰ,
ਬਿਮਾਲਕ ਭਏ ਕੌਨ ਲੇਤਾ ਖਬਰ। ੩੦੪।

... ...

ਜਿਤੇ ਬੀ ਮਾਲਿਕ ਰਹੇ ਪੀਠ ਦੈ,
ਨਾ ਦੇਖੈ ਸਿੰਘੋਂ ਕੀ ਤਰਫ ਡੀਠ ਦੈ। ੩੦੬।

ਕਹਾਂ ਜੰਗ ਸਿੰਘਨ ਕੀ ਹੋਵੈ ਫਤਾ,
ਨ ਸ਼ਾਬਾਸੀ ਦੇਤਾ ਹੈ ਮਾਲਕ ਰਤਾ। ੩੦੭।

ਹੂਏ ਜਿਨ ਕੇ ਮਾਲਕ ਹੈਂ ਦੁਸ਼ਮਨ ਵਜ਼ਾ,
ਕਹਾਂ ਜੰਗ ਮੇ ਉਨ ਕੀ ਹੋਵੇ ਫਤਾ। ੨੧੩।

ਤੇਜਾ ਸਿੰਘ ਤੇ ਲਾਲ ਸਿੰਘ ਆਦਿ ਅਫ਼ਸਰਾਂ ਨੇ ਸਿੰਘਾਂ ਨੂੰ ਸ਼ਾਬਾਸੀ ਤੇ ਹੱਲਾ-ਸ਼ੇਰੀ ਤਾਂ ਕੀ ਦੇਣੀ ਸੀ, ਜਦ ਉਨ੍ਹਾਂ ਨੂੰ ਦਿੱਸਦਾ ਕਿ ਸਿੰਘ ਅੰਗਰੇਜ਼ੀ ਫ਼ੌਜਾਂ ਨੂੰ ਪਿੱਛੇ ਧੱਕੀ ਜਾ ਰਹੇ ਹਨ ਅਤੇ ਉਨ੍ਹਾਂ ਦੀ ਫ਼ਤੇ ਹੁੰਦੀ ਦਿੱਸਦੀ ਤਾਂ ਓਹ ਆਪ ਵਿਚੋਂ ਭੱਜ ਨਿਕਲਦੇ ਅਤੇ ਭਾਜੜ ਪੁਆ ਕੇ ਸਿੰਘਾਂ ਨੂੰ ਹਰਵਾ ਦਿੰਦੇ। ਕਾਨ੍ਹ ਸਿੰਘ ਕਹਿੰਦਾ ਹੈ ਕਿ :

ਜਬੈ ਜੀਤ ਸਿੰਘਨ ਕੀ ਹੋਨੈ ਲਗੀ,
ਤਬੈ ਓਨ ਕੇ ਮਾਲਿਕ ਅਗਾਰੀ ਭਗੀ। ੩੦੮।

ਅੰਗਰੇਜ਼ਾਂ ਨੇ ਲਾਹੌਰ ਸਰਕਾਰ ਦੇ ਮੁਸਾਹਿਬ ਵਜ਼ੀਰ ਲਾਲ ਸਿੰਘ ਤੇ ਸੈਨਾਪਤੀ ਤੇਜ ਸਿੰਘ ਤੋੜ ਲਏ ਹੋਏ ਸਨ।

ਮੁਸਾਹਬ ਲੀਏ ਫੋੜ ਸਬ ਫ਼ੌਜ ਸੇ,
ਹੂਆ ਖ਼ਾਲਸਾ ਖੁਦ ਬਖੁਦ ਮੌਜ ਸੇ। ੨੧੫।

ਅਤੇ ਉਨ੍ਹਾਂ ਨੇ ਸਲਾਹ ਕਰ ਲਈ ਹੋਈ ਸੀ ਕਿ ਬਾਹਰੋਂ-ਬਾਹਰੋਂ ਭਾਵੇਂ ਓਹ ਸਿੱਖ ਫ਼ੌਜ ਦੇ ਕਮਾਨ ਅਫ਼ਸਰ ਹੀ ਸਨ ਪਰ ਓਹ ਅੰਗਰੇਜ਼ਾਂ ਦੇ ਵਿਰੁੱਧ ਰਤਾ ਭੀ ਨਹੀਂ ਲੜਨਗੇ।

ਸਭੀ ਅਫ਼ਸਰੋਂ ਰਲ ਕੇ ਕੀਨਾ ਮਤਾ,
ਨਹੀਂ ਸਾਥ ਅੰਗਰੇਜ਼ ਲੜਨਾ ਰਤਾ। ੨੩੮।

ਦੋਹਾਂ ਪਾਸਿਆਂ ਦਾ ਜ਼ਿਕਰ ਤੇ ਟਾਕਰਾ ਕਰਦਾ ਹੋਇਆ ਕਾਨ੍ਹ ਸਿੰਘ ਕਹਿੰਦਾ ਹੈ ਕਿ :

ਉਧਰ ਲਾਟ ਸਾਹਿਬ ਸ਼ਾਬਾਸੀ ਕਰੈ,
ਇਧਰ ਫੌਜ ਸ਼ਾਹੀ ਬਿਮਾਲਕ ਮਰੈ । ੨੯੩ ।
ਉਧਰ ਲਾਟ ਦੇਤਾ ਹੈ ਤਲਬੇਂ ਤਮਾਮ,
ਇਧਰ ਸਿੰਘ ਲੜਤੇ ਹੈ ਬੇਦਾਮ ਆਮ । ੨੯੪ ।

... ...

ਬਿਮਾਲਕ ਹੂਏ ਦਿਲ ਦਰਜ ਖਾ ਗਿਆ,
ਤਬੀ ਫੌਜ ਗੋਰਾ ਨੇ ਜ਼ੋਰਾ ਦੀਆ । ੨੯੬ ।

ਲੇਖਕ ਖੁਲ੍ਹੇ ਤੇ ਸਪੱਸ਼ਟ ਸ਼ਬਦਾਂ ਵਿਚ ਤੇਜ ਸਿੰਘ ਦੀ ਸੁਸਤੀ ਤੇ ਗ਼ੱਦਾਰੀ ਦਾ ਜ਼ਿਕਰ ਇਸ ਤਰ੍ਹਾਂ ਕਰਦਾ ਹੈ ਕਿ :

ਨਾ ਹੋਤੀ ਸੁਸਤੀ ਜੋ ਸਿੰਘ ਤੇਜ ਕੀ,
ਰਹੀ ਥੀ ਨਾ ਬਾਕੀ ਤੋ ਅੰਗਰੇਜ਼ ਕੀ । ੪੧੯ ।

... ...

ਮਿਲੇ ਉਨ ਕੇ ਮਾਲਿਕ ਜੋ ਅੰਗਰੇਜ਼ ਸੈ,
ਦਗਾ ਕਰ ਕੇ ਮਰਵਾਏ ਫਰਫ਼ੇਜ ਸੈ । ੪੨੨ ।

... ...

ਨਾ ਹੋਤਾ ਬਿਮਾਲਕ ਅਗਰ ਖਾਲਸਾ,
ਕਹਾਂ ਕੰਪਨੀ ਇਨ ਸੇ ਪਾਤੀ ਛੁਤਾ । ੪੨੪ ।

ਕਾਨ੍ਹ ਸਿੰਘ ਥਾਂ-ਥਾਂ ਉੱਤੇ ਸਿੰਘਾਂ ਦੇ ਤਕੱਬਰ ਵੱਲ ਇਸ਼ਾਰਾ ਕਰਦਾ ਹੈ ਤੇ ਕਹਿੰਦਾ ਹੈ ਕਿ ਅੰਤ ਉਨ੍ਹਾਂ ਦੇ ਤਕੱਬਰ ਨੇ ਉਨ੍ਹਾਂ ਨੂੰ ਲੈ ਲਿਆ । ਇਸ ਵਿਚ ਕੋਈ ਸ਼ੱਕ ਨਹੀਂ ਕਿ ਮਹਾਰਾਜਾ ਸ਼ੇਰ ਸਿੰਘ ਦੇ ਕਤਲ (15 ਸਤੰਬਰ ਸੰਨ 1843) ਤੋਂ ਲੈ ਕੇ ਸਰਦਾਰ ਜਵਾਹਰ ਸਿੰਘ ਦੇ ਕਤਲ (21 ਸਤੰਬਰ ਸੰਨ 1845) ਤੱਕ ਸਿੱਖ ਫ਼ੌਜਾਂ ਕੁੱਝ ਬੇਸੁਰ ਤੇ ਬੇ-ਮੁਹਾਰ ਜਿਹੀਆਂ ਹੋ ਗਈਆਂ ਸਨ ਅਤੇ ਬਹੁਤ ਸਾਰੀ ਤਾਕਤ ਉਨ੍ਹਾਂ ਦੀਆ ਪੰਚਾਇਤਾਂ ਕਮੇਟੀਆਂ ਨੇ ਮੱਲ ਲਈ ਸੀ । ਮਹਾਰਾਜਾ ਦਲੀਪ ਸਿੰਘ ਨਾਬਾਲਗ ਸੀ, ਕੁੱਝ ਚਿਰ ਹੀਰਾ ਸਿੰਘ ਡੋਗਰੇ ਤੇ ਉਸ ਦੇ ਯਾਰ ਪੰਡਤ ਜਲ੍ਹੇ ਨੇ ਅੱਤ ਚੁੱਕੀ ਰੱਖੀ ਤੇ ਫੇਰ ਸਰਦਾਰ ਜਵਾਹਰ ਸਿੰਘ ਕੁੱਝ ਚੰਗਾ ਵਜ਼ੀਰ ਸਾਬਤ ਨਾ ਹੋਇਆ । ਪੰਚਾਇਤਾਂ ਦੇ ਆਗੂਆਂ ਵਿਚੋਂ ਭੀ ਕੋਈ ਬਹੁਤ ਸਿਆਣਾ ਬੰਦਾ ਨਾ ਨਿਕਲਿਆ । ਇਸ ਵੇਲੇ ਦੀ ਗੜਬੜ ਤੋਂ ਲਾਹੌਰ ਸਰਕਾਰ ਦੀ ਕਮਜ਼ੋਰੀ ਦਾ ਅੰਦਾਜ਼ਾ ਲਾ ਕੇ ਕੰਪਨੀ ਦੇ ਅਫ਼ਸਰਾਂ ਨੇ ਮਹਾਰਾਜ ਨਾਲ ਕੀਤੇ ਦੋਸਤੀ ਦੇ ਅਹਿਦ-ਨਾਮਿਆਂ ਨੂੰ ਪਰ੍ਹੇ ਸੁੱਟ ਕੇ ਪੰਜਾਬ ਉੱਤੇ ਕਬਜ਼ਾ ਕਰ ਲੈਣ ਲਈ ਪੱਕੀਆਂ ਤਿਆਰੀਆਂ ਕਰ ਲਈਆਂ, ਲੜਾਈ ਛਿੜ ਗਈ ਤੇ ਅੰਤ ਸਿੰਘਾਂ ਨੂੰ ਹਾਰ ਹੋ ਗਈ ।

ਇਸ ਜੰਗ-ਨਾਮੇ ਤੋਂ ਬਿਨਾਂ ਕਾਨ੍ਹ ਸਿੰਘ ਨੇ ਹੋਰ ਭੀ ਕਵਿਤਾ ਰਚੀ ਜਾਪਦੀ ਹੈ, ਪਰ ਉਸ ਦਾ ਪੂਰਾ ਪਤਾ ਨਹੀਂ ਲੱਗ ਸਕਿਆ । ਪੁਰਾਤਨ ਕਵਿਤਾ ਦੇ ਖੋਜੀ ਭਾਈ ਸਮਸ਼ੇਰ ਸਿੰਘ 'ਅਸ਼ੋਕ' ਨੇ 14 ਜਨਵਰੀ, 1940 ਨੂੰ ਮੈਨੂੰ ਕਾਨ੍ਹ ਸਿੰਘ ਦੇ ਬ੍ਰਜ-ਬੋਲੀ ਵਿਚ ਉਚਾਰੇ ਹੋਏ ਦੋ ਕਬਿਤ ਭੇਜੇ ਸਨ ਜੋ ਉਸ ਨੇ ਸਰਦਾਰ ਜਵਾਹਰ ਸਿੰਘ ਦੇ ਵੇਲੇ ਲਾਹੌਰ ਸੁਣਾਏ ਸਨ ।

ਇਹ ਕਬਿੱਤ ਹਾਸ-ਰਸ ਭਰੇ ਬੜੇ ਸੁਆਦਲੇ ਹਨ। ਇਨ੍ਹਾਂ ਵਿਚ ਦੂਲਾ ਸਿੰਘ ਤੇ ਖੁਸਾਲ ਸਿੰਘ ਨਾਮੀ ਨਿਹੰਗਾਂ ਨੂੰ ਇਕ ਹਥਨੀ ਮਿਲਨ ਅਤੇ ਉਨ੍ਹਾਂ ਦੀ ਉਸ ਪਰ ਸਵਾਰੀ ਦਾ ਹਾਲ ਇਸ ਤਰ੍ਹਾਂ ਬਿਆਨ ਕੀਤਾ ਹੈ :

ਦਾਨ ਕਰ ਦਈ ਏਕ ਹਥਨੀ ਭਯੰਕਰ ਸੀ,
ਝੂਮਰੀ ਸੀ ਧੂਮਰੀ ਉਡਾਏ ਛਾਰ ਸੀਸ ਪਰ।
ਲੇਕਰ ਨਿਹੰਗਨਿ ਬਨਾਈ ਹੈ ਨਿਹੰਗਨੀ ਸੀ,
ਸਾਰਾ ਦਿਨ ਸੈਲ ਕਰੈਂ ਕਢ ਕੈ ਅਨੰਦ ਭਰ।
ਹੌਦਾ ਕੋ ਨਾ ਸੌਦਾ ਗੋਲ ਗਾਦੀ ਕਰੈਂ ਲੀਰਨ ਕੀ,
ਮੂੰਜ ਹੂ ਕੇ ਤੰਗ ਕੱਸ ਜੇਵਰੇ ਕਮੰਦ ਕਰ।
ਨਿਸ ਹੂੰ ਕੇ ਸੋਏਂ ਪੇਟ ਭਰ ਭੋਰੋਂ ਤਕ,
ਹਰੇਂ ਹਰੇਂ ਆਵਤ ਹੈ ਆਪਨੇ ਮਕਾਨ ਪਰ। ੧।
ਕਿਧੋ ਬਿੰਧਜਾਚਲ ਪ੍ਰਕਾਰਨ ਕੀ ਜੋਰੀ ਦਿਪੈਂ,
ਕਿਧੋਂ ਗਿਰ ਗਾਜਰ ਪੈ ਨੀਲ ਨਲ ਕਾਰੇ ਹੈਂ।
ਕਿਧੋ ਤਾਤ ਵੈਰ ਹਿਤ ਸਨੀ ਦ੍ਵੈ ਸਰੂਪ ਧਾਰ,
ਰਾਹੂ ਪਰ ਚਢੈ ਹੈਂ ਰਿਸ ਅੰਕੁਸ ਪ੍ਰਹਾਰੇ ਹੈਂ।
ਕਿਧੋ ਜਮਰਾਜ ਦ੍ਵੈ ਸਰੂਪ ਧਰੇ ਸ਼ਜਾਮ ਰੰਗ,
ਮਹਿਖ ਅਰੂੜ੍ਹ ਗੂੜ੍ਹ ਪਰਗਟ ਵਿਚਾਰੇ ਹੈਂ।
ਕਾਨ੍ਹ ਸਿੰਘ ਕਰ ਨੀਕੇ ਕੈ ਨਿਹਾਰਯੋ ਹਥਨੀ ਪੈ,
ਦੂਲਾ ਸਿੰਘ, ਸਿੰਘ ਖੁਸਹਾਲ ਜੋ ਸਵਾਰੇ ਹੈਂ। ੨।

ਜੰਗ-ਨਾਮੇ ਦੀ ਬੋਲੀ ਵਿਚ ਫ਼ਾਰਸੀ-ਉਰਦੂ ਸ਼ਬਦ ਅਣਗਿਣਤ ਆਉਂਦੇ ਹਨ, ਇਨ੍ਹਾਂ ਸਾਰਿਆਂ ਦੇ ਅਰਥ ਕਰ ਕੇ ਫ਼ੁਟ-ਨੋਟਾਂ ਨੂੰ ਭਾਰਾ ਕਰਨਾ ਠੀਕ ਨਹੀਂ ਸਮਝਿਆ ਗਿਆ। ਜਿਹੜੇ ਕੋਈ ਖ਼ਾਸ ਔਖੇ ਸ਼ਬਦ ਹਨ, ਉਨ੍ਹਾਂ ਦੇ ਅਰਥ ਕਰ ਦਿੱਤੇ ਗਏ ਹਨ।

ਜੰਗ-ਨਾਮਾ ਲਾਹੌਰ

੧ੳ ਸਤਿਗੁਰ ਪ੍ਰਸਾਦਿ ॥

ਸਿਫ਼ਤ ਕਰੂੰ ਸਾਚਾ ਜੋ ਕਰਤਾਰ ਹੈ,
ਜਿਸੈ ਲੇਖ ਲਿਖਨੇ ਕੋ ਅਖ਼ਤਿਆਰ ਹੈ। ੧।
ਮਿਹਰਬਾਂ ਕਰੈ ਜਗਤ ਕੀ ਪਰਵਰੀ,
ਨਹੀਂ ਸਾਥ ਉਸ ਕੇ ਕੋਊ ਸਰਵਰੀ[1]। ੨।
ਪਲਕ ਮੈ ਵਹ ਖ਼ਲਕਤ ਬਨਾ ਕਰ ਬਹੈ,
ਪਲਕ ਮੇਂ ਖਿਜ਼ਾਂ[2] ਕਰ ਇਕੇਲਾ ਰਹੈ। ੩।
ਕਬੀ ਦੇਵਤਾ ਦੈਤ ਹੋ ਕਰ ਲਰੈ,
ਕਬੀ ਸਹਿਨਸ਼ਾਹ ਪਾਤਸ਼ਾਹੀ ਕਰੈ। ੪।
ਕਹੀਂ ਕਿਸਨ ਔ ਬਿਸਨੁ ਰਘੁਨਾਥਾਂ[3] ਹੈ,
ਮੁਹੰਮਦ ਪਿਕੰਬਰ ਕਹੀਂ ਸਾਥ ਹੈ। ੫।
ਕਿਤੇ ਮਾਨਧਾਤਾ[4] ਸੇ ਰਾਜਾ ਕਿਯੇ,
ਬਨਾ ਕਰ ਮਿਲਾ ਬੀਚ ਮਾਟੀ ਦਿਯੇ। ੬।
ਕਰੋਂ ਕਿਆ ਸਿਫ਼ਤ ਉਸ ਕੀ ਮੈਂ ਯਕ ਜ਼ਬਾਂ,
ਵਹੀ ਥਕ ਰਹਾ ਸਹਸ ਦੋਯਮਾਂ[5] ਜ਼ਬਾਂ। ੭।
ਕਿਯੇ ਔਰ ਸਤਿਜੁਗ ਮੇਂ ਕਾਜਾ ਕਿਤੇ,
ਉਦੇ ਅਸਤ ਲੌ ਮੁਲਕ ਕੀਨੇ ਫ਼ਤੇ। ੮।
ਕਿਤੇ ਬੀਚ ਤ੍ਰੇਤਾ ਬਲੀ ਹੋ ਗਏ,
ਵਹੀ ਰਾਜ ਕਰ ਕੇ ਖਿਜ਼ਾਂ ਹੋ ਗਏ। ੯।
ਦੁਆਪਰ ਕੇ ਰਾਜਾ ਹੂਏ ਜੋ ਬਲੀ,
ਵਹੀ ਭੋਗ ਮੂਏ ਨ ਮੁੱਦਤ ਟਲੀ। ੧੦।

---

1. ਸਰਦਾਰੀ, ਵਡਪਣ।
2. ਖ਼ਤਮ ਕਰ ਕੇ, ਨਾਸ ਕਰ ਕੇ।
3. ਰਘੁਨਾਥ, ਰਘੁ ਬੰਸ ਦੇ ਨਾਥ, ਸ੍ਰੀ ਰਾਮ ਚੰਦਰ।
4. ਮਾਨਧਾਤਾ—ਇਕਸ਼ਾਕੂ ਬੰਸੀ ਰਾਜਾ ਯੁਵਨਾਸ਼੍ਵ ਦਾ ਪੁੱਤਰ। ਇਸ ਨੂੰ ਇੰਦਰ ਦੇਵਤਾ ਨੇ ਪਾਲਿਆ ਸੀ।
5. ਦੋ ਹਜ਼ਾਰ ਜੀਭਾਂ ਵਾਲਾ।

ਯਹ ਕਲਜੁਗ ਕਿਤੇ ਸ਼ਾਹ ਸ਼ਾਹਾਂ ਭਏ,
ਸਿਕੰਦਰ[1] ਔ ਨੌਸ਼ੇਰਵਾਂ[2] ਸੇ ਗਏ। ੧੧।
ਚਲੇ ਛੋਡ ਸਭ ਰਾਜ ਕਾ ਰੰਗ ਹੈ,
ਅਦਾਲਤ ਸਖਾਵਤ ਚਲੀ ਸੰਗ ਹੈ। ੧੨।
ਚੁਗੱਤਨ[3] ਕਰੀ ਪਾਤਸ਼ਾਹੀ ਕਲਾਂ,
ਜਰੇ ਬੀਚ ਲੰਦਨ[4] ਕੇ ਗੋਰਾ ਜਵਾਂ। ੧੩।
ਗੁਬਿੰਦ ਸਿੰਘ ਕੀਆ ਖਾਲਸਾ[5] ਯਕ ਤਰਫ,
ਹੁਏ ਕੰਪਨੀ[6] ਕੇ ਜਵਾਂ ਯਕ ਤਰਫ। ੧੪।
ਦੋਊ ਮੁਲਕ ਮਾਲਿਕ ਬਹਾਦੁਰ ਜਵਾਂ,
ਦੋਊ ਸ਼ਹਿਨਸ਼ਾਹਾਂ ਅਦਾਲਤ ਨਿਸ਼ਾਂ। ੧੫।
ਦੋਊ ਇਲਮਿ ਆਲਿਮ ਪਨਾਹ,
ਦੋਊ ਜੰਗ ਜੋਧੇ ਕਰਤਾ ਸਲਾਹ। ੧੬।
ਬਦਨ ਨੂਰ ਚਮਕੇ ਮਿਸਲ_ਆਫਤਾਬ,
ਜੋ ਹੋਤਾ ਹੈ ਦੁਸ਼ਮਨ ਸੁ ਜਲਤਾ ਸ਼ਿਤਾਬ। ੧੭।
ਇਨਾਇਤ ਮੁਲਕ ਹੂੰ ਕੀ ਮਾਲਿਕ ਦਈ,
ਜਿਤੀ ਸ਼ਹਿਨਸ਼ਾਹੀ ਦੁਹੂੰ ਕੀ ਭਈ। ੧੮।
ਹੁਕਮ ਖਾਸ ਮਾਲਿਕ ਨੇ ਆਪਨਾ ਦੀਆ,
ਯਹ ਖਲਕਤ ਕੇ ਪਾਲਨ ਕੋ ਮਾਲਿਕ ਕੀਆ। ੧੯।
ਸਿੰਘਨ ਪੁਸ਼ਤ ਪਰ ਹੈ ਗੁਰੂ ਕੀ ਸਹੀ,
ਉਨੇ ਪੁਸ਼ਤਿ ਮੱਦਤ ਹੈ ਈਸਾ ਮਸੀਹ। ੨੦।
ਚਲਾ ਚੱਲ ਪਹੁੰਚੇ ਉਹ ਸਤਲੁਜ ਤਲਕ,
ਦਿਖੀ ਸ਼ਾਹ ਪੰਜਾਬ ਹੂੰ ਕੀ ਖਲਕ। ੨੧।

---

1. ਯੂਨਾਨ ਦਾ ਪਾਤਸ਼ਾਹ (Alexander the Great) ਜਿਸ ਨੇ ਦੁਨੀਆਂ ਦੇ ਕਈ ਦੇਸ਼ ਜਿਤ ਲਏ ਸਨ। ਹਿੰਦੁਸਤਾਨ ਉੱਤੇ ਭੀ ਚੜ੍ਹ ਆਇਆ, ਪਰ ਪੰਜਾਬ ਨੂੰ ਪੂਰੀ ਤਰ੍ਹਾਂ ਸਰ ਨਹੀਂ ਸੀ ਕਰ ਸਕਿਆ ਤੇ ਵਾਪਸ ਮੁੜ ਗਿਆ ਸੀ।
2. ਨੌਸ਼ੀਰਵਾਂ, ਈਰਾਨ ਦਾ ਇੱਕ ਪਾਤਸ਼ਾਹ, ਜੋ ਇਨਸਾਫ਼ ਲਈ ਸੰਸਾਰ-ਪ੍ਰਸਿੱਧ ਹੈ।
3. ਚੁਗਤਾਈ ਖਾਨਦਾਨ ਵਾਲੇ, ਜਿਨ੍ਹਾਂ ਵਿਚੋਂ ਬਾਬਰ ਤੇ ਉਸ ਦੀ ਗੱਦੀ-ਨਸ਼ੀਨ ਹੋਏ ਹਨ।
4. ਇੰਗਲਿਸਤਾਨ ਦੀ ਰਾਜਧਾਨੀ (London)।
5. 'ਖਾਲਸਾ' ਦੇ ਅਰਥ ਹਨ ਬਾਦਸ਼ਾਹ ਦੀ ਨਿਜ ਦੀ ਜ਼ਮੀਨ ਜਾ ਜਾਇਦਾਦ। ਸਿੱਖ ਧਰਮ ਵਿਚ ਭੀ 'ਖਾਲਸਾ' ਦੇ ਅਰਥ ਹਨ 'ਸਚੇ ਪਾਤਸ਼ਾਹ' ਗੁਰੂ ਗੋਵਿੰਦ ਸਿੰਘ ਦਾ 'ਆਪਣਾ', ਜਿਵੇਂ ਕਿ ਆਪ ਨੇ ਫ਼ੁਰਮਾਇਆ ਹੋਇਆ ਹੈ 'ਖਾਲਸਾ ਮੇਰੋ ਰੂਪ ਹੈ ਖਾਸ, ਖਾਲਸੇ ਮੇਂ ਹਉਂ ਕਰਊਂ ਨਿਵਾਸ।'
6. ਈਸਟ ਇੰਡੀਆ ਕੰਪਨੀ।

ਅਰੌ ਤੌਰ ਸਿੰਘਨ ਬੜਾ ਚੁਸਤ ਹੈ,
ਮਿਲਾ ਮਿਲ ਕੀਆ ਜੰਗ ਕੇ ਸੁਸਤ ਹੈ। ੨੨।
ਫੂਲਾ ਸਿੰਘ ਪੱਹੀਆ[1] ਲੈ ਜਾਗਾ ਜਬੈ,
ਅਗਾਰੀ ਕਦਮ ਕੌਨ ਡਾਰਾ ਤਬੈ। ੨੩।
ਲਬੇ ਆਬਿ ਦਰੀਆ ਬਹਦੀ ਪਰੀ,
ਸਬੀ ਜੰਗ ਕੀ ਬਾਤ ਰੱਦੀ ਕਰੀ। ੨੪।
ਜਗਾ ਬੀਚ ਸਿੰਘੰ ਕੇ ਪੰਜਾਬ ਮੈਂ,
ਜਿਸੈ ਦੇਖ ਖੁਰਸ਼ੈਦ ਨਾ ਤਾਬ ਮੈਂ। ੨੫।
ਅੰਗਰੇਜ਼ ਜੰਗੀ ਬਹਾਦੁਰ ਹੂਆ,
ਉਸੇ ਸਾਥ ਲੜਨੇ ਕੋ ਨਾ ਥਾ ਦੂਆ। ੨੬।
ਮਹਾਰਾਜ ਰਣਜੀਤ ਸਿੰਘ ਹੈ ਨਾਮ,
ਰਖੇ ਖ਼ੌਫ਼ ਖ਼ਾਲਕ ਕਾ ਦਿਲ ਮੈਂ ਤਮਾਮ। ੨੭।
ਅਵਲ ਉਨ ਨੈ ਲਾਹੌਰ ਲੀਨਾ ਲੁਪਟ,
ਲੀਆ ਕਾਂਗਰਾ ਕੋਟ ਉਸ ਨੇ ਝਪਟ। ੨੮।
ਲੈ ਮਲਕੇਰਾ[2] ਔ ਕਸ਼ਮੀਰ ਉਨ ਨੇ ਲੀਆ,
ਜਲਦ ਬੀਚ ਮੁਲਤਾਨ ਥਾਨਾ ਕੀਆ। ੨੯।
ਲੀਆ ਪਲ ਮੈਂ ਪਿਸ਼ੌਰ ਗਿਲਜਾ[3] ਜਿਤੇ,
ਕਿਤੇ ਪਰਬਤੀ ਲੂਟ ਕੀਨੇ ਛਤੇ। ੩੦।
ਜਿਤੇ ਥੇ ਹੁਕਮ ਹਰ ਜ਼ਬਾਂ ਯਕ ਕਰੇ,
ਨਹੀਂ ਔਰ ਕੇ ਛਤ੍ਰ ਚਾਮਰ ਢਰੇ। ੩੧।
ਕੀਏ ਜ਼ੇਰ ਕਿਤਨੇ ਮੁਲਕ ਸਾਹਿਬਾਂ,
ਗੁਰੂ ਕੇ ਕਦਮ ਬੀਚ ਹਰ ਵਖਤ ਜਾਂ। ੩੨।
ਹੁਕਮ ਗ੍ਰੰਥ ਸਾਹਿਬ ਕਾ ਜੈਸੇ ਚਲੈ,
ਚਲੈ ਉਸ ਕੇ ਊਪਰ ਨ ਦਮ ਭਰ ਟਲੈ। ੩੩।
ਮਹਾਰਾਜ ਜਾਨਾ ਮੁਸਾਹਿਬ ਕਲਾਂ,
ਕੀਆ ਧਜਾਨ ਸਿੰਘ ਕੋ ਵਜ਼ਾਰਤ ਨਿਸ਼ਾਂ। ੩੪।
ਦੀਨਾ ਨਾਥ ਕੋ ਇਲਮ ਆਲਮ ਪਛਾਨ,
ਕੀਆ ਪਾਤਸ਼ਾਹੀ ਕੋ ਦਫ਼ਤਰ ਦੀਵਾਨ। ੩੫।

---

1. ਅਕਾਲੀ ਫੂਲਾ ਸਿੰਘ ਨਿਹੰਗ, ਪਹੀਆ-ਚੱਕਰ।
2. ਮਣਕੇਰਾ।
3. ਗਿਲਜ਼ਈ ਪਠਾਣ।

ਰੱਖਾ ਉਨ ਜ਼ਬਾਂ ਨੇਕ ਸ਼ਾਹੀ ਹਿਸਾਬ,
ਫਲਾਤੂੰ ਸ ਯਕ ਫੇਰ ਫੁਰਸਦ ਜਵਾਬ। ੩੬।
ਕਿਤੇ ਔਰ ਸਰਦਾਰ ਜੰਗੀ ਜਵਾਂ,
ਕਿਤੇ ਅਫ਼ਸਰੀ ਦਫ਼ਤਰੀ ਹੈ ਦਿਵਾਂ। ੩੭।
ਹਜ਼ਾਰੋਂ ਦਿਦਾਰੋਂ ਕਲਮਦਾਨ ਕੀ,
ਨਾ ਗਨਤੀ ਹੈ ਫ਼ੀਲ ਅਸਪ ਖ਼੍ਵਾਸਾਨ[1] ਕੀ। ੩੮।
ਲਗੀ ਲੈਨ ਤੋਪੈਂ ਕਈ ਕੋਸ ਮੈਂ,
ਨਹੀਂ ਉਸ ਨੀ ਗਨਤੀ ਪਰੇ ਹੋਸ਼ ਮੈਂ। ੩੯।
ਗ਼ੁਬਾਰੇ ਜੰਬੂਰੇ ਕੀ ਗਨਤੀ ਨਹੀ,
ਇਸੀ ਪਾਤਸ਼ਾਹੀ ਨ ਦੇਖੀ ਕਹੀਂ। ੪੦।
ਹੂਈ ਦਿਨ ਬਦਿਨ ਜੀਤ ਸਰਕਾਰ ਕੀ,
ਜੋ ਦੁਸ਼ਮਨ ਕਰੈ ਸਿਫ਼ਤ ਦਰਬਾਰ ਕੀ। ੪੧।
ਗ਼ਰੀਬੁਲ-ਪਰਸਤੀ ਗ਼ਨੀਮੁਲ-ਗੁਦਾਜ਼[2],
ਸਭੀ ਕਾਮ ਮੈ ਵਹੁ ਰਹਾ ਚਾਰ ਬਾਜ਼। ੪੨।
ਕੜਾ ਔਰ ਕੰਠਾ ਇਨਾਯਤ ਕੀਏ,
ਹੀਰਾ ਔ ਜਵਾਹਰ ਦੁਸ਼ਾਲੇ ਦੀਏ। ੪੩।
ਦੀਏ ਅਸਪ ਤਾਜ਼ੀ ਕਸ਼ੇ ਜ਼ੀਨੇ ਜ਼ਰ,
ਦੀਏ ਫ਼ੀਲ ਅੰਬਾਰੀਓਂ ਸੇ ਮੁਕੱਰ। ੪੪।
ਇਨਾਯਤ ਕਰੋਰੈਂ ਖਜ਼ਾਨੈਂ ਕੀਏ,
ਕਿਤੇ ਗਾਊਂ ਸਿਰ ਕੀ ਖ਼ਿਰਾਯਤ ਦੀਏ। ੪੫।
ਜ਼ਮੀਨਾਂ ਔ ਕਏ ਕੀ ਗਨਤੀ ਨਹੀਂ,
ਨਹੀਂ ਦਾਨ ਅਭਿਲਾਖਾ ਗਊਅਨ ਰਹੀ। ੪੬।
ਸਦਾ ਉਸ ਕੇ ਦਿਲ ਮੈਂ ਯਹੀ ਚਾਵ ਥਾ,
ਅਜਬ ਵਹੁ ਸਖ਼ਾਵਤ ਕਾ ਦਰੀਆਵ ਥਾ। ੪੭।
ਸਖ਼ਾਵਤ ਕੁਨਦ ਨੇਕ-ਬਖ਼ਤ ਅਖ਼ਤਯਾਰ,
ਕਿ ਮਰਦਿ ਸਖ਼ਾਵਤ ਸ਼ਬਦ ਬਖ਼ਤਯਾਰ[3]। ੪੮।
ਰਹੀ ਦੋਸਤੀ ਕੰਪਨੀ ਸੋਂ ਬਨੀ,
ਨਾ ਅਪਨੀ ਔ ਉਨ ਕੀ ਜੁਦਾਈ ਗਨੀ। ੪੯।
ਉਹ ਦਾਨਾਵ ਥਾ ਬੀਰ ਫ਼ਰਫੇਜ ਸੈਂ,
ਰਖੇ ਥਾ ਮੁਤਾਬਤ ਵਹੁ ਅੰਗਰੇਜ਼ ਸੈਂ। ੫੦।

---

1. ਸਵਾਰੀ ਖਾਸ (ਖੁਦ ਮਹਾਰਾਜਾ ਰਣਜੀਤ ਸਿੰਘ ਦੇ ਚੜ੍ਹਨ ਵਾਲੇ) ਦੇ ਘੋੜੇ।
2. ਗਰੀਬਾਂ ਦੀ ਪਾਲਨਾ ਪੋਸ਼ਨਾ ਤੇ ਵੈਰੀਆਂ ਨੂੰ ਭਾਲਨਾ।
3. ਭਲੇ ਪੁਰਖ ਸੁਖੀ ਹੁੰਦੇ ਹਨ ਅਤੇ ਸੁਖੀ ਲੋਕ ਭਾਗਵਾਨ ਹੁੰਦੇ ਹਨ।

ਗੁਰੂ ਪੁਸਤ ਉਸ ਕੀ ਪੈ ਮਦੱਤ ਧਰੈਂ,
ਸਭੀ ਲਾਟ ਆ ਕਰ ਮੁਤਾਬਤ ਕਰੈਂ। ੫੧।
ਸਿਰੋ ਲਾਹਿ ਟੋਪੀ ਕੋ ਕਰਤੇ ਸਲਾਮ,
ਕਰੇ ਪਾਤਸ਼ਾਹੀ ਮੁਲਕ ਕੀ ਤਮਾਮ। ੫੨।
ਤਵਾਜ਼ੈ ਦੁਤਰਫ਼ੀ ਕੀ ਮਨਜ਼ੂਰ ਥੀ,
ਦਰਜ਼¹ ਕੀ ਗਰਜ਼ ਖ਼ੁਦ ਬਖ਼ੁਦ ਦੂਰ ਥੀ। ੫੩।
ਤਵਾਜ਼ੋ ਜ਼ਿਆਦਤੂ ਕੁਨਦ ਜ਼ਾਹਿਰਾ,
ਕਿ ਅਜ਼ ਮਿਹਰ ਪਰਤੋ ਬਵਦ ਮਾਹ ਰਾ[2]। ੫੪।
ਇਸਾ ਤੌਰ ਊ ਕਾ ਰਿਹਾ ਦਿਨ ਬਦਿਨ,
ਨਾ ਰਖਨਾ ਪਰਾ ਦੋਸਤੀ ਏਕ ਛਿਨ। ੫੫।
ਯਹ ਖ਼ਲਕਤ ਖ਼ਿਜ਼ਾ ਜਾਨ ਕੀਨੀ ਤਰਕ,
ਸਬੀ ਪਾਤਸ਼ਾਹੀ ਸੌਂ ਕੀਨਾ ਫ਼ਰਕ। ੫੬।
ਖੜਕ ਸਿੰਘ ਕੋ ਤਖ਼ਤ ਬੈਠਾ ਦੀਆ,
ਮੁਲਕ ਪਾਤਸ਼ਹੀ ਕੋ ਮਾਲਿਕ ਕੀਆ। ੫੭।
ਬਹਿਸ਼ਤੀ ਹੂਏ ਪਾਤਸ਼ਾਹੀ ਕੌ ਕਰ,
ਸੁਨੀ ਸਬ ਵਿਲਾਯਤ ਮੈਂ ਉਸ ਕੀ ਖ਼ਬਰ। ੫੮।
ਠਾਰਾਂ ਸੈ ਊਪਰ ਛਿਆਨਵੇ[3] ਹੂਆ,
ਮਹਾਰਾਜ ਕਾ ਤਬ ਚਲਾਨਾ ਹੂਆ। ੫੯।
ਕਿਸ਼ਨ ਪੱਖ ਅਸਾੜ ਏਕਮ ਥੀ ਜਬ,
ਚਢੇ ਬੀਰਵਾਰਹਿ ਮਹਾਰਾਜ ਤਬ। ੬੦।
ਹੂਆ ਉਸ ਕਾ ਹਫ਼ਸੋਸ ਚਾਰੋਂ ਤਰਫ਼,
ਸਬਨ ਮੁਖ ਨਿਕਾਲਾ ਹੈ ਹਾ ਹਾ ਕਾ ਹਰਫ਼। ੬੧।
ਦੁਨੀ ਬੀਚ ਅਫ਼ਸੋਸ ਕੇ ਰਲ ਗਈ,
ਸਬੀ ਕੀ ਅਕਲ ਬੇ-ਅਕਲ ਹੋ ਗਈ। ੬੨।
ਲਗੀ ਲੋਟ ਪੋਟਨ ਸਬੀ ਰਾਨੀਆਂ,
ਜਿਨੇ ਆਬ ਮਹਿਤਾਬ ਬਿਲਲਾਨੀਆਂ। ੬੩।
ਜਿਨ੍ਹੈ ਦਾਮਿਨੀ ਦੇਖ ਦਬ ਜਾਤ ਹੈ,
ਵਹੁ ਕੂੰਜੋਂ ਕੀ ਮਾਨਿੰਦ ਕੁਰਲਾਤ ਹੈ। ੬੪।
ਕਿਤੀ ਰਾਨੀਆਂ ਸਾਥ ਹੋ ਜਲ ਗਈਂ,
ਕਿਤੀ ਰਾਨੀਆਂ ਸਥਰ ਕਾਤੀ ਲਈਂ। ੬੫।

---

1. ਪਾੜਾ, ਸ਼ਿਗਾਫ਼, ਤਰੇੜ।
2. ਜ਼ਾਹਰਦਾਰੀ ਕਰਨ ਵਾਲੇ ਲੋਗ ਬਹੁਤੀ ਤਵਾਜ਼ਿਆ ਕਰਦੇ ਹਨ ਕਿ ਚੰਦ ਨੂੰ ਸੂਰਜ ਤੋਂ ਰੌਸ਼ਨੀ ਮਿਲਦੀ ਹੈ।
3. ਸੰਮਤ 1896 ਦੇ ਹਾੜ ਦੀ 15, ਹਾੜ ਵਦੀ 1, ਦਿਨ ਵੀਰਵਾਰ, 27 ਜੂਨ ਸੰਨ 1839 ਈ.।

ਕਿਤੀ ਰਾਨੀਆਂ ਸੰਗ ਮਾਲਿਕ ਜਰੀ,
ਹੁਈ ਸਬ ਬਹਿਸ਼ਤ ਨ ਲਾਗੀ ਘਰੀ। ੬੬।
ਨਾ ਭੂਲੇਗਾ ਜਬ ਤਕ ਜ਼ਮੀ ਆਸਮਾਂ,
ਇਸਾ ਪਾਤਸ਼ਾਹ ਫੈਜ਼ ਬਖ਼ਸ਼ੇ ਜਹਾਂ। ੬੭।
ਇਸਾ ਪਾਤਸ਼ਾਹ ਕਿਉਂ ਨ ਜੀਤਾ ਰਹਾ,
ਯਹ ਸਤਿਜੁਗ ਕਲੂ ਬੀਚ ਬੀਤਾ ਰਹਾ। ੬੮।
ਹੂਆ ਸ਼ਾਹਜ਼ਾਦਾ ਖੜਕ ਸਿੰਘ ਸ਼ਾਹ,
ਲਗਾ ਚੇਤ ਸਿੰਘ ਕੀ ਵਹੁ ਵਰਤਨ ਸਲਾਹ। ੬੯।
ਹੂਈ ਦਿਨ ਬਦਿਨ ਉਸ ਕੀ ਮੱਦਤ ਨਈ,
ਮਗਰ ਧਜਾਨ ਸਿੰਘ ਕੋ ਗ਼ਰੂਰਤ ਭਈ। ੭੦।
ਜਲਦ ਚੇਤ ਸਿੰਘ ਉਸ ਨੇ ਮਾਰਾ ਜਬੈ,
ਫਿਕਰ ਪਾਤਸ਼ਾਹੀ ਮੈ ਡਾਰਾ ਤਬੈ। ੭੧।
ਰਹੈ ਉਸ ਕੇ ਅਫ਼ਸੋਸ ਮੈਂ ਪਾਤਸ਼ਾਹ,
ਕੋਊ ਦਿਨ ਕੋ ਪਾ ਕਰ ਵਹੁ ਹੂਆ ਫ਼ਨਾਹ। ੭੨।
ਉਸੀ ਦਿਨ ਗਿਰੀ ਕੌਰਾ[1] ਸਿਰ ਪੁਰ ਦਿਵਾਲ,
ਦੋਊ ਬਾਪ ਬੇਟਾ ਚਲੇ ਦਮ ਨਿਕਾਲ। ੭੩।
ਉਧਮ ਸਿੰਘ ਰਾਜਾ[2] ਕਾ ਬੇਟਾ ਮੂਆ,
ਵੁਹੀ ਕੌਰ ਕੇ ਸੰਗ ਸਾਥੀ ਹੂਆ। ੭੪।
ਹੂਆ ਉਨ ਕੇ ਮਰਨੇ ਕਾ ਅਫ਼ਸੋਸ ਹੈ,
ਯਹ ਹੋਨੀ ਬਲਾ ਕਿਸ ਕੇ ਸਿਰ ਦੋਸ ਹੈ। ੭੫।
ਜਵਾਂ ਮੌਤ ਸੁਨ ਕਰ ਪਟਰਾਨੀਆਂ,
ਲਗੀ ਰੋਨ ਪੀਟਨ ਜੋ ਖੁਸ਼ ਖ਼ਾਨੀਆਂ। ੭੬।
ਜਰੀ ਸਾਥ ਉਨ ਕੇ ਲਗਾ ਆਗ ਕੋ,
ਧੋਆ ਉਸ ਨੇ ਅਪਨੇ ਹੂ ਦਿਲ ਦਾਗ਼ ਕੋ। ੭੭।
ਪੜਾ ਸ਼ੋਰ ਪੰਜਾਬ ਐਸਾ ਜਬਰ,
ਨਬੀ ਥਰਥਰਾਨੇ ਯਹ ਪਾ ਕਰ ਖ਼ਬਰ। ੭੮।
ਕਹੈਂ ਲੋਗ ਅਬ ਪਾਤਸ਼ਾਹੀ ਗਈ,
ਰਾਜਾ ਧਿਆਨ ਸਿੰਘ ਨੇ ਨਾ ਜਾਨੇ ਦਈ। ੭੯।
ਕਮਰ ਬਾਂਧ ਹਿੰਮਤ ਖ਼ਬਰਦਾਰ ਹੈ,
ਲਿਖਾ ਸ਼ੇਰ ਸਿੰਘ ਕੋ ਨ ਦਮ ਦੇਰ ਹੈ। ੮੦।

---

1. ਕੰਵਰ ਨੌ-ਨਿਹਾਲ ਸਿੰਘ, ਚਲਾਣਾ 6 ਨਵੰਬਰ, ਸੰਨ 1840 ਈ.।
2. ਰਾਜਾ ਗੁਲਾਬ ਸਿੰਘ ਡੋਗਰਾ, ਜਿਸ ਦਾ ਪੁੱਤਰ ਉਧਮ ਸਿੰਘ ਸੀ।

ਕਹਾ ਧਜਾਨ ਸਿੰਘ ਸ਼ੇਰ ਸਿੰਘ ਕੋ ਬੁਲਾ,
ਤਖਤ ਕੇ ਬਿਠਾਨੇ ਕੀ ਕੀਨੀ ਸਲਾਹ। ੮੧।
ਨਹੀਂ ਸਿੰਧਾਂਵਾਲੋਂ ਨੇ ਮਾਨੀ ਸਲਾਹ,
ਤਬੈ ਚੰਦ ਕੌਰਾਂ ਕਰੀ ਪਾਤਸ਼ਾਹ। ੮੨।
ਬਨੀ ਬਾਤ ਕੌਂਸਲ ਕੀ ਚੰਦ ਰੋਜ਼ ਹੈ,
ਹਟੇ ਸ਼ੇਰ ਸਿੰਘ ਹਰ ਜਕੇ ਖੋਜ ਲੈ। ੮੩।
ਤਬੈ ਧਜਾਨ ਸਿੰਘ ਅਗਰ ਦੀਨੀ ਸਲਾਹ,
ਕਰੋਗਾ ਤੁਮੈਂ ਤਖਤ ਪਰ ਪਾਤਸਾਹ। ੮੪।
ਯਹ ਖਾਤਰ ਜਮਾ ਸ਼ੇਰ ਸਿੰਘ ਜੂ ਰਖੇ,
ਕੋਊ ਦਿਨ ਮੈਂ ਖ਼ੁਦ ਰਾਜ ਅਪਨਾ ਲਖੇ। ੮੫।
ਉਤੈ ਸ਼ੇਰ ਸਿੰਘ ਜੂ ਵਟਾਲੇ ਗਏ,
ਇਤੈ ਧਜਾਨ ਸਿੰਘ ਜੂ ਫ਼ਿਕਰ ਮੇਂ ਭਏ। ੮੬।
ਲਗੇ ਲੋਕ ਕਹਿਨੇ ਯਹ ਔਰਤ ਕਾ ਰਾਜ,
ਨਹੀਂ ਕਾਮ ਸਰਤਾ ਕਰੈਂ ਕਾ ਇਲਾਜ। ੮੭।
ਕਰੀ ਫੌਜ ਮਿਲ ਧਿਆਨ ਸਿੰਘ ਸੇ ਸਲਾਹ,
ਬੁਲਾ ਸ਼ੇਰ ਸਿੰਘ ਕੋ ਕਰੋ ਪਾਤਸਾਹ। ੮੮।
ਸਭੀ ਪਲਟਨੇਂ ਰਜਬਨੈਂ ਮਿਲ ਗਈਂ,
ਹੁਕਮ ਸ਼ੇਰ ਸਿੰਘ ਕੇ ਬਜਾਨੇ ਲਈਂ। ੮੯।
ਕਹਾ ਧਿਆਨ ਸਿੰਘ ਜੋ ਬਿਰਾਦਰ ਬੁਲਾ,
ਬੁਲਾ ਹੀਰਾ ਸਿੰਘ ਕੋ ਕਰੀਏ ਸਲਾਹ। ੯੦।
ਰਹੋ ਤੁਮ ਕਿਲਾ ਮੈਂ ਖ਼ਬਰਦਾਰ ਹੋ,
ਕੋਈ ਦਿਨ ਮੈਂ ਆਤਾ ਹੂੰ ਜੰਮੂ ਸੇ ਹੋ। ੯੧।
ਬਨੀ ਸ਼ੇਰ ਸਿੰਘ ਸੋਂ ਹਮਾਰੀ ਸਲਾਹ,
ਕੋਊ ਦਿਨ ਸੇ ਕਰਨਾ ਉਸੈ ਪਾਤਸ਼ਾਹ। ੯੨।
ਅਗਰ ਸ਼ੇਰ ਸਿੰਘ ਆਇ ਤੁਮ ਸੇ ਲਰੈ,
ਨ ਦੇਨਾ ਕਿਲਾ ਜ਼ੋਰ ਕੇਤਾ ਕਰੈ। ੯੩।
ਮੈਂ ਆ ਕਰ ਨਿਕਾਰੂੰ ਕਿਲਾ ਸੇ ਤੁਝੈ,
ਯਹੀ ਬਾਤ ਸਾਚੀ ਪਛਾਨੋਂ ਮੁਝੈ। ੯੪।
ਰਹੇ ਹੈ ਚੁਤਰਫ਼ੀ ਸ਼ਰਤ ਇਸ ਤਰਾਂ,
ਬਨਾ ਕਰ ਬਾਤ ਜੰਮੂ ਕੋ ਹੂਏ ਰਵਾਂ। ੯੫।
ਉਤੈ ਸ਼ੇਰ ਸਿੰਘ ਜੂ ਸੋਂ ਕੀਨਾ ਮਤਾ,
ਚਲੋ ਝਪਟ ਲਾਹੌਰ ਕੀਜੇ ਫਤਾ। ੯੬।

ਚਢੇ ਸ਼ੇਰ ਸਿੰਘ ਸਤਿਗੁਰੂ ਕੋ ਮਨਾ,
ਫ਼ਤਾ ਕਾ ਨਿਸ਼ਾਨਾ ਲੀਆ ਹੈ ਬਜਾ। ੯੭।
ਜਕੋ ਦਮ ਪਹੂਚੇ ਹੈਂ ਲਾਹੌਰ ਦੌਰ,
ਜੁ ਬੁੱਧੂ ਕਾ ਆਵਾ ਬਨੀ ਬੇਸ[1] ਠੌਰ। ੯੮।
ਮਿਲੇ ਰਜਬਨੈਂ ਪਲਟਨੈਂ ਕੇ ਜਵਾਂ,
ਮਿਲੇ ਘੁੜਚੜ੍ਹੇ ਤੋਪਖਾਨੇ ਕਲਾਂ। ੯੯।
ਗ਼ੁਬਾਰੇ ਜੰਬੂਰੇ ਜਲਦ ਮਿਲ ਖੜੇ,
ਸਬੀ ਕੜ ਕੜਾ ਕਰ ਕਿਲਾ ਪੁਰ ਪੜੇ। ੧੦੦।
ਜਲਦ ਆਨ ਘੇਰਾ ਚੁਤਰਫੈਂ ਲਾਹੌਰ,
ਲਗੀ ਥਰਥਰਾਨੇ ਤਬੀ ਚੰਦ ਕੌਰ। ੧੦੧।
ਜਿਤੇ ਜਾ ਬਰੇ ਥੇ ਕਿਲਾ ਮੈਂ ਜਵਾਨ,
ਵਹੀ ਰਹਿ ਗਏ ਸਾਥ ਉਸ ਕੇ ਨਿਸ਼ਾਨ। ੧੦੨।
ਅਤਰ ਸਿੰਘ ਅੰਦਰ ਜੁ ਸਰਦਾਰ ਥਾ,
ਦੋਊ ਰਾਜਿਉਂ ਸਾਥ ਮੁਖਤਿਆਰ ਥਾ। ੧੦੩।
ਦੋਊ ਓਰ ਝਟ-ਪਟ ਪੜਾ ਜੰਗ ਹੈ,
ਜੁੜੀਂ ਪਲਟਨੈਂ ਜੁ ਰੰਗਾ ਰੰਗ ਹੈ। ੧੦੪।
ਕੜਾ ਕੜ ਉਠੈਂ ਤੋਪ ਜੰਗੀ ਜੜੀ,
ਦੜਾ ਦੜ ਗਿਰੈਂ ਈਟ ਲਾਖੋਂ ਖੜੀ। ੧੦੫।
ਗ਼ੁਬਾਰੈਂ ਕਾ ਗੋਲਾ ਚਲੈ ਝਟਪਟੈ,
ਅਸਪ ਔ ਜਵਾਂ ਹਰ ਤਰਫ ਕੇ ਕਟੈ। ੧੦੬।
ਹੂਆ ਜੰਗ ਦਿਨ ਪਾਂਚ ਔ ਰਾਤ ਲੌਂ,
ਨ ਛੂਟਾ ਕਿਲਾ ਧਿਆਨ ਸਿੰਘ ਆਤ ਲੌਂ। ੧੦੭।
ਜਬੈਂ ਧਿਆਨ ਸਿੰਘ ਆ ਦਾਖਲ ਭਏ,
ਪਰੀ ਬੰਦ ਤੋਪੈਂ ਸਬੀ ਹਟ ਗਏ। ੧੦੮।
ਤਬੀ ਬੇਦੀ ਸਾਹਿਬ ਕੋ ਲੀਨਾ ਬੁਲਾ,
ਮਿਲੀ ਸਾਥ ਉਸ ਕੇ ਜੁ ਅੰਦਰ ਸਿਪਾਹ। ੧੦੯।
ਸਬੀ ਧਿਆਨ ਸਿੰਘ ਜੂ ਦੀਨੇ ਮਿਲਾ,
ਤਬੀ ਸ਼ੇਰ ਸਿੰਘ ਕੋ ਕੀਆ ਪਾਤਸ਼ਾਹ। ੧੧੦।
ਮਿਲੇ ਨਾਹਿ ਤਾ ਕੋ ਸਿੰਧਾਂਵਾਲੀਏ,
ਕਿਲੇ ਖੋਸ ਤਾ ਕੇ ਬਿਮਾਲਿਕ ਕੀਏ। ੧੧੧।
ਕਿਤੇ ਖੌਫ ਸੋ ਪਾਰ ਦਰਿਯਾ ਗਏ,
ਕਿਤੇ ਕੋਪ ਕਰ ਬੰਦਖਾਨੇ ਦੀਏ। ੧੧੨।

1. Base—ਬੰਸ ਛਿਪੇ।

ਮਗਰ ਸ਼ੇਰ ਸਿੰਘ ਜਬਰ ਜ਼ੋਰਾ ਕੀਆ,
ਹਮਲ ਕੌਰ ਔਰਤ ਕਾ ਗਿਰਵਾ ਦੀਆ। ੧੧੩।
ਕਿਤੇ ਦਿਨ ਕੋ ਮਰਵਾ ਦਈ ਚੰਦ ਕੌਰ,
ਕਰੇ ਸ਼ੇਰ ਸਿੰਘ ਪਾਤਸ਼ਾਹੀ ਲਾਹੌਰ। ੧੧੪।
ਰਹੇ ਦਿਨ ਬਦਿਨ ਧਿਆਨ ਸਿੰਘ ਕੀ ਸਲਾਹ,
ਨ ਮਾਨੈ ਕਿਸੂ ਔਰ ਕੋ ਪਾਤਸ਼ਾਹ। ੧੧੫।
ਜਬੈ ਸਲਤਨਤ ਉਸ ਨੈ ਖੁਦ ਕਰ ਲੀਆ,
ਤਬੈ ਸਿੰਧਾਂਵਾਲੋਂ ਕੋ ਬੁਲਾਨਾ ਕੀਆ। ੧੧੬।
ਅਗਰ ਸਿੰਧਾਂਵਾਲਨ ਕੋ ਲੀਨਾ ਮੰਗਾ,
ਵਹੁ ਆਏ ਦਗਾ ਉਨ ਨੈ ਰੱਖਾ ਛੁਪਾ। ੧੧੭।
ਚੱਕੀ ਉਨ ਨੈਂ ਦਿਨ ਰਾਤ ਖਿਦਮਤ ਕਲਾਂ,
ਲੀਆ ਮੁਲਕ ਅਪਨਾ ਕਹਾ ਕਰ ਜ਼ਬਾਂ। ੧੧੮।
ਜਿਤੇ ਕੈਦ ਥੇ ਸਭ ਲੀਏ ਹੋ ਛੁਰਾ,
ਤਬੀ ਹੁਐ ਗਏ ਉਹ ਮੁਸਾਹਬ ਸਲਾਹ। ੧੧੯।
ਅਤਰ ਸਿੰਘ ਆ ਕਰ ਨ ਅਪਨਾ ਹੂਆ,
ਹਠੀ ਸਿੰਘ ਐਸਾ ਨਾ ਦੇਖਾ ਦੂਆ। ੧੨੦।
ਵਹੁ ਲਿਖਤਾ ਰਹਾ ਜੀਤ ਸਿੰਘ ਕੋ ਕਲਾਮ,
ਬਿਨਾਂ ਤਖਤ ਗਰਦੀ ਜੈ ਖਾਣਾ ਹਰਾਮ। ੧੨੧।
ਜਬੈ ਜੀਤ ਸਿੰਘ[1] ਪੁਰ ਵਿਸਾ ਪਾਤਸ਼ਾਹ,
ਵਹੀ ਦਾਗ ਦਿਲ ਚੰਦ ਕੌਰਾਂ ਫ਼ਨਾਹ। ੧੨੨।
ਲੀਆ ਬੈਰ ਉਸ ਕਾ ਨਹੀ ਜਬ ਤਲਕ,
ਦੋਊ ਆਂਖ ਮਿਲ ਕਰ ਨ ਲਗਤੀ ਪਲਕ। ੧੨੩।
ਬਨਾ ਸ਼ਾਹ ਬਿਲਾਵਲ[2] ਅਜਾਇਬ ਮਕਾਂ,
ਉਹਾਂ ਸ਼ਾਹ ਜਾ ਕਰ ਕੇ ਦੇਖਤ ਜਵਾਂ। ੧੨੪।
ਮੰਗਾ ਫ਼ੌਜ ਅਪਨੀ ਦਿਖਾਲਾ ਦੀਆ,
ਯਕੇ ਰੋਜ਼ ਉਨ ਦਾਉ ਐਸਾ ਕੀਆ। ੧੨੫।
ਯਹ ਲੰਦਨ ਸੇ ਆਈ ਦੁਨਾਲੀ ਨਈ,
ਲਗਾ ਸ਼ਾਹ ਲੈਨੇ ਕਲਾ ਦਬ ਦਈ। ੧੨੬।
ਦੁਨਾਲੀ ਨਿਕਲ ਗੀ ਜਿਗਰ ਜਲਦ ਚੀਰ,
ਹੁਈ ਪਾਤਸ਼ਾਹ ਜਾਨ ਪਲ ਮੇਂ ਤਗੀਰ। ੧੨੭।

1. ਸਰਦਾਰ ਅਜੀਤ ਸਿੰਘ ਸੰਧਾਵਾਲੀਆ।
2. ਸ਼ਾਹ ਬਿਲਾਵਲ ਦਾ ਮਕਬਰਾ, ਜੋ ਸ਼ਹਿਰ ਲਾਹੌਰ ਦੇ ਪੂਰਬ ਨੂੰ ਪਿੰਡ ਕੋਟ ਖ਼ਾਜਾ ਸਈਦ ਦੇ ਚੜ੍ਹਦੇ ਵੱਲ ਹਕੀਕਤ ਰਾਇ ਦੀ ਸਮਾਧ ਤੋਂ ਉੱਤਰ ਵੱਲ ਹੈ।

ਤਰਫ਼ਿ ਸ਼ਾਹ ਮੈਂ ਕਟ ਕਰ ਬੁਧ ਸਿੰਘ ਮੂਆ,
ਮੂਆ ਲਾਭ ਸਿੰਘ ਖ਼ੂਬ ਕਟ ਕਰ ਦੂਆ। ੧੨੮।
ਤਖਤ ਜੀਤ ਸਿੰਘ ਝਟ ਖਾਲੀ ਕੀਆ,
ਲਹਿਨਾ ਸਿੰਘ ਜਾ ਕੋਰ ਕਾ ਸਿਰ ਲੀਆ। ੧੨੯।
ਕਰੀ ਪਾਤਸ਼ਾਹ ਜਾਨ ਬਾਹਰ ਤਗ਼ੀਰ[1],
ਕਿਲਾ ਬੀਚ ਜਾ ਕਰਕੇ ਮਾਰਾ ਵਜ਼ੀਰ। ੧੩੦।
ਉਨੈ ਨੇ ਦਲੀਪ ਸਿੰਘ[2] ਬੁਲਾ ਕਰ ਲੀਆ,
ਤਖਤ ਪਰ ਤਿਲਕ ਦੇ ਕੇ ਮਾਲਿਕ ਕੀਆ। ੧੩੧।
ਲੀਆ ਆਪ ਉਨ ਨੈ ਵਜ਼ੀਰੀ ਖ਼ਿਤਾਬ,
ਇਤੇ ਕਾਮ ਕੀਏ ਉਸੀ ਦਿਨ ਸ਼ਿਤਾਬ। ੧੩੨।
ਪੜਾ ਸ਼ੋਰ ਲਹੌਰ ਐਸਾ ਜਬਰ,
ਤਬੈ ਹੀਰਾ ਸਿੰਘ[3] ਜਲਦ ਪਾਈ ਖਬਰ। ੧੩੩।
ਲਗੀ ਬਾਤ ਆਤਸ਼ ਭਰਾ ਜੋਸ਼ ਮੈਂ,
ਵਹੁ ਦਾਨਾਵ ਥਾ ਚੁਸਤ ਸਭ ਹੋਸ਼ ਮੈਂ। ੧੩੪।
ਸੁਨਾ ਕਰ ਸਭੀ ਫ਼ੌਜ ਅੰਦਰ ਕਹਾ,
ਮੂਆ ਧਿਆਨ ਸਿੰਘ ਸੁਨ ਨਾ ਧੀਰਜ ਰਹਾ। ੧੩੫।
ਕਰੈ ਕੌਨ ਸਬ ਫ਼ੌਜ ਕੀ ਪਰਵਰੀ,
ਅਦਾਲਤ ਕਰੈ ਕੋਨ ਸਿਰ ਪਰ ਧਰੀ। ੧੩੬।
ਅਮਰ ਸਿੰਘ ਫ਼ਰਜ਼ੰਦ ਆਗੇ ਹੂਆ,
ਹੀਰਾ ਸਿੰਘ ਕੇ ਸਾਥ ਸ਼ਾਮਲ ਦੂਆ। ੧੩੭।
ਜੁ ਗੁਰਦਿੱਤ ਸਿੰਘ ਨਾਮ ਉਸ ਕਾ ਜਗਾ,
ਮਿਲਾ ਫ਼ੌਜ ਰਾਜਾ ਕੋ ਕਹਿਨੇ ਲਗਾ। ੧੩੮।
ਤੂੰ ਬੇਟਾ ਹੈ ਉਸ ਕਾ ਹੁਕਮ ਦੀਜੀਏ,
ਸਭੀ ਮਾਨ ਲੇਂਗੇ ਕਹੋ ਕੀਜੀਏ। ੧੩੯।
ਮੂਆ ਧਿਆਨ ਸਿੰਘ ਬੀਰਬਲ ਸਾ ਵਜ਼ੀਰ,
ਨਹੀਂ ਹਾਥ ਆਤਾ ਹੈ ਐਸਾ ਅੰਬੀਰ। ੧੪੦।
ਸਭੀ ਫ਼ੌਜ ਰਾਜਾ ਕੀ ਖ਼ਾਤਰ ਕਰੀ,
ਲਿਜੈ ਬਾਪ ਕਾ ਬੈਰ ਅਬ ਕੀ ਘਰੀ। ੧੪੧।
ਵਜ਼ੀਰੀ ਤੁਮਾਰੀ ਕਹਾਂ ਜਾਇਗੀ,
ਸੁਨੈਂ ਰਾਜਾ ਸਾਹਿਬ ਤਮੈ ਆਇਗੀ। ੧੪੨।

---

1. ਤਗ਼ੱਈਅਰ—ਤੁਰ ਗਈ ਚਲਾਣਾ ਕਰ ਗਈ, ਪਹਿਲੀ ਥਾਂ ਤੋਂ ਹੋਰ ਥਾਂ ਚਲੀ ਗਈ।
2. ਮਹਾਰਾਜਾ ਰਣਜੀਤ ਸਿੰਘ ਦਾ ਸਭ ਤੋਂ ਛੋਟਾ ਪੁੱਤਰ, ਮਹਾਰਾਜਾ ਦਲੀਪ ਸਿੰਘ।
3. ਵਜ਼ੀਰ ਧਿਆਨ ਸਿੰਘ ਡੋਗਰਾ ਦੇ ਪੁੱਤਰ।

ਸਬੀ ਫ਼ੌਜ ਸ਼ਾਹੀ ਜਲਦ ਮਿਲ ਗਈ,
ਉਠੀ ਫਿਰ ਕਿਲਾ ਪੈ ਲਰਾਈ ਨਈ। ੧੪੩।
ਲਗਾ ਜੰਗ ਹੋਨੇ ਚਲੈਂ ਗੋਲੀਆਂ,
ਉਡੈਂ ਪ੍ਰਾਣ ਲੈ ਕਰ ਭਰੇ ਝੋਲੀਆਂ। ੧੪੪।
ਦਗੀ ਤੋਪ ਤੜ ਤੜ ਜਿਤੀ ਡਾਹੀਆਂ,
ਲਗੀਂ ਗਿਰਨ ਦੜ ਦੜ ਸਬੀ ਬਾਹੀਆਂ। ੧੪੫।
ਗੁਬਾਰੇ ਜੰਬੂਰੇ ਕਰੀ ਧੁੰਦ ਹੈ,
ਦਿਖਾ ਸੰਧਾਵਾਲਨ ਮਢਾ ਦੁੰਦ ਹੈ। ੧੪੬।
ਉਡੈ ਈਂਟ ਬੁਰਜਨ ਗੋਲਾਨ ਸੈਂ,
ਫਿਰੈ ਯੌ ਜਾਨਵਰ ਸੀ ਅਸਮਾਨ ਸੈਂ। ੧੪੭।
ਕਿਲਾ ਤੌ ਫਤਾ ਬੀਚ ਦਮ ਕੇ ਕਰਾ,
ਜਲਦ ਜੀਤ ਸਿੰਘ ਕਾ ਜੁਦਾ ਸਿਰ ਧਰਾ। ੧੪੮।
ਕਿਤੇ ਹਾਥ ਕੀਨੇ ਲਹਿਣਾ ਸਿੰਘ ਬੀਰ,
ਕਲਾਂ ਥਾ ਬਹਾਦੁਰ ਵਹੁ ਸਾਹਿਬ ਅਮੀਰ। ੧੪੯।
ਲਹਿਣਾ ਸਿੰਘ ਕੋ ਮਾਰ ਬਦਲਾ ਲੀਆ,
ਹੀਰਾ ਸਿੰਘ ਤਬ ਕਾਮ ਅਪਨਾ ਕੀਆ। ੧੫੦।
ਲਈ ਉਨ ਵਜ਼ੀਰੀ ਖ਼ਬਰਦਾਰ ਹੋ,
ਰਹੇ ਪਾਸ ਜੱਲ੍ਹਾ ਜੁ ਮੁਖਤਿਆਰ ਹੋ। ੧੫੧।
ਕੀਆ ਹੁਕਮ ਜੱਲ੍ਹਾ ਨੇ ਖੁਦ ਨਾਦਰੀ[1],
ਰਖੈ ਸੋ ਮਗਜ਼ ਪੈ ਕਲਾਂ ਕਾਦਰੀ। ੧੫੨।
ਹੁਕਮ ਪਾਤਸ਼ਾਹ ਕਾ ਨਾ ਚਲਨੈ ਦੀਏ,
ਉਨ੍ਹੈਂ ਹੁਕਮ ਖੁਦ ਬਖੁਦ ਅਪਨਾ ਕੀਆ। ੧੫੩।
ਲਗੀ ਥਰਥਰਾਨੇ ਸਬੀ ਫ਼ੌਜ ਹੈ,
ਨ ਛਾਡੀ ਕਿਸੇ ਬੀਚ ਖੁਦ ਮੌਜ ਹੈ। ੧੫੪।
ਸੁਚੇਤ ਸਿੰਘ[2] ਆ ਕਰ ਰਚਾ ਜੰਗ ਹੈ,
ਵਜ਼ਾਰਤ ਕਾ ਦਿਲ ਮੈਂ ਹੂਆ ਰੰਗ ਹੈ। ੧੫੫।
ਹੀਰਾ ਸਿੰਘ ਕੋ ਉਨ ਕੱਢੀ ਬੋਲੀਆਂ,
ਲੱਗੀ ਹੈ ਦੁਤਰਫੋਂ ਚਲਨ ਗੋਲੀਆਂ। ੧੫੬।
ਲਗੀ ਚਲਨ ਤੀਖੀ ਜੁ ਤਰਵਾਰ ਹੈ,
ਤਬੀ ਖ਼ੂਨ ਖਾਸੀ ਚਲੀ ਧਾਰ ਹੈ। ੧੫੭।

---

1. ਨਾਦਰ ਸ਼ਾਹ ਈਰਾਨੀ ਵਰਗਾ ਕਰੜਾ ਹੁਕਮ।
2. ਰਾਜਾ ਸੁਚੇਤ ਸਿੰਘ, ਧਿਆਨ ਸਿੰਘ ਤੇ ਗੁਲਾਬ ਸਿੰਘ ਦਾ ਭਾਈ, ਹੀਰਾ ਸਿੰਘ ਦਾ ਚਾਚਾ। ਇਹ ਸਿੰਘਾਂ ਦਾ ਬੁਲਾਇਆ ਹੋਇਆ ਲਾਹੌਰ ਆਇਆ ਸੀ।

ਉਧਰ ਥਾ ਇਕੇਲਾ ਸੁਚੇਤ ਸਿੰਘ ਬੀਰ,
ਇਧਰ ਪਾਤਸਾਹੀ ਕਾ ਮਾਲਿਕ ਵਜ਼ੀਰ। ੧੫੮।
ਸੁਚੇਤ ਸਿੰਘ ਐਸਾ ਬਹਾਦੁਰ ਜਵਾਂ,
ਕਟੀ ਫ਼ੌਜ ਸ਼ਾਹੀ ਕੀ ਉਸ ਨੇ ਕਲਾਂ। ੧੫੯।
ਮੂਆ ਭੀਮ ਸਿੰਘ ਹਾਥ ਕਰ ਕੇ ਦੀਵਾਂ,
ਮੂਆ ਖ਼ੂਬ ਕਟ ਕੇਸਰੀ ਸਿੰਘ ਜਵਾਂ। ੧੬੦।
ਸੁਚੇਤ ਸਿੰਘ ਮਾਰਾ ਉਸੀ ਜੰਗ ਮੈਂ,
ਹੂਆ ਤਬ ਹੀਰਾ ਸਿੰਘ ਬਡੇ ਰੰਗ ਮੈਂ। ੧੬੧।
ਕੋਊ ਦਿਨ ਕਰੀ ਖੂਬ ਉਸ ਨੇ ਬਹਾਰ,
ਮਗਰ ਮੌਤ ਕਾ ਜਲਦ ਆਇਆ ਕਰਾਰ। ੧੬੨।
ਅਤਰ ਸਿੰਘ ਪੀਛੇ ਕੀਆ ਜੋਸ਼ ਥਾ,
ਭਾਈ ਵੀਰ ਸਿੰਘ ਮੈਂ ਨਾ ਕਛੁ ਦੋਸ਼ ਥਾ। ੧੬੩।
ਉਡਾ ਕਰ ਤਬੈ ਉਸ ਕਾ ਡੇਰਾ ਦੀਆ,
ਸੁਬੀ ਸਾਧ ਸੰਤੋਂ ਜੁ ਪੁਰਜ਼ੇ ਕੀਆ। ੧੬੪।
ਲੀਆ ਊਨ ਸਬੂਰੀ ਕਾ ਦਰਜਾ ਕਮਾਲ,
ਲਗਾ ਤੋਪ ਗੋਲਾ ਚਲਾ ਦਮ ਨਿਕਾਲ। ੧੬੫।
ਸਬੂਰੀ ਬਵਦ ਕਾਰਿ ਸਾਹਿਬ ਦਿਲਾਂ,
ਸਬੂਰੀ ਬਵਦ ਪ੍ਰੇਜ਼ਾਏ ਮੁਕਾਬਲਾਂ[1]। ੧੬੬।
ਅਤਰ ਸਿੰਘ ਮਾਰਾ ਉਸੀ ਠੌਰ ਮੈਂ,
ਹੀਰਾ ਸਿੰਘ ਜਲ੍ਹਾ ਬਡੇ ਤੌਰ ਮੈਂ। ੧੬੭।
ਤਬੈ ਪੰਥ ਪਰ ਕੋਪ ਸਾਧੂ ਹੂਆ,
ਇਸੀ ਬਾਤ ਬਿਨ ਹੈ ਨਾ ਕਾਰਨ ਦੂਆ। ੧੬੮।
ਤਕੱਬਰ ਸੋਂ ਜੱਲ੍ਹਾ ਲਗਾ ਬੋਲਨੇਂ,
ਲਗਾ ਖ਼ਾਲਸਾ ਤਬ ਜ਼ਹਿਰ ਘੋਲਨੇਂ। ੧੬੯।
ਕਿਤੇ ਦਿਨ ਕੋ ਪਾ ਕਰ ਖਪਾ ਖ਼ਾਲਸਾ,
ਹੀਰਾ ਸਿੰਘ ਜੱਲ੍ਹਾ ਕੋ ਲੇ ਕਰ ਨਸਾ। ੧੭੦।
ਹੂਆ ਜਬ ਹੀਰਾ ਸਿੰਘ ਰਾਵੀ ਸੇਂ ਪਾਰ,
ਉਨੇ ਖ਼ਾਲਸਾ ਕੇ ਕੜਾਕੇ ਅਪਾਰ। ੧੭੧।
ਜਵਾਹਰ ਜੁ ਸਿੰਘ[2] ਸਾਥ ਮੌਦਤ ਕਰੀ,
ਦੋਊ ਮਾਰ ਲੀਨੋਂ ਨ ਲਾਗੀ ਘਰੀ। ੧੭੨।

---

1. ਸਬੂਰੀ (ਗੰਭੀਰਤਾ) ਵੱਡੇ (ਖੁੱਲੇ) ਦਿਲ ਵਾਲਿਆਂ ਦਾ ਕੰਮ ਹੁੰਦਾ ਹੈ। ਰੱਬ ਦੀ ਦਰਗਾਹ ਵਿਚ ਪਰਵਾਣ ਬੰਦਿਆਂ ਲਈ ਸਬੂਰੀ ਮੁੱਖ ਗੱਲ ਹੈ।
2. ਸਰਦਾਰ ਜਵਾਹਰ ਸਿੰਘ ਜੋ ਮਹਾਰਾਣੀ ਜਿੰਦ ਕੌਰ ਦਾ ਭਾਈ ਸੀ ਤੇ ਹੀਰਾ ਸਿੰਘ ਦੇ ਮਾਰੇ ਜਾਣ ਪਿੱਛੋਂ ਵਜ਼ੀਰ ਬਣਿਆ ਸੀ।

ਸੋਹਨ ਸਿੰਘ ਸਿੰਘਨ ਸੋਂ ਲਰ ਕਰ ਮੂਆ,
ਮੂਆ ਲਾਭ ਸਿੰਘ ਖੂਬ ਕਟ ਕਰ ਦੂਆ। ੧੭੩।
ਮੂਏ ਹੈ ਬਹਾਦੁਰ ਸਭੀ ਹਾਥ ਕਰ,
ਵਹੁ ਰਾਜਪੂਤ ਥੇ ਜੰਗ-ਬਾਜ਼ੀ ਕੇ ਘਰ। ੧੭੪।
ਵਜ਼ਾਰਤ ਜਵਾਹਰ ਜੁ ਸਿੰਘ ਕੋ ਹੂਈ,
ਕਰੀ ਮੌਜ ਲਾਹੌਰ ਮੈਂ ਦਿਨ ਕਈ। ੧੭੫।
ਪਸ਼ੌਰਾ ਸਿੰਘ ਉਨ ਨੇ ਮਰਵਾ ਦੀਆ,
ਤਬੈ ਖਾਲਸਾ ਕੋਪ ਉਸ ਪਰ ਕੀਆ। ੧੭੬।
ਲਗਾ ਕਹਿਨੇ ਯਹਿ ਭੂਲ ਹਮ ਪੈ ਭਈ,
ਸਰਨ ਆਪ ਕੀ ਆਨ ਕਰ ਮੈਂ ਲਈ। ੧੭੭।
ਕਰੋ ਮਿਹਰਬਾਨੀ ਰੱਖੋ ਜਾਨ ਕੋ,
ਧਰੋ ਸੀਸ ਅਪਨੇ ਗੁਰੂ ਆਨ ਕੋ। ੧੭੮।
ਨ ਮਾਨੀ ਕਛੂ ਜ਼ੋਰ ਬੁਰਛਨ ਕਰਾ,
ਝਪਟ ਸੀਸੁ ਉਸ ਕਾ ਜੁਦਾ ਕਰ ਧਰਾ। ੧੭੯।
ਕਟਾ ਸੰਗ ਬੇਦੀ ਔ ਬਾਮਨ ਜੁ ਥਾ,
ਉਨੈਂ ਦਿਲ ਲਰਨ ਕਾ ਇਰਾਦਾ ਨ ਥਾ। ੧੮੦।
ਕਰੈ ਵਾਰ ਜੋ ਆ ਕਦਮ ਕੋ ਫੜੈ,
ਉਲਟ ਕਰ ਬਲਾ ਉਸ ਕੇ ਸਿਰ ਪਰ ਪੜੈ। ੧੮੧।
ਜੋਊ ਖ਼ੁਦ ਬਖ਼ੁਦ ਕਦਮ ਪੜ ਜਾਤ ਹੈ,
ਉਸੇ ਸਿੰਘ ਔ ਸਾਂਪ ਨਾ ਖਾਤ ਹੈ। ੧੮੨।
ਜਲਦ ਖਾਲਸਾ ਖ਼ੁਦ ਬਖ਼ੁਦ ਹੋ ਚਲੇ,
ਹੂਆ ਹੁਕਮ ਮਾਲਕ ਕਾ ਕੈਸੇ ਟਲੇ। ੧੮੩।
ਕੀਆ ਜਿੰਦ ਕੌਰਾਂ ਨੇ ਅਫ਼ਸੋਸ ਹੈ,
ਯਹ ਹੋਨੀ ਬਲਾ ਕਿਸ ਕੇ ਸਿਰ ਦੋਸ਼ ਹੈ। ੧੮੪।
ਤਖ਼ਤ ਸ਼ਾਹ ਨਾਦਾਨ ਸਾ ਰਹਿ ਗਿਆ,
ਹੁਕਮ ਪਾਤਸ਼ਾਹੀ ਸਭੀ ਬਹਿ ਗਿਆ। ੧੮੫।
ਕਰੈ ਪੰਥ ਜੋ ਕਾਮ ਹੋਗਾ ਸੋਈ,
ਗੁਰੂ ਕਾ ਨਹੀਂ ਨਾਮ ਲੇਤਾ ਕੋਈ। ੧੮੬।
ਬਨੇ ਖ਼ੁਦ ਬਖ਼ੁਦ ਪੈਂਚ ਅਫ਼ਸਰ ਕਲਾਂ,
ਨ ਮਾਨੇ ਕੋਊ ਅਫ਼ਸਰੋਂ ਕੀ ਜ਼ਬਾਂ। ੧੮੭।
ਹੁਕਮ ਜਿੰਦ ਕੌਰਾਂ ਕਾ ਬਹਿਤਾ ਫਿਰੈ,
ਸਭੀ ਫੌਜ ਖ਼ੁਦ ਮੌਜ ਅਪਨੀ ਕਰੈ। ੧੮੮।
ਨਹੀਂ ਲਾਲ ਸਿੰਘ ਕਾ ਹੁਕਮ ਮਾਨਤੇ,
ਨਹੀਂ ਤੇਜਾ ਸਿੰਘ ਕੋ ਕਛੂ ਜਾਨਤੇ। ੧੮੯।

ਤਬੈ ਦੀਨਾ ਨਾਥ ਔ ਭਗਤ ਰਾਮ[1] ਸੇ,
ਫਿਰੈਂ ਖ਼ਾਲਸਾ ਮੈਂ ਨ ਕੁਛ ਕਾਮ ਸੇ। ੧੯੦।
ਤਕੱਬਰ ਸੋਂ ਸਬ ਸਿੰਘ ਫੂਲੇ ਫਿਰੈਂ,
ਗੁਰੂ ਕਾ ਹੁਕਮ ਛੋਡ ਭੂਲੇ ਫਿਰੈਂ। ੧੯੧।
ਤਕੱਬਰ ਸੋਂ ਕਰਤਾਰ ਕਾ ਬੈਰ ਹੈ,
ਕਰੈ ਜੋ ਤਕੱਬਰ ਸੋਊ ਗ਼ੈਰ ਹੈ। ੧੯੨।
ਤਕੱਬਰ ਅਜ਼ਾਜ਼ੀਲ ਰਾ ਖ਼੍ਵਾਰ ਕਰਦ,
ਬਜ਼ਿੰਦਾਨਿ ਲਾਨਤ ਗਰਿਫ਼ਤਾਰ ਕਰਦ[2]। ੧੯੩।
ਜਿਤੇ ਥੇ ਮੁਸਾਹਬ ਲੀਏ ਸਬ ਬੁਲਾ,
ਜਲਦ ਜਿੰਦ ਕੌਰਾਂ ਯਹ ਕੀਨੀ ਸਲਾਹ। ੧੯੪।
ਇਹ ਬੁਰਛੇ ਨਹੀ ਛੋਡਦੇ ਪ੍ਰਾਨ ਕੂੰ,
ਕਰੂੰ ਕਬਜ਼ ਇਨ ਕੀ ਅਬੀ ਜਾਨ ਕੂੰ। ੧੯੫।
ਯਹ ਪਾਤੇ ਨਹੀਂ ਹੈਂ ਸਜ਼ਾ ਜਬ ਤਲਕ,
ਦੋਊ ਆਂਖ ਮਿਲ ਕਰ ਨ ਲਗਤੀ ਪਲਕ। ੧੯੬।
ਬਿਰਾਦਰ ਕੇ ਮਰਨੇ ਕਾ ਦਿਲ ਦਾਗ਼ ਹੈ,
ਹਮਾਰੇ ਜਿਗਰ ਮੈਂ ਲਗੀ ਆਗ ਹੈ। ੧੯੭।
ਲਿਖੋ ਕੰਪਨੀ ਕੀ ਤਰਫ਼ ਯਹ ਸਲਾਹ,
ਲਿਜੈ ਤਖ਼ਤ ਲਾਹੌਰ ਕੀਜੈ ਪਨਾਹ। ੧੯੮।
ਕਹੀ ਪੁਸ਼ਤ ਦਰ ਪੁਸ਼ਤ ਖ਼ੁਦ ਕੀ ਸਲਾਹ,
ਤੁਮੈਂ ਦੇਖਤੇ ਦੇਖਤੇ ਕੇਤੇ ਪਨਾਹ[3]। ੧੯੯।
ਲੀਆ ਸੁਨ ਯਹ ਕਾਗਜ਼ ਜਬੈ ਸਾਹਿਬਾਂ,
ਉਠਾ ਜੋਸ਼ ਜੰਗੀ ਬਹਾਦੁਰ ਜਵਾਂ। ੨੦੦।
ਲਗੀ ਲੈਨ ਡੋਰੀ ਕਈ ਕੋਸ ਮੈਂ,
ਨਹੀਂ ਉਨ ਕੀ ਗਨਤੀ ਪਰੈ ਹੋਸ਼ ਮੈਂ। ੨੦੧।

---

1. ਰਾਜਾ ਦੀਨਾ ਨਾਥ ਤੇ ਭਗਤ ਰਾਮ ਸਰਕਾਰ ਲਾਹੌਰ ਦੇ ਮੁਸਾਹਿਬ ਸਨ।
2. ਗ਼ਰੂਰ ਤੇ ਆਕੜ (ਤਕੱਬਰ) ਨੇ ਸ਼ੈਤਾਨ ਨੂੰ ਖੱਜਲ-ਖੁਆਰ ਕੀਤਾ ਤੇ ਬਦਨਾਮੀ ਦੇ ਕੈਦਖਾਨੇ ਵਿਚ ਕੜ ਦਿੱਤਾ।
3. 194 ਤੋਂ 199 ਨੰਬਰ ਬੰਦਾਂ ਵਿਚ ਦਿੱਤੀਆਂ ਗੱਲਾਂ ਝੂਠੀ ਸਣੌਤ ਹਨ। ਐਸੀ ਕਿਸੀ ਮੀਟਿੰਗ ਦਾ ਕੋਈ ਰਿਕਾਰਡ ਨਹੀਂ ਮਿਲਦਾ ਅਤੇ ਨਾ ਹੀ ਸਰਕਾਰ ਹਿੰਦ, ਸਰਕਾਰ ਪੰਜਾਬ ਯਾ ਕਿਸੀ ਹੋਰ ਥਾਂ ਤੋਂ ਇਸ ਗੱਲ ਦੀ ਗਵਾਹੀ ਮਿਲਦੀ ਹੈ ਕਿ ਮਹਾਰਾਣੀ ਜਿੰਦ ਕੌਰ ਨੇ ਆਪਣੇ ਮੁਸਾਹਿਬਾਂ ਤੇ ਦੀਵਾਨਾਂ ਨੂੰ ਇਸ ਪ੍ਰਕਾਰ ਦਾ ਕੋਈ ਹੁਕਮ ਦਿੱਤਾ ਹੋਵੇ ਕਿ ਅੰਗਰੇਜ਼ਾਂ ਨੂੰ ਲਿਖੋ ਕਿ ਲਾਹੌਰ ਦੇ ਤਖ਼ਤ ਉੱਤੇ (ਜਿੱਥੇ ਕਿ ਮਹਾਰਾਣੀ ਦਾ ਆਪਣਾ ਪੁੱਤਰ ਮਹਾਰਾਜਾ ਦਲੀਪ ਸਿੰਘ ਬੈਠਾ ਹੋਇਆ ਸੀ) ਕਬਜ਼ਾ ਕਰ ਲਓ ਅਤੇ ਪੰਜਾਬ ਨੂੰ ਆਪਣੀ ਪਨਾਹ ਵਿਚ ਲੈ ਲਓ।

ਕਈ ਸੈਂਕਰਾ ਤੋਪ ਜੰਗੀ ਕਲਾਂ,
ਗੁਬਾਰੇ ਜੰਬੂਰੋਂ ਕੇ ਕੇਤੇ ਨਿਸ਼ਾਂ। ੨੦੨।
ਕਈ ਰਜਬਨੈਂ ਪਲਟਨੈਂ ਕਾਲੀਆਂ,
ਕਈ ਫੌਜ ਗੋਰਾ ਮੁਖਨ ਲਾਲੀਆਂ। ੨੦੩।
ਕੀਆ ਲੈਸ ਸਭ ਜੰਗ ਕਾ ਕਾਮ ਹੈ,
ਬੰਧੀ ਆਨ ਪੈਰੋਜ[1] ਪੁਰ ਲਾਮ ਹੈ। ੨੦੪।
ਇਧਰ ਖਾਲਸਾ ਕੋ ਕਹਾ ਤਬ ਬੁਲਾ,
ਉਠੀ ਫੌਜ ਗੋਰੋਂ ਕੀ ਕੀਜੋ ਫਤਾ। ੨੦੫।
ਤਲਬ ਮਾਂਗਤੇ ਹੋ ਜਿਸੀ ਤੌਰ ਸੈਂ,
ਕਰੋ ਜੰਗ ਆਛੇ ਉਸੀ ਜੋਰ ਸੈਂ। ੨੦੬।
ਤੁਮੀ ਫੌਜ ਗੋਰਨ ਕੀ ਜੀਤੋ ਜਬੈ,
ਲਿਜੋ ਹਰ ਤਰਹ ਕੀ ਇਨਾਇਤ ਤਬੈ। ੨੦੭।
ਨਾ ਜਾਨਾ ਹੈ ਫਰਫੇਜ ਰਾਣੀ ਕੀਆ,
ਤਬੈ ਖ਼ਾਲਸਾ ਜੰਗ ਸਾਜਾ ਲੀਆ। ੨੦੮।
ਜਿਤੀ ਤੋਪ ਜਿਨਸੀ ਤਖ਼ਤ ਚਾਢੀਆਂ,
ਜਿਤੀ ਖ਼ੁਰਦ ਤੋਪੈਂ ਜਲਦ ਕਾਢੀਆਂ। ੨੦੯।
ਗੁਬਾਰੇ ਜੰਬੂਰੋਂ ਕੀ ਪਾਂਤੈ ਘਨੀ,
ਸਿਪਰ ਔਰ ਸ਼ਮਸ਼ੇਰ[2] ਕੋਨੈ ਗਨੀ। ੨੧੦।
ਬਜੈਂ ਬੀਚ ਜੰਬੂਰ ਤੜ ਤੜ ਤੜਾਕ,
ਕਰੈਂ ਸ਼ਲਕ ਤੋਪਨ ਕੀ ਕੜ ਕੜ ਕੜਾਕ। ੨੧੧।
ਹਜ਼ਾਰੈਂ ਪੱਥਰ ਕਲਾ[3] ਚਮਕੈਂ ਪੜੀ,
ਸਭੀ ਪਲਟਨੈ ਰਜਬਨੈਂ ਚੜ੍ਹ ਖੜੀਂ। ੨੧੨।
ਹੂਏ ਜਿਨ ਕੇ ਮਾਲਕ ਹੈਂ ਦੁਸ਼ਮਨ ਵਜਾ,
ਕਹਾਂ ਜੰਗ ਮੈਂ ਉਨ ਕੀ ਹੋਵੈ ਫਤਾ। ੨੧੩।
ਤਬੈ ਆਨ ਅੰਗਰੇਜ ਜ਼ੋਰਾ ਦੀਆ,
ਜਬੈ ਖੂਬ ਰਾਨੀ ਕੋ ਅਪਨਾ ਕੀਆ। ੨੧੪।
ਮੁਸਾਹਿਬ ਲੀਏ ਫੋੜ ਸਭ ਫ਼ੌਜ ਸੈਂ,
ਹੂਆ ਖਾਲਸਾ ਖ਼ੁਦ ਬਖ਼ੁਦ ਮੌਜ ਸੈਂ। ੨੧੫।
ਨ ਹੋਤੀ ਇਤੀ ਮਾਲਕੋਂ ਕੀ ਜ਼ਬਾਂ,
ਨ ਹੋਤੀ ਫਤਹ ਕੰਪਨੀ ਸਾਹਿਬਾਂ। ੨੧੬।

1. ਫ਼ਿਰੋਜ਼ਪੁਰ।
2. ਢਾਲ ਤੇ ਤਲਵਾਰ।
3. ਇੱਕ ਪ੍ਰਕਾਰ ਦੀ ਬੰਦੂਕ ਜਿਸ ਵਿਚ ਤੋੜੇ ਦੀ ਥਾਂ ਪੱਥਰ ਤੋਂ ਕੰਮ ਲਿਆ ਜਾਂਦਾ ਹੈ।

ਅੰਬਰਸਰ ਸੇ ਹੋ ਕਰ ਮੁਸਾਹਬ ਚਲੇ,
ਮਤਾਂ ਜੰਗ ਮਹਿ ਰਹਿ ਨਾ ਟਲੈ। ੨੧੭।
ਕਰਾ ਰਲ ਕੇ ਸਿੰਘੋਂ ਨੇ ਐਸਾ ਮਤਾ,
ਚਲੋ ਪਾਰ ਸਤਲੁਜ ਕੇ ਕੀਜੇ ਫ਼ਤਾ। ੨੧੮।
ਕਹਾ ਫ਼ੌਜ ਅੰਗਰੇਜ਼ ਕੀ ਕਛੂ ਨਹੀਂ,
ਅਬੀ ਜੀਤ ਲੇਂਗੇ ਚਲੇਗਾ ਕਹੀਂ। ੨੧੯।
ਹੂਆ ਸਭ ਕੇ ਦਿਲ ਮੈਂ ਤਕੱਬਰ ਕਲਾਂ,
ਤਕੱਬਰ ਕਰਨ ਸੈ ਜਲਦ ਹੈ ਖ਼ਿਜ਼ਾਂ। ੨੨੦।
ਸਭੀ ਅਫ਼ਸਰੋਂ ਕੋ ਨਿਕਾਲਾ ਦੀਆ[1],
ਉਨੈਂ ਖ਼ੁਦ ਬਖ਼ੁਦ ਹੁਕਮ ਅਪਨਾ ਕੀਆ। ੨੨੧।
ਲਈ ਸਾਥ ਤੋਪੈਂ ਬੰਦੂਕੈਂ ਅਪਾਰ,
ਭਰੀ ਤੋਸ-ਦਾਨਨ ਮੇਂ ਗੋਲੀ ਹਜ਼ਾਰ। ੨੨੨।
ਔ ਬਾਰੂਦ ਗੋਲਾ ਭਰਾ ਬੇਸ਼ੁਮਾਰ,
ਚਲੀ ਰਜਮਨੈਂ ਪਲਟਨੈਂ ਕੀ ਕਤਾਰ। ੨੨੩।
ਚੜ੍ਹੀ ਘੁੜ-ਚੜ੍ਹੋਂ ਕੀ ਸਭ ਫ਼ੌਜ ਹੈ,
ਨਾ ਮਾਨੈਂ ਹੁਕਮ ਖ਼ੁਦ ਬਖ਼ੁਦ ਮੌਜ ਹੈ। ੨੨੪।
ਤਕੱਬਰ ਜ਼ਬਾਂ ਸਾਥ ਐਸੇ ਕਹੈਂ,
ਦੋ ਘੰਟਾ ਮੈਂ ਦਿਲੀ ਕੋ ਜੀਤਾ ਚਹੈਂ। ੨੨੫।
ਲਬੇ ਆਬ ਦਰੀਆਵ ਲਾਗੇ ਨਿਸ਼ਾਂ,
ਬਜੈ ਤੁਰਮ ਤੰਬੂਰ ਸੁਤਰੀ ਕਲਾਂ। ੨੨੬।
ਉਠੀ ਧਰੰਕ ਧੌਸਨ ਕੀ ਹਰ ਇਕ ਤਰਫ਼,
ਉਠੀ ਖਿੰਬ ਖੁਰਸ਼ੈਦ ਚਾਰੋਂ ਤਰਫ਼। ੨੨੭।
ਵਕੀਲੋਂ ਕਰੀ ਅਰਜ਼ ਐ ਸਾਹਿਬਾਂ,
ਯਹ ਸਿੰਘਨ ਕਰਾ ਜ਼ੋਰ ਤੁਮ ਪੈ ਕਲਾਂ। ੨੨੮।
ਯਹ ਆਤੇ ਚਲੇ ਜੰਗ ਸਾਜ਼ੀ ਕੋ ਕਰ,
ਹਮੇਂ ਖ਼ੂਬ ਜਾਨੀ ਯਹ ਜੰਗੀ ਮੁਕੱਰ। ੨੨੯।
ਯਹੀ ਉਨ ਕੋ ਸਾਹਿਬ ਸੁਨਾ ਕਰ ਕਹਾ,
ਅਹਿਦ ਹੈ ਹਮਰਾ ਨ ਲੜਨਾ ਚਹਾ। ੨੩੦।
ਮਹਾਰਾਜ ਨੇ ਜੋ ਕੀਆ ਅਹਿਦ ਹੈ,
ਉਸੀ ਅਹਿਦ ਹਮ ਕੋ ਕੀਆ ਕੈਦ ਹੈ। ੨੩੧।

1. ਇੱਥੇ ਇਸ਼ਾਰਾ ਫ਼ਰਾਂਸੀਸ ਅਫ਼ਸਰਾਂ ਵੱਲ ਜਾਪਦਾ ਹੈ, ਜਿਨ੍ਹਾਂ ਨੂੰ ਕਿ ਤੇਜ ਸਿੰਘ ਕਮਾਂਡਰ-ਇਨ-ਚੀਫ਼ ਵੱਲੋਂ ਜੰਗ ਹੋਣ ਤੋਂ ਪਹਿਲੋਂ ਜਵਾਬ ਦੇ ਦਿੱਤਾ ਗਿਆ ਸੀ ਤਾਂ ਕਿ ਕਿਧਰੇ ਅੰਗਰੇਜ਼ਾਂ ਦਾ ਟਾਕਰਾ ਬਹੁਤਾ ਕਰੜਾ ਨਾ ਹੋ ਜਾਵੇ।

ਯਹ ਲੰਦਨ ਸੇ ਹਮ ਕੋ ਲਿਖਾ ਸਾਹਿਬਾਂ,
ਅਹਿਦ ਪਰ ਖਬਰਦਾਰ ਰਹਿਨਾ ਜਵਾਂ। ੨੩੨।
ਯਹ ਅੱਵਲ ਚਲੈ ਤੋਪ ਜਿਸ ਓਰ ਸੈਂ,
ਭਰੇ ਕਰੋੜ ਢਾਈ ਹੂਏ ਸ਼ੋਰ ਸੈਂ। ੨੩੩।
ਲਿਖਾ ਲਾਟ ਸਾਹਿਬ ਯਹ ਸਿੰਘਨ ਤਰਫ,
ਚਲੋ ਹਟ ਕੇ ਲਹੌਰ ਸੁਨ ਕੇ ਹਰਫ। ੨੩੪।
ਨੀਂ ਹਮ ਕੋ ਲੜਨੇ ਕੀ ਦਿਲ ਚਾਹ ਹੈ,
ਮਹਾਰਾਜ ਸੇ ਦੋਸਤੀ ਰਾਹ ਹੈ। ੨੩੫।
ਯਹ ਅੰਗਰੇਜ਼ ਕਾ ਘਰ ਬੜਾ ਬੇਸ਼ੁਮਾਰ,
ਜ਼ਰੂਰਤ ਹੈ ਲੜਨਾਂ ਤੋ ਖ਼ੁਦ ਮੁਖਤਿਆਰ। ੨੩੬।
ਸੁਨੀ ਲਾਟ ਸਾਹਿਬ ਕੀ ਸਿੰਘਨ ਸਲਾਹ,
ਨ ਮਾਨੀ ਕਛੂ ਖ਼ੁਦ ਬਖ਼ੁਦ ਪਾਤਸ਼ਾਹ। ੨੩੭।
ਸਭੀ ਅਫ਼ਸਰੋਂ ਰਲਕੇ ਕੀਨਾ ਮਤਾ,
ਨਹੀਂ ਸਾਥ ਅੰਗਰੇਜ਼ ਲੜਨਾ ਰਤਾ। ੨੩੮।
ਕਿਤੌ ਨੇ ਕਰੀ ਬਾਤ ਨਾਹ ਅਖ਼ਤਜਾਰ,
ਯਹਾਂ ਸੀਸ ਦੇਨਾ ਹੈ ਦੁਸ਼ਮਨ ਕੋ ਮਾਰ। ੨੩੯।
ਦੋਊ ਜੁੜ ਗਈ ਜਬ ਅਨੀ ਸਾਮ੍ਹਨੇਂ,
ਗਿਆ ਦਿਲ ਸ਼ਕਿਸਤੀ ਮੈਂ ਗਲ ਬਾਹਮਨੋਂ[1]। ੨੪੦।
ਉਤੇ ਸਿੰਘ ਗੁੱਸੇ ਕੋ ਖਾ ਕਰ ਵਈ,
ਨਹੀਂ ਹੁਕਮ ਦੇਤਾ ਹੈ ਅਫ਼ਸਰ ਕੋਈ। ੨੪੧।
ਹੂਆ ਖਾਲਸਾ ਜਲਦ ਕਰ ਪਾਰ ਹੈ,
ਹੂਆ ਲਾਟ ਸਾਹਿਬ ਖਬਰਦਾਰ ਹੈ। ੨੪੨।
ਗੰਡਾ ਸਿੰਘ ਜਾ ਕਰ ਕਰੀ ਛੇੜ ਹੈ,
ਤਬੀ ਕੰਪਨੀ ਦਿਲ ਪੜੀ ਤੇੜ ਹੈ। ੨੪੩।
ਅੱਵਲ ਲੈਨਡੋਰੀ ਕਾ ਅਫ਼ਸਰ ਚੜ੍ਹਾ,
ਦੁਤਰਫ਼ੀ ਤਬੈ ਜੰਗ ਹੂਆ ਖੜਾ। ੨੪੪।
ਜੁ ਮੁਦਕੀ ਭਰੀ ਢਾਬ ਥੀ ਆਬ ਸੇ,
ਦੁਤਰਫ਼ੀ ਕਰੀ ਦੌੜ ਦੈ ਦਾਬ ਸੇਂ। ੨੪੫।
ਅੱਵਲ ਆਨ ਗੋਰਾਂ ਨੇ ਪਾਨੀ ਲੀਆ,
ਤਬੈ ਖ਼ਾਲਸਾ ਜੰਗ ਸਾਜਾ ਕੀਆ। ੨੪੬।

1. ਜਦ ਦੋਨੋ ਫ਼ੌਜਾਂ ਆਹਮੋ-ਸਾਹਮਣੇ ਟਾਕਰੇ ਤੇ ਆਈਆਂ ਤਾਂ ਬਾਹਮਣਾਂ ਦਾ ਦਿਲ ਘਿਰਨ ਲੱਗਾ। ਤੇਜ਼ ਸਿੰਘ ਕਮਾਂਡਰ-ਇਨ-ਚੀਫ਼ ਅਤੇ ਲਾਲ ਸਿੰਘ ਵਜ਼ੀਰ ਦੋਵੇਂ ਜ਼ਾਤ ਦੇ ਬ੍ਰਾਹਮਣ ਸਨ।

ਝਟਾ ਪਟ ਨ ਦਮ ਦੇਰ ਗਲ ਜਾ ਪੜੇ,
ਕੜਾ ਕੜ ਬੰਦੂਕੈਂ ਝੜਾ ਝੜ ਲੜੇ। ੨੪੭।
ਜਲਦ ਅਹਿਦ ਟੂਟਾ ਮਚਾ ਜੰਗ ਹੈ,
ਲਗੀ ਤੋਪ ਚਲਨੇ ਜੋ ਰੰਗਾ ਰੰਗ ਹੈ। ੨੪੮।
ਕੀਆ ਲਾਟ ਸਾਹਿਬ ਨੇ ਜੰਗੀ ਤੰਬੂਰ,
ਲਗੀ ਫ਼ੌਜ ਲੜਨੇ ਗਈ ਸਲਕ ਦੂਰ। ੨੪੯।
ਲਪਟ ਸਿੰਘਨ ਤੋਪਨ ਪਲੀਤਾ ਜੜੈ,
ਝਪਟ ਆਨ ਗੋਰਾ ਮਤਾਬੀ ਫੜੈਂ। ੨੫੦।
ਦਗੈਂ ਤੋਪ ਗੋਰਾ ਕੀ ਗੋਲਾ ਫਟੈ,
ਅਸਪ ਔ ਜਵਾਂ ਹਰ ਤਰਫ਼ ਕੇ ਕਟੈ। ੨੫੧।
ਬਹੁਰ ਸਿੰਘ ਤੋਪਨ ਕੇ ਛਰਰਾ ਛੁਟੈਂ,
ਕਈ ਸੈਂਕਰਾ ਅਗਰ ਗੋਰਾ ਉਡੈਂ। ੨੫੨।
ਅਸਪ ਔ ਗੁਲਨਦਾਜ਼ਾਂ ਉਡਤੇ ਘਨੈ,
ਗਨੈ ਕੌਨ ਗਨਤੀ ਨ ਜਾਤੇ ਗਨੈ। ੨੫੩।
ਤਬੈ ਲੋਥ ਪਰ ਲੋਥ ਪੜਨੇ ਲਗੀ,
ਦੋਊ ਓਰ ਗਾਡ ਕੈ ਲਰਾਈ ਜਗੀ। ੨੫੪।
ਜਹਾਂ ਫ਼ੌਜ ਸਿੰਘਨ ਕੀ ਦਮ ਭਰ ਅੜੈ,
ਤਹਾਂ ਫ਼ੌਜ ਗੋਰਾਂ ਨ ਦਮ ਭਰ ਲੜੈ। ੨੫੫।
ਗਿਰੀ ਗਿਰਦ ਗੋਰਾ ਕੀ ਲੋਥੈਂ ਕਈ,
ਕਈ ਰਜਬਨੈਂ ਪਲਟਨੈਂ ਕਟ ਗਈ। ੨੫੬।
ਲਰੈਂ ਰਜਬਨੇਂ ਪਲਟਨੈਂ ਟੋਲੀਆਂ,
ਉਲਟਤੀ ਪੁਲਟਤੀ ਤੁਰਮ ਬੋਲੀਆਂ। ੨੫੭।
ਤੁਰਮ ਪਰ ਕਿਲਾ ਬਾਂਧ ਕਰ ਕੈ ਲੜੇ,
ਹਟੈ ਨ ਕਦਮ ਬੀਚ ਮੈਦਾਂ ਮਰੈ। ੨੫੮।
ਜਹਾਂ ਲਪਟ ਪਲਟਨ ਝਪਟ ਕਟ ਗਈ,
ਤਹਾਂ ਦਮ ਨਾ ਲਾਗੇ ਜਮਾ ਹੋ ਨਈ। ੨੫੯।
ਜਹਾਂ ਅਜਬ ਪਲਟਨ ਕਟੀ ਜਾਤ ਹੈ,
ਨਾ ਮੈਦਾਨ ਖਾਲੀ ਵਹੁ ਦਿਖਲਾਤ ਹੈ। ੨੬੦।
ਉਠੇ ਹੂਲ ਸਿੰਘਨ ਕੀ ਗੋਰਾ ਨਸੈ,
ਗਿਰੈਂ ਸੈਂਕਰਾ ਜਲਦ ਘੋਰਾ ਨਸੈ। ੨੬੧।
ਕਹੈ ਲਾਟ ਸਾਹਿਬ ਜ਼ਬਾਂ ਖ਼ਾਸ ਹੈ,
ਖ਼ਿਮਾਲਿਕ ਲਰੈ ਫ਼ੌਜ ਸ਼ਾਬਾਸ਼ ਹੈ। ੨੬੨।

1. ਗੋਲਾ-ਅੰਦਾਜ, ਗੋਲੇ ਚਲਾਉਣ ਵਾਲੇ ਤੋਪਚੀ।

ਉਧਰ ਹੂਲ ਗੋਰਾ ਕੀ ਆਤੀ ਜਬੈ,
ਕਛੂ ਸਿੰਘ ਗਿਰਤੇ ਜ਼ਿਮੀਂ ਪਰ ਤਬੈ। ੨੬੩।
ਉਲਟ ਸਿੰਘ ਗੋਰਾਂ ਕੀ ਫੌਜੈਂ ਕਟੈਂ,
ਮਰੈ ਵੂਹ ਕਦਮ ਯਹ ਪਿਛਾਰੀ ਹਟੈਂ। ੨੬੪।
ਕਟੈ ਫੌਜ ਗੋਰਾ ਕਈ ਕੋਸ ਮੈਂ,
ਹਟੈ ਫੌਜ ਸਿੰਘਨ ਕੀ ਅਫ਼ਸੋਸ ਮੈਂ। ੨੬੫।
ਜੈਮਲ ਸਿੰਘ ਅਕਾਲੀ ਕੀਆ ਜੰਗ ਹੈ,
ਲਬਾ ਲਬ ਕਰੀ ਖ਼ੂਨ ਕੀ ਗੰਗ ਹੈ। ੨੬੬।
ਦੀਆ ਸੀਸ ਸੋਹੇਂ ਧਰਮ ਕਾਜ ਹੈ,
ਮਿਲਾ ਵੂਹ ਸ਼ਹੀਦਨ ਸਦਾ ਗਾਜ ਹੈ। ੨੬੭।
ਉਧਰ ਫੂਟ ਬੈਰਾਟ ਜੰਗੀ ਲੀਆ,
ਜਿਨੈਂ ਜੰਗ ਕਾ ਆਨ ਜ਼ੋਰਾ ਕੀਆ। ੨੬੮।
ਤਹਾਂ ਲਾਲ ਸਿੰਘ ਭਾਜ ਐਸੀ ਲਈ,[1]
ਰਹੀ ਤੋਪ ਚੌਦੋਂ ਨ ਲੇਨੀ ਪਈ। ੨੬੯।
ਉਧਰ ਖੌਫ਼ ਸਿੰਘਨ ਕੇ ਗੋਰਾ ਗਏ,
ਦੋਊ ਤਰਫ਼ ਕੇ ਕਦਮ ਪਾਛੇ ਪਏ। ੨੭੦।
ਨ ਇਨ ਕੀ ਖ਼ਬਰ ਜਾਤ ਉਨ ਕੀ ਤਰਫ਼,
ਨ ਉਨ ਕੀ ਖਬਰ ਆਤ ਇਨ ਕੀ ਤਰਫ਼। ੨੭੧।
ਦੋਊ ਭਾਜ ਬੇਖਬਰ ਕਰਕੇ ਗਏ,
ਹੂਆ ਖਾਲੀ ਮੈਦਾਨ ਜ਼ਖ਼ਮੀ ਰਹੇ। ੨੭੨।
ਤੌ ਪਹਾੜ ਸਿੰਘ[2] ਜਾ ਕੇ ਕਹਾ ਸਾਹਿਬਾਂ,
ਭਗੇ ਸਿੰਘ ਪਾਛੇ ਨ ਕੋਈ ਜਵਾਂ। ੨੭੩।
ਡਰ ਕਰ ਭਗੇ ਤੁਮ ਚਲੇ ਜਾਤ ਹੋ,
ਖਬਰ ਕਿਉਂ ਨਾ ਪਾਛੇ ਕੀ ਤੁਮ ਪਾਤ ਹੋ। ੨੭੪।
ਨਹੀਂ ਕੋ ਰਹਾ ਸਿੰਘ ਮੈਦਾਨ ਮੈਂ,
ਪਰੀ ਤੋਪ ਸੁੰਞੀ ਹੂੰ ਹੈਰਾਨ ਮੈਂ। ੨੭੫।
ਤਬੈ ਲਾਟ ਸਾਹਿਬ ਨਾ ਮਾਨਾ ਕਹਾ,
ਦੇਖ ਜੰਗ ਸਿੰਘੋਂ ਕਾ ਹੈਰਾਨ ਥਾ। ੨੭੬।
ਅਗਰ ਮਾਤਬਰ ਭੇਜ ਲੀਜੇ ਖ਼ਬਰ,
ਤਬੀ ਹਟ ਚਲੈਂਗੇ ਪੜੇ ਬੇਖਬਰ। ੨੭੭।

---

1. ਲਾਲ ਸਿੰਘ ਨੇ ਵਿਚੋਂ ਭੱਜ ਕੇ ਸਿੰਘਾਂ ਨੂੰ ਐਸੀ ਭਾਜ ਪਵਾਈ ਕਿ ਚੌਦਾਂ ਤੋਪਾਂ ਮੈਦਾਨ ਵਿਚ ਹੀ ਪਈਆਂ ਰਹਿ ਗਈਆਂ।
2. ਫ਼ਰੀਦ ਕੋਟ ਦਾ ਰਾਜਾ।

ਕੀਆ ਸਿੰਘ ਪਹਾੜ ਤਹਕੀਕ ਤਬ,
ਹਟੇ ਲਾਟ ਸਾਹਿਬ ਲਈ ਤੋਪ ਦੱਬ। ੨੭੮।
ਉਧਰ ਲਾਟ ਸਾਹਿਬ ਨੇ ਫੇਰਾ ਦੀਆ,
ਇਧਰ ਆਨ ਸਿੰਘੋ ਨੇ ਡੇਰਾ ਕੀਆ। ੨੭੯।
ਜੋਊ ਸਿੰਘ ਜ਼ਖ਼ਮੀ ਥੇ ਮੈਦਾਨ ਮੈਂ,
ਕਰੀ ਪਰਵਰਿਸ਼ ਉਨ ਕੀ ਗੋਰਾਨ ਨੈ। ੨੮੦।
ਏਤਾ ਜੰਗ ਸਿੰਘੋ ਕਾ ਮੁਦਕੀ ਹੂਆ,
ਸੁਨੋਂ ਅਬ ਫੇਰੂ ਮਾਂ ਹੋਤਾ ਦੂਆ। ੨੮੧।
ਤੀਏ ਰੋਜ਼ ਫ਼ੌਜਾਂ ਜਮਾ ਕਰ ਲੜੈ,
ਤਬੈ ਸਿੰਘ ਜੰਗੀ ਜਲਦ ਕਰ ਪੜੈ। ੨੮੨।
ਨਹੀਂ ਅਫ਼ਸਰ ਕੋਊ ਦਿਲਬਰੀ ਦੇਤ ਹੈਂ,
ਬਿਮਾਲਕ ਹੂਏ ਜੰਗ ਕੋ ਲੇਤ ਹੈਂ। ੨੮੩।
ਜਮਾ ਕਰ ਕੇ ਤੋਪਾਂ ਚਲਾਨੇ ਲਗੇ,
ਗੁਬਾਰੇ ਕਾ ਗੋਲਾ ਉਡਾਨੇ ਲਗੇ। ੨੮੪।
ਜੰਜਾਯਲ ਜੰਬੂਰੋਂ ਕੀ ਲਾਗੀ ਝੜੀ,
ਪੱਥਰ ਕਲ ਉਠਾਤੀ ਕੜਾ ਕੜ ਪੜੀ। ੨੮੫।
ਤੋੜੇਦਾਰ ਬੰਦੂਕ ਹੈ ਘੁੜ-ਚੜ੍ਹੀ,
ਜਹਾਂ ਗੋਲੀ ਲਾਗੈ ਤਹਾਂ ਤੜਫੜੀ। ੨੮੬।
ਚਲੈ ਤੀਰ ਤਰਵਾਰ ਬਰਛੀ ਕਤਾਰ,
ਜਿਸੈ ਬੀਚ ਲਾਗੈ ਨਿਕਸ ਜਾਤ ਪਾਰ। ੨੮੭।
ਕਟੇ ਗ਼ਜਬਨੈਂ ਪਲਟਨੈਂ ਕੇ ਜਵਾਂ,
ਕਿਤੀ ਘੁੜ-ਚੜ੍ਹੀ ਫ਼ੌਜ ਕਾਟੀ ਕਲਾਂ। ੨੮੮।
ਦੂਤਰਫ਼ੀ ਮੂਏ ਬੀਚ ਅਫ਼ਸਰ ਕਈ,
ਦੋਊ ਦਿਸ ਗਾੜਾ ਬਡ ਲਰਾਈ ਪਈ। ੨੮੯।
ਲਗੈ ਕਿਰਚ ਤਰਵਾਰ ਜਿਸ ਕੇ ਬਦਨ,
ਨਿਕਸ ਜਾਤ ਸੂਕੀ ਰਹੈ ਅਸਕ ਮਨ। ੨੯੦।
ਕਬੀ ਫੌਜ ਗੋਰਾ ਕੀ ਜ਼ੋਰਾ ਕਰੈ,
ਕਬੀ ਫ਼ੌਜ ਸਿੰਘਨ ਕੀ ਆਗੇ ਧਰੈ। ੨੯੧।
ਉਧਰ ਲਾਟ ਸਾਹਿਬ ਸ਼ਬਾਸੀ ਕਰੈ,
ਇਧਰ ਫ਼ੌਜ ਸ਼ਾਹੀ ਬਿਮਾਲਿਕ ਮਰੈ। ੨੯੨।
ਉਧਰ ਲਾਟ ਦੇਤਾ ਹੈ ਤਲਬੋ ਤਮਾਮ,
ਇਧਰ ਸਿੰਘ ਲੜਤੇ ਹੈਂ ਬੇਦਾਮ ਆਮ। ੨੯੩।
ਜ਼ਿਮੀ ਪਰ ਹੂਆਖੂਨਿ ਦਰਿਆਵਿ ਹੈ,
ਦੋਊ ਓਰ ਲਰਨੇ ਕਾ ਦਿਲ ਚਾਵ ਹੈ। ੨੯੪।

ਥਿਮਾਲਿਕ ਹੂਏ ਦਿਲ ਦਰਜ ਖਾ ਗਿਆ,
ਤਬੀ ਫ਼ੌਜ ਗੋਰਾ ਨੇ ਜ਼ੋਰਾ ਦੀਆ। ੨੯੫।
ਅਮਰ ਸਿੰਘ ਫ਼ਰਜ਼ੰਦ ਐਸਾ ਅੜਾ,
ਜੁ ਮਹਿਤਾਬ ਸਿੰਘ ਖ਼ੂਬ ਜੰਗੀ ਲੜਾ। ੨੯੬।
ਚਤੁਰ ਸਿੰਘ ਜੰਗੀ ਬਹਾਦੁਰ ਕਲਾਂ,
ਕਟੈ ਸਾਥ ਤਰਵਾਰ ਗੋਰਾ ਜਵਾਂ। ੨੯੭।
ਨਿਮਕ ਕੀ ਸਰਤ ਪੂਰ ਕੀਆ ਜੰਗ ਹੈ,
ਦੀਆ ਸੀਸ ਸੋਹੈ ਅਜਬ ਰੰਗ ਹੈ। ੨੯੮।
ਜੈਮਲ ਸਿੰਘ ਕਾ ਏਕ ਭਾਈ ਜਵਾਂ,
ਸੁਨਾ ਨਾਮ ਬੁਧ ਸਿੰਘ ਬਹਾਦੁਰ ਕਲਾਂ। ੨੯੯।
ਕੀਆ ਜੰਗ ਕਾ ਖੇਤ ਉਸ ਨੇ ਜਬਰ,
ਕੀਏ ਗਰਦ ਗੋਰਾ ਨ ਕਰਤੇ ਸਬਰ। ੩੦੦।
ਉਹਾ ਖ਼ੂਬ ਲਰ ਸੀਸ ਉਸ ਨੇ ਦੀਆ,
ਸ਼ਹੀਦਨ ਕੇ ਡੇਰਾ ਮੈਂ ਡੇਰਾ ਕੀਆ। ੩੦੧।
ਚੜ੍ਹਾ ਕੌਰ ਸਿੰਘ ਜੰਗ ਕਰ ਕੇ ਕਲਾਂ,
ਗੰਡਾ ਸਿੰਘ ਕੁੰਜਾਹੀ ਹੈ ਮਾਰਾ ਜਵਾਂ। ੩੦੨।
ਗਿਆ ਜੰਗ ਕਾ ਖੇਤ ਤਬ ਟੂਟ ਕਰ,
ਥਿਮਾਲਿਕ ਭਏ ਕੌਨ ਲੇਤਾ ਖ਼ਬਰ। ੩੦੩।
ਦਈ ਤੋਪ ਬਾਰੂਦ ਡੇਰਾ ਦੀਆ,
ਗੁਰੂ ਇਨ ਕੇ ਸਿਰ ਪਰ ਨ ਸਾਯਾ ਕੀਆ। ੩੦੪।
ਜਿਤੇ ਬੀਚ ਮਾਲਿਕ ਰਹੈ ਪੀਠ ਦੈ,
ਨ ਦੇਖੈਂ ਸਿੰਘੋਂ ਕੀ ਤਰਫ਼ ਡੀਠ ਦੈ। ੩੦੫।
ਕਹਾਂ ਜੰਗ ਸਿੰਘਨ ਕੀ ਹੋਵੈ ਫ਼ਤਾ,
ਨ ਸ਼ਾਬਾਸੀ ਦੇਤਾ ਹੈ ਮਾਲਿਕ ਰਤਾ। ੩੦੬।
ਜਬੈਂ ਜੀਤ ਸਿੰਘਨ ਕੀ ਹੋਨੇ ਲਗੀ,
ਤਬੈ ਉਨ ਕੇ ਮਾਲਿਕ ਅਗਾਰੀ ਭਗੀ। ੩੦੭।
ਇਧਰ ਤੋਂ ਜਲਦ ਸਿੰਘ ਆਏ ਉਰਾਰ,
ਰਹੀ ਬਹੁਤ ਤੋਪੈਂ ਓ ਅਸਬਾਬ ਪਾਰ। ੩੦੮।
ਕਭੀ ਕੀ ਈਹਾਂ ਲਰੈ,
ਕਭੀ ਲੁੱਦੇਹਾਣੇ ਲਰਾਈ ਪਰੈ। ੩੦੯।
ਉਧਰ ਜੋਰ ਰਣਜੋਧ ਸਿੰਘ[1] ਨੇ ਦੀਆ,
ਤਹਾਂ ਜੰਗ ਨੈ ਖ਼ੂਬ ਦੌਰਾ ਕੀਆ। ੩੧੦।

---

1. ਸਰਦਾਰ ਰਣਜੋਧ ਸਿੰਘ ਮਜੀਠੀਆ, ਸਰਦਾਰ ਦੇਸਾ ਸਿੰਘ ਮਜੀਠੀਏ ਦਾ ਪੁੱਤਰ ਤੇ ਸਰਦਾਰ ਲਹਿਣਾ ਸਿੰਘ ਦਾ ਭਾਈ ਸੀ।

ਗਜੈ ਤੁਰਮ ਤੰਬੂਰ ਮਾਰੂ ਬਜੈਂ,
ਸਜੇ ਜੰਗ ਜੋਧਾ ਅਜੋਧਾ ਭਜੈ। ੩੧੧।
ਚਲੈਂ ਤੋਪ ਗੋਲਾ ਗੁਬਾਰੇ ਫਟੈਂ,
ਅਸਪ ਔ ਜਵਾਂ ਹਰ ਤਰਫ ਕੇ ਕਟੈਂ। ੩੧੨।
ਜੰਜ਼ਾਇਲ ਜੰਬੂਰਾ ਦੁਨਾਲੀ ਕੜਾਕ,
ਉਠੈ ਦਮ ਬਦਮ ਪੈ ਪੱਥਰ ਕਲ ਪੜਾਕ। ੩੧੩।
ਇਧਰ ਔ ਉਧਰ ਕੇ ਜ਼ਿਮੀਂ ਪਰ ਗਿਰੈਂ,
ਮਰੈਂ ਬੀਚ ਮੈਦਾਂ ਕਦਮ ਨ ਫਿਰੈਂ। ੩੧੪।
ਜਗਾ ਜਗ ਚਲੈਂ ਕਿਰਚ ਤਰਵਾਰ ਝਟ,
ਕਰੈਂ ਬੀਚ ਮੈਦਾਂ ਅਧੋ ਆਧ ਕਟ। ੩੧੫।
ਲਰੈਂ ਸੂਰ ਸੌਹੇ ਸਿਪਰ ਛੋਰ ਕੈ,
ਨਿਕਸਤ ਤੀਰ ਮਾਥਾ ਚਲੈਂ ਫੋਰ ਕੈ। ੩੧੬।
ਬੱਦੋਵਾਲ ਮੈ ਜੰਗ ਸਿੰਘਨ ਕੀਆ,
. ਲੁਟੀ ਤੋਪ ਬਾਰੂਦ ਡੇਰਾ ਲੀਆ। ੩੧੭।
ਤਹਾਂ ਲਾਡੂਏ ਕਾ ਜੋ ਰਾਜਾ ਲੜਾ,
ਸਭੀ ਕੋਪ ਗੋਰਾ ਕਾ ਉਸ ਪਰ ਪੜਾ। ੩੧੮।
ਲਰੀ ਪਲਟਨੈਂ ਖੂਬ ਹੋ ਕਰ ਜਮਾ,
ਨਹੀਂ ਜੰਗ ਕਰਨੇ ਕੀ ਰਾਖੀ ਤਮਾ। ੩੧੯।
ਤਹਾਂ -ਜੰਗ ਸਿੰਘੋ ਨੇ ਐਸਾ ਲੀਆ,
ਹਟਾ ਜੰਗ ਗੋਰਾ ਕਾ ਪਾਛੇ ਕੀਆ। ੩੨੦।
ਯਹ ਅੰਗਰੇਜ਼ ਕਾ ਘਰ ਬੜਾ ਬੇਸ਼ੁਮਰ,
ਭਰੀ ਹਰ ਜਗੈ ਫਿਰ ਰਹੇ ਖ਼ਬਰਦਾਰ। ੩੨੧।
ਉਧਰ ਫੌਜ ਲਰ ਕੈ ਫਿਰ ਆਤੀ ਇਧਰ,
ਇਧਰ ਫੌਜ ਲਰ ਕੈ ਫਿਰ ਜਾਤੀ ਉਧਰ। ੩੨੨।
ਜਲਦ ਫੋੜ ਅਫ਼ਸਰ ਕੋ ਅਪਨਾ ਕੀਆ,
ਕਿਸੇ ਸੋਢੀ ਬੇਦੀ ਦੇ ਦਿਲ ਨਾ ਦੀਆ। ੩੨੩।
ਨਹੀਂ ਦਿਲ ਕੋ ਦੇ ਕਰ ਕੈ ਆਗੂ ਲਰਾ,
ਫਕਤ ਖ਼ਾਲਸਾ ਹੋ ਬਿਮਾਲਿਕ ਮਰਾ। ੩੨੪।
ਨਿਧਾਨ ਸਿੰਘ ਤੁਛੋਂ ਕਾ ਸਰਦਾਰ ਥਾ,
ਲਰਾ ਖੂਬ ਜੰਗੀ ਖ਼ਬਰਦਾਰ ਥਾ। ੩੨੫।
ਚਲਾਤਾ ਰਹਾ ਤੀਰ ਐਸੇ ਜਵਾਂ,
ਕਟੀ ਫੌਜ ਗੋਰੇ ਕੀ ਉਸ ਨੇ ਕਲਾਂ। ੩੨੬।

ਜਬਰ ਜੰਗ ਉਸ ਕੇ ਪੈ ਕੁਰਬਾਨ ਮੇਂ,
ਦੀਆਂ ਸੀਸ ਉਨ ਖੂਬ ਮੈਦਾਨ ਮੇਂ। ੩੨੭।
ਠਟਾ ਜੰਗ ਐਸੇ ਬਹਾਦੁਰ ਮੂਏ,
ਨਿਮਕ ਕੀ ਸਰਤ ਪਰ ਬਹਿਸਤੀ ਹੂਏ। ੩੨੮।
ਬੱਦੋਵਾਲ ਮੇਂ ਜੰਗ ਕੀਆ ਅਪਾਰ,
ਦਈ ਭੂੰਦੜੀ ਫੌਜ ਅਫ਼ਸਰ ਨੇ ਹਾਰ। ੩੨੯।
ਸੁਨੋ ਅਬ ਜੁ ਫਿਰ ਜੰਗ ਮਚਨੇ ਲਗਾ,
ਹਰੀ ਕਿਉਂ ਕੇ ਪੱਤਨ ਪੈ ਜੋਰਾ ਜਗਾ। ੩੩੦।
ਤਬੀ ਖਾਲਸਾ ਹੋ ਚਲਾ ਪਾਰ ਕੋ,
ਦੀਆ ਛੋੜ ਅਪਨੇ ਹੀ ਘਰ ਬਾਰ ਕੋ। ੩੩੧।
ਇਹੀ ਮਿਲ ਕੇ ਸਿੰਘੋ ਨੈ ਕੀਨੀ ਸਲਾਹ,
ਈਹਾਂ ਸੀਸ ਦੇਨਾ ਯਾ ਦੁਸ਼ਮਨ ਫਨਾਹ। ੩੩੨।
ਜਿਤੇ ਬੀਰ ਸਰਦਾਰ ਜੰਗੀ ਜਵਾਂ,
ਸਭਨ ਮਾਨ ਲੀਨੀ ਹੈ ਐਸੀ ਜ਼ਬਾਂ। ੩੩੩।
ਕਹਾ ਸ਼ਿਆਮ ਸਿੰਘ ਸੀਸ ਦੇਨਾ ਯਹਾਂ,
ਸੁਜਸ ਕਾ ਇਵਾਜਾ ਮੈਂ ਲੈਨਾ ਯਹਾਂ। ੩੩੪।
ਜਬੈ ਜੰਗ ਗੋਰਾਂ ਕੋ ਆਵੈਂਗੇ ਜੀਤ,
ਤਬੈ ਆਨ ਕਰ ਕੈ ਕਰੈਂ ਰਾਜ ਰੀਤਿ। ੩੩੫।
ਕੀਆ ਦਾਨ ਸਰਬੰਸ ਅਪਨਾ ਉਸੈ,
ਨਹੀਂ ਹਟ ਕੈ ਆਨੇ ਕੀ ਰਾਖੀ ਉਸੈ। ੩੩੬।
ਯੇ ਦਾੜ੍ਹੀ ਕੋ ਲੈ ਕਰ ਜਾਨਾ ਕਹਾਂ,
ਹਰੀ ਸਿੰਘ ਜੈਸਾ ਸਦਾ ਨਾ ਰਹਾ। ੩੩੭।
ਇਤੀ ਸਰਤ ਕਰ ਕੈ ਚੜ੍ਹੈ ਜੰਗ ਮੈ,
ਉਸੈ ਥੂਕ ਜੋ ਕੋ ਹਟੈ ਜੰਗ ਮੈ। ੩੩੮।
ਜਬੈ ਕੋਪ ਸਿੰਘੋਂ ਨੇ ਐਸਾ ਕੀਆ,
ਤਬੈ ਕਾਕ ਗਿਰਝਨ ਹੁਲਾਸਾ ਲੀਆ। ੩੩੯।
ਸਭੀ ਸ੍ਵਾਨ ਗੀਦੜ ਖੁਸ਼ੀ ਹੋ ਗਏ,
ਅਬੀ ਪੇਟ ਭਰਨੇ ਕੇ ਮੌਸਮ ਭਏ। ੩੪੦।
ਜਿਤੇ ਭੂਤ ਬੈਤਾਲ ਆਤੇ ਹੂਏ,
ਕਿਤੇ ਜੋਗਨੀ ਝੁੰਡ ਮਾਤੇ ਹੂਏ। ੩੪੧।
ਉਠੇ ਕਲ ਔ ਨਾਰਦ ਬਜਾ ਬੀਨ ਕੂੰ,
ਤਮਾਸ਼ਾ ਦਿਖੈ ਖੂਨ ਕੇ ਪੀਨ ਕਕੂੰ। ੩੪੨।
ਚੜ੍ਹੇ ਖ਼ਾਲਸਾ ਤੋਪ ਕਰ ਕੈ ਜਮਾ,
ਗੁਬਾਰਾ ਜੰਬੂਰਨ ਨਾ ਰਾਖੀ ਤਮਾ। ੩੪੩।

ਮਹਾਰਾਜ ਕੇ ਘਰ ਕੀ ਗਨਤੀ ਨਹੀਂ,
ਇਤਾ ਸਿਲਸਿਲਾ ਹੈ ਨ ਦੇਖਾ ਕਹੀ। ੩੪੪।
ਕਹਾਂ ਗਨਤ ਜੋ ਤੋਪ ਲੂਟੀ ਗਈ,
ਮਹਾਰਾਜ ਕੇ ਘਰ ਨਈ ਤੇ ਨਈ। ੩੪੫।
ਮਹਾਰਾਜ ਘਰ ਕੀ ਕਹੋ ਕਜਾ ਤੁਝੈ,
ਨ ਅਸਬਾਬ ਗਨਤੀ ਕੀ ਫੁਰਸਦ ਮੁਝੈ। ੩੪੬।
ਕਿਤੀ ਤੋਪ ਚਰਖਨ ਪੈ ਚਢਤੀ ਰਹੈਂ,
ਗੁਬਾਰੇ ਜੰਬੂਰੇ ਕੀ ਘੜਤੀ ਰਹੈਂ। ੩੪੭।
ਪੱਥਰ ਕਲ ਕੋ ਉਸਤਾਦ ਜੜਤੇ ਰਹੈਂ,
ਕਿਤ ਤੋਸ਼ਦਾਨਨ ਕੋ ਮੜ੍ਹਤੇ ਰਹੈਂ। ੩੪੮।
ਕਿਤੇ ਤੋੜ ਦਾਰਨ ਕੀ ਘੜਤੀ ਰਹੈਂ,
ਤਮੰਚੇ ਕਰਾਬੀਨ ਜੜਤੀ ਕਰੈਂ। ੩੪੯।
ਪਰੀ ਹੋਤ ਤਲਵਾਰ ਸਿਕਲੈਂ ਸਦਾ,
ਕਈ ਲਾਖ ਘੜਨੇ ਕੀ ਰਹਿਤੀ ਸਦਾ। ੩੫੦।
ਰਹੇ ਜੰਗ ਕੀ ਬਾਤ ਸਭ ਲੈਸ ਥੀ,
ਫਟੇ ਜਿਗਰ ਦੁਸ਼ਮਨ ਕਾ ਹੁਮੇਸ਼ ਥੀ। ੩੫੧।
ਐਸੇ ਸਾਹਿਬ ਬਿਨ ਸਭ ਬਿਮਾਲਿਕ ਹੂਏ,
ਤਬੀ ਫੌਜ ਅਫਸਰ ਲੈ ਗਾਲਕ ਹੂਏ। ੩੫੨।
ਜਿਤੇ ਸ਼ਾਹ ਨੇ ਮੁਲਕ ਸਰ ਥੇ ਕੀਏ,
ਤਿਤੇ ਰਾਨੀ ਨੇ ਖੁਦ ਸਭੈ ਦੇ ਦੀਏ। ੩੫੩।
ਵਹੁ ਪਾਤੀ ਸਜ਼ਾ ਖੂਬ ਰਾਨੀ ਪੜੀ,
ਨਹੀਂ ਵੋ ਹੁਕਮ ਕੀ ਰਹੀ ਯਕ ਘੜੀ। ੩੫੪।
ਮਹਾਰਾਜ ਮਰਨਾ ਹੂਆ ਯਾਦ ਹੈ,
ਪੜੀ ਸਭ ਕੇ ਸਰ ਪਰ ਯਹ ਅਫਤਾਦ ਹੈ। ੩੫੫।
ਜਲਦ ਫੌਜ ਮਿਲ ਕਰ ਪੜੀ ਜੰਗ ਮੈਂ,
ਲਗੀ ਤੋਪ ਕਲਨੈਂ ਰੰਗਾ ਰੰਗ ਮੈਂ। ੩੫੬।
ਗੁਬਾਰੇ ਕਾ ਗੋਲਾ ਚੜ੍ਹੈ ਆਸਮਾਂ,
ਉਤਰ ਕਰ ਫਟੇ ਫੌਜ ਕਾਟੇ ਕਲਾਂ। ੩੫੭।
ਜੰਬੂਰਨ ਕੀਆ ਜ਼ੋਰ ਐਸਾ ਜਬਰ,
ਸੁਨੀ ਜੰਗ ਦਰ ਕੋਸ ਕੋਸਨ ਖਬਰ। ੩੫੮।
ਛੁਟੇ ਤੀਰ ਬਰਛੀ ਔ ਸਮਸ਼ੇਰ ਹੈ,
ਦੁਨਾਲੀ ਛੁਟੇ ਹੈ ਨ ਦਮ ਦੇਰ ਹੈ। ੩੫੯।
ਜਬੀ ਦਮ ਬਦਮ ਤੋਪ ਕੜਕਨ ਲਗੀ,
ਤਬੀ ਦਮ ਬਦਮ ਲੋਥ ਫੜਕਨ ਲਗੀ। ੩੬੦।

ਚਲੈ ਕਿਰਚ ਕਿਰਚੇ ਕਰੈ ਹਾਡ ਕੇ,
ਲਬਾ ਲਬ ਕਰੈ ਖੂਨ ਕੀ ਆਡ ਕੇ। ੩੬੧।
ਤਮੰਚੇ ਕਰਾਬੀਨ ਗੋਲੀ ਕੇ ਤੋੜ,
ਨਿਕਸ ਜਾਤ ਹੈਂ ਸੰਜ ਫੁਲਾਦ ਫੋੜ। ੩੬੨।
ਪੱਥਰ ਕਲ ਬੰਦੂਕੈਂ ਚਲੈਂ ਤੋੜੇਦਾਰ,
ਉਠੈ ਹੈ ਪਲੀਤਾ ਹਜ਼ਾਰਨ ਹਜ਼ਾਰ। ੩੬੩।
ਚਲੈਂ ਨੋਕ ਨੇਜ਼ਾਂ ਨਿਕਸ ਜਾਤ ਪਾਰ,
ਗਿਰੈਂ ਜੰਗ ਮੈਂ ਬੀਰ ਰਾਨੈਂ ਪਸਾਰ। ੩੬੪।
ਹਜ਼ਾਰੋਂ ਕਮਾਨੈਂ ਕੜੱਕੈਂ ਪੜੀ,
ਚਲੈਂ ਤੀਰ ਸਾਵਨ ਕੀ ਲਾਗੀ ਝੜੀ। ੩੬੫।
ਜਿਤੇ ਥੇ ਤਮਾਸ਼ੀ ਵਹੁ ਕਾਯਰ ਹੂਏ,
ਜਿਤੇ ਸਿੰਘ ਜੰਗੀ ਬਹਾਦੁਰ ਹੂਏ। ੩੬੬।
ਪਰਾ ਜ਼ੋਰ ਐਸਾ ਜਬਰ ਜੰਗ ਕਾ,
ਚਲਾ ਖੂਨ ਪਰਵਾਹ ਅਜਬ ਰੰਗ ਕਾ। ੩੬੭।
ਜੁਦੇ ਦੇਖੀਏ ਸੀਸ ਕਾਟੇ ਪੜੇ,
ਕਿਤੇ ਧੜ ਅਧੋ ਅਧ ਦਿਖੈਂ ਤੜਫੇ ਪਏ। ੩੬੮।
ਕਿਤੇ ਸੈਂਕਰਾ ਹਾਥ ਪਾ ਕਟ ਗਏ,
ਕਿਤੇ ਅਸਪ ਔ ਫ਼ੀਲ ਤੜਫੈਂ ਪਏ। ੩੬੯।
ਕਿਤਨ ਗਿਰ ਪੜੈਂ ਹਾਥ ਤਰਵਾਰ ਹੈ,
ਕਿਤੈਂ ਖੈਂਚ ਮਾਰੇ ਖਬਰਦਾਰ ਹੈ। ੩੭੦।
ਕਿਤੇ ਮਾਰ ਔ ਮਾਰ ਕਰਤੇ ਫਿਰੈਂ,
ਕਿਤੇ ਬੀਚ ਕਾਯਰ ਕਦਮ ਹਟ ਗਿਰੈਂ। ੩੭੧।
ਕਬੀ ਫ਼ੌਜ ਗੋਰਾ ਕੀ ਸਿੰਘਨ ਕਟੈ,
ਕਬੀ ਸਿੰਘ ਕੀ ਫ਼ੌਜ ਗੋਰਾ ਕਟੈ। ੩੭੨।
ਦੂਹੂੰ ਓਰ ਸੇ ਜੰਗ ਐਸਾ ਕਰੈਂ,
ਹੂਏ ਪੁਰਜ਼ੇ ਪੁਰਜ਼ੇ ਨ ਦਮ ਭਰ ਟਰੈਂ। ੩੭੩।
ਤੌ ਅੰਗਰੇਜ਼ ਕਾ ਬਾਣ ਚਲਨੇ ਲਗਾ,
ਤਬੈ ਫ਼ੌਜ ਸਿੰਘਨ ਕੀ ਦਲਨੇ ਲਗਾ। ੩੭੪।
ਨ ਮਾਨੈ ਕਛੂ ਸਿੰਘ ਅੰਗਰੇਜ਼ ਕੂ,
ਬਿਮਾਲਿਕ ਲੜੈ ਫ਼ੌਜ ਕਰ ਤੇਜ ਕੂ। ੩੭੫।
ਬਹੁ ਜਰਨੈਲ ਕਰਨੈਲ ਮਾਰੇ ਕਈ,
ਖੁਰਦ ਅਫ਼ਸਰੋਂ ਕੀ ਨ ਗਣਤੀ ਰਹੀ। ੩੭੬।
ਕਿਤੀ ਘੁੜ-ਚੜ੍ਹੋਂ ਕੀ ਕਟੀ ਫ਼ੌਜ ਹੈ,
ਜਿਨ੍ਹੋਂ ਸ਼ਾਹਿ ਆਗੇ ਕਰੀ ਮੌਜ ਹੈ। ੩੭੭।

ਲਰਾ ਖੂਬ ਕਪਤਾਂ ਜੁ ਸਰਦਾਰ ਥਾ,
ਵਹੁ ਜੰਗੀ ਬਹਾਦੁਰ ਖਬਰਦਾਰ ਥਾ। ੩੭੮।
ਜਬਰ ਜੰਗ ਕਰਕੈ ਦੀਆ ਸੀਸ ਉਸ,
ਮਿਲਾ ਵਹੁ ਸ਼ਹੀਦਨ ਸਦਾ ਖੁਸ਼ ਬਖੁਸ਼। ੩੭੯।
ਮਾਕੇ ਖ਼ਾਂ[1] ਫੇਰੂ ਮਾਂ ਸੁਸਤੀ ਹੂਆ,
ਇਸੀ ਜੰਗ ਮੈਂ ਖੂਬ ਚੁਸਤੀ ਹੂਆ। ੩੮੦।
ਲਰਾ ਖੂਬ ਤੋਪਾਂ ਚਲਾ ਕਰ ਜਵਾਂ,
ਬਹਿਸਤੀ ਹੂਆ ਜੰਗ ਕਰ ਕੇ ਕਲਾਂ। ੩੮੧।
ਕਟੇ ਸਾਥ ਤਰਵਾਰ ਗੋਰਾ ਜਵਾਂ,
ਚਢਾ ਕੌਰ ਸਿੰਘ ਥਾ ਅਕਾਲੀ ਕਲਾਂ। ੩੮੨।
ਮੇਵਾ ਸਿੰਘ ਜ਼ਖ਼ਮੀ ਹੂਆ ਜੰਗ ਮੈਂ,
ਤਜੇ ਪ੍ਰਾਨ ਉਸ ਕੇ ਉਸੀ ਰੰਗ ਮੈਂ। ੩੮੩।
ਬੇਲਾ ਸਿੰਘ[2] ਮਾਰਾ ਪੰਜ-ਹੱਥਾ ਮੂਆ,
ਹੁਕਮ ਸਿੰਘ ਕਟ ਖੂਬ ਸਾਥੀ ਹੂਆ। ੩੮੪।
ਫ਼ਤਹ ਸਿੰਘ ਜੰਗੀ ਮੂਆ ਖੂਬ ਲਰ,
ਦੀਆ ਸੀਸ ਸੋਂਹੈਂ ਹੂਆ ਹੈ ਅਮਰ। ੩੮੫।
ਹੀਰਾ ਸਿੰਘ ਟੋਪੀ ਕੀਆ ਜੋਸ਼ ਹੈ,
ਕਰੀ ਫ਼ੌਜ ਦੁਸ਼ਮਨ ਕੀ ਬੇਹੋਸ਼ ਹੈ। ੩੮੬।
ਕਲਾ ਜੰਗ ਕਰਨੇ ਵਹੁ ਸਾਮ੍ਹਨ ਹੂਆ,
ਸ਼ਹੀਦਨ ਕੇ ਡੇਰਾਂ ਮੈਂ ਡੇਰਾ ਕੀਆ। ੩੮੭।
ਨਹੀਂ ਗਿਨਤੀ ਸਿੰਘੋਂ ਕੀ ਜੇਤੇ ਮੂਏ,
ਨਿਮਕ ਕੀ ਸ਼ਰਤ ਪਰ ਬਹਿਸ਼ਤੀ ਹੂਏ। ੩੮੮।
ਮਜੀਠੇ ਕਾ ਜਰਨੈਲ ਕੁੱਵਤ ਕਲਾਂ,
ਜੁ ਮਹਿਤਾਬ ਸਿੰਘ ਨਾਮ ਜੰਗੀ ਜਵਾਂ। ੩੮੯।
ਲਰੈ ਖੂਬ ਜੋਰਾ ਮੈਂ ਗੋਰਾ ਕਟੈ,
ਨਿਮਕ ਕੀ ਸ਼ਰਤ ਪੁਰ ਕਦਮ ਨਾ ਹਟੈ। ੩੯੦।
ਲਰਾਈ ਉਨੈ ਖੂਬ ਪਲਟਨ ਸਭੀ,
ਹੂਈ ਉਸ ਕੋ ਸਾਬਾਸ ਮੁਲਕਨ ਤਭੀ। ੩੯੧।
ਤਹਾਂ ਫ਼ੌਜ ਗੋਰਾ ਬਹੁਤ ਗਲ ਗਈ,
ਖ਼ਬਰ ਬੀਚ ਲੰਦਨ ਜਲਦ ਕਰ ਗਈ। ੩੯੨।

1. ਮਾਖੇ ਖਾਨ, ਤੋਪਖਾਨੇ ਦਾ ਅਫ਼ਸਰ—ਫੇਰੂ ਸ਼ਹਿਰ ਦੀ ਲੜਾਈ ਵਿਚ ਜ਼ਰਾ ਸੁਸਤ ਰਿਹਾ ਸੀ।
2. ਪਾਠ-ਭੇਦ—ਮੇਲਾ ਸਿੰਘ।

ਕਟੀ ਫ਼ੌਜ ਸਿੰਘਨ ਕੀ ਗਨਤੀ ਨਹੀਂ,
ਮਹਾਰਾਜ ਕੇ ਬਿਨ ਵੁਹ ਬਨਤੀ ਨਹੀਂ। ੩੯੩।
ਲਰੇ ਦੋ ਤਰਫ਼ ਕੇ ਬਹਾਦੁਰ ਜਵਾਂ,
ਨਹੀਂ ਅਫ਼ਸਰੋਂ ਕੀ ਕਲਾਂ ਤੇ ਕਲਾਂ। ੩੯੪।
ਕੁਮੇਦਾਨ ਕਪਤਾਨ ਔ ਸੂਬੇਦਾਰ,
ਕਰੈ ਕੌਨ ਗਨਤੀ ਕਟੈ ਬੇ-ਸ਼ੁਮਾਰ। ੩੯੫।
ਰੁਦਰ ਪੀਤ ਹੈ ਜੋਗਨੀ ਕਾਲੀਆਂ,
ਨਚੈ ਭੂਤ ਬੈਤਾਲ ਦੈ ਤਾਲੀਆਂ। ੩੯੬।
ਮਰੈਂ ਸਾਮਨੇ ਹਾਥ ਕਰਕੇ ਜਵਾਂ,
ਬਰੈ ਹੂਰ ਉਨ ਕੋ ਚੜ੍ਹਾ ਕਰ ਬਿਬਾਂ। ੩੯੭।
ਸ਼ਹਾਦਤ ਹੈ ਮਰਨਾ ਸੌਹੇ ਖ਼ੂਬ ਕੁੱਦ,
ਵਹੁ ਜਾਤੇ ਬਹਿਸ਼ਤਨ ਸਭੀ ਖ਼ੁਦ ਬਖ਼ੁਦ। ੩੯੮।
ਨਿਮਕ ਕੀ ਸ਼ਰਤ ਪਰ ਜੋ ਮਰਨਾ ਚਹੈ,
ਤਿਸੈ ਲੋਕ ਪ੍ਰਲੋਕ ਸ਼ਾਬਾਸ਼ ਕਹੈ। ੩੯੯।
ਜਭੀ ਫ਼ੌਜ ਸਿੰਘਨ ਕੀ ਦਰਜਨ ਲਗੀ,
ਤਭੀ ਫ਼ੌਜ ਗੋਰਾ ਕੀ ਗਰਦਨ ਲਗੀ। ੪੦੦।
ਅਟਾਰੀ ਕਾ ਸਰਦਾਰ ਜੰਗੀ ਜਵਾਂ,
ਮਹਾਰਾਜ ਕਾ ਥਾ ਮੁਸਾਹਿਬ ਨਿਸ਼ਾਂ। ੪੦੧।
ਦਿਖਾ ਸ਼ਾਮ ਸਿੰਘ ਬੀਰ ਚਾਰੋਂ ਤਰਫ਼,
ਫਟੀ ਫ਼ੌਜ ਜਾਤੀ ਹੈ ਹਰ ਯਕ ਤਰਫ਼। ੪੦੨।
ਚੁਤਰਫੈਂ ਨਿਸ਼ਾਂ ਕਰ ਖੜਾ ਹੋ ਗਿਆ,
ਨਿਮਕ ਕੀ ਸਰਤ ਕਾ ਕੜਾ ਹੋ ਗਿਆ। ੪੦੩।
ਦੋਊ ਬਾਪ ਬੇਟਾ ਜੜੇ ਹੋ ਗਏ,
ਕਿਤੇ ਸਾਥ ਉਨ ਕੇ ਖੜੇ ਹੋ ਗਏ। ੪੦੪।
ਹਕਾਰਾ ਦੀਆ ਖ਼ਾਲਸਾ ਕੋ ਤਬੈ,
ਕਹਾਂ ਜਾਤ ਹੋ ਬੀਰ ਦਰੀਆ ਲਬੈ। ੪੦੫।
ਕਿਤੀ ਬਾਰ ਸਰਦਾਰ ਐਸੇ ਕਹਾ,
ਤਹੀਂ ਖ਼ਾਲਸਾ ਬੀਰ ਧੀਰਜ ਰਹਾ। ੪੦੬।
ਤਬੈ ਸਿੰਘ ਕੇਤੇ ਜਮਾ ਹੋ ਗਏ,
ਵੁਹ ਫ਼ਾਨੂਸ ਹੀ ਕੀ ਸ਼ਮਾ ਹੋ ਗਏ। ੪੦੭।
ਲਈ ਸ਼ਾਮ ਸਿੰਘ ਹਾਥ ਸਮਸ਼ੇਰ ਹੈ,
ਜਿਸੈ ਸਿਰ ਪੈ ਲਾਵੈ ਨ ਦਮ ਦੇਰ ਹੈ। ੪੦੮।
ਚਲੇ ਆਤ ਗੋਰਾ ਅਮਲ ਕੀ ਲਟਕ,
ਲਗੈ ਜਿਸ ਕੇ ਤੇਗਾ ਮਰੈ ਸਿਰ ਪਟਕ। ੪੦੯।

ਕਟਾਂ ਸੀਸ ਗੋਰਾ ਕਾ ਥੋਰਾ ਨਹੀਂ,
ਥਕਾ ਹਾਥ ਜਬ ਤਲਕ ਜ਼ੋਰਾ ਨਹੀਂ। ੪੧੦।
ਕਟੀ ਫ਼ੌਜ ਦੁਸ਼ਮਨ ਨਾ ਕਰਤਾ ਸਬਰ,
ਗਈ ਬੀਚ ਲੰਦਨ ਕੇ ਉਸ ਕੀ ਖ਼ਬਰ। ੪੧੧।
ਕੀਆ ਉਸ ਨੈ ਲੰਦਨ ਕੋ ਖਾਲੀ ਬਿਸ਼ੱਕ,
ਨਹੀਂ ਬਾਤ ਇਸ ਮੇਂ ਰਹੀ ਕੁਛ ਕੁ ਸ਼ੱਕ। ੪੧੨।
ਮੂਆ ਹੋ ਬਹਾਦੁਰ ਜਵਾਂ ਜੰਗ ਮੈਂ,
ਮਿਲਾ ਵੁਹ ਸ਼ਹੀਦਨ ਉਮੀ ਰੰਗ ਮੈਂ। ੪੧੩।
ਹੂਈ ਉਸ ਕੋ ਸ਼ਾਬਾਸ ਚਾਰੋਂ ਤਰਫ਼,
ਨਾ ਗਿਰਤੇ ਨਿਕਾਰਾ ਹੀ ਹਾ ਹਾ ਕਾ ਹਰਫ਼। ੪੧੪।
ਕਿਤੇ ਸਾਹਿਬ ਜੰਗੀ ਬਹਾਦੁਰ ਮੂਏ,
ਕਿਤੇ ਬੀਰ ਸਰਦਾਰ ਪੁਰਜ਼ੇ ਹੂਏ। ੪੧੫।
ਕਿਤੇ ਜਲਦ ਕਰ ਬੀਚ ਦਰੀਆ ਬਹੇ,
ਕਿਤੇ ਹੋਇ ਪੁਰਜ਼ੇ ਜ਼ਿਮੀਂ ਪਰ ਰਹੇ। ੪੧੬।
ਕਿਤੇ ਸਾਥ. ਗੋਲਾ ਉਡੇ ਆਸਮਾਂ,
ਹੂਈ ਜੰਗ ਹੂੰ ਮੈਂ ਫ਼ਤੇ ਸਾਹਿਬਾਂ। ੪੧੭।
ਨ ਹੋਤੀ ਸੁਸਤੀ ਜੁ ਸਿੰਘ ਤੇਜ ਕੀ,
ਰਹੀ ਥੀ ਨ ਬਾਕੀ ਤੌ ਅੰਗਰੇਜ਼ ਕੀ। ੪੧੮।
ਜਿਸੈ ਪੁਸ਼ਤ ਮਾਲਿਕ ਕਾ ਸਾਯਾ ਹੂਆ,
ਤਿਸੀ ਕਾ ਫ਼ਤਿਹ ਜੰਗ ਨਾਵਾਂ ਹੂਆ। ੪੧੯।
ਸਭੀ ਸਿਰ ਕੇ ਊਪਰ ਯਹ ਕਿਸਮਤ ਕਬੂਲ,
ਕਿਸੈ ਕੀ ਫ਼ਤਿਹ ਔ ਕਿਸੇ ਕੀ ਅਦੂਲ। ੪੨੦।
ਮਿਲੇ ਉਨ ਕੇ ਮਾਲਿਕ ਜੋ ਅੰਗਰੇਜ਼ ਸੈਂ,
ਦਗਾ ਕਰ ਕੇ ਮਰਵਾਏ ਫ਼ਰਫ਼ੇਜ ਸੈਂ। ੪੨੧।
ਹੂਏ ਕੰਪਨੀ ਕੇ ਬਹਾਦੁਰ ਜਵਾਂ,
ਬਿਮਾਲਿਕ ਭਏ ਸਿੰਘ ਹੂਏ ਚਲਾਂ। ੪੨੨।
ਨ ਹੋਤਾ ਬਿਮਾਲਿਕ ਅਗਰ ਖ਼ਾਲਸਾ,
ਕਹਾਂ ਕੰਪਨੀ ਇਨ ਸੇ ਪਾਤੀ ਫ਼ਤਾ। ੪੨੩।
ਹੁਕਮ ਜੋ ਹੈ ਮਾਲਿਕ ਕਾ ਹੋਗਾ ਸੋਈ,
ਕਰੋ ਲਾਖ ਬਾਤੇਂ ਬਨਾ ਕਰ ਕੋਈ। ੪੨੪।
ਹੂਆ ਤਪ ਜੋ ਐਸਾ ਹੈ ਅੰਗਰੇਜ਼ ਕਾ,
ਨਹੀਂ ਸਰ ਹੈ ਆਤਾ ਉਸੇ ਤੇਜ ਕਾ। ੪੨੫।
ਗਵਰਨਲ ਜੋ ਸਾਹਿਬ ਬਹਾਦੁਰ ਹੂਆ,
ਫ਼ਤਿਹ ਕਾ ਨਿਸ਼ਾਨਾ ਹੈ ਸਾਦਰ ਹੂਆ। ੪੨੬।

ਫ਼ਤਿਹ ਗੱਫ[1] ਸਾਹਿਬ ਕੀ ਹੂਈ ਕਲਾਂ,
ਦੋਊ ਕੰਪਨੀ ਘਰ ਕੇ ਹੂਏ ਨਿਸ਼ਾਂ। ੪੨੭।
ਤਬੈ ਹੂਲ ਕਰ ਝਪਟ ਲੀਨਾ ਲਾਹੌਰ,
ਦੁਆਬਾ ਲੀਆ ਜੀਤ ਕਰਕੈ ਫ਼ਲੌਰ। ੪੨੮।
ਫ਼ਤੇ ਕੰਪਨੀ ਦੇਸ਼ ਦੇਸ਼ਨ ਜਗੀ,
ਵਿਲਾਯਤ ਸਭੀ ਥਰਥਰਾਨੇ ਲਗੀ। ੪੨੯।
ਮਿਲੀ ਆਨ ਰਾਨੀ ਕੀ ਦਾਸੀ ਕਲਾਂ,
ਸੁਨਾ ਨਾਮ ਜਿਸ ਕਾ ਕਹੈਂ ਮੰਗਲਾਂ। ੪੩੦।
ਮੁਸਾਹਿਬ ਔ ਰਾਜਾ ਸਭੀ ਮਿਲ ਗਏ,
ਮਿਲੀ ਆਪ ਰਾਨੀ ਵਹੁ ਮਾਲਿਕ ਭਏ। ੪੩੧।
ਹੁਕਮ ਹੋ ਗਿਆ ਸਭ ਜੁ ਅੰਗਰੇਜ਼ ਕਾ,
ਕੀਆ ਰਾਨੀ ਜਿੰਦਾਂ ਕੇ ਫ਼ਰਜ਼ੇਜ ਕਾ। ੪੩੨।
ਸਭੀ ਫ਼ੌਜ ਕੋ ਤੋੜ ਡਾਲਾ ਤਬੀ,
ਹੂਆ ਤੇਜ ਅੰਗਰੇਜ਼ ਜ਼ੋਰਾ ਜਬੀ। ੪੩੩।
ਕਿਤੇ ਲਾਟ ਮੁਲਕੀ ਚਲੇ ਆਤ ਹੈਂ,
ਕਿਤੇ ਲਾਟ ਜੰਗੀ ਚਲੇ ਜਾਤ ਹੈਂ। ੪੩੪।
ਯਹ ਅੰਗਰੇਜ਼ ਕੇ ਘਰ ਕੀ ਗਨਤੀ ਨਹੀਂ,
ਕਲਾਂ ਹੈ ਬਹਾਦੁਰ ਨ ਦੇਖਾ ਕਹੀਂ। ੪੩੫।
ਇਤੀ ਬਾਤ ਤੈ ਕੰਪਨੀ ਜੀਤ ਹੋ,
ਨ ਫੂਟੈ ਜਵਾਂ ਏਕ ਬਦਨੀਤ ਹੋ। ੪੩੬।
ਜਿਤਾ ਖ਼ਾਲਸਾ ਯਾ ਹੂਆ ਯਕ ਬਯਕ,
ਸੁਨਾ ਅਗਰ ਦੇਖਾ ਨਾ ਥੀ ਕੁੱਛ ਸ਼ੱਕ। ੪੩੭।
ਇਸਾ ਇਨ ਕਾ ਇਤਫ਼ਾਕ ਤੂਟੈ ਕਬੀ,
ਖ਼ਿਜ਼ਾਂ ਹੋਇਗੀ ਬੇ ਹੁਕਮ ਕੀ ਤਬੀ। ੪੩੮।
ਕਰੈਂਗੇ ਅਦਾਲਤ ਰਹੈ ਬਰਕਰਾਰ,
ਨ ਹੋਗੀ ਅਦਾਲਤ ਨ ਹੋਗੀ ਬਹਾਰ। ੪੩੯।
ਕਰੈਂਗੇ ਤਕੱਬਰ ਰਹੈਂ ਨ ਘਰੀ,
ਯਹੀ ਬਾਤ ਸਾਚੀ ਮੈਂ ਲਿਖ ਕਰ ਧਰੀ। ੪੪੦।
ਯਹ ਖ਼ਲਕਤ ਖ਼ੁਦਾ ਕੀ ਪੈ ਜ਼ੁਲਮੀ ਕਰੈਂ,
ਖ਼ਿਜ਼ਾਂ ਜਲਦ ਜਲਦੀ ਨ ਦਮ ਭਰ ਟਲੈਂ। ੪੪੧।

1. ਸਰ ਹੀਊ ਗੋਫ਼ (Sir Hugh Gooph) ਜੋ ਇਸ ਜੰਗ ਵਿਚ ਜਿੱਤ ਕਰਕੇ ਲਾਰਡ ਬਣਾਇਆ ਗਿਆ ਸੀ।

ਅਗੈ ਹੁਕਮ ਮਾਲਿਕ ਕਾ ਹੋਗਾ ਸੋਈ,
ਨਾ ਉਸ ਕੇ ਕਹਿਨੇ ਕੋ ਕਾਮਲ ਕੋਈ। ੪੪੨।
ਕੀਆ ਜੰਗ ਅੰਗਰੇਜ਼ ਖੁਦ ਜੋਰ ਸੈ,
ਕੀਆ ਮੁਲਕ ਅਪਨਾ ਚਹੂੰ ਓਰ ਸੈ। ੪੪੩।
ਖੁਦਾ ਅਜੋ ਉਨ ਕੇ ਪੈ ਮਿਹਰਬਾਨ ਹੈ,
ਨ ਰਾਖੈ ਇਸੀ ਤੇ ਕਿਸੀ ਕੀ ਕਾਨ ਹੈ। ੪੪੪।
ਉੱਨੀ ਸੈ ਕੇ ਊਪਰ ਬਿਤੈ ਦੋਇ ਸਾਲ[1],
ਲੀਆ ਮੁਲਕ ਅੰਗਰੇਜ਼ ਐਸਾ ਕਮਾਲ। ੪੪੫।
ਕਹਾ ਵੇਨ ਇਸਟਾਟ ਦੀਜੋ ਬਤਾ,
ਸਿੰਘਨ ਹਮਾਰੀ ਸ਼ਿਕਸਤੋ ਫਤਾਹ। ੪੪੬।
ਕੀਆ ਕਾਨ੍ਹ ਸਿੰਘ ਜੰਗ-ਨਾਮਾ ਤਮਾਮ,
ਮੈਂ ਕਰਤਾ ਤੂੰ ਸਭ ਸਾਇਰੋਂ ਕੋ ਸਲਾਮ। ੪੪੭।
ਲਿਜੋ ਸਾਇਰੋ ਭੂਲ ਮੇਰੀ ਬਖ਼ਸ਼,
ਮੈਂ ਬੇ-ਇਲਮ ਹੋਂ ਫ਼ਾਰਸੀ ਕਾ ਸਖਸ। ੪੪੮।
ਅਜਬ ਦੇਸ ਦੁਆਬਾ ਮੈਂ ਬੰਗਾ[2] ਮਕਾਨ,
ਕੀਆ ਜੰਗ-ਨਾਮਾ ਉਸੀ ਦਰਮਿਆਨ। ੪੪੯।
ਕੀਆ ਜੰਗ-ਨਾਮਾ ਯਹ ਤਮਾਮ ਹੈ,
ਅਗਰ ਨਾ ਖਬਰ ਕਾਮ ਬੇਕਾਮ ਹੈ। ੪੫੦।

ਸਮਾਪਤ

1. ਸੰਮਤ 1902 ਬਿ. ਸੰਨ 1945-46 ਈ.।
2. ਕਸਬਾ ਬੰਗਾ, ਜ਼ਿਲ੍ਹਾ ਜਲੰਧਰ।

ਜੰਗ ਸਿੰਘਾਂ ਤੇ ਫ਼ਰੰਗੀਆਂ ਦਾ

ਕ੍ਰਿਤ

ਕਵੀ ਮਟਕ

'ਜੰਗ ਸਿੰਘਾਂ ਤੇ ਫ਼ਰੰਗੀਆਂ ਦਾ' ਵਿਚ ਸੰਨ 1845-46 ਦੇ ਲਾਹੌਰ ਸਰਕਾਰ ਤੇ ਈਸਟ ਇੰਡੀਆ ਕੰਪਨੀ (ਸਿੰਘਾਂ ਤੇ ਅੰਗਰੇਜ਼ਾਂ) ਦੇ ਵਿਚਕਾਰ ਸਤਲੁਜੋਂ ਪਾਰ ਮੁਦਕੀ, ਫੇਰੂ ਸ਼ਹਿਰ, ਅਲੀਵਾਲ ਤੇ ਸਭਰਾਵਾਂ ਦੇ ਅਸਥਾਨਾਂ ਤੇ ਹੋਈਆਂ ਲੜਾਈਆਂ ਦਾ ਹਾਲ ਹੈ।

ਇਸ ਦਾ ਲਿਖਣ ਵਾਲਾ ਕੋਈ ਕਵੀ 'ਮਟਕ' ਹੈ। ਇਹ ਮਟਕ ਕੌਣ ਤੇ ਕਿੱਥੋਂ ਦਾ ਰਹਿਣ ਵਾਲਾ ਸੀ, ਤੇ ਇਸ ਦਾ ਅਸਲ ਨਾਮ ਕੀ ਸੀ, ਪਤਾ ਨਹੀਂ ਲੱਗ ਸਕਿਆ। 'ਮਟਕ' ਕਵੀ ਦਾ ਤਖ਼ੱਲਸ ਜਾਪਦਾ ਹੈ। ਧਰਮ ਦਾ ਇਹ ਹਿੰਦੂ ਦਿੱਸਦਾ ਹੈ, ਮੁਸਲਮਾਨ ਨਹੀਂ ਕਿਉਂਕਿ 33ਵੇਂ ਕੁੰਡਲੀਏ ਵਿਚ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਦੀ ਸ਼ਹੀਦੀ ਦਾ ਜ਼ਿਕਰ ਕਰਦਾ ਹੋਇਆ 'ਦੇਵ-ਲੋਕ', 'ਮੰਦਰ', 'ਸੁਰਗ', 'ਸੁਰਪਤਿ' ਆਦਿ ਸ਼ਬਦ ਵਰਤਦਾ ਹੈ।

ਸੰਨ 1936 ਈ. ਵਿਚ ਮੈਨੂੰ ਇਹ ਲਿਖਤੀ ਨੁਸਖਾ ਟੁਕੜੇ-ਟੁਕੜੇ ਭਾਈ ਨੌਰੰਗ ਸਿੰਘ ਜੀ ਤਾਂਘੀ ਅੰਮ੍ਰਿਤਸਰ ਵਾਲਿਆਂ ਤੋਂ ਮਿਲਿਆ ਸੀ। ਇਸ ਦਾ ਨਾ ਤਾਂ ਅਰੰਭ ਹੀ ਹੈ ਅਤੇ ਨਾ ਹੀ ਅੰਤ। ਇਹ ਅੰਕ 3 ਤੋਂ ਸ਼ੁਰੂ ਹੈ ਤੇ ਅੰਕ 35 ਦੀ ਪਹਿਲੀ ਸਤਰ ਤੋਂ ਬਾਅਦ ਖ਼ਤਮ ਹੋ ਜਾਂਦਾ ਹੈ। ਮੈਂ ਇਹ ਯਤਨ ਕਰਦਾ ਰਿਹਾ ਹਾਂ ਕਿ ਕਿਧਰੋਂ ਇਸ ਦੀ ਪੂਰੀ ਮੁਕੰਮਲ ਲਿਖਤ ਮਿਲ ਜਾਏ ਤਾਂਕਿ ਉਸ ਨਾਲ ਟਾਕਰਾ ਕਰਕੇ ਇਸ ਨੂੰ ਪ੍ਰਕਾਸ਼ਿਤ ਕੀਤਾ ਜਾਏ। ਭਾਈ ਨੌਰੰਗ ਸਿੰਘ ਜੀ ਭੀ ਇਸ ਦਾ ਅਣ-ਮਿਲਿਆ ਟੁਕੜਾ ਨਹੀਂ ਲਭ ਸਕੇ ਅਤੇ ਨਾ ਹੀ ਕਿਸੇ ਹੋਰ ਪਾਸਿਓਂ ਇਸ ਦੀ ਕੋਈ ਹੋਰ ਕਾਪੀ ਹੋਣ ਦੀ ਉਘ ਸੁਘ ਮਿਲੀ ਹੈ। 92-93 ਸਾਲ ਦੀ ਪੁਰਾਣੀ ਲਿਖਤ ਹੋਣ ਕਰਕੇ ਟੁਕੜੇ-ਟੁਕੜੇ ਹੋਇਆ-ਹੋਇਆ ਕਾਗਜ਼ ਚੂੰਕਿ ਭੁਰਦਾ ਜਾ ਰਿਹਾ ਸੀ, ਅਤੇ ਦਿਨੋ ਦਿਨ ਪੜ੍ਹਨ ਵਿਚ ਔਖਿਆਈ ਵੱਧ ਰਹੀ ਸੀ, ਇਸ ਲਈ ਮੈਂ ਇਸ ਨੂੰ ਸੰਭਾਲੇ ਜਾ ਸਕਣ ਲਈ ਸੰਨ 1938 ਵਿਚ ਰਸਾਲਾ 'ਫੁਲਵਾੜੀ' ਵਿਚ ਪ੍ਰਕਾਸ਼ਿਤ ਕਰ ਦਿੱਤਾ ਅਤੇ ਆਸ ਕੀਤੀ ਕਿ ਜੇ ਕਿਸੇ ਸੱਜਣ ਪਾਸ ਇਸ ਦੀ ਕੋਈ ਕਾਪੀ ਹੋਵੇ ਤਾਂ ਉਹ ਪਤਾ ਦੇਣ ਦੀ ਖੇਚਲ ਕਰਨ ਤਾਂ ਕਿ ਅਣ-ਮਿਲੇ ਹਿੱਸੇ ਤੇ ਨਾ ਪੜ੍ਹੇ ਗਏ ਸ਼ਬਦਾਂ ਨੂੰ ਠੀਕ ਕਰ ਕੇ ਇਸ ਨੂੰ ਪੂਰਾ ਕੀਤਾ ਜਾ ਸਕੇ। ਪਰ ਹਾਲ ਤੱਕ ਇਹ ਆਸ ਪੂਰੀ ਨਹੀਂ ਹੋਈ। ਸ਼ਾਇਦ ਕਦੀ ਹੋ ਜਾਏ।

ਆਦਿ ਅਤੇ ਅੰਤ ਨਾ ਹੋਣ ਕਰਕੇ ਇਹ ਤਾਂ ਨਹੀਂ ਕਿਹਾ ਜਾ ਸਕਦਾ ਕਿ ਇਹ ਕਦੋਂ ਦਾ ਲਿਖਿਆ ਹੋਇਆ ਹੈ, ਪਰ ਜਿੱਥੋਂ ਤੱਕ ਕਿਆਸ ਕੀਤਾ ਜਾਂਦਾ ਹੈ। ਇਹ ਜੰਗ ਤੋਂ ਛੇਤੀ ਹੀ ਬਾਅਦ ਲਿਖਿਆ ਗਿਆ ਹੈ।

1845-46 ਦੀ ਸਿੰਘਾਂ ਤੇ ਅੰਗਰੇਜ਼ਾਂ ਦੀ ਲੜਾਈ ਦੇ ਹਾਲ ਕਵਿਤਾ ਵਿਚ ਤਿੰਨ ਲਿਖਾਰੀਆਂ

ਦੇ ਲਿਖੇ ਹੋਏ ਹਾਲਾਂ ਤੱਕ ਮਿਲੇ ਹਨ। ਪਹਿਲਾ ਸ਼ਾਹ ਮੁਹੰਮਦ, ਜਿਸ ਦੇ ਲਿਖੇ ਬੈਂਤ ਪੰਜਾਬ ਭਰ ਵਿਚ ਮਸ਼ਹੂਰ ਹਨ; ਦੂਸਰਾ ਕਾਨ੍ਹ ਸਿੰਘ ਬੰਗਾ-ਨਿਵਾਸੀ, ਜਿਸ ਨੇ ਉਰਦੂ ਤੇ ਪੰਜਾਬੀ ਦੀ ਰਲਵੀਂ ਮਿਲਵੀਂ ਬੋਲੀ ਵਿਚ 'ਜੰਗ-ਨਾਮਾ ਲਾਹੌਰ' ਲਿਖਿਆ ਹੈ ਤੇ ਤੀਸਰਾ ਕਵੀ ਮਟਕ ਜਿਸ ਦੀ ਲਿਖਤ ਅੱਗੇ ਦਿੱਤੀ ਜਾ ਰਹੀ ਹੈ।

ਮੈਂ ਇੱਥੇ ਸਿੰਘਾਂ ਤੇ ਫ਼ਰੰਗੀਆਂ ਦੇ ਜੰਗ ਜਾਂ ਉਸ ਵੇਲੇ ਦੇ ਹਾਲਾਤ ਸੰਬੰਧੀ ਵਿਸਥਾਰ ਨਾਲ ਕੋਈ ਨੋਟ ਇਸ ਲਈ ਨਹੀਂ ਦੇ ਰਿਹਾ ਕਿ ਇਹ 'ਸਰਦਾਰ ਸ਼ਾਮ ਸਿੰਘ ਅਟਾਰੀਵਾਲਾ' ਨਾਮੀ ਪੁਸਤਕ ਅਤੇ ਸ਼ਾਹ ਮੁਹੰਮਦ ਤੇ ਕਾਨ੍ਹ ਸਿੰਘ ਦੀਆਂ ਰਚਨਾਵਾਂ ਦੇ ਆਰੰਭ ਵਿਚ ਦਿੱਤੇ ਜਾ ਚੁੱਕੇ ਹਨ।

ਹਾਂ, ਇਸ ਗੱਲ ਦਾ ਜ਼ਿਕਰ ਕਰ ਦੇਣਾ ਜ਼ਰੂਰੀ ਸਮਝਦਾ ਹਾਂ ਕਿ ਕਵੀ ਮਟਕ ਦੀ ਲਿਖਤ ਅਨੁਸਾਰ ਇਹ ਗੱਲ ਸਾਫ਼ ਦਿੱਸਦੀ ਹੈ ਕਿ ਲਾਹੌਰ ਵਿਚ ਸਿੰਘਾਂ ਨੂੰ ਅੰਗਰੇਜ਼ਾਂ ਨਾਲ ਜੰਗ ਕਰਨ ਲਈ ਜ਼ਿਆਦਾ ਰੋਹ ਉਸ ਵੇਲੇ ਚੜ੍ਹਿਆ ਜਦ ਕਿ ਸਤਲੁਜੋਂ ਪਾਰ ਦੇ ਲਾਹੌਰ ਸਰਕਾਰ ਦੇ ਇਲਾਕੇ ਦੇ ਲੋਕਾਂ ਨੇ ਲਾਹੌਰ ਆ ਕੇ ਫ਼ਰੰਗੀਆਂ ਦੀਆਂ ਵਧੀਕੀਆਂ ਵਿਰੁੱਧ ਪੁਕਾਰ ਕੀਤੀ [ਦੇਖੋ ਅੰਕ 19, 22, 23, 34] ਅਤੇ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਦੀ ਬਹਾਦੁਰੀ ਦੀ ਪ੍ਰਸ਼ੰਸਾ ਬੜੀ ਸੋਹਣੀ ਤਰ੍ਹਾਂ ਕਰਦਾ ਹੈ।

ਪ੍ਰਕਾਸ਼ਿਤ ਕਰਨ ਵੇਲੇ ਮੈਂ ਸਾਰੀ ਲਿਖਤ ਵਿਚ ਇਕ ਗੰਦੇ ਲਫ਼ਜ਼ (ਅੰਕ 34 ਸਤਰ 4) ਨੂੰ ਬਦਲ ਕੇ 'ਗੀਦੀਆਂ' ਕਰਨ ਤੋਂ ਸਿਵਾਏ ਕੋਈ ਤਬਦੀਲੀ ਨਹੀਂ ਕੀਤੀ। ਇਹ ਤਬਦੀਲੀ ਭੀ ਅਤਿ ਮਜਬੂਰ ਹੋ ਕੇ ਕੀਤੀ ਹੈ।

ਜੰਗ ਸਿੰਘਾਂ ਤੇ ਫਰੰਗੀਆਂ ਦਾ

* * * *

ਪਾਰ[1] ਸਭ ਹੋਇ ਇਕੱਠੇ, ਪਹੁੰਚੇ ਪੂਰ ਸਰਕਾਰੇ,
ਆਣ ਪੁਕਾਰੇ।
ਪੈਸਾ ਸਾਥੋਂ ਮੰਗੇ ਫਿਰੰਗੀ, ਅਸੀਂ ਗਰੀਬ ਵਿਚਾਰੇ,
ਖੇਤੀਆਂ ਵਾਰੇ।
ਜੇ ਜੋਰ ਹੈ ਵਿਚ ਤੁਮਾਰੇ, ਢਿੱਲ ਨਾ ਕਰੋ ਪਿਆਰੇ,
ਲਸਕਰ ਭਾਰੇ।
ਕਹਿਤ ਮਟਕ ਜਬ ਸੁਣੀ ਪੰਥ ਨੇ, ਗੁੱਸਾ ਚੜ੍ਹਿਆ ਸਾਰੇ,
ਭਏ ਤਿਆਰੇ। ੩।
ਸਭੀ ਖਾਲਸਾ ਏਕਾ ਕਰਿ ਕੇ, ਸੰਮਣ[2] ਨੂੰ ਉਨ ਧਾਇਆ,
ਸੋਝਾ ਪਾਇਆ।
ਦਲੀਪ ਸਿੰਘ ਦੇ ਪਾਸਿ ਬੈਠ ਕੇ, ਆਣਿ ਦਰਬਾਰ ਲਗਾਇਆ,
ਸੂਤ੍ਰ ਬਣਾਇਆ।
ਅੰਗਰੇਜ਼ ਬਹਾਦੁਰ ਮੰਗੀ ਛਿਆਨੀ, ਦੀਨਾ ਨਾਥ ਸੁਣਾਇਆ,
ਜੋ ਲਿਖ ਆਇਆ।
ਕਹਿਤ ਮਟਕ ਸਬ ਸੁਣੀ ਸੂਰਮੀਂ, ਮੁੱਛੀਂ ਤਾਉ ਚੜ੍ਹਾਇਆ,
ਖੜਗੁ ਉਠਾਇਆ। ੪।
ਸਭੀ ਖ਼ਾਲਸਾ ਕੱਠਾ ਹੋਇ ਕੇ, ਸਮਾਧ ਸਰਕਾਰ ਦੀ ਆਇਆ,
ਮਤਾ ਮਤਾਇਆ।
ਪੰਜਾਂ ਸਇਆਂ ਦਾ ਕੀਤਾ ਕੁਣਕਾ, ਅੱਗੇ ਆਣਿ ਚੜ੍ਹਾਇਆ,
ਭੋਗੁ ਲਵਾਇਆ।
ਆਣ ਭਾਈ ਅਰਦਾਸਾ ਕਰ ਕੇ, ਸਤਿਗੁਰ ਨਾਮੁ ਜਪਾਇਆ,
ਸਬਦੁ ਸੁਣਾਇਆ।
ਕਹਿਤ ਮਟਕ ਅਬ ਹੋਇ ਇਕੱਤ੍ਰ, ਗ੍ਰੰਥ ਸਾਹਿਬ ਹਥੁ ਲਾਇਆ,
ਧਰਮੁ ਬਣਾਇਆ। ੫।

---

1. ਸਤਲੁਜੋਂ ਪਾਰ ਦਾ ਲਾਹੌਰ ਸਰਕਾਰ ਦਾ ਇਲਾਕਾ।
2. ਕਿਲ੍ਹਾ ਲਾਹੌਰ ਦਾ ਸੰਮਣ ਬੁਰਜ।

ਤੇਜ ਸਿੰਘ ਨੇ ਚੁੱਕਿਆ ਬੀੜਾ, ਜੰਗੀ ਲਾਟੁ ਬਣਾਇਆ,
ਬਹੁਤੁ ਵਧਾਇਆ।
ਵਿਚ ਪੰਥ ਦੇ ਸੀ ਸਿਆਣਾ, ਸਭਨਾਂ ਬੈਠ ਸ਼ਲਾਹਿਆ,
ਮਨ ਚਿਤ ਲਾਇਆ।
ਚੜ੍ਹ ਹਾਤੀ ਡੇਰੇ ਨੂੰ ਆਇਆ, ਕੰਪੂ ਫ਼ਤੇ ਬੁਲਾਇਆ,
ਫੈਲੁ ਉਠਾਇਆ।
ਕਹਿਤ ਮਟਕ ਤੇਜ ਸਿੰਘ ਆਖੇ, ਸਨਮੁਖ ਲੜਨਾ ਆਇਆ,
ਆਖਿ ਸੁਣਾਇਆ। ੬।
ਲਾਲ ਸਿੰਘ ਨੇ ਚੁੱਕਿਆ ਬੀੜਾ, ਜੰਗੀ ਲਾਟ ਬਣਾਇਆ,
ਬਹੁਤ ਵਧਾਇਆ।
ਵਿਚ ਪੰਥ ਦੇ ਸੀ ਸਿਆਣਾ, ਸਭਨਾਂ ਬੈਠ ਸਲਾਹਿਆ,
ਮਨ ਚਿਤ ਲਾਇਆ।
ਤੇਗ ਫੜੀ ਦੀ ਟੇਕ ਰਖੋ ਜੀ, ਨਿਮਕ ਮਾਲਕ ਦ੍ਾ ਖਾਇਆ,
ਸੀਸੁ ਬਿਕਾਇਆ।
ਕਹਿਤ ਮਟਕ ਹੁਕਮੁ ਕੂਚ ਦਾ, ਡੇਰਾ ਮਾਝੇ ਪਾਇਆ,
ਝੰਡਾ ਲਾਇਆ। ੭।
ਓਥੋਂ ਡੇਰਾ ਕੂਚ ਕੀਤੋ ਨੇ, ਹਰੀ ਕੇ ਪੱਤਣ ਪਾਇਆ,
ਦਾਬਾ ਲਾਇਆ।
ਲਾਲ ਸਿੰਘ ਨੇ ਭੇਜ ਸੰਤਰੀ, ਸਭੇ ਮੇਉ[1] ਬੁਲਾਇਆ,
ਪਾਸਿ ਸਦਾਇਆ।
ਕੜੇ ਸੋਇਨੇ ਦੇ ਦੀਏ ਹੱਥਾਂ ਨੂੰ, ਸਿਰੋ-ਪਾਓ ਦੁਵਾਇਆ,
ਗਹਿਣੁ ਪੁਛਾਇਆ।
ਕਹਿਤ ਮਟਕ ਸੰਗਰਾਂਦ ਪੋਹ ਦੀ, ਡੇਰਾ ਪਾਰ ਲੰਘਾਇਆ,
ਮੁਲਖ ਡਰਾਇਆ। ੮।
ਲਾਲ ਸਿੰਘ ਨੇ ਪਾਸ ਬੈਠ ਕੇ, ਸਭ ਨੂੰ ਬਾਤ ਉਚਾਰੀ,
.......................।
ਹੱਲਾ ਕਰਿਕੇ ਮਾਰੋ ਸ਼ਹਿਰ ਨੂੰ, ਮਾਰੋ ਗੋਲੇ ਭਾਰੀ,
ਗਰਦ ਗੁਬਾਰੀ।
ਬੂੜ ਸਿੰਘ ਸਰਦਾਰ ਬੋਲਿਆ, ਰੱਯਤ ਬਸੇ ਬਿਚਾਰੀ,
ਲੋਕ ਬਪਾਰੀ।

1. ਮਲਾਹ।

ਕਹਿਤ ਮਟਕ ਫ਼ੇਜ਼ੁ[1] ਘੇਰਿਆ, ਗਿਰਦੇ ਫ਼ੌਜ ਉਤਾਰੀ,
ਸਭ ਸਰਕਾਰੀ । ੯ ।
ਬੀਚ ਅੰਬਾਲੇ ਸੁਣਾ ਲਾਟ[2] ਨੇ, ਸਿੰਘ ਪਾਰ ਲੰਘ ਆਏ,
ਡੇਰੇ ਪਾਏ ।
ਗੁੱਸਾ ਖਾਇਕੇ ਚੜ੍ਹੇ ਫ਼ਿਰੰਗੀ, ਤੁਰ ਫ਼ੇਜ਼ ਨੂੰ ਆਏ,
ਹੁਕਮੁ ਬਜਾਏ ।
ਲਾਲ ਸਿੰਘ ਨੂੰ ਹੋਈਆਂ ਖਬਰਾਂ, ਰਸਤੇ ਵਿਚ ਅਟਕਾਏ,
ਜੁਧ ਮਚਾਏ ।
ਕਹਿਤ ਮਟਕ ਦੋਵੇਂ ਦਲ ਭਾਰੇ, ਹਟਦੇ ਨਹੀਂ ਹਟਾਏ,
ਅੱਗੇ ਧਾਏ । ੧੦ ।
ਵੀਰ ਵਾਰ ਸਿੰਘਾਂ ਨੇ ਉਠ ਕੇ, ਕਾਠੀਆਂ ਆਣਿ ਪਵਾਈਆਂ,
ਪੁਜ ਤਕੜਾਈਆਂ ।
ਜਲ ਢੂੰਢਣ ਕੋ ਚਲਾ ਖਾਲਸਾ, ਅਜਬ ਪੁਸ਼ਾਕਾਂ ਪਾਈਆਂ,
ਛਾਲਾਂ ਲਾਈਆਂ ।
ਹਥੀਂ ਜਿਨ੍ਹਾਂ ਦੇ ਨੇਜ਼ੇ ਸੋਹਿਨ, ਧੰਨ ਜਣੇਂਦੀਆਂ ਮਾਈਆਂ,
ਇਨ੍ਹਾਂ ਸੁਪਾਹੀਆਂ ।
ਕਹਿਤ ਮਟਕ ਪਾਣੀ ਜਾ ਲੱਭਾ, ਫੌਜਾਂ ਅਗੋਂ ਆਈਆਂ,
ਪੈਣ ਲੜਾਈਆਂ । ੧੧ ।
ਦੋਹਾਂ ਧਿਰਾਂ ਨੇ ਧਰੀਆਂ ਤੋਪਾਂ, ਗੋਲੇ ਜੰਗੀ ਪਾਏ,
ਖੂਬ ਚਲਾਏ ।
ਦੋਹਾਂ ਧਿਰਾਂ ਤੋਂ ਡਿਗਣ ਸੂਰਮੇਂ, ਰਣਿ ਦੇ ਵਿਚ ਸਮਾਏ,
ਸੁਰਗ ਸਿਧਾਏ ।
ਕਾੜ ਕਾੜ ਬੰਦੂਕਾਂ ਛੁੱਟਣ, ਤੇਗੇ ਬਹੁ ਚਮਕਾਏ,
ਖੂਬ ਟਿਕਾਏ ।
ਚੌਦਾਂ ਤੋਪਾਂ ਪਹਿਲੇ ਹੱਲੇ, ਸਿੰਘ ਛਡਿ ਕੇ ਧਾਏ,
ਘਰ ਨੂੰ ਆਏ । ੧੨ ।
ਸ਼ੁੱਕਰ ਵਾਰ ਦੋਵੇਂ ਦਲ ਭਾਰੇ, ਫਿਰਨ ਵਕੀਲ ਵਿਚਾਰੇ,
ਵਿੱਚਰ ਬਾਰੇ ।
ਬਾਤ ਸੁਲ੍ਹਾ ਦੀ ਕੋਈ ਨਹੀਂ ਬਣਦੀ, ਕਟੇ ਜਤਨ ਕਰ ਹਾਰੇ,
ਜੰਗੀ ਭਾਰੇ ।

---

1. ਫ਼ਿਰੋਜ਼ਪੁਰ, ਅੰਗਰੇਜ਼ੀ ਛਾਉਣੀ ।
2. ਸਰ ਹੈਨਰੀ ਹਾਰਡਿੰਗ, ਗਵਰਨਰ-ਜਨਰਲ ।

ਕਰ ਤਕੜਾਈਆਂ ਬਹਿਣ ਸੂਰਮੇ, ਸ਼ਸਤਰ ਪਹਿਨ ਪਿਆਰੇ,
ਸੁੰਦਰ ਸਾਰੇ।
ਮਹਾਂਭਾਰਤ ਰਚਿਆ ਇਸ ਜਗ ਵਿਚ, ਫਿਰੇ ਸੈਨਿ ਵਿਚ ਸਾਰੇ,
ਮਟਕ ਉਚਾਰੇ। ੧੩।
ਵਾਰ ਛਨਿੱਛਰ ਦੋਹਾਂ ਦਲਾਂ ਵਿਚ, ਖਬਰਦਾਰ ਹੋ ਬਹਿੰਦੇ,
ਚੌਕਸ ਰਹਿੰਦੇ।
ਕਰੜਾ ਪਹਿਰਾ ਕਰਨਾ ਡੇਰਾ, ਪੱਥਰ ਕਲਾ ਲੈ ਬਹਿੰਦੇ,
ਦਸਤ ਫੜੇਂਦੇ।
ਮੋਹੇ ਤੋਪਾਂ ਬਰਨ ਰਸਾਲੇ, ਪਿਛੇ ਲਾਮ ਲਗੇਂਦੇ,
ਨਹਿੰ ਅਟਕੇਂਦੇ।
ਕਹਿਤ ਮਟਕ ਸੰਗਰਾਮੁ ਮਾਂਡਿਆ, ਸਾਰੇ ਜੱਗ ਸੁਣੇਂਦੇ,
ਢੋਲ ਵਜੇਂਦੇ। ੧੪।
ਐਤਵਾਰ ਸੁੰਦਰ ਦਿਨ ਰਵਿ ਦਾ, ਕੀਨੀ ਲਾਟੂ ਤਿਆਰੀ,
ਬੈਠ ਬਿਚਾਰੀ।
ਪਹਿਰ ਟੋਪੀਆਂ ਸਜੇ ਸੰਤਰੀ, ਜੰਗੀ ਫ਼ੌਜ ਨਿਤਾਰੀ,
ਜੁਦੀ ਉਤਾਰੀ।
ਚੜ੍ਹੇ ਰਸਾਲੇ ਔਰ ਪੜਤਲਾਂ, ਗੋਰਾ ਬੇਸ਼ੁਮਾਰੀ,
ਗਰਦ ਗੁਬਾਰੀ।
ਨਾਲਿ ਫ਼ਿਰੰਗੀ ਲੜੇ ਪੰਥੁ ਅਬਿ, ਸੁਣੇਗੀ ਪ੍ਰਿਥਮੀ ਸਾਰੀ,
ਮਟਕ ਉਚਾਰੀ। ੧੫।
ਸੋਮਵਾਰ ਘੰਟਾ ਇਕੁ ਵੱਜਿਆ, ਝਟਿ ਫ਼ਿਰੰਗੀ ਆਇਆ,
ਫ਼ੌਜ ਲਿਆਇਆ।
ਬਹੁਤੁ ਪੜਤਲਾਂ ਸੰਗ ਰਜਮਣਾ, ਡੇਰਾ ਖੂਬ ਜਮਾਇਆ,
ਫੈਲੁ ਉਡਾਇਆ।
ਲਾਲ ਗੁਰੂ ਕੇ ਮਾਰਨ ਤੇਗੇ, ਖੱਪਰ ਬਹੁਤੁ ਰੁੜ੍ਹਾਇਆ;
ਅਸਥਰੁ ਪਾਇਆ।
ਕਹਿਤ ਮਟਕ ਗੋਲਾ ਪਿਆ ਵਰਸੇ, ਕੁਛ ਸਿਰ ਪੈਰੁ ਨ ਆਇਆ,
ਰੁਧਰ ਵਗਾਇਆ। ੧੬।
ਜੁਧ ਕੁਰਧ ਸੁ ਹੋਤ ਭਿਆਨਕ, ਬਾਤਿ ਕਹੀ ਨ ਜਾਈ,
ਹੋਸ਼ ਭੁਲਾਈ।
ਚਲਦੀਆਂ ਤੋਪਾਂ ਔਰੁ ਤਮਾਂਚੇ, ਕਰਾਬੀਨ ਚਮਕਾਈ
ਚਕਮਕਾ ਲਾਈ।

ਡਿਗਨ ਸੂਰਮੇ ਸਨਮੁਖ ਹੋ ਕੇ, ਸੁਰਗ ਲੋਕ ਨੂੰ ਜਾਈ,
ਨਹਿ ਅਟਕਾਈ।
ਕਹਤ ਮਟਕ ਤਲਵਾਰਾਂ ਚਮਕਨ, ਪੱਥਰ ਕਲਾ ਵਿਚ ਛਾਈ,
ਜੰਗ ਮਚਾਈ। ੧੭।
ਸਨਮੁਖ ਚੜ੍ਹ ਤਰੇ ਭੈ ਸੂਰੈ, ਫੜਿ ਤੇਗੋ ਹਥਿ ਆਈ,
ਕਰਨ ਲੜਾਈ।
ਰਣਕਣ ਤੇਗਾਂ ਵਿਚ ਜੰਗ ਦੇ, ਅਗਨਿ ਬਾਣਿ ਛੁਟਿ ਆਈ,
ਸੁਧ ਬਿਸਰਾਈ।
ਗੱਜਨ ਸੂਰਮੇ ਸਨਮੁਖ ਹੋ ਕੇ, ਲੜਦੇ ਸ਼ੇਰ ਸੁਪਾਹੀ,
ਜੰਗ ਮਚਾਈ।
ਕਹਿਤ ਮਟਕ ਦੋਵੇਂ ਦਲ ਜੂਝੇ, ਜੂਝੇ ਸਿੰਘ ਸੁਪਾਹੀ,
ਸੁਣੇ ਲੁਕਾਈ। ੧੮।
ਦਿਨੇ ਸਿੰਘ ਸਭ ਖੂਬ ਲਰੇ ਹੈਂ, ਸਮਾਂ ਰਾਤ ਕਾ ਆਇਆ,
ਮੱਥਾ ਡਾਹਿਆ।
ਗੋਲੇ ਪਾਟਵੇਂ ਮਾਰ ਫ਼ਿਰੰਗੀ, ਖੌਫ਼ ਖਾਲਸੇ ਪਾਇਆ,
ਕਦਮ ਹਟਾਇਆ।
ਲੜਨ ਪੜਤਲਾਂ ਫਰਾਂਸੀਸ ਦੀਆਂ, ਤਲਵਾਰੀਂ ਹੱਥ ਪਾਇਆ,
ਜੱਫਾ ਲਾਇਆ।
ਕਹਿਤ ਮਟਕ ਲਾਲ ਸਿੰਘ ਨੱਠਾ, ਕੰਪੂ ਗਹਿਣ ਲੀਘਾਇਆ,
ਧ੍ਰੋਹ ਕਮਾਇਆ। ੧੯।
ਘੋੜ-ਚੜ੍ਹੇ ਸਿੰਘੋ ਕੋ ਬਾਂਕੇ, ਦੁਸ਼ਾਲੇ ਹੰਢਾਵਨ,
ਸੋਇਨਾ ਪਾਵਨ।
ਕੰਨੀਂ ਜਿਨ੍ਹਾਂ ਦੀ ਮੋਤੀ ਲਟਕਣ, ਤਲਬਾਂ ਬੈਨ ਗਿਣਾਵਨ,
ਢਾਲ ਭਰਾਵਨ।
ਖਾਣਿ ਖੁਰਾਕਾਂ ਪਹਿਨ ਪੁਸ਼ਾਕਾਂ, ਅਫ਼ਲਾਤੂਨ ਕਹਾਵਨ,
ਸ਼ੇਰ ਸਦਾਵਨ।
ਕਹਿਤ ਮਟਕ ਜਬ ਵਖਤ ਲੜਨ ਕਾ, ਦੌੜ ਘਰਾਂ ਨੂੰ ਆਵਨ,
ਸਿਰ ਲੁਕਾਵਨ। ੨੦।
ਦੌੜਦਿਆਂ ਨੂੰ ਸਰਮ ਨਾ ਆਈ, ਕੀਤੀ ਜਾਨ ਪਿਆਰੀ,
ਇਹੁ ਵਿਚਾਰੀ।
ਤੋਲ ਤਕੜੀ ਲੈਨਿ ਰੁਪਈਏ, ਅਸੀਂ ਬੰਦੂਕਚੀ ਭਾਰੀ,
ਪੰਜ ਹਜ਼ਾਰੀ।

ਘਰ ਵਿਚ ਬੈਠ ਅਨਾਮ ਵਧਾਵਨ, ਰਣ ਵਿਚ ਪਿੱਠ ਦਿਖਾਰੀ,
ਲਾਜ ਖਿਸਾਰੀ ।
ਕਹਿਤ ਮਟਕ ਲੜ ਮਰਨ ਸੂਰਮੇ, ਜਰਾ ਨਾ ਹਟਣ ਪਿਛਾੜੀ,
ਹੋਣ ਅਗਾੜੀ । ੨੧ ।
ਸੋਮਵਾਰ ਘੰਟਾ ਇਕ ਵਜਿਆ, ਤੇਜ ਸਿੰਘ ਚੜ੍ਹਿ ਆਇਆ,
ਫ਼ੌਜ ਲਿਆਇਆ ।
ਬਹੁਤ ਪੜਤਲਾ ਸੰਗ ਰਜਮਣਾਂ, ਡੇਰਾ ਖੂਬ ਜਮਾਇਆ,
ਫੈਲ ਉਠਾਇਆ ।
ਜੰਗ ਦੇਖ ਕੇ ਖੁਲ੍ਹੇ ਨਰੀਦੇ, ਪਿੱਛੇ ਨੂੰ ਹਟ ਆਇਆ,
ਖ਼ਤਰਾ ਖਾਇਆ ।
ਕਹਿਤ ਮਟਕ ਤੇਜਾ ਸਿੰਘ ਡਰਿਆ ਕੋਪੂ ਗਾਹਣ ਲੰਘਾਇਆ,
ਧ੍ਰੋਹ ਕਮਾਇਆ । ੨੨ ।
ਸਤਲੁਦ੍ਰ ਦੇ ਉਰਾਰ ਸਿੰਘਾਂ ਨੇ, ਬਹਿ ਦਰਬਾਰ ਲਗਾਇਆ,
ਸੂਤ ਬਣਾਇਆ ।
ਲਾਲ ਸਿੰਘ ਨੂੰ ਮਾਰ ਸੁੱਟੇ, ਇਨ ਡੇਰਾ ਸਭ ਖੁਹਾਇਆ,
ਮਾਲ ਲੁਟਾਇਆ ।
ਤੇਜਾ ਸਿੰਘ ਔ ਬੂੜ ਸਿੰਘ ਨੇ, ਮਿੰਨਤਾਂ ਕਰ ਛੁਡਵਾਇਆ,
ਮਸੀਂ ਬਚਾਇਆ ।
ਕਹਿਤ ਮਟਕ ਸਭਿ ਹੋਇ ਇਕੱਤ੍ਰ, ਗ੍ਰੰਥ ਸਾਹਿਬ ਹਥੁ ਲਾਇਆ,
ਧਰਮੁ ਬਣਾਇਆ । ੨੩ ।
ਫੇਰਾ ਸਿੰਘਾਂ ਨੇ ਏਕਾ ਕੀਤਾ, ਬੇੜੀਆਂ ਤੁਰਤ ਮੰਗਾਓ,
ਦੇਰ ਨ ਲਾਓ ।
ਪੁਲ ਬੰਨ੍ਹਣ ਦੀ ਕਰੋ ਤਿਆਰੀ ਫ਼ੌਜਾਂ ਪਾਰ ਲੰਘਾਓ,
ਤੋਪ ਚੜ੍ਹਾਓ ।
ਧਰਮ ਜੁਧ ਨੂੰ ਕਰੋ ਖਾਲਸਾ, ਹਟਿ ਕੇ ਫੇਰ ਨ ਆਓ,
ਮਰਦ ਸਦਾਓ ।
ਕਹਿਤ ਮਟਕ ਕਰਦੇ ਸਿੰਘ ਬਾਤਾਂ, ਡੇਰੇ ਖੂਬ ਜਮਾਓ,
ਭੈ ਉਠਾਓ । ੨੪ ।
ਪੁਲ ਬੰਨ੍ਹ ਕੇ ਸਿੰਘ ਪਾਰ ਉੱਤਰੇ, ਫ਼ੌਜਾਂ ਜਾਇ ਟਿਕਾਈਆਂ,
ਛਹੀਆਂ ਲਾਈਆਂ ।
ਗੋਲਾ ਬਾਰੂਦ ਦੀਆਂ ਸਭਨਾਂ ਕੋ, ਮਿਸਲਾਂ ਤਿੰਨ ਬਣਾਈਆਂ,
ਪੁਜ ਤਕੜਾਈਆ ।

ਤੇਜ ਸਿੰਘ ਔ ਲਾਲ ਸਿੰਘ ਮਿਲ ਗੱਲਾਂ ਬੈਠ ਬਣਾਈਆਂ,
ਸੰਗ ਸੁਪਾਹੀਆਂ।
ਕਹਿਤ ਮਟਕ ਰਣ ਸ਼ਾਮ ਸਿੰਘ ਨੇ, ਰੰਗ ਪੁਸ਼ਾਕਾਂ ਪਾਈਆਂ,
ਮਣਸੀਆਂ ਗਾਈਆਂ। ੨੫।

ਦੋ ਮਹੀਨੇ ਰਹੇ ਉਤਰੇ, ਸੁਤਲੁੱਦ੍ਰ ਦੇ ਸਿਰ੍ਹਾਣੇ,
ਵਡੇ ਸਿਆਣੇ।
ਤੇਜ ਸਿੰਘ ਔ ਲਾਲ ਸਿੰਘ ਹੈਨ ਮੁਸਾਹਿਬ ਪੁਰਾਣੇ,
ਕਰਦੇ ਭਾਣੇ[1]।
ਬਾਹਰੋਂ ਗੱਲਾਂ ਕਰਨ ਮਿੱਠੀਆਂ ਅੰਦਰੋਂ ਖੋਟ ਕਮਾਣੇ,
ਕਰਦੇ ਭਾਣੇ।
ਕਹਿਤ ਮਟਕ ਰਣਿ ਸ਼ਿਆਮ ਸਿੰਘ ਸੁਦਾਰ ਸਭੀ ਜਗ ਜਾਣੇ
ਲਾਜ ਪਛਾਣੇ। ੨੬।

ਮੰਗਲ ਵਾਰ ਸੰਗਰਾਂਦ ਫਾਗ ਦੀ, ਹੁਕਮੁ ਲਾਟ ਨੇ ਦੀਨਾ,
ਚੌਕਸ ਕੀਨਾ।
ਪਹਿਨ ਬਰਦੀਆਂ ਬਣੇ ਤਿਲੰਗੇ, ਜੜੀਆਂ ਖੂਬ ਸਕੀਨਾਂ,
ਬਹੁ ਕਰਬੀਨਾਂ।
ਚੜ੍ਹੇ ਰਸਾਲੇ ਔਰ ਪੜਤਲਾਂ, ਗੋਰਾ ਮਰਦ ਨਗੀਨਾ,
ਕਿਰਚ ਫੜੀਨਾ।
ਕਹਿਤ ਮਟਕ ਮਿਲ ਚੜ੍ਹੇ ਸੁਪਾਹੀ, ਬਜਦੇ ਤੁਰਮ ਤਫੀਨਾ,
ਜੰਗ ਮਚੀਨਾ। ੨੭।

ਪਹਿਰ ਰਾਤ ਸਮੇਂ ਇਸਨਾਨ ਸ਼ਾਮ ਸਿੰਘ ਵਿਚ ਨਦੀ ਦੇ ਵੜਿਆ,
ਜਪੁਜੀ ਪੜ੍ਹਿਆ।
ਪੁੰਨ ਦਾਨ ਬਹੁ ਕੀਏ ਮਰਦ ਨੇ, ਧਿਆਨ ਗੁਰਾਂ ਕਾ ਧਰਿਆ,
ਭੌਜਲੁ ਤਰਿਆ।
ਨਿਮਸਕਾਰ ਕਰਿ ਸ਼ਸਤਰ ਪਹਿਰੇ, ਤੋੜਾ ਬੰਦੂਕੀਂ ਜੜਿਆ,
ਜਰਾ ਨ ਡਰਿਆ।
ਕਹਿਤ ਮਟਕ ਅਬ ਜੁੱਧ ਧਰਮ ਕਾ, ਸ਼ਿਆਮ ਸਿੰਘ ਰਣ ਚੜ੍ਹਿਆ,
ਖੰਡਾ ਫੜਿਆ। ੨੮।

ਦੋਹੀਂ ਧਿਰੀਂ ਤੰਬੂਰ ਖੜਕਦੇ, ਜੁਧ ਦੀ ਭਈ ਤਿਆਰੀ,
ਲਸ਼ਕਰ ਭਾਰੀ।
ਵੱਜਨ ਤੁਰਮਜ਼ਾਂ ਔਰ ਮੁਰਲੀਆਂ, ਸੁਥਰੀ ਰਣਿ ਕੇ ਸਾਰੀ,
ਅਧਿਕ ਪਿਆਰੀ।

---

1. ਬਹਾਨੇ।

ਚੜ੍ਹੇ, ਰਸਾਲੇ ਔਰ ਪਤਤਲਾਂ, ਗੋਰਾ ਬੇ-ਸ਼ੁਮਾਰੀ,
ਗਰਦ ਗੁਬਾਰੀ।
ਕਹਿਤ ਮਟਕ ਅਬ ਪੰਥ ਕੇ ਊਪਰ, ਝੁਕ ਰਹੀ ਲੰਦਨ ਸਾਰੀ,
ਲਸ਼ਕਰ ਭਾਰੀ। ੨੯।
ਦੋਹੀਂ ਧਿਰੀਂ ਤੰਬੂਰ ਖੜਕਦੇ, ਲੜਦੇ ਨਦੀ ਕਿਨਾਰੇ,
ਮੁਲਖਾਂ ਵਾਰੇ।
ਚਲਣ ਬੰਦੂਕਾਂ ਔਰ ਰਹਿਕਲੇ, ਤੇਗੇ ਦਮਕਣਿ ਭਾਰੇ,
ਬਣੇ ਦੁਧਾਰੇ।
ਗੱਜਣ ਸੂਰਮੇ ਸਨਮੁਖ ਹੋ ਕੇ, ਰਣਿ ਦੇ ਵਿਚ ਪੁਕਾਰੇ,
ਲੈਣਿ ਹੁਲਾਰੇ।
ਕਹਿਤ ਮਟਕ ਗੋਲਾ ਪਿਆ ਵਰਸੇ, ਵਗਦੇ ਰੁਦ੍ ਪ੍ਰਨਾਰੇ,
ਲੈਣਿ ਹੁਲਾਰੇ। ੩੦।

ਕੁੰਡਲੀਆ

ਸ਼ਾਮ ਸਿੰਘ ਸਰਦਾਰ ਨੇ ਕੀਆ ਤੀਰਥ ਇਸ਼ਨਾਨ।
ਗਊਆਂ ਹਾਥੀ ਮਨਸ ਕੇ ਸਨਮੁਖ ਚਲਾ ਜੁਆਨ।
ਸਨਮੁਖ ਚਲਾ ਜੁਆਨ ਜੁਧ ਦੀ ਭਈ ਤਿਆਰੀ।
ਅੰਗ੍ਰੇਜ਼ ਸਾਥ ਜਾ ਲੜਾ ਸੂਰਮਾ ਆਪ ਦੀਦਾਰੀ।
ਮਟਕਾ ਗੋਰੇ ਮਰਦ ਨੇ ਮਾਰੇ ਬੀਚ ਮਦਾਨ।
ਫੜ ਖੰਡਾ ਹਥ ਗਰਜਿਆ ਸ਼ਾਮ ਸਿੰਘ ਬਲਵਾਨ। ੩੧।

ਸ੍ਵੈਯਾ

ਸ਼ਾਮ ਸਿੰਘ ਸਰਦਾਰ ਨੇ ਤੇਗ ਫੜੀ, ਅੰਗ੍ਰੇਜ਼ ਕੇ ਸੀਸ ਪੈ ਜਾਇ ਜੜੀ ਹੈ।
ਮੁੰਡ ਕਾਟ ਕੇ ਜਾਟ ਨੇ ਝਾਟ ਕੀਓ, ਦਮਕੀ ਦਲਿ ਮੈਂ ਰਣਿ ਹੋਰੀ ਕਰੀ ਹੈ।
ਚਮਕੀ ਚੜ੍ਹਿ ਊਪਰ ਗੋਰਨ ਕੇ, ਤਨ ਕਾਟਿ ਕੈ ਬਸਤ੍ਰ ਰੁਦ੍ ਭਰੀ ਹੈ।
ਮਟਿ ਰਾਇ ਜੁਆਨ ਮਦਾਨ ਲੜਾ, ਸ੍ਰਕਾਰ ਕੇ ਨਿਮਕ ਕੀ ਲਾਜ ਪੜੀ ਹੈ। ੩੨।

ਕੁੰਡਲੀਆ

ਸ਼ਾਮ ਸਿੰਘ ਰਣਿ ਜੂਝਿਆ, ਸਨਮੁਖ ਹੋ ਸਰਦਾਰ।
ਦੇਵ ਲੋਕ ਨੂੰ ਚੜ੍ਹਿ ਗਿਆ, ਦਲਿ ਮੈਂ ਪੜੀ ਪੁਕਾਰ।
ਦਲਿ ਮੈਂ ਪੜੀ ਪੁਕਾਰ, ਅਪਸਰਾਂ ਮਾਰਗ ਖੜੀਆਂ।
ਪਕੜ ਝਕੜ ਬਹੁ ਵਰੈ, ਤੁਰਤ ਲੈ ਮੰਦਰ ਵੜੀਆਂ।
ਕਹਿਤ ਮਟਕ ਵਿਚ ਸੁਰਗ ਦੇ, ਕਰਦਾ ਬਹੁਤ ਬਿਲਾਸੁ।
ਸੁਰਪਤਿ ਬਹੁਤ ਸਲਾਹੁੰਦਾ, ਸ਼ਾਮ ਸਿੰਘ ਸਰਦਾਰ। ੩੩।

ਲਾਲੂ ਦੀ ਲਾਲੀ ਗਈ, ਤੇਜੂ ਦਾ ਗਿਆ ਤੇਜ।
ਰਣਿ ਵਿਚਿ ਪਿਠ ਦਿਖਾਇ ਕੇ, ਮੋਢਾ ਆਏ ਫੇਰ।
ਮੋਢਾ ਆਏ ਫੇਰਿ, ਮੂਜੀ ਮੁਰਦਾਰ ਸਦਾਵਨ।
ਦੁਸ਼ਾਲੇ ਹੰਢਾਏ ਗੀਦੀਆਂ, ਮੁਫਤ ਗੁਵਾਵਨ।
ਕਹਿਤ ਮਟਕ ਵਿਚ ਜਗਤ ਦੇ ਹੋਤੀ ਚਰਚ ਵਿਚਾਰ।
ਲਾਲੂ ਤੇਜੂ ਨੱਠ ਕੇ ਆਏ ਪੀਠ ਦਿਖਾਰ। ੩੪।

ਦੋਹਰਾ

ਮੇਵਾ ਸਿੰਘ ਸਰਦਾਰ ਮਰਦਊ ਕੀਆ ਅੰਗ੍ਰੇਜ਼ ਕੇ............ਚਲਾਈ।
ਗੋਰਨ ਕੇ ਦਲ.....................।

ਜੱਟਾਂ ਦੀਆਂ ਦੋ ਵਾਰਾਂ

ਇਹ 'ਜੱਟਾਂ ਦੀਆਂ ਦੋ ਵਾਰਾਂ' ਮੈਨੂੰ ਸੁਰਗਵਾਸੀ ਸਰਦਾਰ ਕਰਮ ਸਿੰਘ ਜੀ ਇਤਿਹਾਸਕਾਰ ਦੇ ਸਪੁੱਤਰ ਸਰਦਾਰ ਰਣਧੀਰ ਸਿੰਘ ਜੀ ਦੀ ਕਿਰਪਾ ਨਾਲ ਪ੍ਰਾਪਤ ਹੋਈਆਂ ਹਨ। ਪਹਿਲੀ ਵਾਰ ਸੰਧੂਆਂ ਦੇ ਮਰਾਸੀ ਸਿੱਧ ਜੀਨ ਨੇ ਆਖੀ ਹੈ ਤੇ ਦੂਸਰੀ ਮੀਰ ਲਗਾਮ ਚੀਚੇ ਭਕਣੇ ਵਾਲੇ ਨੇ। ਇਨ੍ਹਾਂ ਵਿਚ ਪੰਜਾਬ ਦੇ ਜੱਟਾਂ ਦੇ ਵੱਖ-ਵੱਖ ਗੋਤਾਂ ਅਤੇ ਉਨ੍ਹਾਂ ਦੀ ਵਸੋਂ ਦੇ ਇਲਾਕਿਆਂ ਦਾ ਜ਼ਿਕਰ ਕੀਤਾ ਹੋਇਆ ਹੈ, ਇਹ ਵਾਰਾਂ ਕਦ ਤੇ ਕਿਵੇਂ ਰਚੀਆਂ ਗਈਆਂ, ਕੁੱਝ ਪਤਾ ਨਹੀਂ ਲੱਗ ਸਕਿਆ। ਸਰਦਾਰ ਕਰਮ ਸਿੰਘ ਦਾ ਇਨ੍ਹਾਂ ਸੰਬੰਧੀ ਲਿਖਿਆ ਕੋਈ ਨੋਟ ਨਹੀਂ ਮਿਲਿਆ। ਵਾਰਾਂ ਦੇ ਅੰਦਰ ਕੋਈ ਐਸਾ ਸਾਫ਼ ਇਸ਼ਾਰਾ ਨਹੀਂ ਜਿਸ ਤੋਂ ਸੌਖੇ ਹੀ ਕੋਈ ਅਨੁਮਾਨ ਲਾਇਆ ਜਾ ਸਕੇ। ਕਿਤੇ-ਕਿਤੇ ਕੁੱਝ ਨਾਉਂ ਆਏ ਹਨ, ਜਿਵੇਂ ਲੋਪੋਕਿਆਂ ਦੇ ਡੂਮ ਤਾਨੂ, ਮਾਨੂੰ, ਤੇ ਦਰੂਦ ਘੋਲੀ, ਮਾਹਲਪੁਰੀਆ ਕਪੂਰ ਬੈਂਸ ਆਦਿ। ਪਰ ਇੰਨ੍ਹਾਂ ਤੋਂ ਸਪੱਸ਼ਟ ਤੌਰ ਤੇ ਇਹ ਨਹੀਂ ਪਤਾ ਲੱਗਦਾ ਕਿ ਇਹ ਉਸੇ ਸਮੇਂ ਹੋਏ ਹਨ ਜਾਂ ਬਹੁਤ ਪਹਿਲੋਂ ਜਾਂ ਥੋੜ੍ਹਾ ਪਹਿਲੋਂ। ਮੇਰੇ ਆਪਣੇ ਪਿੰਡ 'ਹੀਰਾਂ ਦਾ ਪੁਰ' (ਪੁਰ ਹੀਰਾਂ, ਜ਼ਿਲ੍ਹਾ ਹੁਸ਼ਿਆਰਪੁਰ) ਦਾ ਜ਼ਿਕਰ ਦੋਹਾਂ ਵਾਰਾਂ ਵਿਚ ਮਾਹਲਪੁਰੀਏ ਬੈਂਸਾਂ ਦੇ ਜ਼ਿਕਰ ਤੋਂ ਬਾਅਦ ਆਇਆ ਹੈ, ਪਰ ਕਿਸੇ ਵਡਿੱਕੇ ਦਾ ਨਾਮ ਨਹੀਂ ਦਿੱਤਾ ਹੋਇਆ, ਇਸ ਕਰਕੇ ਇਸ ਤੋਂ ਕੋਈ ਅੰਦਾਜ਼ਾ ਨਹੀਂ ਲੱਗਦਾ। ਹਾਂ ਸਿੱਧ ਜੀਨ ਨੇ ਸਾਡੇ ਪਿੰਡ ਦੇ ਕਿਲ੍ਹੇ ਦਾ ਜ਼ਿਕਰ (ਹੀਰਾਂ ਦਾ ਪੁਰ ਵੱਡਾ ਖੇੜਾ, ਕਿਲ੍ਹਾ ਖ਼ੂਬ ਕਰਾਰਾ) ਕੀਤਾ ਹੈ ਅਤੇ ਮੀਰ ਲਗਾਮ ਚੀਚੇ-ਭਕਣੀਏ ਨੇ ਇਸ ਨੂੰ 'ਸਰਦਾਰਾਂ ਦਾ ਖੇੜਾ' ਕਰਕੇ ਕਿਹਾ ਹੈ, ਜਿਸ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਇਹ ਵਾਰਾਂ ਅਠਾਰ੍ਹਵੀਂ ਸਦੀ ਦੇ ਪਹਿਲੇ ਦੋ ਦਹਾਕਿਆਂ ਤੋਂ ਬਾਅਦ ਰਚੀਆਂ ਗਈਆਂ ਹਨ। ਸਾਡੇ ਪਿੰਡ ਦੇ ਸਰਦਾਰਾਂ ਨੇ ਇੱਥੇ ਕਿਲ੍ਹਾ ਅਠਾਰ੍ਹਵੀਂ ਸਦੀ ਦੇ ਤੀਸਰੇ ਤੋਂ ਪੰਜਵੇਂ ਦਹਾਕੇ ਵਿਚ ਖ਼ਾਨ ਬਹਾਦੁਰ ਜ਼ਕਰੀਆ ਖ਼ਾਨ ਜਾਂ ਮੀਰ ਮਨੂੰ ਦੇ ਜ਼ਮਾਨੇ ਵਿਚ ਯਾ ਥੋੜ੍ਹਾ ਚਿਰ ਹੀ ਬਾਅਦ ਬਣਾਇਆ ਸੀ ਜਦੋਂ ਕਿ ਦੁਆਬਾ ਬਿਸਤ ਜਲੰਧਰ ਦਾ ਹਾਕਮ ਅਦੀਨਾ ਬੇਗ ਖ਼ਾਨ ਸੀ। ਇਹ ਕਿਲ੍ਹਾ ਹੁਣ ਢਹਿ ਚੁੱਕਾ ਹੋਇਆ ਹੈ ਤੇ ਇਸ ਥਾਂ ਉੱਤੇ ਪੁਰਾਤਨ ਸਰਦਾਰਾਂ ਦੀ ਸੰਤਾਨ ਦੇ ਰਿਹਾਇਸ਼ੀ ਮਕਾਨ ਹਨ ਜਿਨ੍ਹਾਂ ਵਿਚੋਂ ਕਿ ਸਰਦਾਰ ਦਲੀਪ ਸਿੰਘ ਦੁਆਬੀਆ ਹਨ। ਇਹ ਥਾਂ ਹਾਲ ਤੱਕ ਭੀ 'ਕਿਲਾ', 'ਸਰਦਾਰਾਂ ਦਾ ਕਿਲਾ' ਯਾ 'ਸਿੱਖਾਂ ਦਾ ਕਿਲਾ' ਕਰਕੇ ਪ੍ਰਸਿੱਧ ਹੈ।

ਮਾਝੇ, ਦੁਆਬੇ ਅਤੇ ਲਹਿੰਦੇ ਵਿਚ ਹੁਣ ਭੀ ਕਿਧਰੇ-ਕਿਧਰੇ ਐਸੇ ਡੂਮ, ਮਰਾਸੀ, ਭਰਾਈ ਯਾ ਭੱਟ ਹਨ ਜਿਨ੍ਹਾਂ ਨੂੰ ਪੁਰਾਤਨ ਵਾਰਾਂ ਯਾਦ ਹਨ ਜੋ ਯਤਨ ਕਰ ਹਰ ਹੀਲੇ ਲਿਖ ਲੈਣੀਆਂ ਚਾਹੀਦੀਆਂ ਹਨ ਤਾਂਕਿ ਸਮੇਂ ਦੇ ਬੀਤਦੇ ਜਾਣ ਨਾਲ ਜੋ ਕੁੱਝ ਬਾਕੀ ਹਨ ਓਹ ਭੀ ਗੁੰਮ ਨਾ ਹੋ ਜਾਣ।

[ਗ. ਸ.

੧

ਸਿੱਧ ਜੀਨ ਮਰਾਸੀ ਸੰਧੂਆਂ ਦੇ ਨੇ ਆਖੀ

ਸੱਚੇ ਸਾਹਿਬ ਰੱਬ ਕਰੀਮਾ, ਸਾਹਿਬ ਧੁੰਦੂ ਕਾਰਾ।
ਨਗਰ ਕੋਟ ਦੀ ਦੁਰਗਾ ਤੁੱਠੀ, ਅੱਛਰ ਦੇਂਦੀ ਸਾਰਾ।
ਤੁੱਠਾ ਸਰਵਰ ਢੋਡਾ ਮੀਆਂ ਰਾਣਾ, ਪਾਕ ਸੱਜਦ ਦਾਤਾਰਾ।
ਤੁੱਠਾ ਲਹਿਰ ਖ੍ਵਾਜਾ ਦਰਯਾਵੀ, ਖ੍ਵਾਜਾ ਨਦੀਆਂ ਵਾਲਾ।
ਪੀਰ ਪੁਰਖ ਦਰਗਾਹੇਂ ਤੁੱਠੇ, ਬੰਦਾ ਨਾਲ ਵਚਾਰਾ।
ਕਾਲਾ ਮਹਿਰ ਵਿਰੁੜ ਦਾ ਪੋਤਾ, ਗੋਰਖ ਸੀ ਖਰਾ ਪਿਆਰਾ।
ਸੰਢ ਬੂਰ ਦੁਹਾਈ ਗੋਰਖ, ਭੰਡਾਰਾ ਭਰਿਆ ਸਾਰਾ।
ਥਾਪੀ ਪੁੱਠ ਹੋਈ ਮਰ੍ਹਾਣੇ, ਜਸ ਸਤ ਧਰਮ ਕਰਾਰਾ।
ਮਨਣੇ ਭਿਆਖੇ ਸੰਧੂ, ਬਾਹਣਯਾ ਛਕਦਾਰਾ।
ਸ਼ਹਿਰ ਪਰੋਜਪੁਰ ਗਿੱਲਾਂ ਨੂੰ ਚੌਤਰਾਂ,
ਰਾਇ ਦਾਦੂ ਤੇ ਚੋਧੋਂ ਆਦਮ, ਭਰਦੇ ਪਾਤਸ਼ਾਹੀ ਹਾਲਾ।
ਭਾਟੇ ਤਖਤ ਮੱਲ ਸਿੱਧੂ, ਪਾਤਸ਼ਾਹਾਂ ਦਾ ਆੜਾ।
ਜੰਗਲ ਰਾਇ ਠਣਾਠੀ ਵੱਸੇ ਜੈ ਦੀਨੇ ਬੈਰਾੜਾ।
ਮੰਡ ਪਿਰੜਾ ਤੇ ਪੋਲਾ ਕਾਂਗੜ,
ਕਾਂਗੜ ਸਹਿਰ ਸੁਹਾਵਾ ਵੱਸੇ, ਜਿਥੇ ਮਿੱਠੇਕੇ ਧਾਲੀਵਾਲਾ।
ਲਿਤ੍ਰ ਛਿਤ੍ਰ ਤੇ ਜਗ ਧੂੰਦਰ, ਧੁਖਨਾ ਰੱਖਣ ਹਾਰਾ।
ਪਲੱਗਣ ਧਰ ਦਾਰਾ।
ਜੰਗਲ ਕੋਲੇ ਮਲ੍ਹੀ ਵੱਸੇ, ਪੁਰ ਅਜ਼ਮਤ ਬਹੁਤ ਕਰਾਰਾ।
ਜੰਗਲ ਰੂਪਾ ਨਾਥ ਕਾਲੂ ਦਾ ਪੋਤਾ, ਪੁਰਖ ਭਲੇ ਜਗ ਸਾਰਾ।
ਜੰਗਲ ਸਭਨੀ ਗੱਲੀਂ ਸਾਹਿਬ ਡਿੱਠਾ,
ਜੰਗਲ ਇਕਸੇ ਟੋਏ ਭਰਦਾ ਡਿੱਠਾ।
ਨਾਲ ਬੂਹੜਿਆਂ ਤੇ ਚਮਿਆਰਾ।
ਜੰਗਲ ਸਭਨੀ ਗੱਲੀਂ ਸਾਹਿਬ ਡਿੱਠਾ, ਲੰਡੀ ਟੈਰ ਤੇ ਹਥ ਸੂਆ,
ਜਗ ਭੰਗਲ ਖੋਹਣ ਹਾਰਾ।

ਲੋਪੋਕਿਆਂ ਦੇ ਡੂਮ ਹਰਾਮੀ, ਤਾਨੂ ਮਾਨੂ ਤੇ ਦਰੂਦ ਘੋਲੀ,
ਭੜੂਏ ਤੇ ਭਣਕਾਰਾ।
ਸਤਲੁਜ ਲੰਘੀ ਤੇ ਦੋਨੋ ਆਇਆ, ਦੋਨੇ ਕਾਚਰ ਪੀਚਰ ਵੱਸੇ।
ਗਿੱਲਾਂ ਦਾ ਖਾਨਪੁਰ ਖੇੜਾ, ਸਰਵਰ ਛੱਡੇ ਵਾਲਾ।
ਕੰਢੀ ਬੈਂਸ ਵੱਸਣ ਬਲਕੇਰੇ, ਲੀਹਲ ਪਰਵਦਗਾਰਾ।
ਹੀਰਾਂ ਦਾ ਪੁਰ ਵੱਡਾ ਖੇੜਾ, ਕਿਲਾ ਖੂਬ ਕਰਾਰਾ।
ਖੋਖੋਵਾਲ ਘੁਮਾਣਾਂ ਨੂੰ ਚੌਤਰਾ,
ਬਾਬੇ ਨਾਮੇ ਭਗਤ ਕਮਾਤੀ ਦੇਹੁਰਾ ਨਾਮੇ ਵਾਲਾ।
ਬੱਲਾਂ ਦਾ ਦੇਸ ਅਜਬ ਅਜਾਇਬ, ਸਠਿਆਲਾ ਤੇ ਬੁਤਾਲਾ।
ਦੋਊ ਭਲੇ ਰੰਧਾਵੇ ਔਲਖ, ਹੱਸਣ ਲੰਜ ਕੇ ਢਿੱਲੋਂ ਗਾਵਾਂ,
ਢਿੱਲੋਂ ਸਨ ਵਡੇ ਦਾਤਾਰਾ।
ਮਾਂਗਾ ਕੰਗ ਤੇ ਜੰਡ ਜੰਡੀਆਲਾ, ਅੱਗੇ ਹੁੰਦਲ ਸ਼ਹਿਰ ਬੁੱਡਾਲਾ।
ਚੱਕ ਗੁਰੂ ਕੇ ਅੱਛੀ ਰੌਣਕ, ਉਹ ਤੀਰਥ ਪੁਰਖਾਂ ਵਾਲਾ।
ਉੱਗੋ ਕੇ ਰੰਧਾਵੇ ਬੱਗੇ, ਨੱਤਾਂ ਦਾ ਟਣੀਆਲਾ।
ਗੁੜ ਤੇ ਗੰਨਾ ਬਹੁਤਾ ਖਾਈਏ, ਖਾਸ਼ਾ ਸ਼ਹਿਰ ਵਟਾਲਾ।
ਚੀਚਾ ਭਕਨਾ ਤੇ ਭੜਾਣਾ,
ਪੀਰ ਸੰਧੂ ਦੇ ਪੋਤਰੇ ਪੂਜਦੇ ਪੀਰ ਕਾਲਾ।
ਜੰਡ ਡੂੰਗਰ ਤੇ ਮੁੰਡਾ ਖੇੜਾ, ਘੜ ਕਾ ਢੱਬਾ ਅਜਬ ਅਜਾਇਬ।
ਚੋਲ੍ਹਾ ਖ੍ਵਾਜੇ ਵਾਜਾਂ।
ਰਾਇ ਸਾਲਬ ਅੱਛਾ ਡਿੱਠਾ ਪੰਤਾਲੀਆ ਪੰਨੂਆਂ ਵਾਲਾ।
ਵਲਟੋਹੇ ਮਾਹਣੇ ਕੇ ਸੰਧੂ, ਅਗੇ ਮਲਕ ਕਲਸੀ ਗਾਵਾਂ।
ਪੀਰ ਸੰਧੂ ਘਰਿਆਲਾ।
ਮਾੜੀ ਸੰਧੂ ਤੇ ਜਾਮੁਣ ਛੁੱਲਰ, ਮਲ੍ਹੀਆਂ ਦਾ ਮਲਾਰਾ।
ਛੁੱਲਰ ਪਾਣੀ ਅੱਛਾ ਠੰਡਾ, ਸਿੱਧ ਕਲੰਦਰ ਵਾਲਾ।
ਜੰਗ ਜੀਆ ਤੇ ਛੁੱਚੇ ਸੰਧੂ, ਬੂਤਾਂ ਹੈ ਕਿ ਗਾਰਾ।
ਬੁਤ ਕੋਟ ਤੇ ਧੂੜ ਕੋਟ, ਜਿਨ ਅਕਬਰ ਨਾਲ ਪੱਗ ਵਟਾਈ।
ਰਾਇ ਜੱਟ ਸੀ ਖਾਈ ਵਾਲਾ।
ਮੁਦ ਤੇ ਜਾਗੋ ਤੇ ਅਤ ਲੋਆਣ, ਉਹ ਮਾਹਲ ਭਰਨ ਭੰਡਾਰਾ।
ਰਾਜਾ ਸੇਖੋਂ ਤੇ ਧੌਲੋਂ ਖਾਰਾ, ਉਹ ਸਖਤਾ ਬੈਹੜ ਵਾਲਾ।
ਤਾਜਾ ਜੰਬਰ ਤੇ ਬਘਿਆਣਾ, ਸਕੇ ਭਰਾ ਭਰਾਵਾਂ ਨੂੰ ਮਾਰਨ,
ਉਹ ਨਾਕਾ ਸੀ ਘਾਰੋਹਾਰਾ।

ਅਗੋ ਭਲੇ ਮਲੇਛ ਖਲੇਜਾ ਵੱਸਣ, ਨਾਜ਼ਰ ਘੁੱਗਾਂ ਵਾਲਾ।
ਬਾਂਹ ਦਾਤੇ ਜਗ ਅੰਦਰ ਮਾਲਮ, ਚੀਮਾ ਚੱਠਾ ਤੇ ਵਿਰਕ ਵੜੈਚ,
ਉਹ ਡਮਕਾ ਸਾਹੀਆਂ ਵਾਲਾ।
ਸੰਬੜ੍ਹਆਲਾ ਘੁੰਮਣਾ ਦਾਤੇ,ਖੇਲ੍ਹ ਬੈਹਣ ਖਲਵਾੜਾ।
ਨਾਰੋਵਾਲ ਰਜਾਵੇ ਦਲਪਤ ਭੋਪਤ ਗੰਡਾ ਗਾਵਾ,
ਦਾਤੇ ਸਨ ਕਾਲ ਸੁਖਾਲਾ।
ਅਗੋ ਹੋਠੀ ਦੇਉ ਤੇ ਗੁਰ ਰਾਏ, ਜਿਨ੍ਹਾਂ ਛੱਕ ਰੁਪਯਾ ਸਾਰਾ।
ਸਤਰਾਹ ਸੰਧੂਆਂ ਦਾ ਖੇੜਾ, ਬਾਜੂ ਬਨ੍ਹ ਬਹੇ ਥੱਪਨਾਲਾ।
ਦਾਦਾ ਜਾ ਵੜਿਆ ਝਨਾਵੇਂ, ਸਾਹ ਦੌਲਾ ਦੀ ਜ਼ਿਆਰਤ ਕਰੀਏ,
ਲੱਗ ਰਿਹਾ ਗੁਲਜ਼ਾਰਾ।
ਨਾਢੂ ਚੰਧੜ ਤੇ ਅਝਰਾਅ, ਜਿਨ੍ਹਾਂ ਦਾ ਚੱਤੋਂ ਪਹਿਰ ਅਖਾੜਾ।
ਹੋਕੜ ਮਾਹਣੇ ਕੀ ਤੇ ਦੋਦੜ ਤਾਰੜ,
- ਉਹ ਮੁਨਸਬ ਭਲੇ ਰੁਕਦਾਰਾ।
ਰਾਂਝੇ ਨੂੰ ਸਿਆਲ ਬਰਾਬਰ, ਜਿਉਂ ਲੁੰਭੀ ਨਾਲ ਸਲਾਰਾ।
ਸਭਨਾ ਰਾਠਾਂ ਰਲ ਕੇ ਦਿੱਤਾ, ਬਾਬੇ ਸਿਧ ਜੀਨ ਨੇ ਗਾਵਿਆ,
ਪੀਰ ਕਾਲੇ ਮਹਿਰ ਨੂੰ ਪਿਆਰਾ।

ਮੀਰ ਲਗਾਮ ਚੀਚਾ-ਭਕਨੀਆ ਨੇ ਕਹੀ

ਦਿੱਲੀ ਤਖਤ ਲਹੌਰ ਕਸੂਰਬ, ਠੱਟਾ ਭੱਖਰ ਦੱਖਣ ਪੂਰਬ,
ਸਿਰ ਧਰਤੀ ਪੰਜਾਬ ਸੁਹਾਵੀ, ਵਿਚ ਚੋਖਾ ਮੁਲਖ ਬਹਾਰਾਂ ਦਾ।
ਰਾਵੀ ਤੇ ਝਨਾਂਵੇਂ ਅੰਦਰ, ਬਾਜਵਿਆਂ ਦੇ ਭਾਰੇ ਮੰਦਰ,
ਨਾਰੋ ਨੂੰ ਪਾਤਸ਼ਾਹੀ ਬਖਸ਼ੀ, ਵਿਚ ਲੱਗਾ ਧੜਤ ਬਜ਼ਾਰਾਂ ਦਾ।
ਰਾਠਾਂ ਦਾ ਕੁੱਝ ਉੜਕ ਨਾਹੀਂ, ਜਿਉਂ ੨ ਵੇਖਾਂ ਤਿਵੇਂ ਸਲਾਹੀਂ,
ਭੇਰੇ ਤੇ ਸਰਹੰਦ ਵਿਚਾਲੇ, ਵਿਚ ਪੜੂਨਾਂ ਰਾਠੀ ਚਾਰਾਂ ਦਾ।
ਮੋਹਣ ਦਾਸ ਕੇ ਚੌਧਰੀ ਉੱਚੇ, ਰੌਣੀ ਦੇ ਵਿਚ ਰੰਢੂ ਸੁੱਚੇ,
ਗਲ੍ਹੋਟੀ ਵਿਚ ਭਲੇਰ ਸੁਹਾਵਾ, ਝਜ ਟਹਕੇ ਫੱਲ ਅਨਾਰਾਂ ਦਾ।
ਝੱਲੀ ਗਿੱਲ ਵਡੇ ਰਣਧੇਲੇ, ਚੌਧਰੀ ਗਾਂਗੇ ਕੇ ਅਰਬੇਲੇ,
ਚੌਧਰੀ ਚਤਰੇ ਜੇਡ ਨਹੀਂ ਕੋਈ, ਉਹ ਰਾਜਾ ਸੀ ਜੈਤਵਾਰਾਂ ਦਾ।
ਜਰਗ ਪੈਲ ਅੰਦਰ ਰਾਠ ਸਮ੍ਹਾਲੇ, ਗੁੱਜਰਵਾਲ ਵੱਡੇ ਗਰਵਾਲੇ,
ਰਾਇਪੁਰ ਸੀ ਪਾਤਸ਼ਾਹੀ ਰੌਸ਼ਨ ਜਿਉਂ ਕਾਬਲ ਕੋਟ ਕੰਧਾਰਾਂ ਦਾ।
ਮਾਂਗਟ ਤੇਗ ਬਹਾਦਰ ਆਦੀ ਰਾਜੇ, ਕਰਨੀ ਤੇ ਕਰਤੂਤੀਂ ਤਾਜੇ,
ਰਾਮ ਪੁਰਾ ਕਟਾਣੀ ਟਿੱਕਾ, ਬ੍ਹਾਰਾਂ ਪੰਜ ਸਤਾਰਾਂ ਦਾ।
ਮਾਹਲਪੁਰ ਬੈਂਸਾਂ ਦਾ ਭਾਰਾ, ਇਕੋ ਜੇਡੇ ਸਭ ਸਰਦਾਰਾ,
ਇਕ ਸੈ ਬੈਂਸ ਕਪੂਰੇ ਬਾਝੋਂ ਹੋਰ ਸਾਰੇ ਸ਼ਹਿਰ ਗਵਾਰਾਂ ਦਾ।
ਹੀਰਾਂ ਦਾ ਪੁਰ ਰਾਠੀਚਾਰਾ, ਵੱਡੀ ਵੱਸੋਂ ਘੁੱਗ ਪਸਾਰਾ,
ਚੜ੍ਹਦੇ ਲਹਿੰਦੇ ਮੱਲ ਗੁਜਾਰਾ, ਖੇੜਾ ਇਹ ਸਰਦਾਰਾਂ ਦਾ।
ਫਗਵਾੜੇ ਦੇ ਬਜਰਾਅ ਸੁਹੇਲੇ, ਧਰਮੇ ਕੱਢੇ ਮਾਰ ਰੁਹੇਲੇ,
ਪਾਤਸ਼ਾਹੀ ਪ੍ਰਵਾਨੇ ਕੋਲੇ, ਉਹ ਮੀਰੋ ਮਲਕੋਂ ਡਰਦੇ ਰਹਿੰਦੇ,
ਕੁੱਝ ਅਦਬ ਰੱਖਣ ਦਰਬਾਰਾਂ ਦਾ।
ਨਾਥਆਣੀ ਦਾ ਨਗਰ ਸੁਹਾਵਾ, ਲੀਹਲ ਗੋਤ ਤੇ ਧਾਲੀਵਾਲਾ,
ਮੀਰੀ ਪੀਰੀ ਭਾਈ ਰੂਪੋ ਚੌਧਰੀ ਭਗਤ ਕਰਾਤਾਂ ਦਾ
ਸੱਚਾ ਸਿੱਧੂ ਤੇ ਬਰਾੜਾ, ਚੌਧਰੀਆਂ ਦਾ ਤੱਪਾ' ਚਾਰ

ਪਾਤਸ਼ਾਹੀ ਫਰਯਾਦਾਂ ਗਈਆਂ ਘਾਰਾ ਘਾਰੋ ਹਾਰਾਂ ਦਾ।
ਸੇਖੋਂ ਚਾਹਲ ਤੇ ਸਧਵੱਕੀ, ਮਲਕ 'ਚ ਲੱਧੇ ਦੀ ਮਨਮੱਤੀ,
ਆਕੀ ਲੋਕ ਜੰਗਲ ਦਾ ਜੰਮਿਆ, ਵਧਿਆ ਲੋਕ ਸੰਸਾਰਾਂ ਦਾ।
(ਰਾਇ) ਦਾਦੂ ਕੇ ਦੋ ਰਾਖੇ ਜੋਧੇ ਸੂਰਤੀਆ ਬਠਿੰਡਾ ਸੋਧੇ,
ਕੱਖਾਂ ਵਾਲੀ ਦੇ ਰਾਇ ਹਠੀਲੇ ਮਾਲ ਖਾਣ ਸਰਕਾਰਾਂ ਦਾ।
ਪਟਿਆਲੇ ਦੇ ਚੌਧਰੀ ਭਾਰੇ ਜਿਨ੍ਹਾਂ ਅਕਬਰ ਕੇ ਅਮਰਾ ਸਮ੍ਹਾਲੇ,
ਤਖਤ ਮੱਲ ਹਟਾਵੇ ਲਸ਼ਕਰ ਸਵਾਦ ਚਖਾਵੇ ਸਾਰਾਂ ਦਾ।
ਲਲਿਆਣੀ ਦੇ ਭੁੱਲਰ ਭਾਰ੍ਹੇ ਚੌਧਰੀਆਂ ਦੇ ਤੱਪੇ ਚਾਰੇ,
ਭੁੱਲਰ ਵੀ ਪਾਤਸ਼ਾਹੀ ਰੌਸ਼ਨ ਜਿਉਂ ਕਾਬਲ ਕੋਟ ਕੰਧਾਰਾਂ ਦਾ।
ਉੱਪਲ ਬਾਠ ਬਜਾਵਣ ਬਾਜੇ ਔਲਖ ਪੰਨੂੰ ਕਾਹਲੋਂ ਰਾਜੇ,
ਹੁੰਦਲ ਕੰਙ ਘਰਾਣਾ ਖਾਸਾ ਉਹ ਕਰਦੇ ਚੱਜ ਅਚਾਰਾਂ ਦਾ।
ਸ਼ਹਿਰ ਜਲਾਲਾਬਾਦ ਸੰਘੇੜੇ ਜੰਡਿਆਲਾ ਤੇ ਬੰਡਾਲਾ ਖੇੜੇ,
ਸੇਖੋਂ ਬੱਲ ਦਲਾਂ ਦੇ ਬੇੜੇ ਹੀਰੇ ਪੱਲ੍ਹੇਕੇ ਦਰਗਾਹੀ, -
ਉਹ ਕਰਦੇ ਕੰਮ ਮਦਾਰਾਂ ਦਾ।
ਝੰਜੋਟੀ ਦੇ ਚੌਧਰੀ ਛੀਨੇ ਆਪੋ ਆਪਣਾ ਸੈਲ ਕਰੀਨੇ,
ਛਾਲਾਂ ਚਾਲਾਂ ਤੇ ਕਰਤੂਤਾਂ ਉਨ੍ਹਾਂ ਹੁਕਮ ਲਿਆ ਫ਼ੌਜਦਾਰਾਂ ਦਾ।
ਲੱਠੇ ਅੰਦਰ ਗਾਉਂ ਘੁਮਾਣਾ ਰਿਆੜਾ ਤੇ ਰਿਆੜਕੀ ਦਾਣਾ,
ਘੁੰਮਣ ਚੌਧਰੀ ਦਲ ਦਰਿਆਵਾਂ,
ਚੀਮਾਂ ਚੱਠਾ ਤੇ ਵਿਰਕ ਵੜੈਚ ਵਿਚ ਸ਼ਾਹੀ ਮੁਕਟ ਦਰਬਾਰਾਂ ਦਾ।
ਵਲਟੋਹੇ ਦਾ ਰਹਿਣਾ ਬਹਿਣਾ ਸਰਿਹਾਲੀ ਦਾ ਕੇਡਾ ਪਹਿਣਾ,
ਨੁਸ਼ੈਹਰਾ ਤੇ ਭੜਾਣਾ ਭਕਨਾ ਵਿਚ ਮਾਝਾ ਦੇਸ ਦਾਤਾਰਾਂ ਦਾ।
ਜੱਗ ਦੀ ਖਾਈ ਸੰਧੂ ਭਾਰੇ ਸੁਰ ਸਿੰਘ ਤੇ ਭਸੀਣ ਚੁਭਾਲੇ,
ਧੂਰੋਂ ਧਰਾਓਂ ਢਿੱਲੋਂ ਨਾਲੇ ਢਿੱਲੋਂ ਤੇ ਚੁਗੱਤਾ ਦੋਸਤ,
ਪਿਛਲਾ ਕੌਲ ਕਰਾਰਾਂ ਦਾ।
ਸ਼ੇਖੂਪੁਰਾ ਵਟਾਲਾ ਪੱਟੀ ਰਾਜਪੂਤ ਪੰਜਾਬੇ ਭੱਟੀ,
ਘੋੜੇ ਵਾਹ ਤੇ ਨਾਰੂ ਵਧਿਆ ਕੋਹਣਾਂ ਬੇਸ਼ੁਮਾਰਾਂ ਦਾ।
ਸੇਖੋਂ ਚਾਹਲ ਮਹੀਣਾ ਵਾਲੇ ਚੌਧਰ ਸੋਹੇ ਵਿਚ ਵਟਾਲੇ,
ਵਟਾਲੇ ਵਿਚ ਰੰਧਾਵਾ ਭਾਰਾ ਨੌਂ ਲਖ ਸੱਠ ਹਜ਼ਾਰਾਂ ਦਾ।
ਦੋਵੇ ਸੰਧੂ ਲਖ ਦਵਾਇਆ ਦੀਨ ਦੂਨੀ ਮੇਂ ਸਰਵਰ ਗਾਇਆ,
ਜਸ ਮੀਰ ਨੇ ਆਖ ਸੁਣਾਇਆ ਕੈਹਣਾ ਬੁਜ਼ਰਗਵਾਰਾਂ ਦਾ।

ਸਮਾਪਤ

PUNJABI UNIVERSITY PATIALA